COVERED CALIFORNIA
Mann Insurance Brokers, Inc.
Auto Home Business Worker Comp
Free Enrollment
Easy Appointment
Deadline: Now April 30
-Travelers
-Progressive
-Fidelity Access
-Safeco-Victoria
-Fidelity Access
-Mapfre -GMAC
-Kemper Preferred
Gurdawar Singh Mann
Phone: 510-487-1000 Email: mann@ggiausa.com
License # 0D74334
Certified Agent

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
ਹੁਣ 30 ਅਪਰੈਲ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 12, March 21, 2015 20451 N Plum Grove Rd., Palatine, IL 60074 Ph:847-359-0746, Fax:847-705-9388

# ਨਾਨਕਸ਼ਾਹੀ ਕੈਲੰਡਰ ਵਿਵਾਦ ਹੋਰ ਡੂੰਘਾ ਹੋਇਆ

## ਵੱਡੀ ਗਿਣਤੀ ਸਿੱਖ ਜਥੇਬੰਦੀਆਂ ਵਲੋਂ ਨਵਾਂ ਕੈਲੰਡਰ ਵੀ ਰੱਦ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਨਾਨਕਸ਼ਾਹੀ ਕੈਲੰਡਰ ਵਿਵਾਦ ਹੱਲ ਹੋਣ ਦੀ ਥਾਂ ਹੋਰ ਉਲਝ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਾਰੀ ਕੀਤੇ ਨਵੇਂ ਕੈਲੰਡਰ ਨੂੰ ਭਾਰਤ ਸਮੇਤ ਵੱਡੀ ਗਿਣਤੀ ਵਿਦੇਸ਼ੀ ਸਿੱਖ ਜਥੇਬੰਦੀਆਂ ਨੇ ਰੱਦ ਕਰ ਦਿੱਤਾ ਹੈ। ਇਸ ਕਾਰਨ ਨਵੇਂ ਕੈਲੰਡਰ ਦੀ ਮਾਨਤਾ ਬਾਰੇ ਸਿੱਖ ਸੰਗਤ ਵਿਚ ਭੰਬਲਭੂਸਾ ਪੈਦਾ ਹੋ ਗਿਆ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਮਾਨਤਾ ਦੇਣ ਤੋਂ ਇਨਕਾਰ ਕਰਦਿਆਂ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਕਰ ਦਿੱਤਾ ਹੈ ਤੇ ਆਖਿਆ ਕਿ ਉਸ ਇਸ ਕੈਲੰਡਰ ਮੁਤਾਬਕ ਹੀ ਗੁਰਪੁਰਬ ਮਨਾਉਣਗੇ।

ਵੱਡੀ ਗਿਣਤੀ ਸਿੱਖ ਜਥੇਬੰਦੀਆਂ ਨੇ ਦੋਸ਼ ਲਾਇਆ ਹੈ ਕਿ ਕੈਲੰਡਰ ਵਿਵਾਦ ਦੇ ਹੱਲ ਲਈ ਜਥੇਦਾਰ ਵਲੋਂ 18 ਮੈਂਬਰੀ ਕਮੇਟੀ ਬਣਾਈ ਗਈ ਹੈ ਜੋ ਇਸ ਸਾਲ ਦੇ ਅੰਤ ਤੱਕ ਆਪਣੀ ਰਿਪੋਰਟ ਦੇਵੇਗੀ, ਪਰ ਰਿਪੋਰਟ ਆਉਣ ਤੱਕ ਨਾਨਕਸ਼ਾਹੀ ਕੈਲੰਡਰ ਨੂੰ ਜਾਰੀ ਰੱਖਣ ਦੀ ਥਾਂ ਨਵਾਂ ਕੈਲੰਡਰ ਜਾਰੀ ਕਰ ਕੇ ਇਹ ਸੰਕੇਤ ਦਿੱਤਾ ਹੈ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ, ਸੰਤ ਸਮਾਜ ਤੇ ਆਰ.ਐਸ.ਐਸ. ਅੱਗੇ ਝੁਕ ਗਈ ਹੈ। ਇਸੇ ਦੌਰਾਨ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੇ ਨਵੇਂ ਕੈਲੰਡਰ ਨੂੰ ਬਿਕਰਮੀ ਕੈਲੰਡਰ ਦਾ ਹੀ ਦੂਜਾ ਰੂਪ ਕਰਾਰ ਦਿੱਤਾ ਹੈ। ਦੱਸਣਯੋਗ ਹੈ ਕਿ ਪੰਜ ਸਿੰਘ ਸਾਹਿਬਾਨ ਵਲੋਂ ਕੈਲੰਡਰ ਵਿਵਾਦ ਹੱਲ ਕਰਨ ਲਈ ਬਣਾਈ 18 ਮੈਂਬਰੀ ਕਮੇਟੀ ਵੀ ਵਿਵਾਦਾਂ ਵਿਚ ਘਿਰੀ ਹੋਈ ਹੈ।

ਕਮੇਟੀ ਵਿਚ ਨਾਨਕਸ਼ਾਹੀ ਕੈਲੰਡਰ ਸਮਰਥਕ ਘੱਟ ਤੇ ਆਲੋਚਕ ਵਧੇਰੇ ਹਨ। ਇਸ ਕਮੇਟੀ ਵਿਚ ਸਮਰਥਕ ਵਜੋਂ ਇਕੱਲੇ ਪਾਲ ਸਿੰਘ ਪੁਰੇਵਾਲ ਨੂੰ ਹੀ ਸ਼ਾਮਲ ਕੀਤਾ ਗਿਆ ਹੈ। ਬਿਕਰਮੀ ਕੈਲੰਡਰ ਵਿਚ ਵਧੇਰੇ ਖਾਮੀਆਂ ਹੋਣ ਕਾਰਨ 2003 ਵਿਚ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਗਿਆ ਸੀ। ਇਸ ਵਿਚ ਗੁਰਪੁਰਬਾਂ ਤੇ ਹੋਰ ਦਿਨ ਤਿਉਹਾਰਾਂ ਬਾਰੇ ਤਰੀਕਾਂ ਨਿਰਧਾਰਤ ਸਨ। ਇਹ ਕੈਲੰਡਰ 2003 ਤੋਂ ਲੈ ਕੇ 2010 ਤੱਕ ਲਾਗੂ ਰਿਹਾ, ਪਰ 2010 ਵਿਚ ਸੋਧ ਕਰ ਕੇ ਜੋ ਕੈਲੰਡਰ ਲਾਗੂ ਕੀਤਾ ਗਿਆ, ਉਸ ਨੇ ਵਧੇਰੇ ਤਣਾਅ ਪੈਦਾ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਤੇ ਸੰਤ ਸਮਾਜ ਬਿਕਰਮੀ ਕੈਲੰਡਰ ਲਾਗੂ ਕਰਨ 'ਤੇ ਅੜੇ ਹੋਏ ਹਨ ਜਦੋਂ ਕਿ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨੂੰ ਨਾਨਕਸ਼ਾਹੀ ਕੈਲੰਡਰ ਦਾ

*(ਬਾਕੀ ਸਫਾ 6 'ਤੇ)*



### ਜਥੇਦਾਰ ਤੇ ਸ਼੍ਰੋਮਣੀ ਕਮੇਟੀ ਵਿਚਾਲੇ ਮਤਭੇਦ?

ਨਵੇਂ ਕੈਲੰਡਰ ਬਾਰੇ ਅਕਾਲ ਤਖ਼ਤ ਦੇ ਜਥੇਦਾਰ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਵਿਚਾਲੇ ਮਤਭੇਦ ਉਭਰੇ ਹਨ। ਜਥੇਦਾਰ ਗੁਰਬਚਨ ਸਿੰਘ ਨੇ ਆਖਿਆ ਕਿ ਉਨ੍ਹਾਂ ਉਹੀ ਕੈਲੰਡਰ ਜਾਰੀ ਕੀਤਾ ਜੋ ਸ਼੍ਰੋਮਣੀ ਕਮੇਟੀ ਨੇ ਪ੍ਰਕਾਸ਼ਿਤ ਕੀਤਾ। ਦੂਜੇ ਪਾਸੇ ਜਥੇਦਾਰ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਨਵੇਂ ਵਰ੍ਹੇ ਦੇ ਇਸ ਕੈਲੰਡਰ ਨੂੰ ਪ੍ਰਕਾਸ਼ਿਤ ਕਰਨ ਲਈ ਲਿਖਤੀ ਰੂਪ ਵਿਚ ਆਦੇਸ਼ ਭੇਜੇ ਗਏ ਸਨ। ਉਨ੍ਹਾਂ ਨੂੰ ਜੋ ਕੁਝ ਦੱਸਿਆ ਗਿਆ ਹੈ, ਉਵੇਂ ਹੀ ਕੀਤਾ ਗਿਆ ਹੈ। ਇਸ ਪਿੱਛੋਂ ਅਕਾਲ ਤਖ਼ਤ ਦੇ ਜਥੇਦਾਰ ਦੀ ਕਾਰਜ ਪ੍ਰਣਾਲੀ ਉਤੇ ਵੀ ਕਿੰਤੂ-ਪ੍ਰੰਤੂ ਹੋਣਾ ਸ਼ੁਰੂ ਹੋ ਗਿਆ ਹੈ।

# ਨਸ਼ਾ ਤਸਕਰੀ: ਬਾਦਲ ਵਲੋਂ ਮਜੀਠੀਆ ਨੂੰ ਫਿਰ ਕਲੀਨ ਚਿੱਟ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਸੈਸ਼ਨ ਦੌਰਾਨ ਸੂਬਾ ਸਰਕਾਰ ਲਈ ਬੜੇ ਨਮੋਸ਼ੀ ਵਾਲੇ ਹਾਲਾਤ ਬਣੇ ਹੋਏ ਹਨ। ਵਿਰੋਧੀ ਧਿਰ ਨੇ ਜਿਥੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਨਸ਼ਾ ਤਸਕਰੀ ਵਿਚ ਨਾਂ ਬੋਲਣ ਕਾਰਨ ਸਰਕਾਰ ਨੂੰ ਘੇਰਿਆ ਹੈ, ਉਥੇ ਸੂਬੇ ਵਿਚ ਲੋਕ ਮੁੱਦਿਆਂ 'ਤੇ ਕੁਝ ਅਕਾਲੀ ਵਿਧਾਇਕਾਂ ਨੇ ਹੀ ਸਰਕਾਰ ਨੂੰ ਲਾਜਵਾਬ ਕਰ ਦਿੱਤਾ। ਭਾਜਪਾ ਨੇ ਇਸ ਵਾਰ ਆਪਣੇ ਜੋਟੀਦਾਰ ਅਕਾਲੀ ਦਲ ਦਾ ਸਾਥ ਦੇਣ ਦੀ ਬਜਾਏ ਚੁੱਪ ਧਾਰੀ ਰੱਖੀ। ਮਜੀਠੀਆ ਖਿਲਾਫ ਮਰਿਆਦਾ ਮਤਾ ਲਿਆਉਣ ਵਿਚ ਕਾਂਗਰਸੀ ਭਾਵੇਂ ਅਸਫਲ ਰਹੇ, ਪਰ ਉਨ੍ਹਾਂ ਸਰਕਾਰ ਨੂੰ ਸਫਾਈ ਦੇਣ ਬਾਰੇ ਇੰਨਾ ਮਜਬੂਰ ਕੀਤਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਹਿਣਾ ਪਿਆ ਕਿ ਕਾਂਗਰਸ ਸਰਕਾਰ ਨੇ ਉਨ੍ਹਾਂ ਦੇ ਸਾਰੇ ਪਰਿਵਾਰ ਨੂੰ ਜੇਲ੍ਹ ਭੇਜ ਦਿੱਤਾ ਸੀ, ਪਰ ਅਦਾਲਤ ਵਿਚ ਉਹ ਨਿਰਦੋਸ਼ ਸਾਬਤ ਹੋਏ ਸਨ। ਇਸ ਲਈ ਦੋਸ਼ ਸਾਬਤ ਹੋਣ 'ਤੇ ਹੀ ਮਜੀਠੀਆ ਤੋਂ ਅਸਤੀਫਾ ਲਿਆ ਜਾਵੇਗਾ। ਉਨ੍ਹਾਂ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿਚ ਮਜੀਠੀਆ ਨੂੰ ਐਨ ਕਲੀਨ ਚਿੱਟ ਦਿੰਦਿਆਂ ਕਿਹਾ ਕਿ ਮਾਲ ਮੰਤਰੀ ਨੂੰ ਅਜੇ ਤੱਕ ਕਿਸੇ ਅਦਾਲਤ ਨੇ ਮੁਲਜ਼ਮ ਵਜੋਂ ਨਹੀਂ ਬੁਲਾਇਆ। ਇਸ ਲਈ ਕਾਂਗਰਸ ਨੂੰ ਇਸ ਮਾਮਲੇ 'ਤੇ ਜ਼ਿਆਦਾ ਤੂਲ ਨਹੀਂ ਦੇਣੀ ਚਾਹੀਦੀ।



ਸੱਤਾਧਾਰੀ ਵਿਧਾਇਕਾਂ ਨੇ ਹੀ ਵਿਕਾਸ ਦੇ ਮੁੱਦੇ 'ਤੇ ਸਰਕਾਰ ਦੀ ਚੰਗੀ ਲਾਹ-ਪਾਹ ਕੀਤੀ ਜਿਸ ਕਾਰਨ ਵੱਖ-ਵੱਖ ਮੰਤਰੀਆਂ ਨੂੰ ਮਾਮਲਿਆਂ ਦੀ ਪੜਤਾਲ ਕਰਵਾਉਣ ਦੇ ਭਰੋਸੇ ਦੇ ਕੇ ਖਹਿੜਾ ਛੁਡਾਉਣਾ ਪਿਆ। ਜਗਰਾਓਂ ਤੋਂ ਸੱਤਾਧਾਰੀ ਧਿਰ ਦੇ ਵਿਧਾਇਕ ਐਸ.ਆਰ. ਕਲੇਰ ਨੇ ਪਿੰਡ ਭਦਿਆਣਾ (ਜਲੰਧਰ) ਵਿਚਲੇ ਸੀਵਰੇਜ ਪਲਾਂਟ ਦੇ ਦੋ ਸਾਲਾਂ ਤੋਂ ਲਟਕ ਰਹੇ ਮੁੱਦੇ ਉਪਰ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਵਲੋਂ ਦਿੱਤੇ ਜਵਾਬ ਉਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਇਹ ਕੰਮ ਦਫ਼ਤਰੀ ਪ੍ਰਕਿਰਿਆ ਵਿਚ ਹੀ ਉਲਝਿਆ ਪਿਆ ਹੈ। ਵਿਧਾਇਕ ਪਵਨ ਕੁਮਾਰ ਟੀਨੂੰ ਨੇ ਕਿਹਾ ਕਿ ਜੇਕਰ ਸੀਵਰੇਜ ਪਲਾਂਟ ਲਈ ਕਾਗਜ਼ੀ ਪ੍ਰਵਾਨਗੀ ਦੇਣ 'ਤੇ ਦੋ ਸਾਲਾਂ ਹੀ ਲੱਗਣੇ ਹਨ ਤਾਂ ਰਾਜ ਦਾ ਵਿਕਾਸ ਕਿਵੇਂ ਹੋਵੇਗਾ। ਗਿੱਲ ਵਿਧਾਨ ਸਭਾ ਹਲਕੇ ਦੇ

*(ਬਾਕੀ ਸਫਾ 6 'ਤੇ)*

Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill
510-207-9067
CA DRE Lic.#01180969
Jassi Gill
CA DRE# 00966763

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਇੰਗਲੈਂਡ ਵਲੋਂ ਪੰਜਾਬ ਨੂੰ ਹੁਨਰ ਵਿਕਾਸ ਤੇ ਫੂਡ ਪ੍ਰਾਸੈਸਿੰਗ ਖੇਤਰ ਵਿਚ ਸਹਿਯੋਗ ਦਾ ਭਰੋਸਾ

**ਚੰਡੀਗੜ੍ਹ:** ਇੰਗਲੈਂਡ ਦੇ ਵਿਦੇਸ਼ ਸਕੱਤਰ ਫਿਲਿਪ ਹੈਮੰਡ ਨੇ ਇਥੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕਰਕੇ ਭਰੋਸਾ ਦਿਵਾਇਆ ਕਿ ਬਰਤਾਨੀਆ ਸਰਕਾਰ ਵਲੋਂ ਪੰਜਾਬ ਵਿਚ ਹੁਨਰ ਵਿਕਾਸ, ਫੂਡ ਪ੍ਰਾਸੈਸਿੰਗ ਤੇ ਸੂਰਜੀ ਰੌਸ਼ਨੀ ਤੇ ਬਾਇਓਮਾਸ ਦੀ ਰਹਿੰਦ-ਖੂੰਹਦ ਤੋਂ ਬਿਜਲੀ ਪੈਦਾ ਕਰਨ ਦੇ ਖੇਤਰਾਂ ਵਿਚ ਸਹਿਯੋਗ ਬਾਰੇ ਪੇਸ਼ ਕੀਤੇ ਪ੍ਰਸਤਾਵ ਨੂੰ ਉਹ ਤੇਜ਼ੀ ਨਾਲ ਅਮਲ ਵਿਚ ਲਿਆਉਣਗੇ। ਬਰਤਾਨੀਆ ਦੇ ਵਿਦੇਸ਼ ਸਕੱਤਰ ਨੇ ਸੌਰ ਊਰਜਾ ਤੇ ਬਾਇਓਮਾਸ ਤੋਂ ਬਿਜਲੀ ਉਤਪਾਦਨ ਬਾਰੇ ਤਕਨੀਕੀ ਗਿਆਨ ਮੁਹੱਈਆ ਕਰਵਾਉਣ ਤੇ ਹੁਨਰ ਵਿਕਾਸ ਦੇ ਖੇਤਰਾਂ ਵਿਚ ਦਿਲਚਸਪੀ ਦਿਖਾਈ।



ਉਨ੍ਹਾਂ ਪੰਜਾਬ ਵਿਚ ਤਕਨੀਕੀ ਸੰਸਥਾਵਾਂ ਨਾਲ ਭਾਈਵਾਲੀ ਰਾਹੀਂ ਨੌਜਵਾਨਾਂ ਨੂੰ ਹੁਨਰ ਵਿਕਾਸ ਸਿਖਲਾਈ ਪ੍ਰੋਗਰਾਮ ਸ਼ੁਰੂ ਕਰਨ ਦਾ ਪ੍ਰਸਤਾਵ ਵੀ ਪੇਸ਼ ਕੀਤਾ, ਜੋ ਵੱਖ-ਵੱਖ ਖੇਤਰਾਂ ਖਾਸ ਕਰਕੇ ਉਦਯੋਗ, ਪ੍ਰਾਹੁਣਾਚਾਰੀ ਤੇ ਪੈਰਾਮੈਡਿਕਸ ਵਿਚ ਮਾਨਵੀ ਸ਼ਕਤੀ ਦੀਆਂ ਲੋੜਾਂ ਅਨੁਸਾਰ ਹੋਵੇਗਾ। ਮੁੱਖ ਮੰਤਰੀ ਵਲੋਂ ਪੇਸ਼ ਕੀਤੇ ਪ੍ਰਸਤਾਵ ਉਤੇ ਸਹਿਮਤੀ ਪ੍ਰਗਟ ਕਰਦੇ ਹੋਏ ਸ੍ਰੀ ਹੈਮੰਡ ਨੇ ਕਿਹਾ ਕਿ ਇਹ ਮੀਟਿੰਗਾਂ ਸਿਰਫ਼ ਰਸਮੀ ਨਹੀਂ ਹੋਣੀਆਂ ਚਾਹੀਦੀਆਂ, ਸਗੋਂ ਇਹ ਨਤੀਜਾਮੁਖੀ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਮੀਟਿੰਗਾਂ ਦੌਰਾਨ ਵੱਖ-ਵੱਖ ਪੱਖਾਂ ਉਤੇ ਕੀਤੀ ਜਾਣ ਵਾਲੀ ਵਿਚਾਰ ਚਰਚਾ ਤੇ ਪ੍ਰਸਤਾਵਾਂ ਨੂੰ ਅਮਲੀ ਰੂਪ ਦੇਣਾ ਚਾਹੀਦਾ ਹੈ।

ਸ. ਬਾਦਲ ਨੇ ਸਿੱਖਿਆ ਯੋਗਤਾ ਤੇ ਹੁਨਰ ਸਿਖਲਾਈ ਬਾਰੇ ਸਰਟੀਫਿਕੇਟਾਂ ਨੂੰ ਆਪਸੀ ਮਾਨਤਾ ਦੇਣ ਤੇ ਹੁਨਰਮੰਦ ਕਾਮਿਆਂ ਲਈ ਵੀਜ਼ਾ ਨਿਯਮਾਂ ਵਿਚ ਢਿੱਲ ਦੇਣ ਤੋਂ ਇਲਾਵਾ ਪੰਜਾਬ ਵਿਚ ਹੁਨਰ ਵਿਕਾਸ ਕੇਂਦਰ ਸਥਾਪਤ ਕਰਨ ਲਈ ਮਦਦ ਤੇ ਸਹਿਯੋਗ ਦੀ ਵੀ ਮੰਗ ਕੀਤੀ। ਉਨ੍ਹਾਂ ਬਰਤਾਨੀਆ ਦੇ ਵਫ਼ਦ ਨੂੰ ਅਪੀਲ ਕੀਤੀ ਕਿ ਉਹ ਨਿਊ ਚੰਡੀਗੜ੍ਹ ਵਿਚ ਬਣਾਈ ਜਾ ਰਹੀ ਐਜੂਸਿਟੀ ਤੇ ਮੈਡੀਸਿਟੀ ਵਿਚ ਅੰਤਰਰਾਸ਼ਟਰੀ ਪੱਧਰ ਦੀ ਸਿੱਖਿਆ ਤੇ ਸਿਹਤ ਸੰਭਾਲ ਦੀਆਂ ਸੰਸਥਾਵਾਂ ਸਥਾਪਤ ਕਰਨ।

ਮੁੱਖ ਮੰਤਰੀ ਦੇ ਨਾਲ ਇਸ ਮੌਕੇ ਉਨ੍ਹਾਂ ਦੇ ਸੀਨੀਅਰ ਅਫ਼ਸਰਸ਼ਾਹ ਵੀ ਮੌਜੂਦ ਸਨ, ਜਿਨ੍ਹਾਂ ਪੰਜਾਬ ਤੇ ਬਰਤਾਨੀਆ ਵਿਚਕਾਰ ਖਾਸ ਕਰ ਕੇ ਖੇਤੀਬਾੜੀ, ਐਗਰੋ ਪ੍ਰਾਸੈਸਿੰਗ ਤੇ ਸੌਰ ਊਰਜਾ ਦੇ ਖੇਤਰਾਂ ਵਿਚ ਸਹਿਯੋਗ ਮਜ਼ਬੂਤ ਬਣਾਉਣ ਲਈ ਅਹਿਮ ਜਾਣਕਾਰੀ ਪ੍ਰਦਾਨ ਕੀਤੀ। ਦੁਨੀਆਂ ਭਰ ਦੇ ਦੇਸ਼ਾਂ ਵਿਚ ਅੰਗਰੇਜ਼ੀ ਭਾਸ਼ਾ ਦੀ ਸੰਪਰਕ ਭਾਸ਼ਾ ਵਜੋਂ ਮਹੱਤਤਾ ਦਾ ਜ਼ਿਕਰ ਕਰਦਿਆਂ ਸ. ਬਾਦਲ ਨੇ ਸ੍ਰੀ ਹੈਮੰਡ ਨੂੰ ਆਖਿਆ ਕਿ ਉਹ ਬਰਤਾਨੀਆ ਦੇ ਅੰਗਰੇਜ਼ੀ ਸਕੂਲ ਅਧਿਆਪਕਾਂ ਦਾ ਇਕ ਵਫ਼ਦ ਪੰਜਾਬ ਭੇਜਣ ਜੋ ਇਥੋਂ ਦੇ ਵਿਦਿਆਰਥੀਆਂ ਖਾਸ ਕਰ ਕੇ ਪੇਂਡੂ ਪਿਛੋਕੜ ਵਾਲੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਬੋਲਣ ਤੇ ਲਿਖਣ ਦੀ ਮੁਹਾਰਤ ਪ੍ਰਦਾਨ ਕਰੇ। ਸ. ਬਾਦਲ ਨੇ ਬਿਜਲੀ ਉਤਪਾਦਨ, ਟਰਾਂਸਮਿਸ਼ਨ ਤੇ ਵਿਤਰਨ ਦੇ ਵਧੀਆ ਅਮਲਾਂ ਨੂੰ ਅਪਨਾਉਣ ਵਾਸਤੇ ਤਕਨੀਕੀ ਗਿਆਨ ਦੇ ਅਦਾਨ-ਪ੍ਰਦਾਨ ਤੋਂ ਇਲਾਵਾ ਪਰਾਲੀ ਤੋਂ ਬਿਜਲੀ ਉਤਪਾਦਨ ਕਰਨ ਲਈ ਤਕਨੀਕੀ ਸਹਿਯੋਗ ਦੀ ਮੰਗ ਕੀਤੀ।

## ਲੰਡਨ ਵਿਚ ਟੀਪੂ ਸੁਲਤਾਨ ਦੇ ਹਥਿਆਰ ਹੋਣਗੇ ਨਿਲਾਮ

**ਲੰਡਨ:** ਮੈਸੂਰ ਦੇ ਰਾਜਾ ਟੀਪੂ ਸੁਲਤਾਨ ਦੇ ਹਥਿਆਰਾਂ ਤੇ ਕਵਚ ਦੀ ਨਿਲਾਮੀ 21 ਅਪਰੈਲ ਨੂੰ ਲੰਡਨ ਦੇ ਬੋਨਹੈਮਸ ਨਿਊ ਬਾਡ ਸਟਰੀਟ ਨਿਲਾਮੀ ਘਰ ਵਿਚ ਹੋਵੇਗੀ। ਇਸ ਵਿਚ ਟੀਪੂ ਸੁਲਤਾਨ ਦੀਆਂ ਰਤਨ ਜੜੀਆਂ ਤਲਵਾਰਾਂ, ਕਢਾਈ ਵਾਲਾ ਤੀਰਾਂ ਵਾਲਾ ਤਰਕਸ਼, ਖੁੱਲ੍ਹੇ ਮੂੰਹ ਵਾਲੀਆਂ ਬੰਦੂਕਾਂ, ਕਾਂਸੀ ਦੀ ਤੋਪ ਤੇ ਹੋਰ ਕਈ ਹਥਿਆਰਾਂ ਦੀ ਨਿਲਾਮੀ ਕੀਤੀ ਜਾਵੇਗੀ।


The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available






# ਓਵਰਡਰਾਫਟ ਨਾਲ ਚੱਲ ਰਹੀ ਹੈ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿਚ ਮੰਨ ਲਿਆ ਹੈ ਕਿ ਰਾਜ ਨੂੰ ਓਵਰਡਰਾਫਟ ਦੀ ਡੰਗੋਰੀ ਨਾਲ ਚਲਾਇਆ ਜਾ ਰਿਹਾ ਹੈ। ਇਕ ਅਪਰੈਲ 2014 ਤੋਂ ਹੁਣ ਤੱਕ ਸਰਕਾਰ ਨੇ 126 ਦਿਨ ਓਵਰਡਰਾਫਟ ਦੀ ਸਹੂਲਤ ਹਾਸਲ ਕਰ ਕੇ ਪੰਜਾਬ ਦੀ ਵਿੱਤੀ ਗੱਡੀ ਨੂੰ ਕਿਸੇ ਤਰ੍ਹਾਂ ਰੇੜ੍ਹਿਆ ਹੈ।

ਸਰਕਾਰ ਨੂੰ ਇਹ ਸਹੂਲਤ 20 ਵਾਰ ਵੱਖ-ਵੱਖ ਸਮੇਂ ਰਾਜ ਦੇ ਖਰਚੇ ਚਲਾਉਣ ਲਈ ਲੈਣੀ ਪਈ ਹੈ। ਸਰਕਾਰ ਦੇ ਅੰਕੜਿਆਂ ਅਨੁਸਾਰ ਸਾਲ ਵਿਚ ਔਸਤਨ ਹਰ ਤੀਜੇ ਦਿਨ ਪੰਜਾਬ ਨੂੰ ਓਵਰਡਰਾਫਟ ਦੇ ਸਹਾਰੇ ਚਲਾਇਆ ਗਿਆ ਹੈ ਅਤੇ ਇਸ ਤਰ੍ਹਾਂ ਇਕ ਤਿਹਾਈ ਵਰ੍ਹਾ ਓਵਰਡਰਾਫਟ ਦੀ ਘੁੰਮਣਘੇਰੀ ਵਿਚ ਉਲਝਿਆ ਰਿਹਾ ਹੈ। ਪੰਜਾਬ ਦੇ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਵਿਧਾਨ ਸਭਾ ਵਿਚ ਵਿਧਾਇਕ ਲਾਲ ਸਿੰਘ ਦੇ ਸਵਾਲ ਦਾ ਜਵਾਬ ਦਿੰਦਿਆਂ ਦੱਸਿਆ ਕਿ ਸਰਕਾਰ ਨੇ ਇਕ ਅਪਰੈਲ 2014 ਤੋਂ ਹੁਣ ਤੱਕ 126 ਦਿਨਾਂ ਲਈ 20 ਵਾਰ ਵੱਖ-ਵੱਖ ਸਮੇਂ 'ਤੇ ਓਵਰਡਰਾਫਟ ਸਹੂਲਤ ਦਾ ਲਾਭ ਉਠਾਇਆ ਹੈ। ਪੰਜਾਬ ਸਰਕਾਰ ਦੇ ਖਜ਼ਾਨਾ ਮੰਤਰੀ ਰਹਿ ਚੁੱਕੇ ਲਾਲ ਸਿੰਘ ਨੇ ਇਸ ਜਵਾਬ ਉਪਰ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਇਹ ਬੜਾ ਗੰਭੀਰ ਮੁੱਦਾ ਹੈ ਅਤੇ ਦੱਸਿਆ ਜਾਵੇ ਕਿ ਇਸ ਤੋਂ ਪਹਿਲਾਂ ਕਿਸੇ ਸਰਕਾਰ ਨੇ ਸਾਲ ਦੌਰਾਨ 126 ਦਿਨ ਓਵਰਡਰਾਫਟ ਦੀ ਸਹੂਲਤ ਹਾਸਲ ਕੀਤੀ ਹੈ। ਇਸ ਦੇ ਜਵਾਬ ਵਿਚ ਸ੍ਰੀ ਢੀਂਡਸਾ ਨੇ ਕਿਹਾ ਕਿ ਇਹ ਰੁਟੀਨ ਮਾਮਲਾ ਹੈ ਅਤੇ ਸਾਰੀਆਂ ਸਰਕਾਰਾਂ ਹੀ ਓਵਰਡਰਾਫਟ ਦੀ ਸਹੂਲਤ ਹਾਸਲ ਕਰਦੀਆਂ ਹਨ। ਓਵਰਡਰਾਫਟ ਦੇ 126 ਦਿਨਾਂ ਦੌਰਾਨ 45 ਦਿਨ ਤਾਂ ਛੁੱਟੀਆਂ ਹੀ ਰਹੀਆਂ ਹਨ ਜਿਸ ਕਾਰਨ ਖਜ਼ਾਨਾ ਦਫਤਰ ਬੰਦ ਹੀ ਰਹਿੰਦੇ ਹਨ।

## ਕੇਜਰੀਵਾਲ ਨੂੰ 'ਸ਼ਹਿਰ ਦਾ ਛੋਟਾ ਆਗੂ' ਸਮਝਦੇ ਸਨ ਮੋਦੀ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਨੇ ਭਾਵੇਂ ਭਾਜਪਾ ਨੂੰ ਵੱਡੀ ਹਾਰ ਦਿੱਤੀ ਪਰ ਇਨ੍ਹਾਂ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੇਜਰੀਵਾਲ ਨੂੰ 'ਸ਼ਹਿਰ ਦਾ ਛੋਟਾ ਆਗੂ' ਹੀ ਸਮਝਦੇ ਸਨ। ਇਹ ਖੁਲਾਸਾ ਬੀ.ਬੀ.ਸੀ. ਦੇ ਸਾਬਕਾ ਪੱਤਰਕਾਰ ਲਾਂਸ ਪਰਾਈਸ ਨੇ ਆਪਣੀ ਪੁਸਤਕ 'ਦਿ ਮੋਦੀ ਇਫੈਕਟ:ਇਨਸਾਈਡ ਨਰਿੰਦਰ ਮੋਦੀਜ਼ ਕੈਂਪੇਨ ਟੂ ਟਰਾਂਸਫਾਰਮ ਇੰਡੀਆ' ਵਿਚ ਕੀਤਾ ਹੈ।

# ਲਖਵੀ ਦੀ ਮੁੰਬਈ ਹਮਲੇ ਵਿਚ ਸ਼ਮੂਲੀਅਤ ਦੇ ਸਬੂਤ ਸੌਂਪੇ

**ਵਾਸ਼ਿੰਗਟਨ:** ਅਮਰੀਕਾ ਨੇ 2008 ਵਿਚ ਹੋਏ ਮੁੰਬਈ ਹਮਲਿਆਂ ਵਿਚ ਲਸ਼ਕਰ-ਏ-ਤੋਇਬਾ ਦੇ ਅਪਰੇਸ਼ਨ ਕਮਾਂਡਰ ਜ਼ਕੀ-ਉਰ ਰਹਿਮਾਨ ਲਖਵੀ ਦੀ ਸ਼ਮੂਲੀਅਤ ਸਬੰਧੀ ਪਾਕਿਸਤਾਨ ਨੂੰ ਠੋਸ ਸਬੂਤ ਸੌਂਪੇ ਹਨ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਅਮਰੀਕਾ ਨੇ ਪਾਕਿਸਤਾਨ ਨੂੰ ਚੇਤੇ ਕਰਵਾਇਆ ਸੀ ਕਿ ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਛੇਤੀ ਸਜ਼ਾ ਦਿੱਤੀ ਜਾਵੇ।

ਅਮਰੀਕਾ ਦੇ ਇੱਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਮ ਨਾ ਦੱਸਣ ਦੀ ਸ਼ਰਤ 'ਤੇ ਕਿਹਾ ਕਿ ਅਮਰੀਕਾ ਵਲੋਂ ਪਾਕਿਸਤਾਨ ਨੂੰ ਸੌਂਪੇ ਗਏ ਸਬੂਤ ਪੂਰੀ ਤਰ੍ਹਾਂ ਭਰੋਸੇਯੋਗ ਹਨ, ਪਰ ਉਨ੍ਹਾਂ ਨੇ ਇਨ੍ਹਾਂ ਸਬੂਤਾਂ ਦਾ ਖੁਲਾਸਾ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਅਮਰੀਕਾ ਵਲੋਂ ਦਿੱਤੇ ਗਏ ਇਹ ਸਬੂਤ ਡੇਵਿਡ ਹੈਡਲੀ ਤੋਂ ਕੀਤੀ ਗਈ ਪੁੱਛ ਪੜਤਾਲ 'ਤੇ ਆਧਾਰਤ ਹਨ। ਡੇਵਿਡ ਹੈਡਲੀ ਅਮਰੀਕਾ ਦੀ ਜੇਲ੍ਹ ਵਿਚ ਬੰਦ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੀਆਂ ਸੁਰੱਖਿਆ ਤੇ ਚੌਕਸੀ ਏਜੰਸੀਆਂ ਨੇ ਆਪਣੇ ਤੌਰ 'ਤੇ ਮੁੰਬਈ ਅਤਿਵਾਦੀ ਹਮਲੇ ਦੀ ਜਾਂਚ ਕੀਤੀ ਹੈ ਅਤੇ ਜਾਂਚ ਮਗਰੋਂ ਸਾਹਮਣੇ ਆਏ ਸਬੂਤਾਂ ਨੂੰ ਪਾਕਿਸਤਾਨ ਕੋਲ ਸੌਂਪਿਆ ਗਿਆ ਹੈ।

ਇਸੇ ਦੌਰਾਨ ਸਟੇਟ ਵਿਭਾਗ ਦੇ ਬੁਲਾਰੇ ਜੈਨ ਪਸਕੀ ਨੇ ਕਿਹਾ ਕਿ ਪਾਕਿਸਤਾਨ ਨੇ ਮੁੰਬਈ ਹਮਲਿਆਂ ਨੂੰ ਅੰਜਾਮ ਦੇਣ ਵਾਲੇ ਅਤਿਵਾਦੀਆਂ ਅਤੇ ਇਸ ਹਮਲੇ ਲਈ ਫੰਡ ਮੁਹੱਈਆ ਕਰਵਾਉਣ ਵਾਲਿਆਂ ਵਿਰੁੱਧ ਕਾਰਵਾਈ ਕਰਨ ਲਈ ਵਚਨਬੱਧਤਾ ਦੁਹਰਾਈ ਸੀ ਤੇ ਹੁਣ ਸਮਾਂ ਆ ਗਿਆ ਹੈ ਕਿ ਇਨ੍ਹਾਂ ਅਤਿਵਾਦੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।

ਜ਼ਿਕਰਯੋਗ ਹੈ ਕਿ 55 ਸਾਲਾ ਲਖਵੀ ਪਾਕਿਸਤਾਨ ਦੀ ਜੇਲ੍ਹ ਵਿਚ ਪਬਲਿਕ ਸਕਿਓਰਿਟੀ ਐਕਟ ਤਹਿਤ ਬੰਦ ਹੈ। ਉਸ ਨੂੰ ਪਿਛਲੇ ਹਫਤੇ ਰਿਹਾਅ ਕੀਤਾ ਜਾਣਾ ਸੀ, ਪਰ ਬਾਅਦ ਵਿਚ ਮੁੜ ਗ੍ਰਿਫਤਾਰ ਕਰ ਲਿਆ ਗਿਆ। ਮੁੰਬਈ ਹਮਲਾ 26 ਨਵੰਬਰ 2008 ਵਿਚ ਹੋਇਆ ਸੀ ਜਿਸ ਵਿਚ ਛੇ ਅਮਰੀਕੀ ਨਾਗਰਿਕਾਂ ਸਮੇਤ 166 ਲੋਕ ਮਾਰੇ ਗਏ ਸਨ।

## ਖੱਟਰ ਸਰਕਾਰ ਦਾ ਬਜਟ ਚੋਣ ਵਾਅਦਿਆਂ ਬਾਰੇ ਖਾਮੋਸ਼


**ਚੰਡੀਗੜ੍ਹ:** ਹਰਿਆਣਾ ਦੇ ਵਿੱਤ ਮੰਤਰੀ ਕੈਪਟਨ ਅਭਿਮੰਨਿਊ ਨੇ ਸਾਲ 2015-16 ਦਾ ਟੈਕਸ ਰਹਿਤ ਬਜਟ ਪੇਸ਼ ਕੀਤਾ ਹੈ ਜਿਸ ਵਿਚ ਕੇਵਲ 21 ਕਰੋੜ ਦੀਆਂ ਰਿਆਇਤਾਂ ਦਿੱਤੀਆਂ ਹਨ, ਪਰ ਚੋਣ ਵਾਅਦੇ ਪੂਰਾ ਕਰਨ ਬਾਰੇ ਕੁੱਝ ਨਹੀਂ ਕਿਹਾ ਗਿਆ।

ਵਿੱਤ ਮੰਤਰੀ ਨੇ ਅਗਲੇ ਵਿੱਤੀ ਸਾਲ ਦੀ ਸਾਲਾਨਾ ਯੋਜਨਾ 25,743.46 ਕਰੋੜ ਦੀ ਪੇਸ਼ ਕੀਤੀ ਹੈ ਜਿਸ ਵਿਚ 5106 ਕਰੋੜ ਦੀ ਕੇਂਦਰੀ ਸਹਾਇਤਾ ਵੀ ਸ਼ਾਮਲ ਹੈ। ਭਾਜਪਾ ਸਰਕਾਰ ਦੀ ਸਾਲਾਨਾ ਯੋਜਨਾ ਪਿਛਲੀ ਸਰਕਾਰ ਦੀ ਸਾਲਾਨਾ ਯੋਜਨਾ 32,743 ਕਰੋੜ ਨਾਲੋਂ 6988 ਕਰੋੜ ਰੁਪਏ ਘੱਟ ਹੈ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545

ਸਭ ਤੋਂ ਸਸਤੇ ਟਿਕਟ ਰੇਟ 'ਇੰਡੀਆ/ਪਾਕਿ'

TRAVELOPOD.COM



Fares from $840

BOOK BY PHONE & GET upto 40% OFF

PHONE ONLY DEAL

ਸਸਤੇ ਰੇਟ ਲਈ ਅੱਜ ਹੀ ਕਾਲ ਕਰੋ

1-844-441-2345

Excellent Service

24/7 24x7 Live Support

Fly to INDIA and PAKISTAN with fares starting from :

| From / To | NYC | DC | DFW | CHI | ATL | HOU | SFO | LA |
|---|---|---|---|---|---|---|---|---|
| DEL/BOM | 737 | 715 | 711 | 696 | 780 | 762 | 759 | 717 |
| MAA/HYD | 721 | 692 | 688 | 681 | 725 | 714 | 930 | 850 |
| BLR | 697 | 702 | 699 | 692 | 755 | 702 | 920 | 823 |
| AMD | 880 | 833 | 1042 | 855 | 855 | 836 | 955 | 923 |
| COK | 748 | 882 | 841 | 919 | 945 | 893 | 1146 | 1144 |
| KARACHI | 705 | 690 | 686 | 849 | 865 | 797 | 909 | 942 |
| ISLAMABAD | 682 | 707 | 690 | 688 | 730 | 689 | 777 | 750 |

Domestic & International Special Deals available from ALL CITIES.

LUXURY HOLIDAY TOURS

Rajasthan : $500

Enchanting Kerala from : $650

African Tours : $750

Europe Tours from : $790

Travelopod- BEST FARES ALWAYS

CST # 2112418-40

# ਸੀਰੀਆ ਦੀ ਖਾਨਾਜੰਗੀ ਨੇ ਲਈਆਂ ਸਵਾ ਦੋ ਲੱਖ ਜਾਨਾਂ



**ਸੰਯੁਕਤ ਰਾਸ਼ਟਰ**: ਸੀਰੀਆ ਦੀ ਖਾਨਾਜੰਗੀ ਨੇ ਚਾਰ ਸਾਲਾਂ ਵਿਚ ਸਵਾ ਦੋ ਲੱਖ ਜਾਨਾਂ ਲੈ ਲਈਆਂ। ਸੰਯੁਕਤ ਰਾਸ਼ਟਰ ਅਨੁਸਾਰ ਜੂਨ-2013 ਤੱਕ 90,000 ਲੋਕ ਮਾਰੇ ਗਏ ਸਨ। ਅਗਸਤ 2014 ਤੱਕ ਇਹ ਗਿਣਤੀ 1,91,000 ਤੋਂ ਵੱਧ ਹੋ ਗਈ। ਮਾਰਚ 2015 ਤੱਕ ਖਾਨਾਜੰਗੀ ਵਿਚ ਮਾਰੇ ਜਾ ਚੁੱਕੇ ਲੋਕਾਂ ਦੀ ਗਿਣਤੀ 2,20,000 ਨੂੰ ਟੱਪ ਚੁੱਕੀ ਹੈ। ਰਾਸ਼ਟਰਪਤੀ ਅਸਦ ਨੇ ਵਿਰੋਧੀਆਂ ਦੇ ਗੜ੍ਹ ਨਸ਼ਟ ਕਰਨ ਲਈ ਰਸਾਇਣਕ ਹਥਿਆਰ ਵੀ ਵਰਤੇ ਤੇ ਉਨ੍ਹਾਂ ਦੇ ਘਰ ਮਲੀਆਮੇਟ ਕਰ ਦਿੱਤੇ ਪਰ ਵਿਦਰੋਹ ਫਿਰ ਵੀ ਖਤਮ ਹੋਣ ਦਾ ਨਾਂ ਨਹੀਂ ਲੈ ਰਿਹਾ।

ਬੇਹੱਦ ਕਮਜ਼ੋਰ ਸਰਕਾਰ ਦਾ ਲਾਭ ਉਠਾ ਕੇ ਸੀਰੀਆ ਵਿਚ ਸਰਗਰਮ ਅਲਕਾਇਦਾ ਦੇ ਇਕ ਵੱਡੇ ਧੜੇ ਨੇ ਵੱਖਰੀ ਜਥੇਬੰਦੀ ਆਈ.ਐਸ.ਆਈ.ਐਲ. ਬਣਾ ਲਈ ਤੇ ਬਾਅਦ ਵਿਚ ਇਸ ਨੇ ਆਪਣਾ ਵੱਖਰਾ ਰਾਜ ਸਥਾਪਿਤ ਕਰਨ ਦਾ ਐਲਾਨ ਕਰਦਿਆਂ ਜਥੇਬੰਦੀ ਦਾ ਨਾਂ ਇਸਲਾਮਿਕ ਸਟੇਟ ਰੱਖ ਦਿੱਤਾ ਜੋ ਇਸ ਵੇਲੇ ਸੀਰੀਆ ਤੇ ਇਰਾਕ ਦੇ ਵੱਡੇ ਖੇਤਰਾਂ 'ਤੇ ਕਾਬਜ਼ ਹੋ ਕੇ ਵਿਰੋਧੀਆਂ ਦਾ ਭਿਆਨਕ ਹੱਦ ਤੱਕ ਕਤਲੇਆਮ ਕਰਦੀ ਆ ਰਹੀ ਹੈ। ਸੀਰੀਆ ਦੇ ਦੱਖਣੀ ਸ਼ਹਿਰ ਦੀਰਾ ਵਿਚ ਅੱਜ ਤੋਂ ਚਾਰ ਸਾਲ ਪਹਿਲਾਂ ਭਾਵ 15 ਮਾਰਚ 2011 ਨੂੰ ਇਕ ਸਕੂਲ ਦੀ ਕੰਧ ਉਪਰ ਬਗਾਵਤੀ ਨਾਅਰੇ ਲਿਖੇ ਵੇਖ ਕੇ ਸੁਰੱਖਿਆ ਬਲਾਂ ਨੇ ਕੁਝ ਨਾਬਾਲਗ ਬੱਚਿਆਂ ਨੂੰ ਗ੍ਰਿਫਤਾਰ ਕਰਕੇ ਤਸੀਹੇ ਦਿੱਤੇ ਜਿਸ ਤੋਂ ਬਾਅਦ ਲੋਕਤੰਤਰ ਪੱਖੀ ਪ੍ਰਦਰਸ਼ਨ ਸ਼ੁਰੂ ਹੋ ਗਏ। ਸੁਰੱਖਿਆ ਬਲਾਂ ਨੇ ਪ੍ਰਦਰਸ਼ਨਕਾਰੀਆਂ 'ਤੇ ਗੋਲੀਆਂ ਚਲਾਈਆਂ ਜਿਸ ਕਾਰਨ ਕੁਝ ਲੋਕ ਮਾਰੇ ਗਏ। ਇਸ ਤੋਂ ਬਾਅਦ ਇਹ ਪ੍ਰਦਰਸ਼ਨ ਪੂਰੇ ਸੀਰੀਆ ਵਿਚ ਫੈਲ ਗਏ। ਇਹ ਵਿਦਰੋਹ ਜੁਲਾਈ 2011 ਵਿਚ ਖਤਰਨਾਕ ਰੂਪ ਧਾਰ ਗਿਆ। ਜਦੋਂ ਅਸਦ ਸਰਕਾਰ ਦੇ ਵਿਰੋਧੀਆਂ (ਨੁਸਰਾ ਫਰੰਟ) ਨੇ ਹਥਿਆਰ ਚੁੱਕ ਲਏ ਤੇ ਸ਼ੁਰੂ ਹੋ ਗਈ ਖਾਨਾਜੰਗੀ। ਇਸ ਖਾਨਾਜੰਗੀ ਦਾ ਕਾਰਨ ਧਾਰਮਿਕ ਤੇ ਫਿਰਕੂ ਮੰਨਿਆ ਜਾ ਰਿਹਾ ਹੈ। ਬਹੁ-ਗਿਣਤੀ ਸੁੰਨੀ ਫਿਰਕੇ ਨਾਲ ਸਬੰਧਤ ਜਥੇਬੰਦੀਆਂ, ਘੱਟ ਗਿਣਤੀ ਸ਼ੀਆ ਰਾਸ਼ਟਰਪਤੀ ਅਸਦ ਨੂੰ ਗੱਦੀ ਤੋਂ ਲਾਹੁਣ ਲਈ ਜ਼ੋਰ ਲਾ ਰਹੀਆਂ ਹਨ। ਅਸਦ ਸਰਕਾਰ ਦਾ ਸਾਥ ਸ਼ੀਆ ਜਥੇਬੰਦੀਆਂ ਦੇ ਰਹੀਆਂ ਹਨ। ਕੁਰਦਾਂ ਨੂੰ ਆਪਣੀ ਹੋਂਦ ਬਚਾਉਣ ਲਈ ਗੁਆਂਢੀ ਦੇਸ਼ਾਂ ਵਿਚ ਵਸਦੇ ਆਪਣੇ ਭਾਈਚਾਰੇ ਕੋਲੋਂ ਮਦਦ ਲੈਣੀ ਪੈ ਰਹੀ ਹੈ। ਤਕਰੀਬਨ ਚਾਲੀ ਲੱਖ ਸ਼ਰਨਾਰਥੀ ਗੁਆਂਢੀ ਦੇਸ਼ਾਂ ਲਿਬਨਾਨ, ਜਾਰਡਨ ਤੇ ਤੁਰਕੀ ਵੱਲ ਭੱਜ ਗਏ ਹਨ। ਇਹ ਖਾਨਾਜੰਗੀ ਹੁਣ ਜੰਗ ਦਾ ਰੂਪ ਧਾਰ ਚੁੱਕੀ ਹੈ। ਦੇਸ਼ ਅੰਦਰ ਹੀ 76 ਲੱਖ ਲੋਕ ਕੈਂਪਾਂ ਵਿੱਚ ਹਨ। ਸੰਯੁਕਤ ਰਾਸ਼ਟਰ ਦੇ ਜਾਂਚ ਕਮਿਸ਼ਨ ਨੇ 2011 ਤੋਂ ਲੈ ਕੇ ਹੁਣ ਤੱਕ ਆਮ ਲੋਕਾਂ ਦੀਆਂ ਹੋਈਆਂ ਹੱਤਿਆਵਾਂ ਲਈ ਅਸਦ ਸਰਕਾਰ ਤੇ ਉਸ ਦੇ ਵਿਰੋਧੀਆਂ ਨੂੰ ਬਰਾਬਰ ਕਸੂਰਵਾਰ ਠਹਿਰਾਇਆ ਹੈ। ਸੀਰੀਆ ਵਿਚ ਪੈਰ ਜਮਾਅ ਕੇ ਇਰਾਕ ਦੇ ਕਈ ਸ਼ਹਿਰਾਂ ਤੇ ਇਲਾਕਿਆਂ 'ਤੇ ਕਾਬਜ਼ ਹੋਈ ਇਸਲਾਮਿਕ ਸਟੇਟ ਸਭ ਤੋਂ ਵੱਡਾ ਖਤਰਾ ਬਣ ਕੇ ਉੱਭਰੀ ਹੈ।

ਵੱਡੀ ਗਿਣਤੀ ਵਿਚ ਸੰਯੁਕਤ ਰਾਸ਼ਟਰ ਮਨੁੱਖੀ ਸਿਵਲ ਅਧਿਕਾਰ ਸੰਸਥਾ ਅਨੁਸਾਰ ਜਨਵਰੀ 2015 ਤੱਕ ਸੀਰੀਆ ਦੀ ਕੁੱਲ ਆਬਾਦੀ ਤਕਰੀਬਨ ਤਿੰਨ ਕਰੋੜ 72 ਲੱਖ ਸੀ, ਜਿਨ੍ਹਾਂ ਵਿਚੋਂ ਇਸ ਸਮੇਂ ਤੱਕ ਤਕਰੀਬਨ ਚਾਲੀ ਲੱਖ ਦੇਸ਼ ਵਾਸੀ ਘਰ ਛੱਡ ਕੇ ਗੁਆਂਢੀ ਦੇਸ਼ ਵਿਚ ਸ਼ਰਨਾਰਥੀ ਬਣ ਚੁੱਕੇ ਹਨ। ਤਕਰੀਬਨ 76 ਲੱਖ ਲੋਕ ਦੇਸ਼ ਅੰਦਰ ਹੀ ਬੇਗਾਨੇ ਬਣ ਕੇ ਬੈਠੇ ਹਨ। ਸੀਰੀਆ ਦੀ ਚਾਰ ਸਾਲਾ ਖਾਨਾਜੰਗੀ ਨੇ ਤੀਹ ਲੱਖ ਬੱਚਿਆਂ ਦੇ ਭਵਿੱਖ 'ਤੇ ਵੱਡਾ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਸੀਰੀਆ ਦੇ ਗੁਆਂਢੀ ਦੇਸ਼ਾਂ ਵਿਚ ਸ਼ਰਨਾਰਥੀਆਂ ਦੇ ਬੱਚਿਆਂ ਨੂੰ ਪੜ੍ਹਾਉਣ ਲਈ ਭਾਵੇਂ ਸੰਯੁਸ਼ਤ ਰਾਸ਼ਟਰ ਤੇ ਕੁਝ ਗੈਰ-ਸਰਕਾਰੀ ਜਥੇਬੰਦੀਆਂ ਨੇ ਆਰਜ਼ੀ ਸਕੂਲ ਖੋਲ੍ਹੇ ਹਨ ਪਰ ਇਨ੍ਹਾਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਹੈ। ਲੜਕੀਆਂ ਦੀ ਹਾਲਤ ਹੋਰ ਬਦਤਰ ਹੈ। ਵੱਡੀ ਉਮਰ ਦੀਆਂ ਨਾਬਾਲਗ (14-18 ਸਾਲ) ਬੱਚੀਆਂ ਸਕੂਲਾਂ ਵਿਚ ਨਜ਼ਰ ਨਹੀਂ ਆ ਰਹੀਆਂ। ਇਨ੍ਹਾਂ ਬੱਚੀਆਂ ਲਈ ਉਚੇਰੀ ਤੇ ਤਕਨੀਕੀ ਸਿੱਖਿਆ ਮੁਹੱਈਆ ਕਰਨੀ ਦੂਰ ਦੀ ਗੱਲ ਬਣ ਗਈ ਹੈ।

## *ਇਸਲਾਮਿਕ ਸਟੇਟ 'ਤੇ ਛੇਤੀ ਨੱਥ ਪਾਉਣਾ ਔਖਾ*

**ਵਾਸ਼ਿੰਗਟਨ:** ਦਹਿਸ਼ਤਗਰਦ ਜਥੇਬੰਦੀ ਇਸਲਾਮਿਕ ਸਟੇਟ 'ਤੇ ਰਾਤੋਂ ਰਾਤ ਕਾਬੂ ਪਾਉਣਾ ਮੁਸ਼ਕਲ ਹੈ। ਅਮਰੀਕਾ ਦੀ ਖ਼ੁਫ਼ੀਆ ਏਜੰਸੀ ਸੀ.ਆਈ.ਏ. ਨੇ ਮੰਨਿਆ ਹੈ ਕਿ ਇਸਲਾਮਿਕ ਸਟੇਟ 'ਤੇ ਨੱਥ ਪਾਉਣ ਲਈ ਸਮਾਂ ਲੱਗੇਗਾ ਤੇ ਕਾਫੀ ਸੰਘਰਸ਼ ਕਰਨਾ ਪੈ ਸਕਦਾ ਹੈ। ਸੀ.ਆਈ.ਏ. ਦੇ ਡਾਇਰੈਕਟਰ ਜੌਹਨ ਬਰੈਨਨ ਨੇ ਕਿਹਾ ਕਿ ਇਸਲਾਮਿਕ ਸਟੇਟ ਹਥਿਆਰਾਂ ਤੇ ਪੈਸੇ ਪੱਖੋਂ ਕਾਫੀ ਮਜ਼ਬੂਤ ਜਥੇਬੰਦੀ ਹੈ। ਜਥੇਬੰਦੀ ਦੇ ਲੜਾਕੇ ਅਨੁਸ਼ਾਸਿਤ, ਵਚਨਬੱਧ ਤੇ ਜੁਝਾਰੂ ਹਨ। ਜੇਕਰ ਉਨ੍ਹਾਂ 'ਤੇ ਰੋਕ ਨਾ ਲਾਈ ਗਈ ਤਾਂ ਜਥੇਬੰਦੀ ਸੀਰੀਆ ਤੇ ਇਰਾਕ ਤੋਂ ਇਲਾਵਾ ਹੋਰ ਥਾਵਾਂ ਉਤੇ ਵੀ ਵੱਡਾ ਖ਼ਤਰਾ ਬਣ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਅਤਿਵਾਦੀ ਜਥੇਬੰਦੀ ਬਾਰੇ ਵੱਧ ਤੋਂ ਵੱਧ ਜਾਣਕਾਰੀ ਹਾਸਲ ਕਰ ਕੇ ਰਣਨੀਤੀ ਘੜੀ ਜਾ ਰਹੀ ਹੈ। ਉਨ੍ਹਾਂ ਖ਼ਦਸ਼ਾ ਜਤਾਇਆ ਕਿ ਇਸਲਾਮਿਕ ਸਟੇਟ ਅਮਰੀਕਾ ਤੇ ਉਸ ਦੇ ਭਾਈਵਾਲ ਮੁਲਕਾਂ ਲਈ ਚੁਣੌਤੀ ਬਣ ਸਕਦੇ ਹਨ।

# ਬਰਤਾਨੀਆ ਦੀ ਪਾਰਲੀਮੈਂਟ ਸਟਰੀਟ ਵਿਚ ਮਹਾਤਮਾ ਗਾਂਧੀ ਦਾ ਬੁੱਤ ਸਥਾਪਤ

**ਲੰਡਨ:** ਬਰਤਾਨਵੀ ਸਰਕਾਰ ਵੱਲੋਂ ਭਾਰਤ ਵਿਚ ਆਜ਼ਾਦੀ ਦੇ ਅੰਦੋਲਨ ਦੇ ਮੋਹਰੀ ਆਗੂ ਮਰਹੂਮ ਮਹਾਤਮਾ ਗਾਂਧੀ ਨੂੰ ਵਿਸ਼ੇਸ਼ ਸਨਮਾਨ ਦਿੰਦਿਆਂ ਉਨ੍ਹਾਂ ਦਾ ਬੁੱਤ ਪਾਰਲੀਮੈਂਟ ਸਟਰੀਟ ਵਿਚ ਸਥਾਪਤ ਕੀਤਾ ਗਿਆ ਹੈ। ਮਹਾਤਮਾ ਗਾਂਧੀ ਦੇ 9 ਫੁੱਟ ਉਚੇ ਬੁੱਤ ਤੋਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਤੇ ਭਾਰਤ ਦੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਸਾਂਝੇ ਤੌਰ 'ਤੇ ਪਰਦਾ ਉਠਾਇਆ। ਇਸ ਮੌਕੇ ਮਹਾਤਮਾ ਗਾਂਧੀ ਦਾ ਮਨਪਸੰਦ ਭਜਨ, 'ਰਘੁਪਤੀ ਰਾਘਵ ਰਾਜਾ ਰਾਮ' ਗਾਇਆ ਗਿਆ। ਇਸ ਮੌਕੇ ਅਨੇਕਾਂ ਪ੍ਰਸਿੱਧ ਹਸਤੀਆਂ ਸ਼ਾਮਲ ਹੋਈਆਂ। ਭਾਰਤ ਵੱਲੋਂ ਬਾਲੀਵੁੱਡ ਅਭਿਨੇਤਾ ਅਮਿਤਾਭ ਬੱਚਨ ਤੇ ਮਹਾਤਮਾ ਗਾਂਧੀ ਦੇ ਪੋਤਰੇ ਗੋਪਾਲ ਕ੍ਰਿਸ਼ਨਨ ਗਾਂਧੀ ਵੀ ਸ਼ਾਮਲ ਹੋਏ। ਮਹਾਤਮਾ ਗਾਂਧੀ ਇਕੋ-ਇਕ ਅਜਿਹੇ ਆਗੂ ਹਨ, ਜਿਨ੍ਹਾਂ ਨੇ ਕਦੇ ਵੀ ਕੋਈ ਸਰਕਾਰੀ ਅਹੁਦਾ ਹਾਸਲ ਨਹੀਂ ਕੀਤਾ ਤੇ ਉਨ੍ਹਾਂ ਦੇ ਸਨਮਾਨ ਵਜੋਂ ਉਨ੍ਹਾਂ ਦਾ ਬੁੱਤ ਇਥੇ ਸਥਾਪਤ ਕੀਤਾ ਗਿਆ ਹੈ। ਇਹ ਬੁੱਤ ਵੈਸਟ ਮਨਿਸਟਰ ਪੈਲੇਸ ਵਿਚ ਬਰਤਾਨੀਆ ਦੀ ਸੰਸਦ ਦੇ ਬਿਲਕੁਲ ਸਾਹਮਣੇ ਹੈ ਤੇ ਦੱਖਣੀ ਕੋਰੀਆ ਦੇ ਆਗੂ ਨੈਲਸਨ ਮੰਡੇਲਾ ਦੇ ਬੁੱਤ ਦੇ ਨਾਲ ਹੈ।



ਹੋਰ ਵੀ ਵਿਲੱਖਣਤਾ ਇਹ ਹੈ ਕਿ ਸ੍ਰੀ ਗਾਂਧੀ ਦਾ ਬੁੱਤ ਜੰਗ ਦੌਰਾਨ ਬਰਤਾਨੀਆ ਦੇ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਦੇ ਵੀ ਨਾਲ ਹੈ, ਜਿਨ੍ਹਾਂ ਨੇ ਇਕ ਵਾਰ ਮਹਾਤਮਾ ਗਾਂਧੀ ਬਾਰੇ ਟਿੱਪਣੀ ਕਰਦਿਆਂ ਉਨ੍ਹਾਂ ਨੂੰ 'ਅਰਧ-ਨਗਨ ਫਕੀਰ' ਕਿਹਾ ਸੀ।

## ਬੀਮਾ ਖੇਤਰ ਵਿਚ ਵਿਦੇਸ਼ੀ ਨਿਵੇਸ਼ ਵਧਾਉਣ ਬਾਰੇ ਬਿੱਲ ਪਾਸ

**ਨਵੀਂ ਦਿੱਲੀ:** ਸਰਕਾਰ ਦੇ ਅਹਿਮ ਆਰਥਿਕ ਸੁਧਾਰਾਂ ਵਿਚ ਸ਼ਾਮਲ ਬੀਮਾ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਹੱਦ ਮੌਜੂਦਾ 26 ਫੀਸਦੀ ਤੋਂ ਵਧਾ ਕੇ 49 ਫੀਸਦ ਕਰਨ ਦੀ ਵਿਵਸਥਾ ਵਾਲੇ ਬਿੱਲ ਨੂੰ ਸੰਸਦ ਨੇ ਮਨਜ਼ੂਰੀ ਦੇ ਦਿੱਤੀ। ਕਾਂਗਰਸ ਤੇ ਕੁਝ ਹੋਰ ਪਾਰਟੀਆਂ ਵੱਲੋਂ ਇਸ ਬਿੱਲ ਦਾ ਸਮਰਥਨ ਕਰਨ ਨਾਲ ਸਰਕਾਰ ਨੂੰ ਇਹ ਪਾਸ ਕਰਾਉਣ ਵਿਚ ਮੁਸ਼ਕਲ ਨਹੀਂ ਆਈ। ਵਿਵਾਦਗ੍ਰਸਤ ਬੀਮਾ ਕਾਨੂੰਨ (ਸੋਧ) ਬਿੱਲ 2015 ਪਿਛਲੇ ਸਾਲ ਦਸੰਬਰ ਵਿਚ ਜਾਰੀ ਕੀਤੇ ਆਰਡੀਨੈਂਸ ਦੀ ਥਾਂ ਲਵੇਗੀ। ਇਸ ਨੂੰ ਜ਼ਬਾਨੀ ਵੋਟਿੰਗ ਰਾਹੀਂ ਪਾਸ ਕੀਤਾ ਗਿਆ ਜਦਕਿ ਤ੍ਰਿਣਮੂਲ ਕਾਂਗਰਸ ਤੇ ਡੀਐਮਕੇ ਨੇ ਇਸ ਮੌਕੇ ਸਦਨ ਵਿਚੋਂ ਵਾਕਆਊਟ ਕਰ ਦਿੱਤਾ। ਕੇਂਦਰੀ ਵਿੱਤ ਰਾਜ ਮੰਤਰੀ ਜੈਅੰਤ ਸਿਨਹਾ ਪਹਿਲਾਂ ਵਾਲਾ ਬਿੱਲ ਵਾਪਸ ਲੈ ਕੇ ਨਵਾਂ ਬਿੱਲ ਪੇਸ਼ ਕੀਤਾ ਤੇ ਆਖਰ ਵਿਚ ਬਹਿਸ ਨੂੰ ਸਮੇਟਿਆ।

# ਤਨਖਾਹ ਦੇ ਮਾਮਲੇ ਵਿਚ ਪ੍ਰਧਾਨ ਮੰਤਰੀ ਮੋਦੀ 11ਵੀਂ ਥਾਂ ਉਤੇ

**ਨਵੀਂ ਦਿੱਲੀ:** ਅਮਰੀਕਾ ਦੇ ਇਕ ਚੈਨਲ ਨੇ ਆਰ.ਟੀ.ਆਈ. ਦੇ ਆਧਾਰ 'ਤੇ ਦੱਸਿਆ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਾਲਾਨਾ ਤਨਖ਼ਾਹ 19 ਲੱਖ ਰੁਪਏ ਹੈ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਸਾਲਾਨਾ ਤਕਰੀਬਨ ਢਾਈ ਕਰੋੜ ਰੁਪਏ ਤੇ 30 ਲੱਖ ਰੁਪਏ ਹੋਰ ਮਿਲਦੇ ਹਨ ਤੇ ਦੁਨੀਆ ਵਿਚ ਉਹ ਸਭ ਤੋਂ ਵੱਧ ਤਨਖ਼ਾਹ ਲੈਣ ਵਾਲੇ ਸਰਕਾਰ ਮੁੱਖੀ ਹਨ। ਪ੍ਰਧਾਨ ਮੰਤਰੀ ਮੋਦੀ ਇਸ ਸੂਚੀ ਵਿਚ ਗਿਆਰਵੇਂ ਸਥਾਨ 'ਤੇ ਹਨ।

ਉਨ੍ਹਾਂ ਦੀ ਸਾਲਾਨਾ ਤਨਖਾਹ 30,300 ਡਾਲਰ ਹੈ ਜੋ ਤਕਰੀਬਨ 19 ਲੱਖ ਰੁਪਏ ਬਣਦੀ ਹੈ। ਉਨ੍ਹਾਂ ਦੀ ਅਸਲ ਤਨਖ਼ਾਹ 50 ਹਜ਼ਾਰ ਰੁਪਏ ਮਹੀਨਾ ਹੈ ਇਸ ਦੇ ਨਾਲ ਉਨ੍ਹਾਂ ਨੂੰ ਦੈਨਿਕ ਭੱਤੇ ਦੇ ਤੌਰ 'ਤੇ 62 ਹਜ਼ਾਰ ਰੁਪਏ ਮਹੀਨਾ ਤੇ ਸੰਸਦ ਮੈਂਬਰ ਦੇ ਭੱਤੇ ਦੇ ਤੌਰ 'ਤੇ 45 ਹਜ਼ਾਰ ਰੁਪਏ ਮਿਲਦੇ ਹਨ। ਸਰਕਾਰੀ ਰਿਹਾਇਸ਼ ਤੇ ਯਾਤਰਾ ਦੀ ਸਹੂਲਤ ਤੇ ਨਿੱਜੀ ਸਟਾਫ ਦੇ ਲਈ ਵੀ ਭੱਤੇ ਮਿਲਦੇ ਹਨ।

ਹੋਰ ਨੇਤਾ ਜਿਨ੍ਹਾਂ ਨੂੰ ਵਧੇਰੇ ਤਨਖ਼ਾਹ ਮਿਲਦੀ ਹੈ, ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ 1.62 ਕਰੋੜ, ਜਰਮਨੀ ਦੀ ਚਾਂਸਲਰ ਨੂੰ 1.46 ਕਰੋੜ, ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਨੂੰ 1.4 ਕਰੋੜ, ਬਰਤਾਨੀਆ ਦੇ ਪ੍ਰਧਾਨ ਮੰਤਰੀ ਨੂੰ 1.34 ਕਰੋੜ, ਜਾਪਾਨ ਦੇ ਪ੍ਰਧਾਨ ਮੰਤਰੀ ਨੂੰ 1.26 ਕਰੋੜ, ਫਰਾਂਸ ਦੇ ਰਾਸ਼ਟਰਪਤੀ ਨੂੰ 1.21 ਕਰੋੜ, ਰੂਸ ਦੇ ਰਾਸ਼ਟਰਪਤੀ ਨੂੰ 85 ਲੱਖ, ਬਰਾਜ਼ੀਲ ਦੇ ਰਾਸ਼ਟਰਪਤੀ ਨੂੰ 75 ਲੱਖ ਤੇ ਚੀਨ ਦੇ ਰਾਸ਼ਟਰਪਤੀ ਨੂੰ 13.73 ਲੱਖ ਰੁਪਏ ਮਿਲਦੇ ਹਨ ਤੇ ਉਹ ਬਾਰਵੇਂ ਸਥਾਨ 'ਤੇ ਹਨ।

# ਸਵਾਈਨ ਫਲੂ ਨਾਲ ਮੌਤਾਂ ਦੀ ਗਿਣਤੀ 1700 ਤੋਂ ਟੱਪੀ

**ਨਵੀਂ ਦਿੱਲੀ:** ਦੇਸ਼ ਵਿਚ ਸਵਾਈਨ ਫਲੂ ਨਾਲ ਮਰਨ ਵਾਲਿਆਂ ਦਾ ਕੁੱਲ ਅੰਕੜਾ 1700 ਤੋਂ ਪਾਰ ਹੋ ਗਿਆ ਹੈ। ਇਸੇ ਦੌਰਾਨ ਇਸ ਬੁਖ਼ਾਰ ਦੇ ਮਰੀਜ਼ਾਂ ਦੀ ਗਿਣਤੀ ਤਕਰੀਬਨ 30 ਹਜ਼ਾਰ ਤੱਕ ਪਹੁੰਚ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਵੱਲੋਂ 14 ਮਾਰਚ ਤੱਕ ਇਕੱਠੇ ਕੀਤੇ ਅੰਕੜੇ ਅਨੁਸਾਰ ਮੌਜੂਦਾ ਸੀਜ਼ਨ ਵਿਚ ਸਵਾਈਨ ਫਲੂ ਕਾਰਨ ਮਰਨ ਵਾਲਿਆਂ ਦੀ ਗਿਣਤੀ 1710 ਤੱਕ ਪੁੱਜ ਗਈ ਹੈ ਤੇ 29,558 ਲੋਕ ਇਸ ਬੁਖਾਰ ਕਾਰਨ ਪੀੜਤ ਹਨ। ਸਿਹਤ ਮੰਤਰਾਲੇ ਨੇ ਖੁਲਾਸਾ ਕੀਤਾ ਕਿ 13 ਮਾਰਚ ਤੱਕ ਪੂਰੇ ਦੇਸ਼ ਵਿਚ ਸਵਾਈਨ ਫਲੂ ਕਾਰਨ ਮਰਨ ਵਾਲਿਆਂ ਦੀ ਗਿਣਤੀ 1674 ਸੀ ਜੋ ਵਧ ਕੇ 1710 ਤੱਕ ਪੁੱਜ ਗਈ ਹੈ। ਇਸ ਰੋਗ ਕਾਰਨ ਗੁਜਰਾਤ ਵਿਚ ਸਭ ਤੋਂ ਵੱਧ 382 ਮੌਤਾਂ ਹੋਈਆਂ ਹਨ ਜਦੋਂ ਕਿ ਰਾਜਸਥਾਨ ਵਿਚ ਮਰਨ ਵਾਲਿਆਂ ਦੀ ਗਿਣਤੀ 375 ਹੈ। ਇਸੇ ਤਰ੍ਹਾਂ ਮਹਾਰਾਸ਼ਟਰ ਵਿਚ ਮਰਨ ਵਾਲਿਆਂ ਦਾ ਅੰਕੜਾ 288 ਹੈ ਜਦੋਂ ਕਿ ਮੱਧ ਪ੍ਰਦੇਸ਼ ਵਿਚ ਸਵਾਈਨ ਫਲੂ ਕਾਰਨ 237 ਲੋਕ ਜਾਨ ਗਵਾ ਚੁੱਕੇ ਹਨ। ਇਸੇ ਤਰ੍ਹਾਂ ਸਵਾਈਨ ਫਲੂ ਕਾਰਨ ਪੰਜਾਬ ਵਿਚ ਮਰਨ ਵਾਲਿਆਂ ਦੀ ਗਿਣਤੀ 51 ਹੈ ਜਦੋਂ ਕਿ ਤੇਲੰਗਾਨਾ ਵਿਚ ਇਹ ਅੰਕੜਾ 72 ਹੈ। ਕਰਨਾਟਕ ਵਿਚ 71 ਲੋਕਾਂ ਦੀ ਸਵਾਈਨ ਫਲੂ ਕਾਰਨ ਜਾਨ ਗਈ ਹੈ, ਜਦੋਂ ਕਿ ਹਰਿਆਣਾ ਵਿਚ 45 ਲੋਕਾਂ ਨੇ ਜਾਨ ਗਵਾਈ ਹੈ। ਤਾਮਿਲਨਾਡੂ ਵਿਚ ਮ੍ਰਿਤਕਾਂ ਦੀ ਗਿਣਤੀ 13 ਹੈ ਜਦੋਂ ਕਿ ਆਂਧਰਾ ਪ੍ਰਦੇਸ਼ ਵਿਚ 20 ਲੋਕ ਸਵਾਈਨ ਫਲੂ ਕਾਰਨ ਮਰੇ ਹਨ। ਇਸੇ ਦੌਰਾਨ ਅਮਰੀਕਾ ਦੀ ਇਕ ਤਕਨੀਕੀ ਸੰਸਥਾ ਵੱਲੋਂ ਕੀਤੇ ਗਏ ਸਰਵੇਖਣ ਅਨੁਸਾਰ ਭਾਰਤ ਵਿਚ ਸਵਾਈਨ ਫਲੂ ਵੱਡੇ ਪੱਧਰ 'ਤੇ ਫੈਲਿਆ ਹੋਇਆ ਹੈ ਜਿਸ ਨਾਲ ਨਜਿੱਠਣ ਲਈ ਸਰਕਾਰ ਨੂੰ ਵੱਡੇ ਪੱਧਰ ਉਤੇ ਕਦਮ ਚੁੱਕਣੇ ਚਾਹੀਦੇ ਹਨ।



# ਭਾਰਤ ਵਿਚ ਸਭਿਆਚਾਰਕ ਤੇ ਡੀ.ਐਨ.ਏ. ਪੱਖ ਤੋਂ ਸਾਰੇ ਹਿੰਦੂ: ਆਰ.ਐਸ.ਐਸ.

**ਨਾਗਪੁਰ:** ਆਰ.ਐਸ.ਐਸ. ਦੇ ਸੀਨੀਅਰ ਆਗੂ ਦੱਤਾਤਰੇ ਹੋਸਬਲੇ ਨੇ ਕਿਹਾ ਕਿ ਭਾਰਤ ਵਿਚ ਕੋਈ ਘੱਟ ਗਿਣਤੀ ਨਹੀਂ ਹੈ, ਇਥੇ ਸਾਰੇ ਲੋਕ ਸਭਿਆਚਾਰਕ, ਕੌਮੀਅਤ ਤੇ ਡੀ.ਐਨ.ਏ. ਤੋਂ ਹਿੰਦੂ ਹਨ। ਆਰ.ਐਸ.ਐਸ. ਦੇ ਫ਼ੈਸਲਾ ਲੈਣ ਵਾਲੀ ਸਿਖਰਲੀ ਇਕਾਈ ਕੁੱਲ ਭਾਰਤੀ ਪ੍ਰਤੀਨਿਧੀ ਸਭਾ ਦੇ ਤਿੰਨ ਦਿਨਾਂ ਜਾਰੀ ਸੰਮੇਲਨ ਵਿਚਕਾਰ ਹੋਸਾਬਲੇ ਨੇ ਕਿਹਾ, 'ਤੁਸੀਂ ਕਿਸ ਨੂੰ ਘੱਟ ਗਿਣਤੀ ਕਹੋਗੇ? ਅਸੀਂ ਕਿਸੇ ਨੂੰ ਵੀ ਘੱਟ ਗਿਣਤੀ ਨਹੀਂ ਮੰਨਦੇ ਹਾਂ। ਦੇਸ਼ ਅੰਦਰ ਘੱਟ ਗਿਣਤੀ ਕੋਈ ਹੈ ਹੀ ਨਹੀਂ।' ਉਨ੍ਹਾਂ ਅੱਗੇ ਕਿਹਾ ਕਿ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਕਈ ਵਾਰੀ ਕਿਹਾ ਹੈ ਕਿ ਭਾਰਤ ਵਿਚ ਜਨਮ ਲੈਣ ਵਾਲੇ ਸਾਰੇ ਹਿੰਦੂ ਹਨ। ਸਭਿਆਚਾਰਕ, ਕੌਮੀਅਤ ਤੇ ਡੀ.ਐਨ.ਏ. ਤੋਂ ਸਾਰੇ ਇਕ ਹਨ। ਉਹ ਇਕ ਸਵਾਲ ਦਾ ਜਵਾਬ ਦੇ ਰਹੇ ਸਨ ਜਿਸ ਵਿਚ ਉਨ੍ਹਾਂ ਤੋਂ ਪੁੱਛਿਆ ਗਿਆ ਸੀ ਕਿ ਕੀ ਆਰ.ਐਸ.ਐਸ. ਧਾਰਮਿਕ ਘੱਟ ਗਿਣਤੀਆਂ ਤੇ ਔਰਤਾਂ ਲਈ ਆਪਣੇ ਦਰਵਾਜ਼ੇ ਖੋਲ੍ਹੇਗਾ। ਆਰ.ਐਸ.ਐਸ. ਦੇ ਜਨਰਲ ਸਕੱਤਰ ਹੋਸਾਬਲੇ ਨੇ ਕਿਹਾ ਕਿ ਕੌਮੀ ਸੇਵਕਾ ਕਮੇਟੀਆਂ ਵਿਚ ਔਰਤਾਂ ਹਨ ਤੇ ਆਰ.ਐਸ.ਐਸ. ਦੀਆਂ ਗਤੀਵਿਧੀਆਂ ਵਿਚ ਸਰਗਰਮ ਤੌਰ 'ਤੇ ਹਿੱਸਾ ਲੈਂਦੀਆਂ ਹਨ।



ਉਨ੍ਹਾਂ ਜੰਮੂ-ਕਸ਼ਮੀਰ ਵਿਚ ਵੱਖਵਾਦੀ ਨੇਤਾ ਮੁਸੱਰਤ ਦੀ ਰਿਹਾਈ ਹੋਣ ਤੇ ਰਾਜ ਅੰਦਰ ਕੌਮੀ ਝੰਡੇ ਦੇ ਨਾਲ-ਨਾਲ ਸੂਬੇ ਦੇ ਝੰਡੇ ਨੂੰ ਬਰਾਬਰ ਦਾ ਦਰਜਾ ਬਾਰੇ ਹਦਾਇਤਾਂ ਦੀ ਆਲੋਚਨਾ ਕੀਤੀ। ਸੰਘ ਨੇ ਮੋਦੀ ਸਰਕਾਰ ਦੇ ਪਹਿਲੇ ਦਸ ਮਹੀਨਿਆਂ ਦੀ ਕਾਰਗੁਜ਼ਾਰੀ ਨੂੰ ਸਰਾਹਿਆ, 'ਘਰ ਵਾਪਸੀ' ਨਾਲੋਂ ਨਾਤਾ ਤੋੜਦਿਆਂ ਇਸ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਦਾ ਪ੍ਰੋਗਰਾਮ ਕਰਾਰ ਦਿੱਤਾ। ਉਨ੍ਹਾਂ ਸਪਸ਼ਟ ਕਿਹਾ ਕਿ ਭਾਰਤ ਵਿੱਚ ਕੋਈ ਘਣਗਿਣਤੀਆਂ ਨਹੀਂ ਹਨ। ਸਾਰੇ ਸਭਿਆਚਾਰਕ, ਕੌਮੀਅਤ ਤੇ ਡੀ.ਐਨ.ਏ. ਪੱਖੋਂ ਹਿੰਦੂ ਹਨ।

# ਖੇਤੀ ਸਕੀਮਾਂ ਬਾਰੇ ਕੇਂਦਰ ਦੀ ਤਜਵੀਜ਼ ਰੱਦ

**ਚੰਡੀਗੜ੍ਹ:** ਸਹਿਕਾਰੀ ਸੰਘਵਾਦ ਦੇ ਨਾਂ ਉੱਤੇ ਰਾਜਾਂ ਨੂੰ ਕੇਂਦਰੀ ਟੈਕਸਾਂ ਵਿਚੋਂ 32 ਤੋਂ ਵਧਾ ਕੇ 42 ਫੀਸਦੀ ਹਿੱਸਾ ਦੇਣ ਦੀ ਖੁਸ਼ੀ ਪੰਜਾਬ ਲਈ ਮਹਿੰਗੀ ਪੈ ਰਹੀ ਹੈ। ਕੇਂਦਰ ਸਰਕਾਰ ਵੱਲੋਂ ਖੇਤੀ ਸਕੀਮਾਂ ਵਿਚ ਪੈਸੇ ਦੀ ਮੁੜ ਵੰਡ ਬਾਰੇ ਭੇਜੀਆਂ ਤਜਵੀਜ਼ਾਂ ਨੂੰ ਪੰਜਾਬ ਸਰਕਾਰ ਨੇ ਰੱਦ ਕਰ ਦਿੱਤਾ ਹੈ।

ਨਵੇਂ ਫਾਰਮੂਲੇ ਅਨੁਸਾਰ ਖੇਤੀ ਸਕੀਮਾਂ ਨੂੰ ਜਾਰੀ ਰੱਖਣ ਲਈ ਪੰਜਾਬ ਸਰਕਾਰ ਨੂੰ 291 ਕਰੋੜ ਰੁਪਏ ਪੱਲਿਓਂ ਖਰਚਣੇ ਪੈਣਗੇ। ਪਹਿਲਾਂ ਹੀ ਵਿਤੀ ਸੰਕਟ ਦਾ ਸਾਹਮਣਾ ਕਰ ਰਹੀ ਸੂਬਾ ਸਰਕਾਰ ਇਨ੍ਹਾਂ ਸਕੀਮਾਂ ਨੂੰ ਜਾਰੀ ਰੱਖਣ ਦੀ ਹਾਲਤ ਵਿਚ ਨਹੀਂ ਹੈ। ਮੰਗਲਵਾਰ ਨੂੰ ਕੇਂਦਰ ਸਰਕਾਰ ਨੂੰ ਭੇਜੇ ਪੱਤਰ ਰਾਹੀਂ ਰਾਜ ਸਰਕਾਰ ਨੇ ਖੇਤੀ ਖੇਤਰ ਦੀਆਂ ਸਕੀਮਾਂ ਨੂੰ ਖਰਚੇ ਦੀ ਮੁੜ ਵੰਡ ਦੇ ਦਾਇਰੇ ਵਿਚੋਂ ਬਾਹਰ ਰੱਖਣ, ਫਸਲੀ ਵੰਨ-ਸੁਵੰਨਤਾ ਅਤੇ ਖੇਤੀ ਦੇ ਸਹਾਇਕ ਧੰਦਿਆਂ ਲਈ ਹੋਰ ਸਹਾਇਤਾ ਦੇਣ ਦੀ ਮੰਗ ਕੀਤੀ ਹੈ।

ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰ ਨੂੰ ਲਿਖੇ ਪੱਤਰ ਵਿਚ ਕਿਹਾ ਗਿਆ ਸੀ ਕਿ ਖੇਤੀ ਨਾਲ ਸਬੰਧਿਤ ਸਾਰੀਆਂ ਸਕੀਮਾਂ ਪਿਛਲੇ ਸਾਲ ਦੀ ਤਰ੍ਹਾਂ ਜਾਰੀ ਰੱਖੀਆਂ ਜਾਣ ਪਰ ਸੂਬਾ ਸਰਕਾਰ ਨੂੰ ਇਸ ਵਿਚ ਹਿੱਸਾ ਵਧਾਉਣਾ ਪਵੇਗਾ। ਇਸ ਨਾਲ ਖੇਤੀ ਖੇਤਰ ਦੀਆਂ ਸਕੀਮਾਂ ਦੇ ਜਾਰੀ ਰਹਿਣ ਉੱਤੇ ਹੀ ਸਵਾਲ ਖੜ੍ਹੇ ਹੋ ਗਏ ਹਨ। ਪੰਜਾਬ ਸਰਕਾਰ ਵੱਲੋਂ ਤਾਂ ਕੇਂਦਰ ਵੱਲੋਂ ਰਾਸ਼ਟਰੀ ਕ੍ਰਿਸੀ ਵਿਕਾਸ ਯੋਜਨਾ ਤਹਿਤ ਦਿੱਤੀ ਰਾਸ਼ੀ ਚੋਂ 159 ਕਰੋੜ ਰੁਪਿਆ ਅਜੇ ਤੱਕ ਵੀ ਜਾਰੀ ਨਹੀਂ ਕੀਤਾ ਗਿਆ ਕੇਂਦਰ ਸਰਕਾਰ ਨੇ ਰਾਸ਼ਟਰੀ ਕ੍ਰਿਸੀ ਵਿਕਾਸ ਯੋਜਨਾ ਦਾ ਬਜਟ 9 ਹਜ਼ਾਰ ਕਰੋੜ ਤੋਂ ਘਟਾ ਕੇ 4500 ਕਰੋੜ ਕਰ ਦਿੱਤਾ ਹੈ। ਇਸ ਸਕੀਮ ਲਈ 100 ਫੀਸਦੀ ਗਰਾਂਟ ਕੇਂਦਰ ਸਰਕਾਰ ਵੱਲੋਂ ਦਿੱਤੀ ਜਾਂਦੀ ਸੀ। 2014-15 ਦੌਰਾਨ ਪੰਜਾਬ ਨੂੰ ਇਸ ਸਕੀਮ ਅਧੀਨ 508 ਕਰੋੜ ਰੁਪਏ ਮਿਲੇ ਪਰ ਨਵੀਂ ਤਜਵੀਜ਼ ਅਨੁਸਾਰ ਪੰਜਾਬ ਸਰਕਾਰ ਨੂੰ ਪੰਜਾਹ ਫੀਸਦੀ ਹਿੱਸਾ ਪਾਉਣ ਲਈ ਕਿਹਾ ਗਿਆ ਹੈ।

ਕੌਮੀ ਖੁਰਾਕ ਸੁਰੱਖਿਆ ਮਿਸ਼ਨ ਵੀ ਸੌ ਫੀਸਦੀ ਕੇਂਦਰੀ ਗਰਾਂਟ ਵਾਲੀ ਸਕੀਮ ਸੀ, ਨਵੀਂ ਤਜਵੀਜ਼ ਅਨੁਸਾਰ 25 ਫੀਸਦੀ ਪੈਸਾ ਰਾਜ ਸਰਕਾਰ ਨੂੰ ਪਾਉਣਾ ਪਵੇਗਾ। ਪਿਛਲੇ ਸਾਲ ਸੂਬਾ ਸਰਕਾਰ ਨੂੰ 90 ਕਰੋੜ ਰੁਪਏ ਮਿਲੇ ਸਨ। ਕੌਮੀ ਬਾਗਬਾਨੀ ਮਿਸ਼ਨ ਤਹਿਤ ਵੀ 90 ਕਰੋੜ ਰੁਪਏ ਮਿਲੇ ਸਨ ਜਿਸ ਵਿਚ 15 ਫੀਸਦੀ ਹਿੱਸਾ ਸੂਬਾ ਸਰਕਾਰ ਨੇ ਪਾਉਣਾ ਸੀ। ਹੁਣ 25 ਫੀਸਦੀ ਹਿੱਸਾ ਪਾਉਣ ਦੀ ਤਜਵੀਜ਼ ਦਿੱਤੀ ਗਈ ਹੈ।

## ਲੰਗਰ ਘਰ ਵਿਚ ਚੋਰੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚੋਂ ਅਨਾਜ ਤੇ ਹੋਰ ਸਾਮਾਨ ਚੋਰੀ ਕਰਨ ਦੇ ਦੋਸ਼ ਹੇਠ ਸ਼੍ਰੋਮਣੀ ਕਮੇਟੀ ਦੇ ਸੱਤ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਫਲਾਇੰਗ ਸਕੁਐਡ ਨੂੰ ਸੂਚਨਾ ਮਿਲੀ ਸੀ ਕਿ ਲੰਗਰ ਘਰ ਦੇ ਸਾਮਾਨ ਦੀ ਚੋਰੀ ਹੋ ਰਹੀ ਹੈ। ਚੌਕਸੀ ਤੋਂ ਬਾਅਦ ਰਾਤ ਸਮੇਂ ਲੰਗਰ ਘਰ ਵਿਚੋਂ ਚੋਰੀ ਸਾਮਾਨ ਲੈ ਜਾ ਰਹੇ ਕੁਝ ਕਰਮਚਾਰੀਆਂ ਨੂੰ ਕਾਬੂ ਕਰ ਲਿਆ ਗਿਆ। ਇਨ੍ਹਾਂ ਵਿਚ ਰਾਤ ਸਮੇਂ ਡਿਊਟੀ ਦਾ ਇੰਚਾਰਜ ਵੀ ਸ਼ਾਮਲ ਹੈ।

# ਸੁਪਰੀਮ ਕੋਰਟ ਵਲੋਂ ਜਾਟਾਂ ਲਈ ਰਾਖਵਾਂਕਰਨ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਜਾਟਾਂ ਨੂੰ ਹੋਰ ਪਛੜਾ ਵਰਗ (ਓ.ਬੀ.ਸੀ.) ਰਾਖਵਾਂ ਕੋਟੇ ਵਿਚ ਸ਼ਾਮਲ ਕਰਨ ਦੇ ਪਿਛਲੀ ਯੂ.ਪੀ.ਏ. ਸਰਕਾਰ ਵੱਲੋਂ ਜਾਰੀ ਕੀਤਾ ਨੋਟੀਫਿਕੇਸ਼ਨ ਰੱਦ ਕਰ ਦਿੱਤਾ।

ਇਹ ਨੋਟੀਫਿਕੇਸ਼ਨ 4 ਮਾਰਚ 2013 ਵਿਚ ਜਾਰੀ ਹੋਇਆ ਸੀ ਤੇ ਇਸ ਤਹਿਤ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ ਸਣੇ 9 ਰਾਜਾਂ ਵਿਚ ਜਾਟਾਂ ਨੂੰ ਨੌਕਰੀਆਂ ਤੇ ਵਿਦਿਅਕ ਸੰਸਥਾਵਾਂ ਵਿਚ ਓ.ਬੀ.ਸੀ. ਤਹਿਤ ਰਾਖਵਾਂ ਕੋਟਾ ਦਿੱਤਾ ਸੀ। ਜਿਹੜੇ ਹੋਰ ਰਾਜਾਂ ਦੇ ਜਾਟਾਂ ਨੂੰ ਇਸ ਦਾ ਲਾਭ ਦਿੱਤਾ ਗਿਆ ਸੀ, ਉਨ੍ਹਾਂ ਵਿਚ ਉਤਰ ਪ੍ਰਦੇਸ਼, ਦਿੱਲੀ, ਬਿਹਾਰ, ਗੁਜਰਾਤ, ਮੱਧ ਪ੍ਰਦੇਸ਼ ਤੇ ਰਾਜਸਥਾਨ (ਭਰਤਪੁਰ ਤੇ ਧੌਲਪੁਰ ਜ਼ਿਲ੍ਹੇ) ਸ਼ਾਮਲ ਸਨ।

ਜਸਟਿਸ ਰੰਜਨ ਗੋਗੋਈ ਤੇ ਜਸਟਿਸ ਆਰ.ਐਫ. ਨਰੀਮਨ ਦੇ ਬੈਂਚ ਨੇ ਫਰਵਰੀ 2014 ਵਿਚ ਪਛੜੀਆਂ ਸ਼੍ਰੇਣੀਆਂ ਬਾਰੇ ਕੌਮੀ ਕਮਿਸ਼ਨ (ਐਨ.ਸੀ.ਬੀ.ਸੀ.) ਦੇ ਉਸ ਤੱਥ ਨੂੰ ਬਰਕਰਾਰ ਰੱਖਿਆ ਕਿ ਜਾਟ ਸਮਾਜਕ, ਵਿਦਿਅਕ, ਸਿਆਸੀ ਤੇ ਰੁਜ਼ਗਾਰ ਦੇ ਮਾਮਲੇ ਵਿਚ ਕਿਤੋਂ ਵੀ ਪਛੜੇ ਨਹੀਂ ਹਨ। ਇਸ ਲਈ ਇਨ੍ਹਾਂ ਦਾ ਓ.ਬੀ.ਸੀ. ਰਾਖਵੇਂ ਕੋਟੇ ਵਿਚ ਹੱਕ ਨਹੀਂ ਬਣਦਾ।

ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠਲੀ ਪਿਛਲੀ ਯੂ.ਪੀ.ਏ. ਸਰਕਾਰ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ 2 ਮਾਰਚ ਨੂੰ ਜਾਟਾਂ ਨੂੰ ਓ.ਬੀ.ਸੀ. ਰਾਖਵਾਂ ਕੋਟਾ ਦੇਣ ਦਾ ਫੈਸਲਾ ਕੀਤਾ ਸੀ। ਇਸ ਕੋਟੇ ਦੇ ਹੱਕ ਤੇ ਖ਼ਿਲਾਫ਼ ਸੁਪਰੀਮ ਕੋਰਟ ਵਿਚ ਬਹੁਤ ਸਾਰੀਆਂ ਪਟੀਸ਼ਨਾਂ ਪਈਆਂ ਸਨ।

ਭਾਜਪਾ ਦੀ ਅਗਵਾਈ ਹੇਠਲੀ ਐਨ.ਡੀ.ਏ. ਸਰਕਾਰ ਨੇ ਵੀ ਯੂ.ਪੀ.ਏ. ਸਰਕਾਰ ਦੇ ਫੈਸਲੇ ਦੇ ਹੱਕ ਵਿਚ ਦਲੀਲ ਦਿੱਤੀ ਪਰ ਸੁਪਰੀਮ ਕੋਰਟ ਨੇ ਉਸ ਨੂੰ ਵੀ ਰੱਦ ਕਰ ਦਿੱਤਾ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਉਹ 'ਪਛੜੇਵੇਂ' ਦੀ ਪਰਿਭਾਸ਼ਾ ਜਾਤ ਆਧਾਰ 'ਤੇ ਕਰਨ ਦੀ ਥਾਂ ਇਸ ਬਾਰੇ ਨਵਾਂ ਤਰੀਕਾ ਅਪਣਾਏ ਜਿਸ ਨਾਲ ਦਬੇ ਕੁਚਲੇ ਲੋਕਾਂ ਨੂੰ ਇਸ ਸ਼੍ਰੇਣੀ ਵਿਚ ਲਿਆ ਕੇ ਉਨ੍ਹਾਂ ਨੂੰ ਲਾਭ ਦਿੱਤਾ ਜਾ ਸਕੇ।

ਰੀਵੀਊ ਪਟੀਸ਼ਨ: ਸੁਪਰੀਮ ਕੋਰਟ ਵੱਲੋਂ ਜਾਟ ਰਾਖਵੇਂਕਰਨ 'ਤੇ ਦਿੱਤੇ ਫੈਸਲੇ 'ਤੇ ਦੇਸ਼ ਦੇ ਗਰੀਬ ਜੱਟ ਭਾਈਚਾਰੇ ਨੂੰ ਰਾਖਵਾਂਕਰਨ ਦਿਵਾਉਣ ਲਈ ਆਲ ਇੰਡੀਆ ਜਾਟ ਮਹਾ ਸਭਾ ਸੁਪਰੀਮ ਕੋਰਟ 'ਚ ਰੀਵਿਊ ਪਟੀਸ਼ਨ ਦਾਖ਼ਲ ਕਰੇਗੀ। ਜਥੇਬੰਦੀ ਦੇ ਕੌਮੀ ਪ੍ਰਧਾਨ ਅਤੇ ਲੋਕ ਸਭਾ ਵਿਚ ਕਾਂਗਰਸ ਦੇ ਡਿਪਟੀ ਲੀਡਰ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਜਾਟ ਮਹਾਂ ਸਭਾ ਕਾਨੂੰਨੀ ਉਪਾਵਾਂ ਸਬੰਧੀ ਵਿਚਾਰ ਕਰ ਰਹੀ ਹੈ।

# ਹਿਰਾਸਤੀ ਮੌਤ ਲਈ ਦੋ ਲੱਖ ਮੁਆਵਜ਼ੇ ਦੀ ਸਿਫ਼ਾਰਿਸ਼

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਨੌਜੁਆਨ ਕੈਦੀ ਦੀ ਹਿਰਾਸਤੀ ਮੌਤ ਲਈ ਦੋ ਲੱਖ ਰੁਪਏ ਦਾ ਮੁਆਵਜ਼ਾ ਦੇਣ ਦੀ ਸਿਫ਼ਾਰਿਸ਼ ਕੀਤੀ ਹੈ। ਲੁਧਿਆਣਾ ਜੇਲ੍ਹ ਵਿਚ ਬੰਦ ਕੈਦੀ ਗੁਰਦਿਆਲ ਸਿੰਘ ਦੀ ਜ਼ਹਿਰੀਲੀ ਚੀਜ਼ ਨਿਗਲਣ ਨਾਲ ਮੌਤ ਹੋ ਗਈ ਸੀ। ਕਮਿਸ਼ਨ ਨੇ ਮੁਆਵਜ਼ੇ ਦੀ ਰਕਮ ਮ੍ਰਿਤਕ ਦੇ ਵਾਰਸਾਂ ਨੂੰ ਦੇ ਕੇ 27 ਮਈ ਤੱਕ ਰਿਪੋਰਟ ਦੇਣ ਲਈ ਕਿਹਾ ਹੈ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਰਾਹੋਂ ਵਾਸੀ ਗੁਰਦਿਆਲ ਸਿੰਘ ਦੀ ਮੌਤ ਦੇ ਮਾਮਲੇ ਵਿਚ ਰਾਜ ਕਮਿਸ਼ਨ ਨੂੰ ਪੜਤਾਲ ਕਰਨ ਲਈ ਕਹਿ ਦਿੱਤਾ ਸੀ। ਕੈਦੀ ਦੀ ਮੌਤ 20 ਸਤੰਬਰ 2012 ਨੂੰ ਜ਼ਹਿਰੀਲੀ ਚੀਜ਼ ਨਿਗਲਣ ਨਾਲ ਹੋ ਗਈ ਸੀ। ਕਮਿਸ਼ਨ ਨੇ ਆਪਣਾ ਫ਼ੈਸਲਾ ਸੁਣਾਉਣ ਤੋਂ ਪਹਿਲਾਂ ਦੋਹਾਂ ਧਿਰਾਂ ਦਾ ਪੱਖ ਜਾਣਿਆ ਹੈ। ਕਮਿਸ਼ਨ ਨੇ ਆਪਣੇ ਅੱਠ ਪੰਨਿਆਂ ਦੇ ਫ਼ੈਸਲੇ ਵਿਚ ਲੁਧਿਆਣਾ ਦੀ ਕੇਂਦਰੀ ਜੇਲ੍ਹ 'ਚ ਨਸ਼ਿਆਂ ਦੀ ਹੋ ਰਹੀ ਸਮਗਲਿੰਗ ਉੱਤੇ ਵੀ ਚਿੰਤਾ ਪ੍ਰਗਟਾਈ ਤੇ ਜੇਲ੍ਹ ਪ੍ਰਸ਼ਾਸਨ ਦੀ ਨਿਗਰਾਨੀ ਹੇਠ ਕੈਦੀਆਂ ਤੱਕ ਜ਼ਹਿਰੀਲਾ ਪਦਾਰਥ ਪੁੱਜਣ ਨੂੰ ਹੈਰਾਨੀਜਨਕ ਵੀ ਦੱਸਿਆ ਹੈ।

ਕਮਿਸ਼ਨ ਕੋਲ ਪੁੱਜੀ ਜਾਣਕਾਰੀ ਅਨੁਸਾਰ ਗੁਰਦਿਆਲ ਸਿੰਘ ਜੂਨ 2001 ਤੋਂ ਲੁਧਿਆਣਾ ਜੇਲ੍ਹ ਵਿਚ ਬੰਦ ਸੀ। ਉਹ 20 ਸਤੰਬਰ 2012 ਨੂੰ ਅਚਾਨਕ ਬਿਮਾਰ ਹੋ ਗਿਆ ਸੀ। ਉਸ ਨੂੰ ਸਿਵਲ ਹਸਪਤਾਲ ਲੁਧਿਆਣਾ ਦਾਖ਼ਲ ਕਰਵਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ ਸੀ। ਮੌਤ ਦੇ ਕਾਰਨਾਂ ਦਾ ਪਤਾ ਲਾਉਣ ਲਈ ਬਣਾਏ ਡਾਕਟਰਾਂ ਦੇ ਬੋਰਡ ਨੇ ਵੀ ਜ਼ਹਿਰਲੀ ਚੀਜ਼ ਨਿਗਲਣ ਦੀ ਪੁਸ਼ਟੀ ਕੀਤੀ ਹੈ। ਕਮਿਸ਼ਨ ਨੇ ਕਿਹਾ ਹੈ ਕਿ ਅਜਿਹੀ ਸੂਰਤ ਵਿਚ ਕੈਦੀ ਦੀ ਮੌਤ ਲਈ ਜੇਲ੍ਹ ਪ੍ਰਸ਼ਾਸਨ ਨੂੰ ਦੋਸ਼ੀ ਮੰਨਿਆ ਜਾ ਰਿਹਾ ਹੈ।

# ਲਾਪਤਾ ਪਰਵਾਸੀ ਭਾਰਤੀ ਦੀ ਲਾਸ਼ ਮਿਲੀ

**ਫਿਲੌਰ:** ਪੁਲਿਸ ਨੇ ਪੌਣੇ ਦੋ ਮਹੀਨਿਆਂ ਤੋਂ ਲਾਪਤਾ ਪਰਵਾਸੀ ਭਾਰਤੀ ਦੀ ਲਾਸ਼ ਬਰਾਮਦ ਕਰ ਲਈ ਹੈ ਤੇ ਚਾਰ ਵਿਅਕਤੀਆਂ ਖ਼ਿਲਾਫ਼ ਕਤਲ ਕੇਸ ਦਰਜ ਕਰ ਕੇ ਦੋ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਡੀ.ਐਸ.ਪੀ. ਪਰਮਿੰਦਰ ਸਿੰਘ ਹੀਰ ਨੇ ਦੱਸਿਆ ਕਿ ਇੱਕ ਲੱਖ ਰੁਪਏ ਦੇ ਲੈਣ-ਦੇਣ ਦੇ ਮਾਮਲੇ 'ਚ ਪਿੰਡ ਰੂਪੋਵਾਲ ਦੇ ਹਾਲੈਂਡ ਵਾਸੀ ਅਵਤਾਰ ਸਿੰਘ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਤੇ ਲਾਸ਼ ਖੇਤਾਂ ਵਿਚ ਬਣੀ ਮੋਟਰ ਦੀ ਚਾਰਦੀਵਾਰੀ ਅੰਦਰ ਦੱਬ ਦਿੱਤੀ ਗਈ ਸੀ। ਪੁਲਿਸ ਨੇ ਲਾਸ਼ ਬਰਾਮਦ ਕਰਨ ਮਗਰੋਂ ਇਸ ਮਾਮਲੇ ਵਿਚ ਧਾਰਾ 302 ਦਾ ਵਾਧਾ ਕਰ ਦਿੱਤਾ ਹੈ। ਯਾਦ ਰਹੇ ਕਿ ਅਵਤਾਰ ਸਿੰਘ 23 ਜਨਵਰੀ ਤੋਂ ਲਾਪਤਾ ਸੀ। ਕੋਈ ਉੱਘ-ਸੁੱਘ ਨਾ ਮਿਲਣ ਕਾਰਨ ਉਸ ਦੇ ਪੁੱਤਰ ਸੁਖਵਿੰਦਰ ਸਿੰਘ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ। ਹੁਣ ਡੇਢ ਮਹੀਨੇ ਬਾਅਦ ਅਵਤਾਰ ਸਿੰਘ ਦਾ ਮੋਬਾਈਲ ਅਚਾਨਕ ਕੁਝ ਸਮੇਂ ਲਈ ਆਨ ਹੋਇਆ ਤਾਂ ਅੱਗੇ ਜਾਂਚ ਕੀਤੀ ਗਈ। ਇਸ ਮਗਰੋਂ ਅਵਤਾਰ ਸਿੰਘ ਦੇ ਗੁਆਂਢੀ ਬਲਬੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਪੁੱਛਗਿੱਛ ਕੀਤੀ ਗਈ। ਪੁਲਿਸ ਮੁਤਾਬਕ ਕਤਲ ਦਾ ਕਾਰਨ ਇੱਕ ਲੱਖ ਰੁਪਏ ਸੀ। ਅਦਾਲਤ 'ਚ ਕੇਸ ਚੱਲਣ ਮਗਰੋਂ ਅਵਤਾਰ ਸਿੰਘ ਬਲਵੀਰ ਸਿੰਘ ਤੋਂ ਉਧਾਰ ਦਿੱਤੇ ਰੁਪਏ ਵਿਆਜ ਸਮੇਤ ਮੰਗਣ ਦੀ ਜ਼ਿਦ ਕਰਨ ਲੱਗ ਪਿਆ। ਇਸ 'ਤੇ ਉਸ ਨੇ ਆਪਣੇ ਸਾਥੀ ਗੁਰਪ੍ਰੀਤ ਗੋਪੀ, ਤੀਰਥ ਸਿੰਘ ਅਤੇ ਤੀਰਥ ਸਿੰਘ (ਦੂਜਾ) ਨਾਲ ਮਿਲ ਕੇ ਅਵਤਾਰ ਸਿੰਘ ਨੂੰ ਮਾਰ ਦਿੱਤਾ। ਪੁਲਿਸ ਨੇ ਬਲਬੀਰ ਸਿੰਘ ਅਤੇ ਗੁਰਪ੍ਰੀਤ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਗੈਂਗਸਟਰ ਲੱਖਾ ਸਧਾਣਾ ਗ੍ਰਿਫ਼ਤਾਰ

**ਬਠਿੰਡਾ:** ਬਠਿੰਡਾ ਪੁਲਿਸ ਨੇ ਗੈਂਗਸਟਰ ਲੱਖਾ ਸਧਾਣਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਕੋਲੋਂ ਨਜਾਇਜ਼ ਹਥਿਆਰ ਵੀ ਬਰਾਮਦ ਹੋਏ ਹਨ। ਲੱਖਾ ਸਧਾਣਾ ਅਤੇ ਉਸ ਦੇ ਸਾਥੀਆਂ ਨੇ 13 ਮਾਰਚ 2015 ਨੂੰ ਮਿਉਂਸਿਪਲ ਚੋਣਾਂ ਦੌਰਾਨ ਫੂਲ ਕਚਹਿਰੀ ਵਿਚ ਅਕਾਲੀ ਵਰਕਰ ਗੁਰਵੀਰ ਸਿੰਘ ਉਰਫ ਗੋਲਡੀ ਵਾਸੀ ਮਹਿਰਾਜ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਪੁਲਿਸ ਨੇ ਇਸ ਕੇਸ ਵਿਚ ਸੱਤੀ, ਗੁਰਸੇਵਕ ਅਤੇ ਪ੍ਰਗਟ ਸਿੰਘ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਸੀ।

ਪੁਲਿਸ ਮੁਤਾਬਕ ਲੱਖਾ ਸਧਾਣਾ ਨੂੰ ਭਾਈਰੂਪਾ ਲਾਗਿਓਂ ਗ੍ਰਿਫ਼ਤਾਰ ਕੀਤਾ ਹੈ ਅਤੇ ਉਸ ਕੋਲੋਂ ਰਿਵਾਲਵਰ, ਗੰਨ, ਡਬਲ ਬੈਰਲ ਗੰਨ, ਚੀਨ ਦਾ ਬਣਿਆ ਪਿਸਟਲ ਅਤੇ ਫਾਰਚੂਨਰ ਗੱਡੀ ਬਰਾਮਦ ਕੀਤੀ ਹੈ। ਉਹ ਪੀਪਲਜ਼ ਪਾਰਟੀ ਆਫ ਪੰਜਾਬ ਦਾ ਅਸੈਂਬਲੀ ਚੋਣਾਂ ਵਿਚ ਉਮੀਦਵਾਰ ਸੀ ਅਤੇ ਹੁਣ ਵੀ ਪਾਰਟੀ ਵਿਚ ਸਰਗਰਮ ਸੀ। ਉਸ ਨੇ ਆਪਣਾ ਗੈਂਗ ਬਣਾਇਆ ਹੋਇਆ ਸੀ ਅਤੇ ਗੁਰਪ੍ਰੀਤ ਸੇਖੋਂ ਤੇ ਹੋਰ ਗੈਂਗਸਟਰ ਗਰੁੱਪਾਂ ਨਾਲ ਲੜਾਈ ਚੱਲਦੀ ਸੀ। ਦੱਸਣਯੋਗ ਹੈ ਕਿ ਆਦਮਪੁਰਾ ਵਿਚ ਲੱਖਾ ਸਧਾਣਾ ਉੱਤੇ ਹਮਲਾ ਵੀ ਹੋ ਗਿਆ ਸੀ ਜਿਸ ਵਿਚ ਉਸ ਦਾ ਇੱਕ ਸਾਥੀ ਮਾਰਿਆ ਗਿਆ ਸੀ।

# ਅਨੰਦਪੁਰ ਸਾਹਿਬ-ਅੰਮ੍ਰਿਤਸਰ ਰੇਲ ਗੱਡੀ ਅਪਰੈਲ ਵਿਚ ਸ਼ੁਰੂ ਹੋਵੇਗੀ

**ਰੂਪਨਗਰ:** ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਹੈ ਕਿ ਆਨੰਦਪੁਰ ਸਾਹਿਬ ਅਤੇ ਅੰਮ੍ਰਿਤਸਰ ਦਰਮਿਆਨ ਅਗਲੇ ਮਹੀਨੇ ਨਵੀਂ ਰੇਲ ਗੱਡੀ ਚੱਲਣੀ ਸ਼ੁਰੂ ਹੋ ਜਾਵੇਗੀ। ਕੇਂਦਰੀ ਰੇਲਵੇ ਮੰਤਰੀ ਸੁਰੇਸ਼ ਪ੍ਰਭੂ ਨਾਲ ਹੋਈ ਆਪਣੀ ਮੁਲਾਕਾਤ ਦਾ ਹਵਾਲਾ ਦਿੰਦਿਆਂ ਸੰਸਦ ਮੈਂਬਰ ਨੇ ਦੱਸਿਆ ਕਿ ਰੇਲਵੇ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਹੈ ਕਿ ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਦੇ ਸਬੰਧ ਵਿਚ ਚੱਲ ਰਹੇ ਪ੍ਰੋਗਰਾਮਾਂ ਵਿਚ ਆਉਣ ਵਾਲੇ ਸ਼ਰਧਾਲੂਆਂ ਦੀ ਵੱਡੀ ਗਿਣਤੀ ਨੂੰ ਦੇਖਦਿਆਂ ਇਹ ਰੇਲ ਗੱਡੀ ਸ਼ੁਰੂ ਕਰ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਰੇਲਵੇ ਮੰਤਰੀ ਅਗਲੇ ਮਹੀਨੇ ਹੋਣ ਵਾਲੀ ਆਪਣੀ ਅੰਮ੍ਰਿਤਸਰ ਫੇਰੀ ਮੌਕੇ ਇਸ ਰੇਲ ਗੱਡੀ ਸ਼ੁਰੂ ਕਰਨ ਦਾ ਐਲਾਨ ਕਰਨਗੇ।

ਉਨ੍ਹਾਂ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਤੋਂ ਵਾਇਆ ਨਿਊ ਮੋਰਿੰਡਾ ਚੱਲਣ ਵਾਲੀ ਇਹ ਰੇਲ ਗੱਡੀ ਸ਼ੁਰੂ ਹੋਣ ਨਾਲ ਹਜ਼ਾਰਾਂ ਸ਼ਰਧਾਲੂਆਂ ਨੂੰ ਸੌਖ ਹੋ ਜਾਵੇਗੀ ਜਿਹੜੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਾਲ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਦਰਸ਼ਨ ਵੀ ਕਰਨਾ ਲੋਚਦੇ ਹਨ।

## ਮੋਦੀ ਸਾਹਿਬ! ਮਨ ਦੀਆਂ ਮਨ ਵਿਚ ਰਹਿਣਗੀਆਂ?

**ਬਠਿੰਡਾ:** ਬਠਿੰਡਾ ਜ਼ਿਲ੍ਹੇ ਦੇ ਪਿੰਡ ਅਕਲੀਆ (ਜਲਾਲ) ਦੀ ਵਿਧਵਾ ਗੁਰਮੇਲ ਕੌਰ ਕੋਲ ਸਿਰਫ਼ ਇੱਕ ਉਮੀਦ ਹੀ ਬਚੀ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਸ ਦੇ ਮਨ ਦੀ ਗੱਲ ਸੁਣਨਗੇ। ਉਸ ਕੋਲ ਨਾ ਪੈਲੀ ਰਹੀ ਤੇ ਨਾ ਹੀ ਘਰ-ਬਾਰ। ਟਰੈਕਟਰ ਵੀ ਵਿਕ ਗਿਆ ਤੇ ਪਸ਼ੂ ਵੀ ਵੇਚਣੇ ਪੈ ਗਏ। ਕਰਜ਼ੇ ਦੀ ਪੰਡ ਭਾਰੀ ਹੁੰਦੀ ਗਈ। ਜਦੋਂ ਖੇਤਾਂ ਦਾ ਵਾਰਸ ਖ਼ੁਦਕੁਸ਼ੀ ਕਰ ਗਿਆ, ਉਦੋਂ ਹੀ ਘਰ ਦੀ ਬਰਕਤ ਰੁੱਸ ਗਈ। ਸ੍ਰੀ ਮੋਦੀ 22 ਮਾਰਚ ਨੂੰ ਰੇਡੀਓ 'ਤੇ ਮਨ ਕੀ ਬਾਤ ਪ੍ਰੋਗਰਾਮ 'ਚ ਕਿਸਾਨਾਂ ਨੂੰ ਸੰਬੋਧਨ ਕਰਨਗੇ।

## Matrimonial

### ਵਰ ਦੀ ਲੋੜ

Match sought for US citizen divorce Khatri Arora girl 32, high school pass, working in a salon. Boy should be US citizen, Green Card holder or with any legal US status, clean shave, Sikh or Hindu Punjabi. Can be single or divorce with no kids. Contact, Ph: 917-796-4788


10-13

### ਕੰਨਿਆ ਦੀ ਲੋੜ

Looking suitable match for Jat Sikh, Dhillon, 26, 5'-11" handsome, athlete, very sober, clean shaven, boy running a gas station business with father in USA. Contact, Cell: 812-664-4021, Email: Dhillonzfamily@gmail.com

11-14


Upgrade your Security Cameras to High Definition at very reasonable prices




For more Details, Contact:
Balbir S Sidhu
209-495-3905 (Cell)
www.dvrunlimited.com

Toll Free (888) 233-4566

DVRunlimited Inc. Fax: 209-665-7067




Prince's Barber Shop
37477 Fremont Blvd, suite C, Fremont, CA 94536

Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਾਦਲ ਦੇ ਜ਼ਿਲ੍ਹੇ ਵਿਚ ਵੀ 'ਪ੍ਰਕਾਸ਼' ਨੂੰ ਤਰਸ ਗਏ ਹਨ ਵਿਦਿਆਰਥੀ

**ਸ੍ਰੀ ਮੁਕਤਸਰ ਸਾਹਿਬ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਦੇ ਪਿੰਡ ਜੰਡੋਕੇ ਦੇ ਸਰਕਾਰੀ ਪ੍ਰਾਇਮਰੀ ਤੇ ਮਿਡਲ ਸਕੂਲ ਦੇ ਵਿਦਿਆਰਥੀਆਂ ਨੂੰ ਆਧੁਨਿਕ ਕਲਾਸ ਰੂਮ ਤਾਂ ਦੂਰ ਤੱਪੜ ਵੀ ਨਹੀਂ ਮਿਲ ਰਹੇ। ਉਹ ਬੈਠਣ ਵਾਸਤੇ ਬੋਰੀਆਂ ਘਰਾਂ ਤੋਂ ਲੈ ਕੇ ਆਉਂਦੇ ਹਨ ਤੇ ਖੁੱਲ੍ਹੇ ਅਸਮਾਨ ਹੇਠ ਬੈਠ ਕੇ ਪੜ੍ਹਾਈ ਕਰਦੇ ਹਨ। ਸਕੂਲ ਵਿਚ ਛੇਵੀਂ, ਸੱਤਵੀਂ ਤੇ ਅੱਠਵੀਂ ਕਲਾਸ ਦੇ 80 ਵਿਦਿਆਰਥੀਆਂ ਦੇ ਬੈਠਣ ਲਈ ਇੱਕ ਵੀ ਕਮਰਾ ਨਹੀਂ ਹੈ ਤੇ ਇਹੀ ਹਾਲ ਪ੍ਰਾਇਮਰੀ ਸਕੂਲ ਦਾ ਹੈ।

ਇਨ੍ਹਾਂ ਸਕੂਲਾਂ ਵਿਚ ਕੰਪਿਊਟਰ ਲੈਬ ਤਾਂ ਹੈ ਪਰ ਬਿਜਲੀ ਕੁਨੈਕਸ਼ਨ ਨਹੀਂ। ਸਕੂਲ ਦੇ ਸਾਰੇ ਕਮਰੇ ਅਸੁਰੱਖਿਅਤ ਹੋਣ ਕਰ ਕੇ ਢਾਹ ਦਿੱਤੇ ਗਏ ਹਨ। ਇਸ ਵੇਲੇ ਸਕੂਲ ਵਿਚ ਸਿਰਫ ਇਕ ਹੀ ਕਮਰਾ ਹੈ ਪਰ ਉਹ ਵੀ ਅਸੁਰੱਖਿਅਤ ਕਰਾਰ ਦਿੱਤਾ ਹੋਇਆ ਹੈ। ਸਕੂਲ ਪ੍ਰਬੰਧਕਾਂ ਨੇ ਇਹ ਕਮਰਾ ਭਵਿੱਖ ਵਿਚ ਹੋਣ ਵਾਲੀ ਉਸਾਰੀ ਵੇਲੇ ਸਟੋਰ ਵਜੋਂ ਵਰਤਣ ਲਈ ਰੱਖਿਆ ਹੋਇਆ ਹੈ।



ਇਨ੍ਹੀਂ ਦਿਨੀਂ ਚੱਲ ਰਹੇ ਪੇਪਰ ਵੀ ਵਿਦਿਆਰਥੀ ਖੁੱਲ੍ਹੇ ਅਸਮਾਨ ਹੇਠ ਹੀ ਦੇ ਰਹੇ ਹਨ। ਪ੍ਰਬੰਧਕ ਮੁਸ਼ਕਲ ਵੇਲੇ ਸਾਰੇ ਵਿਦਿਆਰਥੀਆਂ ਨੂੰ ਕੰਪਿਊਟਰ ਲੈਬ 'ਚ ਲੈ ਜਾਂਦੇ ਹਨ ਪਰ ਤਿੰਨ ਜਮਾਤਾਂ ਦੇ ਵਿਦਿਆਰਥੀਆਂ ਲਈ ਇਕੋ ਕਮਰੇ 'ਚ ਪੜ੍ਹਨਾ ਤਾਂ ਦੂਰ ਬੈਠਣਾ ਵੀ ਮੁਸ਼ਕਲ ਹੈ। ਬਿਜਲੀ ਕੁਨੈਕਸ਼ਨ ਨਾ ਹੋਣ ਕਾਰਨ ਕੰਪਿਊਟਰ ਲੈਬ ਦਾ ਵੀ ਲਾਭ ਨਹੀਂ ਹੋ ਰਿਹਾ।

ਬਿਜਲੀ ਕੁਨੈਕਸ਼ਨ ਪੰਚਾਇਤ ਦੇ ਨਾਂ ਸੀ ਤੇ ਬਿੱਲ ਨਾ ਭਰਨ ਕਰ ਕੇ ਕੁਨੈਕਸ਼ਨ ਕੱਟਿਆ ਗਿਆ ਸੀ। ਪ੍ਰਾਇਮਰੀ ਸਕੂਲ ਦੇ 3 ਕਮਰੇ ਹਨ ਤੇ ਕਲਾਸਾਂ 5 ਹਨ। ਇਸ ਸਕੂਲ ਦੇ ਬਾਕੀ ਕਮਰੇ ਢਾਹ ਦਿੱਤੇ ਗਏ ਹਨ। ਸਕੂਲ ਇੰਚਾਰਜ ਜਗਦੀਪ ਸਿੰਘ ਨੇ ਦੱਸਿਆ ਕਿ ਅਕਤੂਬਰ 2014 ਵਿਚ ਸਕੂਲ ਦੇ ਕਮਰੇ ਅਸੁਰੱਖਿਅਤ ਹੋਣ ਕਰ ਕੇ ਢਾਹ ਦਿੱਤੇ ਗਏ ਹਨ। ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਜਸਪਾਲ ਮੋਂਗਾ ਨੇ ਕਿਹਾ ਕਿ ਕਮਰੇ ਤਾਂ ਜਲਦੀ ਤਿਆਰ ਕਰ ਦਿੱਤੇ ਜਾਣਗੇ ਪਰ ਬਿਜਲੀ ਕੁਨੈਕਸ਼ਨ ਬਾਰੇ ਉਨ੍ਹਾਂ ਕਿਹਾ ਕਿ ਸਕੂਲਾਂ ਕੋਲ ਫੰਡ ਨਾ ਹੋਣ ਕਰ ਕੇ ਅਤੇ ਬਕਾਇਆ ਬਿੱਲਾਂ ਦੀ ਰਕਮ ਵੱਡੀ ਹੋਣ ਕਰ ਕੇ ਇਹ ਸਮੱਸਿਆ ਗੰਭੀਰ ਹੈ।

# ਕੋਲਾ ਘਪਲਾ ਕੇਸ ਵਿਚ ਅਦਾਲਤ ਵਲੋਂ ਮਨਮੋਹਨ ਸਿੰਘ ਤਲਬ

**ਨਵੀਂ ਦਿੱਲੀ:** ਕੋਲਾ ਬਲਾਕਾਂ ਦੀ ਅਲਾਟਮੈਂਟ ਘਪਲੇ ਦੀ ਸੁਣਵਾਈ ਕਰ ਰਹੀ ਇਥੋਂ ਦੀ ਭ੍ਰਿਸ਼ਟਾਚਾਰ ਵਿਰੋਧੀ ਇਕ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਮੁਲਜ਼ਮ ਵਜੋਂ ਸੰਮਨ ਜਾਰੀ ਕੀਤੇ ਹਨ ਤੇ ਉਨ੍ਹਾਂ ਨੂੰ ਅੱਠ ਅਪਰੈਲ ਨੂੰ ਪੇਸ਼ ਹੋਣ ਲਈ ਕਿਹਾ ਹੈ। ਇਸੇ ਨਾਲ ਅਦਾਲਤ ਨੇ ਸਨਅਤਕਾਰ ਕੁਮਾਰ ਮੰਗਲਮ ਬਿਰਲਾ ਤੇ ਸਾਬਕਾ ਕੋਲਾ ਸਕੱਤਰ ਪੀ.ਸੀ. ਪਾਰੇਖ ਸਣੇ ਹੋਰਨਾਂ ਨੂੰ ਵੀ ਸੰਮਨ ਭੇਜੇ ਹਨ। ਅਦਾਲਤ ਨੇ ਆਪਣੇ 75 ਸਫਿਆਂ ਦੇ ਹੁਕਮ ਵਿਚ ਕਿਹਾ ਹੈ ਕਿ "ਪਹਿਲੀ ਨਜ਼ਰੇ ਸਪਸ਼ਟ ਹੈ ਕਿ ਉੜੀਸਾ ਵਿਚਲੇ ਤਾਲਾਬੀਰਾ ਕੋਲਾ ਬਲਾਕ (11 ਤੇ 111) ਨੂੰ ਅਦਿੱਤਿਆ ਬਿਰਲਾ ਗਰੁੱਪ ਕੰਪਨੀ ਨੂੰ ਅਲਾਟ ਕਰਨ ਵੇਲੇ ਰਚੀ ਅਪਰਾਧ ਸਾਜ਼ਿਸ਼ ਤੇ ਭ੍ਰਿਸ਼ਟ ਵਰਤਾਰੇ ਵਿਚ ਸਾਬਕਾ ਪ੍ਰਧਾਨ ਮੰਤਰੀ ਵੀ ਸ਼ਾਮਲ ਸਨ। ਇਹ ਅਲਾਟਮੈਂਟ ਸਾਲ 2005 ਵਿਚ ਕੀਤੀ ਗਈ ਸੀ ਤੇ ਉਦੋਂ ਕੋਲਾ ਮੰਤਰਾਲਾ ਵੀ ਤੱਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਕੋਲ ਸੀ।

# ਮਾਛੇਲ ਝੂਠੇ ਮੁਕਾਬਲੇ ਦੇ ਦੋਸ਼ੀ ਨੂੰ ਉਮਰ ਕੈਦ

**ਸ੍ਰੀਨਗਰ:** ਇਕ ਫੌਜੀ ਅਦਾਲਤ ਨੇ ਕੰਟਰੋਲ ਰੇਖਾ ਨੇੜੇ ਮਾਛੇਲ ਵਿਖੇ ਬਣਾਏ ਝੂਠੇ ਮੁਕਾਬਲੇ ਦੇ ਦੋਸ਼ ਵਿਚ ਇਕ ਫੌਜੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਂਦਿਆਂ ਉਸ ਨੂੰ ਬਰਤਰਫ਼ ਕਰ ਦਿੱਤਾ ਹੈ। ਮਾਛਿਲ ਝੂਠੇ ਪੁਲਿਸ ਮੁਕਾਬਲੇ ਵਿਚ ਹੁਣ ਤੱਕ ਛੇ ਦੋਸ਼ੀਆਂ ਨੂੰ ਸਜ਼ਾ ਸੁਣਾਈ ਜਾ ਚੁੱਕੀ ਹੈ। ਫੌਜ ਦੇ ਬੰਦੂਕਚੀ ਅੱਬਾਸ ਹੁਸੈਨ ਸ਼ਾਹ ਨੂੰ ਕੇਂਦਰੀ ਕੋਰਟ ਮਾਰਸ਼ਲ ਵਜੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਤੇ ਸੇਵਾਵਾਂ ਤੋਂ ਬਰਤਰਫ਼ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਫੌਜ ਦੇ ਇਕ ਉੱਚ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦਿੱਤੀ। ਦੱਸਣਯੋਗ ਹੈ ਕਿ ਸਰਹੱਦੀ ਜ਼ਿਲ੍ਹੇ ਕੁੱਪਵਾੜਾ ਦੇ ਮਾਛੇਲ ਸੈਕਟਰ ਵਿਖੇ ਫੌਜ ਦੀ ਇਕ ਟੁਕੜੀ ਨੇ ਸਥਾਨਕ ਤਿੰਨ ਨੌਜਵਾਨਾਂ ਨੂੰ ਲੈ ਜਾ ਕੇ ਮਾਰ ਦਿੱਤਾ ਸੀ ਤੇ ਬਾਅਦ ਵਿੱਚ ਇਨ੍ਹਾਂ ਨੂੰ ਪਾਕਿਸਤਾਨੀ ਘੁਸਪੈਠੀਏ ਕਰਾਰ ਦੇ ਦਿੱਤਾ ਸੀ। ਪਿਛਲੇ ਸਾਲ ਨਵੰਬਰ ਮਹੀਨੇ ਵਿਚ ਫੌਜੀ ਅਦਾਲਤ ਨੇ ਦੋ ਅਧਿਕਾਰੀਆਂ ਸਮੇਤ ਪੰਜ ਨੂੰ ਸਜ਼ਾ ਸੁਣਾਈ ਸੀ। 2010 ਵਿਚ ਵਾਪਰੀ ਇਸ ਘਟਨਾ ਤੋਂ ਬਾਅਦ ਕਸ਼ਮੀਰ ਵਾਦੀ ਵਿਚ ਅੰਦੋਲਨ ਜ਼ੋਰ ਫੜ ਗਿਆ ਸੀ ਤੇ ਫੌਜ ਵੱਲੋਂ ਅੰਦੋਲਨਕਾਰੀਆਂ ਨੂੰ ਦਬਾਉਣ ਲਈ ਕੀਤੀ ਕਾਰਵਾਈ ਦੌਰਾਨ ਕੋਈ 120 ਵਿਅਕਤੀ ਮਾਰੇ ਗਏ ਸਨ।

# ਨਰੇਂਦਰ ਮੋਦੀ 23 ਨੂੰ ਖਟਕੜ ਕਲਾਂ ਵਿਚ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ 23 ਮਾਰਚ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਪਿੰਡ ਖਟਕੜ ਕਲਾਂ ਆਉਣਗੇ। ਸ੍ਰੀ ਮੋਦੀ ਉਸ ਦਿਨ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਵੀ ਜਾਣਗੇ। ਇਸ ਸਬੰਧੀ ਜਾਣਕਾਰੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਿਧਾਨ ਸਭਾ ਸਦਨ ਵਿਚ ਦਿੱਤੀ। ਸ੍ਰੀ ਮੋਦੀ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਪਹਿਲੀ ਵਾਰੀ ਪੰਜਾਬ ਆ ਰਹੇ ਹਨ। ਉਨ੍ਹਾਂ ਦੇ ਪੰਜਾਬ ਨਾ ਆਉਣ ਸਬੰਧੀ ਵਿਰੋਧੀ ਧਿਰ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਸਨ ਕਿਉਂਕਿ ਇਸ ਤੋਂ ਪਹਿਲਾਂ ਇਹੋ ਰਵਾਇਤ ਰਹੀ ਹੈ ਕਿ ਪ੍ਰਧਾਨ ਮੰਤਰੀ ਅਹੁਦਾ ਸੰਭਾਲਣ ਤੋਂ ਕੁੱਝ ਦਿਨਾਂ ਬਾਅਦ ਦਰਬਾਰ ਸਾਹਿਬ ਨਤਮਸਤਕ ਹੋਣ ਜ਼ਰੂਰ ਆਉਂਦੇ ਸਨ।

# ਨਾਨਕਸ਼ਾਹੀ ਕੈਲੰਡਰ ਵਿਵਾਦ ਹੋਰ ਡੂੰਘਾ ਹੋਇਆ

*(ਸਫਾ ਇਕ ਦੀ ਬਾਕੀ)*

ਸਮਰਥਰਨ ਕਰਨ ਬਦਲੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ ਸੀ।

ਪੰਜ ਸਿੰਘ ਸਾਹਿਬਾਨ ਵਲੋਂ ਜੋ ਕੈਲੰਡਰ ਜਾਰੀ ਕੀਤਾ ਗਿਆ ਹੈ, ਉਹ ਨਾ ਤਾਂ 2003 ਵਾਲੇ ਮੂਲ ਨਾਨਕਸ਼ਾਹੀ ਕੈਲੰਡਰ ਤੇ ਨਾ ਹੀ 2010 ਵਾਲੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨਾਲ ਮੇਲ ਖਾਂਦਾ ਹੈ ਜਿਸ ਤੋਂ ਸਪਸ਼ਟ ਹੈ ਕਿ ਪੁਰਾਣੇ ਦੋਵੇਂ ਕੈਲੰਡਰਾਂ ਦਾ ਇਸ ਵਰ੍ਹੇ ਲਈ ਭੋਗ ਪਾ ਦਿੱਤਾ ਗਿਆ ਹੈ। ਕੈਲੰਡਰ ਵਿਚ ਤਰੀਕਾਂ ਗੁਰਮੁਖੀ ਵਿਚ ਤੇ ਦੇਸੀ ਮਹੀਨਿਆਂ ਮੁਤਾਬਕ ਦਰਸਾਈਆਂ ਗਈਆਂ ਹਨ ਜਦੋਂਕਿ ਪਹਿਲਾਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਵਿਚ ਇਹ ਤਰੀਕਾਂ ਰੋਮਨ ਅੰਕਾਂ ਵਿਚ ਹੁੰਦੀਆਂ ਸਨ। ਨਵੇਂ ਕੈਲੰਡਰ ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਗੁਰਗੱਦੀ ਦਿਵਸ ਪੰਜ ਚੇਤ ਭਾਵ 18 ਮਾਰਚ ਨੂੰ ਦਰਸਾਇਆ ਗਿਆ ਹੈ। ਇਹ ਦਿਹਾੜਾ ਪਹਿਲਾਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਹਮੇਸ਼ਾ 14 ਮਾਰਚ ਨੂੰ ਮਨਾਇਆ ਜਾਂਦਾ ਹੈ।

ਇਸ ਲਈ ਪਹਿਲੇ ਦਿਨ ਹੀ ਨਵੇਂ ਕੈਲੰਡਰ ਕਾਰਨ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਗੁਰਗੱਦੀ ਦਿਵਸ ਬਾਰੇ ਮਤਭੇਦ ਪੈਦਾ ਹੋ ਗਏ। ਇਸੇ ਤਰ੍ਹਾਂ ਹੋਰ ਗੁਰੂ ਸਾਹਿਬਾਨ ਦੇ ਦਿਵਸ ਵੀ ਪਹਿਲੇ ਕੈਲੰਡਰਾਂ ਨਾਲ ਮੇਲ ਨਹੀਂ ਖਾਂਦੇ। ਨਵੇਂ ਕੈਲੰਡਰ ਵਿਚ ਕਈ ਸਿੱਖ ਜਰਨੈਲਾਂ ਦੇ ਸ਼ਹੀਦੀ ਦਿਹਾੜੇ ਵੀ ਮਨਫ਼ੀ ਕਰ ਦਿੱਤੇ ਗਏ ਹਨ। ਇਸੇ ਤਰ੍ਹਾਂ ਕਈ ਹਿੰਦੂ ਭਾਈਚਾਰੇ ਦੇ ਤਿਉਹਾਰਾਂ ਬਾਰੇ ਵੀ ਜਾਣਕਾਰੀ ਨਹੀਂ ਦਿੱਤੀ ਗਈ ਜਦਕਿ ਪਿਛਲੇ ਕੈਲੰਡਰਾਂ ਵਿਚ ਇਹ ਜਾਣਕਾਰੀ ਸ਼ਾਮਲ ਸੀ।

ਸਾਲ 2003 ਵਿਚ ਜਾਰੀ ਕੀਤੇ ਗਏ ਮੂਲ ਨਾਨਕਸ਼ਾਹੀ ਕੈਲੰਡਰ ਵਿਚ ਹੋਲੀ ਤੇ ਹੋਲਾ ਮਹੱਲਾ, ਦੀਵਾਲੀ ਤੇ ਬੰਦੀ ਛੋੜ ਦਿਵਸ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਛੱਡ ਕੇ ਬਾਕੀ ਪੁਰਬਾਂ ਤੇ ਦਿਨ ਤਿਉਹਾਰਾਂ ਦੀਆਂ ਤਰੀਕਾਂ ਨਿਰਧਾਰਤ ਕਰ ਦਿੱਤੀਆਂ ਗਈਆਂ ਸਨ। 2010 ਵਿਚ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਵਿਚ ਬਿਕਰਮੀ ਕੈਲੰਡਰ ਦੀਆਂ ਤਰੀਕਾਂ ਸ਼ਾਮਲ ਕੀਤੇ ਜਾਣ ਕਾਰਨ ਕਈ ਤਰੀਕਾਂ ਪੁਰਾਣੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਸਨ ਤੇ ਕੁਝ ਤਰੀਕਾਂ ਨਵੀਆਂ ਸਨ। ਨਵੇਂ ਕੈਲੰਡਰ ਵਿਚ ਗੁਰਪੁਰਬਾਂ ਦੀਆਂ ਤਰੀਕਾਂ ਦੋਵੇਂ ਕੈਲੰਡਰਾਂ ਤੋਂ ਅਲੱਗ ਹੋਣ ਕਾਰਨ ਉਸ ਨੂੰ ਪੂਰੀ ਤਰ੍ਹਾਂ ਬਿਕਰਮੀ ਕੈਲੰਡਰ ਦਾ ਰੂਪ ਦੱਸਿਆ ਜਾ ਰਿਹਾ ਹੈ। ਸੋਧੇ ਹੋਏ (ਨਾਨਕਸ਼ਾਹੀ) ਕੈਲੰਡਰ ਮੁਤਾਬਕ ਵੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਅੱਠ ਅਕਤੂਬਰ ਨੂੰ ਮਨਾਇਆ ਜਾਂਦਾ ਸੀ ਜਦਕਿ ਇਸ ਵਾਰ ਇਹ 28 ਅਕਤੂਬਰ ਨੂੰ ਆਏਗਾ।

ਇਸੇ ਤਰ੍ਹਾਂ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਦਿਹਾੜਾ 24 ਨਵੰਬਰ ਨੂੰ ਮਨਾਇਆ ਜਾਂਦਾ ਸੀ ਪਰ ਇਸ ਵਰੇ ਦੇ ਕੈਲੰਡਰ ਅਨੁਸਾਰ 16 ਦਸੰਬਰ ਨੂੰ ਆਵੇਗਾ। ਗੁਰੂ ਗ੍ਰੰਥ ਸਾਹਿਬ ਦਾ ਗੁਰਗੱਦੀ ਦਿਵਸ, ਗੁਰੂ ਅਮਰਦਾਸ ਜੀ ਦਾ ਜੋਤੀ-ਜੋਤਿ, ਗੁਰੂ ਰਾਮਦਾਸ ਜੀ ਦਾ ਗੁਰਗੱਦੀ ਦਿਵਸ ਤੇ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਦਿਹਾੜਾ ਵੀ ਬਿਕਰਮੀ ਕੈਲੰਡਰ ਅਨੁਸਾਰ ਬਦਲ ਦਿੱਤਾ ਗਿਆ ਹੈ।

**ਬਰਖ਼ਾਸਤਗੀ ਖਿਲਾਫ ਜਥੇਦਾਰ ਨੰਦਗੜ੍ਹ ਹਾਈਕੋਰਟ ਪੁੱਜੇ**

**ਚੰਡੀਗੜ੍ਹ:** ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਬਰਖ਼ਾਸਤਗੀ ਖਿਲਾਫ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਹਾਈਕੋਰਟ ਪੁੱਜ ਗਏ ਹਨ। ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਦੀ ਸੁਣਵਾਈ ਦੌਰਾਨ ਅਦਾਲਤ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੁਕਮ ਦਿੱਤੇ ਹਨ ਕਿ ਜਥੇਦਾਰ ਦੇ ਨਿਯੁਕਤੀ ਪੱਤਰ ਦੀ ਕਾਪੀ ਅਦਾਲਤ ਨੂੰ ਸੌਂਪੀ ਜਾਵੇ। ਜਥੇਦਾਰ ਨੰਦਗੜ੍ਹ 2003 ਵਿਚ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਨਿਯੁਕਤ ਹੋਏ ਸਨ ਤੇ ਨਾਨਕਸ਼ਾਹੀ ਕੈਲੰਡਰ ਸਬੰਧੀ ਵਿਵਾਦ ਕਾਰਨ ਉਨ੍ਹਾਂ ਨੂੰ ਜਥੇਦਾਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ।

# ਨਸ਼ਾ ਤਸਕਰੀ: ਬਾਦਲ ਵਲੋਂ ਮਜੀਠੀਆ ਨੂੰ ਫਿਰ ਕਲੀਨ ਚਿੱਟ

*(ਸਫਾ ਇਕ ਦੀ ਬਾਕੀ)*

ਸੱਤਾਧਾਰੀ ਧਿਰ ਦੇ ਵਿਧਾਇਕ ਦਰਸ਼ਨ ਸਿੰਘ ਸ਼ਿਵਾਲਿਕ ਵਲੋਂ ਪਿੰਡ ਧਾਂਦਰਾਂ (ਲੁਧਿਆਣਾ) ਵਿਚ ਸ੍ਰੀ ਗੁਰੂ ਹਰਕ੍ਰਿਸ਼ਨ ਅਦਰਸ਼ ਸੀਨੀਅਰ ਸੈਕੰਡਰੀ ਸਕੂਲ ਖੋਲ੍ਹਣ ਲਈ ਪ੍ਰਬੰਧਕਾਂ ਨੂੰ ਦਿੱਤੀ ਪੰਚਾਇਤੀ ਜ਼ਮੀਨ ਦੇ ਮੁੱਦੇ 'ਤੇ ਕੀਤੇ ਸਵਾਲ ਉਪਰ ਵੀ ਸਰਕਾਰ ਘਿਰ ਗਈ। ਇਸੇ ਤਰ੍ਹਾਂ ਮਾਨਸਾ ਤੋਂ ਵਿਧਾਇਕ ਪ੍ਰੇਮ ਮਿੱਤਲ ਨੇ ਪਿੰਡ ਚਹਿਲਾਂ (ਮਾਨਸਾ) ਦੀ ਪੰਜ ਸਾਲ ਪਹਿਲਾਂ ਉਦਯੋਗਿਕ ਸਿਖਲਾਈ ਸੰਸਥਾ (ਆਈ.ਟੀ.ਆਈ.) ਸਥਾਪਤ ਕਰਨ ਵਾਸਤੇ ਹਾਸਲ ਕੀਤੀ ਜ਼ਮੀਨ ਦੇ ਮੁੱਦੇ ਬਾਰੇ ਕਿਹਾ ਕਿ ਇਹ ਪ੍ਰਾਜੈਕਟ ਸਿਰੇ ਨਾ ਲੱਗਣ ਕਾਰਨ ਜ਼ਮੀਨ ਬੰਜਰ ਹੋ ਗਈ ਹੈ। ਗੁਰਇਕਬਾਲ ਕੌਰ ਨੇ ਨਵਾਂ ਸ਼ਹਿਰ ਦੇ ਹਸਪਤਾਲ ਵਿਚਲੇ ਸਟਾਫ਼ ਦੀ ਘਾਟ, ਜਗੀਰ ਕੌਰ ਨੇ ਭੁਲੱਥ ਤੇ ਬੇਗੋਵਾਲ ਵਿਚ ਸੀਵਰੇਜ ਵਿਛਾਉਣ, ਅਜਾਇਬ ਸਿੰਘ ਭੱਟੀ ਨੇ ਭੁੱਚੋ ਮੰਡੀ ਵਿਚ ਸੀਵਰੇਜ ਵਿਛਾਉਣ ਤੇ ਹਰੀ ਸਿੰਘ ਨੇ ਮੱਲਾਂਵਾਲਾ (ਫਿਰੋਜ਼ਪੁਰ) ਵਿਚ ਸੀਵਰੇਜ ਪਾਉਣ ਸਬੰਧੀ ਸਵਾਲ ਕੀਤੇ।

ਇਸ ਤੋਂ ਪਹਿਲਾਂ ਕਾਂਗਰਸ ਨੇ ਮੁੱਖ ਮੰਤਰੀ ਦੇ ਪਰਿਵਾਰ ਉਤੇ ਸਮੁੱਚਾ ਵਪਾਰ ਹਥਿਆਉਣ ਦੇ ਵੀ ਦੋਸ਼ ਲਾਉਂਦਿਆਂ ਕਿਹਾ ਕਿ ਪਰਿਵਾਰ-ਸਰਕਾਰ-ਵਪਾਰ ਦਾ ਗੱਠਜੋੜ ਸੂਬੇ ਲਈ ਘਾਤਕ ਸਾਬਤ ਹੋ ਗਿਆ ਹੈ। ਹਾਕਮ ਤੇ ਵਿਰੋਧੀ ਧਿਰ ਦਰਮਿਆਨ ਚੱਲ ਰਹੀ ਗਰਮਾ-ਗਰਮ ਬਹਿਸ ਦੌਰਾਨ ਅਹਿਮ ਘਟਨਾ ਇਹ ਵੀ ਵਾਪਰੀ ਕਿ ਮੁੱਖ ਮੰਤਰੀ ਖਾਮੋਸ਼ੀ ਤੋੜਦਿਆਂ ਕਰੀਬੀ ਰਿਸ਼ਤੇਦਾਰ ਸ. ਮਜੀਠੀਆ ਦੇ ਪੱਖ ਵਿਚ ਖੁੱਲ੍ਹ ਕੇ ਨਿੱਤਰ ਆਏ ਤੇ ਕਾਂਗਰਸੀਆਂ ਨੂੰ ਰਾਜਸੀ ਦੁਸ਼ਮਣੀ ਤਿਆਗਣ ਦੀ ਨਸੀਹਤ ਦਿੱਤੀ।


**ਸੰਸਦ ਵਿਚ ਘਿਰਿਆ ਅਕਾਲੀ ਦਲ:** ਪਾਰਲੀਮੈਂਟ ਵਿਚ ਭੋਂ ਪ੍ਰਾਪਤੀ ਬਿੱਲ ਦਾ ਪੱਖ ਪੂਰ ਕੇ ਅਕਾਲੀ ਦਲ ਬੇਹੱਦ ਕਸੂਤੀ ਸਥਿਤੀ ਵਿਚ ਫਸ ਗਿਆ ਹੈ। ਅਕਾਲੀ ਦਲ ਨੇ ਸੰਸਦ ਤੋਂ ਬਾਹਰ ਇਸ ਬਿੱਲ ਦਾ ਵਿਰੋਧ ਕੀਤਾ ਸੀ, ਪਰ ਗੱਠਜੋੜ ਧਰਮ ਨਿਭਾਉਣ ਖਾਤਰ ਸੰਸਦ ਅੰਦਰ ਇਸ ਦੇ ਹੱਕ ਵਿਚ ਵੋਟ ਦੇ ਦਿੱਤੀ। ਵੱਡੀ ਗਿਣਤੀ ਕਿਸਾਨ ਜਥੇਬੰਦੀਆਂ ਨੇ ਅਕਾਲੀਆਂ ਦੀ ਇਸ ਦੋਗਲੀ ਨੀਤੀ ਖਿਲਾਫ ਮੋਰਚਾ ਲਾਇਆ ਹੋਇਆ ਹੈ।

ਚੇਤੇ ਰਹੇ, ਭੋਂ ਪ੍ਰਾਪਤੀ ਬਿੱਲ ਖਿਲਾਫ ਪੂਰੇ ਦੇਸ਼ ਵਿਚ ਸੰਘਰਸ਼ ਚੱਲ ਰਿਹਾ ਹੈ ਤੇ ਅਕਾਲੀ ਦਲ ਨੇ ਵੀ ਇਸ ਦਾ ਖੁੱਲ੍ਹ ਕੇ ਵਿਰੋਧ ਕੀਤਾ ਸੀ ਪਰ ਸੰਸਦ ਅੰਦਰ ਇਸ ਦੇ ਹੱਕ ਵਿਚ ਵੋਟ ਪਾ ਦਿੱਤੀ ਜਦ ਕਿ ਭਾਜਪਾ ਦੀ ਭਾਈਵਾਲ ਸ਼ਿਵ ਸੈਨਾ ਨੇ ਇਸ ਬਿੱਲ ਦੇ ਵਿਰੋਧ ਵਿਚ ਵੋਟ ਪਾਈ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਬਾਬਾ ਸ਼ਮਸ਼ੇਰ ਸਿੰਘ ਦੀ ਬਰਸੀ 29 ਮਾਰਚ



**ਫਰਿਜ਼ਨੋ (ਬਿਊਰੋ):** ਜਿਲ੍ਹਾ ਲੁਧਿਆਣਾ ਪਿੰਡ ਗੁਰੂਸਰ ਸੁਧਾਰ ਦੀਆਂ "ਗੁਰੂ ਹਰਗੋਬਿੰਦ ਸਾਹਿਬ ਜੀ" (ਜੀ. ਐਚ. ਜੀ. ਖਾਲਸਾ ਕਾਲਜ ਅਤੇ ਹੋਰ ਅਦਾਰੇ) ਦੇ ਨਾਂ ਹੇਠ ਚਲ ਰਹੀਆਂ ਸਮੂਹ ਵਿਦਿਅਕ ਸੰਸਥਾਵਾ ਦੇ ਬਾਨੀ ਨਿਹੰਗ ਬਾਬਾ ਸ਼ਮਸ਼ੇਰ ਸਿੰਘ ਦੀ ਸਾਲਾਨਾ ਬਰਸੀ 29 ਮਰਚ, ਐਤਵਾਰ ਨੂੰ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਮਨਾਈ ਜਾਵੇਗੀ।

ਇਸ ਸਬੰਧੀ ਫੈਸਲਲਾ ਜੀ. ਐਚ. ਜੀ. ਖਾਲਸਾ ਕਾਲਜ ਦੇ ਸਾਬਕਾ ਵਿਦਿਆਰਥੀਆਂ ਦੀ ਜਥੇਬੰਦੀ ਐਕਸ ਸਟੂਡੈਂਟ ਐਸੋਸੀਏਸ਼ਨ ਦੀ ਇਥੇ ਹੋਈ ਮੀਟਿੰਗ ਵਿਚ ਲਿਆ ਗਿਆ। 29 ਮਾਰਚ ਨੂੰ ਪਾਠ ਦੇ ਭੋਗ ਉਪਰੰਤ ਵਿਸ਼ੇਸ਼ ਗੁਰਮਤਿ ਸਮਾਗਮ ਹੋਵੇਗਾ ਜਿਸ ਵਿਚ ਗੁਰੂਘਰ ਦੇ ਹਜ਼ੂਰੀ ਜਥੇ ਤੋਂ ਇਲਾਵਾ ਹੋਰ ਵਿਦਿਅਕ ਸੰਸਥਾਵਾਂ ਨਾਲ ਸਬੰਧਤ ਬੁਲਾਰੇ ਅਤੇ ਬੁੱਧੀਜੀਵੀ ਹਾਜ਼ਰੀਆਂ ਭਰਨਗੇ।

ਹੋਰ ਜਾਣਕਾਰੀ ਲਈ ਗੋਗੀ ਗਿੱਲ 559-347-8983, ਸਤਵੰਤ ਵਿਰਕ 559-989-3361 ਜਾਂ ਜੱਗਾ ਗਿੱਲ ਸੁਧਾਰ 559-709-9599 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਜਤਿੰਦਰ ਦੱਤ ਪੰਜਾਬ ਦੌਰੇ ਪਿਛੋਂ ਕੈਲੀਫੋਰਨੀਆ ਪਰਤੇ

**ਸੈਨ ਹੋਜ਼ੇ (ਬਿਊਰੋ):** ਉਘੇ ਗਾਇਕ ਅਤੇ ਸੰਗੀਤਕਾਰ ਸ੍ਰੀ ਜਤਿੰਦਰ ਦੱਤ ਭਾਰਤ ਵਿਚ



ਪੰਜਾਬ, ਚੰਡੀਗੜ੍ਹ ਆਦਿ ਵੱਖ-ਵੱਖ ਥਾਂਵਾਂ 'ਤੇ ਆਪਣੇ ਪ੍ਰੋਗਰਾਮ ਕਰਨ ਪਿਛੋਂ ਅਮਰੀਕਾ ਪਰਤ ਆਏ ਹਨ। ਉਥੇ ਉਨ੍ਹਾਂ ਕਈ ਸਮਾਗਮਾਂ ਵਿਚ ਹਿੱਸਾ ਲਿਆ ਜਿਥੇ ਸੰਗੀਤ ਅਤੇ ਪੰਜਾਬੀ ਸੱਭਿਆਚਾਰ ਪ੍ਰਤੀ ਲੰਮੀ ਘਾਲਣਾ ਕਾਰਨ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਦੱਸਣਯੋਗ ਹੈ ਕਿ ਸੂਫੀ ਗਾਇਕੀ, ਗਜ਼ਲ, ਭਜਨ, ਲੋਕ ਗਾਇਕੀ ਆਦਿ ਵਿਚ ਮੁਹਾਰਤ ਹਾਸਲ ਸ੍ਰੀ ਦੱਤ ਕੈਲੀਫੋਰਨੀਆ ਵਿਚ ਗੀਤ-ਸੰਗੀਤ ਦੀ ਅਕਾਦਮੀ ਚਲਾ ਰਹੇ ਹਨ। ਉਨ੍ਹਾਂ ਨਾਲ ਸੰਪਰਕ ਫੋਨ 510-786-8040 ਉਤੇ ਕੀਤਾ ਜਾ ਸਕਦਾ ਹੈ।

# ਕਬੱਡੀ ਖਿਡਾਰੀ ਗੋਲਡੀ ਬਦੇਸ਼ਾ ਦਾ ਦਿਹਾਂਤ

**ਫਰਿਜ਼ਨੋ (ਬਿਊਰੋ):** ਨਜ਼ਦੀਕੀ ਸ਼ਹਿਰ ਕਰਮਨ ਦੇ ਵਸਨੀਕ ਕਬੱਡੀ ਖਿਡਾਰੀ ਗੁਰਪ੍ਰੀਤ ਸਿੰਘ ਬਦੇਸ਼ਾ (ਗੋਲਡੀ ਬਦੇਸ਼ਾ) ਦਾ ਅਚਾਨਕ ਸਾਹ ਰੁਕਣ ਕਰਕੇ ਬੀਤੇ ਦਿਨੀਂ ਦਿਹਾਂਤ ਹੋ ਗਿਆ। ਉਹ 30 ਸਾਲਾਂ ਦਾ ਭਰ ਜਵਾਨ ਸੀ। ਉਹ ਆਪਣੇ ਮਾਤਾ-ਪਿਤਾ, ਇੱਕ ਛੋਟੀ ਭੈਣ ਅਤੇ ਆਪਣੀ ਹਮਸਫਰ ਪਤਨੀ ਨੂੰ ਪਿਛੇ ਛੱਡ ਗਏ ਹਨ।



ਗੋਲਡੀ ਦੇ ਸਸਕਾਰ ਮੌਕੇ ਰਿਸ਼ਤੇਦਾਰ ਅਤੇ ਮਿੱਤਰਾਂ ਤੋਂ ਇਲਾਵਾ ਇਲਾਕੇ ਦੀਆਂ ਜਥੇਬੰਦੀਆਂ ਅਤੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੇ ਆਪਣੇ ਮਹਿਬੂਬ ਖਿਡਾਰੀ ਨੂੰ ਸੇਜਲ ਅੱਖਾਂ ਨਾਲ ਆਖਰੀ ਵਿਦਾਇਗੀ ਦਿੱਤੀ। ਉਪਰੰਤ ਅੰਤਮ ਅਰਦਾਸ ਗੁਰਦੁਆਰਾ ਅਨੰਦਗੜ ਸਾਹਿਬ, ਕਰਮਨ ਵਿਖੇ ਹੋਈ ਜਿੱਥੇ ਗੁਰੂਘਰ ਦੇ ਸਕੱਤਰ ਕੁਲਦੀਪ ਸਿੰਘ ਕਾਲੇਕਾ ਅਤੇ ਬਲਰਾਜ ਸਿੰਘ ਬਰਾੜ ਨੇ ਸਵਰਗੀ ਗੋਲਡੀ ਦੀ ਜ਼ਿੰਦਗੀ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ।

ਵਰਣਨਯੋਗ ਹੈ ਕਿ ਸਵਰਗੀ ਗੋਲਡੀ ਨੇ ਬਹੁਤ ਵਾਰ ਫਰਿਜ਼ਨੋ ਇਲਾਕੇ ਦੀ ਕਬੱਡੀ ਟੀਮ ਵਿਚ ਆਪਣੀ ਖੇਡ ਦਾ ਵਧੀਆ ਪ੍ਰਦਰਸ਼ਨ ਕੀਤਾ। ਉਹ ਮਿਲਣਸਾਰ ਅਤੇ ਚੰਗੀ ਸ਼ਖਸੀਅਤ ਦਾ ਮਾਲਕ ਸੀ। ਉਸ ਦੇ ਪਿਤਾ ਮਲਕੀਤ ਸਿੰਘ ਬਦੇਸ਼ਾ ਇਲਾਕੇ ਵਿਚ ਵੱਖ-ਵੱਖ ਟੂਰਨਾਮੈਂਟ ਕਰਵਾਉਣ ਵਾਲੇ ਮੋਢੀ ਮੈਂਬਰਾਂ ਵਿਚੋਂ ਇਕ ਹਨ ਅਤੇ ਇਕ ਜਾਣੀ-ਪਛਾਣੀ ਸ਼ਖਸੀਅਤ ਹਨ। ਉਨ੍ਹਾਂ ਦਾ ਪਿਛਲਾ ਪਿੰਡ ਚੌਕੀਮਾਨ, ਜਿਲ੍ਹਾ ਲੁਧਿਆਣਾ ਹੈ।

# ਸਰਸ ਮੇਲੇ ਲਈ ਲੰਗਰ 'ਵੇਚਣ' ਦਾ ਮਾਮਲਾ ਭਖਿਆ

**ਬਠਿੰਡਾ:** ਬਠਿੰਡਾ ਦੇ ਗੁਰਦੁਆਰਾ ਹਾਜੀ ਰਤਨ ਵਲੋਂ ਤਿੰਨ ਦਿਨਾਂ ਤੋਂ ਵਪਾਰਕ ਮੰਤਵਾਂ ਲਈ ਲੰਗਰ ਦੀ ਸਪਲਾਈ ਕਰਨ ਕਾਰਨ ਇਹ ਸਵਾਲ ਪੈਦਾ ਹੋ ਗਿਆ ਹੈ ਕਿ ਕੀ ਸ਼੍ਰੋਮਣੀ ਕਮੇਟੀ ਨੇ ਗੁਰੂ ਕਾ ਲੰਗਰ ਵੀ ਮੁੱਲ ਵੇਚਣਾ ਸ਼ੁਰੂ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਇਸ ਗੁਰੂ ਘਰ ਵਿਚ ਰੋਜ਼ਾਨਾ 60 ਕਿੱਲੋ ਆਟੇ ਦਾ ਲੰਗਰ ਤੇ ਦਾਲ ਸਬਜ਼ੀ ਤਿਆਰ ਕਰਕੇ ਬਠਿੰਡਾ ਵਿਚ ਲੱਗੇ ਸਰਸ ਮੇਲੇ ਵਿਚ ਵਰਤਾਈ ਗਈ। ਲੰਗਰ ਦੀ ਮਰਿਆਦਾ ਸੰਗਤ ਤੇ ਪੰਗਤ ਦੀ ਗੱਲ ਕਰਦੀ ਹੈ ਤੇ ਲੰਗਰ ਤਿਆਰ ਹੋ ਕੇ ਗੁਰੂ ਘਰ ਵਿਚੋਂ ਬਾਹਰ ਨਹੀਂ ਜਾ ਸਕਦਾ ਹੈ।

ਖੇਤਰੀ ਸਰਸ ਮੇਲੇ ਦੇ ਪ੍ਰਬੰਧਕਾਂ ਵਲੋਂ ਮੇਲੇ ਵਿਚ ਤਾਇਨਾਤ ਸੈਂਕੜੇ ਮੁਲਾਜ਼ਮਾਂ ਵਾਸਤੇ ਖਾਣੇ ਦਾ ਇੰਤਜ਼ਾਮ ਕਰਨ ਦਾ ਜ਼ਿੰਮਾ ਮਾਲਵਾ ਹੈਰੀਟੇਜ ਫਾਊਂਡੇਸ਼ਨ ਦੇ ਪ੍ਰਧਾਨ ਹਰਵਿੰਦਰ ਸਿੰਘ ਖਾਲਸਾ ਨੂੰ ਦਿੱਤਾ ਗਿਆ ਹੈ। ਸਰਸ ਮੇਲੇ ਦੇ ਫੰਡਾਂ ਵਿਚੋਂ ਰੋਜ਼ਾਨਾ ਸੱਤ ਹਜ਼ਾਰ ਰੁਪਏ ਮੁਲਾਜ਼ਮਾਂ ਦੇ ਖਾਣੇ ਵਾਸਤੇ ਸ੍ਰੀ ਖਾਲਸਾ ਨੂੰ ਦਿੱਤੇ ਜਾਂਦੇ ਹਨ। ਅੱਗੇ ਖਾਲਸਾ ਵਲੋਂ ਇਹ ਖਾਣਾ ਸ਼੍ਰੋਮਣੀ ਕਮੇਟੀ ਦੇ ਗੁਰਦੁਆਰਾ ਹਾਜੀ ਰਤਨ ਵਿਚੋਂ ਤਿਆਰ ਕਰਾਇਆ ਜਾਂਦਾ ਹੈ। ਬਠਿੰਡਾ ਵਿਕਾਸ ਅਥਾਰਟੀ ਦੀ ਟਰੈਕਟਰ ਟਰਾਲੀ ਵਿਚ ਡਰਾਈਵਰ ਇੰਦਰਜੀਤ ਸਿੰਘ ਝੁੰਬਾ ਰੋਜ਼ਾਨਾ 12 ਵਜੇ ਗੁਰੂ ਘਰ ਵਿਚੋਂ ਇਹ ਲੰਗਰ ਮੇਲੇ ਦੇ ਪੰਡਾਲ ਦੇ ਪਿਛਵਾੜੇ ਵਿਚ ਲੈ ਕੇ ਆਉਂਦਾ ਹੈ।

ਧਾਰਮਿਕ ਚਿੰਤਕ ਆਖਦੇ ਹਨ ਕਿ ਗੁਰੂ ਕਾ ਲੰਗਰ ਇਕ ਮਰਿਆਦਾ ਦਾ ਪ੍ਰਤੀਕ ਹੈ ਤੇ ਲੰਗਰ ਨੂੰ ਬਾਹਰ ਨਹੀਂ ਲਿਜਾਇਆ ਜਾ ਸਕਦਾ ਹੈ। ਦਿਲਚਸਪ ਤੱਥ ਇਹ ਹਨ ਕਿ ਲੰਗਰ ਬਦਲੇ ਦਿੱਤੀ ਜਾਂਦੀ ਰਾਸ਼ੀ ਸ਼੍ਰੋਮਣੀ ਕਮੇਟੀ ਦੇ ਖਾਤੇ ਵਿਚ ਜਮ੍ਹਾ ਵੀ ਨਹੀਂ ਹੋ ਰਹੀ ਹੈ ਜਿਸ ਤੋਂ ਮਾਮਲਾ ਹੋਰ ਵੀ ਸ਼ੱਕੀ ਬਣ ਜਾਂਦਾ ਹੈ।

ਫਾਊਂਡੇਸ਼ਨ ਦੇ ਪ੍ਰਧਾਨ ਹਰਵਿੰਦਰ ਸਿੰਘ ਖਾਲਸਾ ਦਾ ਕਹਿਣਾ ਸੀ ਕਿ ਉਨ੍ਹਾਂ ਵਲੋਂ ਗੁਰੂ ਘਰ ਦੇ ਲੰਗਰ ਦੀ ਸੇਵਾ ਲਈ ਜਾ ਰਹੀ ਹੈ ਤੇ ਗੁਰੂ ਘਰ ਦੇ ਲਾਂਗਰੀ ਨੂੰ ਰੋਜ਼ਾਨਾ 7 ਹਜ਼ਾਰ ਰੁਪਏ ਦੇ ਦਿੱਤੇ ਜਾਂਦੇ ਹਨ ਪਰ ਲਾਂਗਰੀ ਆਪਣੀ ਡਿਊਟੀ ਉਪਰੰਤ ਲੰਗਰ ਤਿਆਰ ਕਰਕੇ ਦਿੰਦਾ ਹੈ। ਦੂਸਰੀ ਤਰਫ ਸ਼੍ਰੋਮਣੀ ਕਮੇਟੀ ਦੇ ਲੰਗਰ ਇੰਚਾਰਜ ਬਹਾਦਰ ਸਿੰਘ ਦਾ ਕਹਿਣਾ ਸੀ ਕਿ ਹਰਵਿੰਦਰ ਸਿੰਘ ਖਾਲਸਾ ਰੋਜ਼ਾਨਾ ਸ਼ਾਮ ਵਕਤ 60 ਕਿਲੋ ਆਟਾ ਤੇ ਰਾਸ਼ਨ ਦੇ ਜਾਂਦੇ ਹਨ ਤੇ ਉਹ ਲੰਗਰ ਤਿਆਰ ਕਰ ਦਿੰਦੇ ਹਨ। ਉਨ੍ਹਾਂ ਦੱਸਿਆ ਕਿ ਕੁਝ ਸ਼੍ਰੋਮਣੀ ਕਮੇਟੀ ਦੀਆਂ ਮੁਲਾਜ਼ਮ ਔਰਤਾਂ ਹੁੰਦੀਆਂ ਹਨ ਤੇ ਕੁਝ ਖਾਲਸਾ ਜੀ ਪ੍ਰਾਈਵੇਟ ਔਰਤਾਂ ਨੂੰ ਭੇਜ ਦਿੰਦੇ ਹਨ। ਗੈਸ ਵਗੈਰਾ ਗੁਰੂ ਘਰ ਦੀ ਹੀ ਹੁੰਦੀ ਹੈ।

# ਭਾਈ ਹਰਪਾਲ ਸਿੰਘ ਵਿਰੁਧ ਕੇਸ ਖਾਰਜ

**ਫੇਅਰਫੀਲਡ, ਕੈਲੀਫੋਰਨੀਆ (ਬਿਊਰੋ):** ਸੋਲਾਨੋ ਕਾਊਂਟੀ ਡਿਸਟ੍ਰਿਕਟ ਅਟਾਰਨੀ ਨੇ ਗੁਰਦੁਆਰਾ ਫੇਅਰਫੀਲਡ ਦੇ ਤਬਲਾਵਾਦਕ ਭਾਈ ਹਰਪਾਲ ਸਿੰਘ ਵਿਰੁਧ ਕੈਲੀਫੋਰਨੀਆ ਸੁਪੀਰੀਅਰ ਕੋਰਟ, ਸੋਲਾਨੋ ਕਾਊਂਟੀ ਵਿਚ ਦਰਜ ਕਰਵਾਇਆ ਗਿਆ ਮਿਸਡਿਮੀਨਰ ਕੇਸ ਵਾਪਸ ਲੈ ਲਿਆ ਹੈ।



ਇਸੇ ਦੌਰਾਨ ਭਾਈ ਹਰਪਾਲ ਸਿੰਘ ਨੇ ਇਕ ਲਿਖਤੀ ਬਿਆਨ ਵਿਚ ਕਿਹਾ ਹੈ ਕਿ ਉਸ ਵਿਰੁਧ ਦਰਜ ਕਰਵਾਇਆ ਗਿਆ ਕੇਸ ਗੁਰਦੁਆਰਾ ਪ੍ਰਬੰਧਕਾਂ ਦੀ ਧੜੇਬੰਦਕ ਲੜਾਈ ਦਾ ਨਤੀਜਾ ਸੀ। ਮਾਮੂਲੀ ਜਿਹੀ ਗੱਲ ਨੂੰ ਵਧਾ ਕੇ ਵੱਡਾ ਮਾਮਲਾ ਬਣਾ ਦਿੱਤਾ ਗਿਆ। ਪ੍ਰਬੰਧਕਾਂ ਨੇ ਉਸ ਦੀ ਗੱਲ ਸੁਣੇ ਬਿਨਾ ਹੀ ਉਸ ਨੂੰ ਸੇਵਾ ਤੋਂ ਮੁਕਤ ਕਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਵਿਰੁਧ ਅਖਬਾਰਾਂ ਵਿਚ ਬਿਆਨ ਅਤੇ ਸੋਸ਼ਲ ਮੀਡੀਆ ਉਤੇ ਬੜਾ ਵਧਾ ਚੜ੍ਹਾ ਕੇ ਬਦਨਾਮ ਕਰਨ ਲਈ ਬਾਕਾਇਦਾ ਮੁਹਿੰਮ ਚਲਾਈ ਗਈ ਜੋ ਕਿ ਬੇਹੱਦ ਅਫਸੋਸਨਾਕ ਹੈ।

"Ask us about the...
**AARP® Auto Insurance Program from The Hartford."**

***NOW AVAILABLE IN YOUR AREA!***

**Find out more about the Special Benefits of The Hartford's Program for AARP members and our Competitive Rates!**



*Satwant Singh*

**Call today for your FREE, no-obligation quote:**

**+1-408-771-2438**

**Satwant Singh: 2774 Aborn Rd, San Jose, CA 95121**
**satwant@satwantins.com**
**www.satwantins.com**
**CA License# 0H11256**

**You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.**
***-Satwant Singh!***

AARP® | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

*107792 2nd Rev*

**Pinnacle Carriers, Inc**

**Now Hiring Drivers**

**ਡਰਾਈਵਰਾਂ ਦੀ ਲੋੜ ਹੈ**



**Limited availability**
**Team or Solo**
**36-38 CPM**
**$1900 starting to Midwest**
**$300 quarterly driver safety bonus**
**$50 dot inspection bonus**
**$1000 sign in bonus (1 year)**

***Brand New Trucks & Trailers***

**Please Contact**

**Ph: (916) 833-5022**

10-13


# ਆਪਣੇ ਹੀ ਸਟਿੰਗ ਜਾਲ ਵਿਚ ਉਲਝੀ ਆਮ ਆਦਮੀ ਪਾਰਟੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ 'ਸਟਿੰਗ ਆਪ੍ਰੇਸ਼ਨ' ਦੀ ਖੇਡ ਵਿਚ ਆਪ ਹੀ ਉਲਝ ਗਈ ਹੈ। 'ਆਪ' ਦੀ ਸੀਨੀਅਰ ਲੀਡਰਸ਼ਿਪ ਜਿਥੇ ਧੜਿਆਂ ਵਿਚ ਵੰਡੀ ਨਜ਼ਰ ਆ ਰਹੀ ਹੈ, ਉਥੇ ਇਕ ਤੋਂ ਬਾਅਦ ਇਕ ਸਟਿੰਗ ਸਾਹਮਣੇ ਆਉਣ ਕਾਰਨ ਪਾਰਟੀ ਮੁਸ਼ਕਿਲਾਂ ਵਿਚ ਘਿਰੀ ਗਈ ਹੈ। 'ਆਪ' ਦੇ ਸਾਬਕਾ ਵਿਧਾਇਕ ਰਾਜੇਸ਼ ਗਰਗ ਵਲੋਂ ਲੋਕ ਸਭਾ ਚੋਣਾਂ ਤੋਂ ਬਾਅਦ ਦਿੱਲੀ ਵਿਚ ਦੁਬਾਰਾ ਸਰਕਾਰ ਬਣਾਉਣ ਲਈ ਅਰਵਿੰਦ ਕੇਜਰੀਵਾਲ ਵਲੋਂ ਕਾਂਗਰਸ ਵਿਧਾਇਕਾਂ ਦੀ ਖ਼ਰੀਦੋ-ਫ਼ਰੋਖ਼ਤ ਕਰਨ ਬਾਰੇ ਜਾਰੀ ਟੇਪ ਤੋਂ ਪਿੱਛੋਂ 'ਆਪ' ਬਾਰੇ ਅਜਿਹੇ ਖੁਲਾਸਿਆਂ ਦੀ ਝੜੀ ਲੱਗ ਗਈ ਹੈ। ਤਾਜ਼ਾ ਖੁਲਾਸਾ ਕਾਂਗਰਸ ਦੇ ਸਾਬਕਾ ਵਿਧਾਇਕ ਮੁਹੰਮਦ ਆਸਿਫ਼ ਵਲੋਂ ਕੀਤਾ ਗਿਆ ਹੈ, ਜਿਸ ਵਿਚ ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਦਿੱਲੀ ਵਿਧਾਨ ਸਭਾ ਭੰਗ ਹੋਣ ਤੋਂ ਤਕਰੀਬਨ ਇਕ ਮਹੀਨਾ ਪਹਿਲਾਂ 'ਆਪ' ਨੇਤਾ ਸੰਜੈ ਸਿੰਘ ਤੇ ਉਪ-ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਉਨ੍ਹਾਂ ਨਾਲ ਮੁਲਾਕਾਤ ਕਰਕੇ ਕਾਂਗਰਸ ਦੇ ਪੰਜ ਹੋਰਨਾਂ ਵਿਧਾਇਕਾਂ ਨੂੰ ਨਾਲ ਲਿਆਉਣ ਉਤੇ ਮੰਤਰੀ ਬਣਾਉਣ ਦੀ ਪੇਸ਼ਕਸ਼ ਕੀਤੀ ਸੀ। ਟੀ. ਵੀ. ਚੈਨਲਾਂ 'ਤੇ ਦਿੱਤੇ ਬਿਆਨਾਂ ਵਿਚ ਆਸਿਫ਼ ਨੇ ਇਹ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਇਸ ਬਾਰੇ ਪੁਖ਼ਤਾ ਸਬੂਤ ਹਨ। ਦੂਜੇ ਪਾਸੇ 'ਆਪ' ਨੇਤਾ ਸੰਜੈ ਸਿੰਘ ਨੇ ਇਸ ਗੱਲ ਨੂੰ ਤਾਂ ਸਵੀਕਾਰ ਕੀਤਾ ਕਿ ਉਨ੍ਹਾਂ ਦੀ ਉਕਤ ਕਾਂਗਰਸੀ ਨੇਤਾ ਨਾਲ ਮੁਲਾਕਾਤ ਹੋਈ ਸੀ ਪਰ ਪੈਸੇ ਜਾਂ ਅਹੁਦੇ ਨੂੰ ਲੈ ਕੇ ਕੋਈ ਗੱਲਬਾਤ ਨਹੀਂ ਹੋਈ। ਉਨ੍ਹਾਂ ਕਿਹਾ ਕਿ ਜੇ ਇਹ ਦੋਸ਼ ਸਾਬਿਤ ਹੁੰਦੇ ਹਨ ਤਾਂ ਉਹ ਸਿਆਸਤ ਤੋਂ ਸੰਨਿਆਸ ਲੈ ਲੈਣਗੇ।

ਇਸ ਤੋਂ ਪਹਿਲਾਂ 'ਆਪ' ਦੇ ਘੱਟ ਗਿਣਤੀ ਬਾਰੇ ਸੈੱਲ ਦੇ ਜਨਰਲ ਸਕੱਤਰ ਨੇ ਵੀ ਪਾਰਟੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਇਕ ਆਡੀਓ ਟੇਪ ਜਾਰੀ ਕੀਤਾ ਸੀ ਜਿਸ ਵਿਚ ਕੇਜਰੀਵਾਲ ਇਹ ਕਹਿੰਦੇ ਨਜ਼ਰ ਆ ਰਹੇ ਹਨ ਕਿ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਮੁਸਲਮਾਨ ਉਮੀਦਵਾਰਾਂ ਨੂੰ ਜ਼ਿਆਦਾ ਟਿਕਟ ਦੇਣ ਦੀ ਲੋੜ ਨਹੀਂ ਹੈ ਕਿਉਂਕਿ ਦਿੱਲੀ ਦੀ ਜਨਤਾ ਨੂੰ ਪਤਾ ਹੈ ਕਿ ਮੋਦੀ ਲਹਿਰ ਨੂੰ ਕੋਈ ਰੋਕ ਸਕਦਾ ਹੈ ਤਾਂ ਆਮ ਆਦਮੀ ਪਾਰਟੀ ਹੀ ਰੋਕ ਸਕਦੀ ਹੈ। ਘੱਟ-ਗਿਣਤੀ ਸੈੱਲ ਦੇ ਜਨਰਲ ਸਕੱਤਰ ਸ਼ਾਹਿਦ ਆਜ਼ਾਦ ਨੇ ਇਹ ਟੇਪ ਜਾਰੀ ਕਰਕੇ ਦੋਸ਼ ਲਾਇਆ ਹੈ ਕਿ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਉਮੀਦਵਾਰਾਂ ਨੂੰ ਆਬਾਦੀ ਦੇ ਹਿਸਾਬ ਨਾਲ ਨਹੀਂ ਸਗੋਂ ਨਰੇਂਦਰ ਮੋਦੀ ਦੀ ਦਹਿਸ਼ਤ ਵਿਖਾ ਕੇ ਹਾਸਲ ਕਰਨਾ ਚਾਹੁੰਦੇ ਸਨ। ਆਜ਼ਾਦ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਸਾਲ ਇਸਲਾਮਿਕ ਸੈਂਟਰ ਵਿਚ ਭਾਸ਼ਣ ਦਿੰਦਿਆਂ ਕੇਜਰੀਵਾਲ ਨੇ ਕਿਹਾ ਸੀ ਕਿ ਭਾਰਤ ਵਰਗੇ ਦੇਸ਼ ਨੂੰ ਫਿਰਕੂਵਾਦ ਤੋਂ ਮੁਕਤ ਕਰਨ ਲਈ ਇਸ ਦੀ ਝਲਕ ਵਿਧਾਨ ਸਭਾ ਤੇ ਲੋਕ ਸਭਾ ਵਿਚ ਵੀ ਦਿੱਸਣੀ ਚਾਹੀਦੀ ਹੈ। ਉਸੇ ਭਾਸ਼ਣ ਵਿਚ ਉਨ੍ਹਾਂ ਕਿਹਾ ਸੀ ਕਿ ਆਮ ਆਦਮੀ ਪਾਰਟੀ ਦਿੱਲੀ ਚੋਣਾਂ ਵਿਚ 18 ਮੁਸਲਮਾਨ ਉਮੀਦਵਾਰ ਖੜ੍ਹੇ ਕਰੇਗੀ ਪਰ ਚੋਣਾਂ ਦੇ ਸਮੇਂ ਟਿਕਟਾਂ ਦੀ ਵੰਡ ਵੇਲੇ ਇਸ ਤਰਕ ਤੋਂ ਪਿੱਛੇ ਹਟਦਿਆਂ ਕਿਹਾ ਕਿ ਮੁਸਲਮਾਨ 'ਆਪ' ਤੋਂ ਇਹ ਨਹੀਂ ਚਾਹੁੰਦੇ ਕਿ ਉਹ ਉਨ੍ਹਾਂ ਦੇ ਉਮੀਦਵਾਰ ਖੜ੍ਹੇ ਕਰਨ ਸਗੋਂ ਉਹ ਮੋਦੀ ਲਹਿਰ ਨੂੰ ਖਤਮ ਕਰਨਾ ਚਾਹੁੰਦੇ ਹਨ।

ਟੇਪ ਮੁਤਾਬਕ ਕੇਜਰੀਵਾਲ ਨੇ ਕਿਹਾ ਕਿ ਅੱਜ ਦੇਸ਼ ਵਿਚ ਕੋਈ ਵੀ ਮੋਦੀ ਰੱਥ ਨੂੰ ਰੋਕਣ ਦੇ ਕਾਬਲ ਨਹੀਂ ਹੈ। ਉਨ੍ਹਾਂ ਦੂਜੀਆਂ ਪਾਰਟੀਆਂ ਵਿਸ਼ੇਸ਼ ਤੌਰ 'ਤੇ ਕਾਂਗਰਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਾਂਗਰਸ ਖਤਮ ਹੋ ਗਈ ਹੈ। ਮੁਸਲਮਾਨ ਇਸ ਉਮੀਦ ਵਿਚ ਉਨ੍ਹਾਂ ਵੱਲ ਵੇਖ ਰਹੇ ਹਨ ਕਿ ਜੇਕਰ ਕੋਈ ਮੋਦੀ ਰੱਥ ਨੂੰ ਰੋਕ ਸਕਦਾ ਹੈ ਤਾਂ ਆਮ ਅਦਾਮੀ ਪਾਰਟੀ ਹੈ। ਸਰਵੇਖਣਾਂ ਦੇ ਆਧਾਰ 'ਤੇ ਪਾਰਟੀ ਦੀਆਂ ਤਰਜੀਹਾਂ ਮਿਥਣ ਲਈ ਮਸ਼ਹੂਰ ਆਮ ਆਦਮੀ ਪਾਰਟੀ ਦੇ ਮੁਖੀ ਕੇਜਰੀਵਾਲ ਨੇ ਇਹ ਵੀ ਕਿਹਾ ਕਿ 2000, 3000 ਜਾਂ 5000 ਲੋਕਾਂ ਦਾ ਜਾਂ ਮੁਸਲਮਾਨਾਂ ਦਾ ਸਰਵੇਖਣ ਕਰਵਾ ਲਉ ਪਤਾ ਲੱਗ ਜਾਏਗਾ ਕਿ ਮੁਸਲਮਾਨਾਂ ਦੀ ਤਰਜੀਹ ਕੀ ਹੈ। ਸ਼ਾਹਿਦ ਆਜ਼ਾਦ ਜੋ ਪੇਸ਼ੇ ਤੋਂ ਵਕੀਲ ਹਨ, ਨੇ ਸਟਿੰਗ ਜਾਰੀ ਕਰਨ ਦੇ ਸਮੇਂ ਨੂੰ ਲੈ ਕੇ ਪੁੱਛੇ ਸਵਾਲਾਂ ਬਾਰੇ ਕਿਹਾ ਕਿ ਉਹ ਪਾਰਟੀ ਦੇ ਖਿਲਾਫ਼ ਨਹੀਂ ਹਨ, ਪਰ ਕੁਝ ਲੋਕਾਂ ਦੀਆਂ ਨੀਤੀਆਂ ਦੇ ਆਧਾਰ 'ਤੇ ਪਾਰਟੀ ਨਹੀਂ ਚੱਲ ਸਕਦੀ। ਉਨ੍ਹਾਂ ਇਹ ਵੀ ਕਿਹਾ ਕਿ ਇਸ ਵੇਲੇ ਜਿਥੇ ਪਾਰਟੀ ਦੇ ਕਈ ਅੰਦਰਲੇ ਮਸਲੇ ਬਾਹਰ ਆਏ ਹਨ, ਉਨ੍ਹਾਂ ਤੋਂ ਲੱਗਦਾ ਹੈ ਕਿ ਇਸ ਪੱਖ 'ਤੇ ਵੀ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਪਾਰਟੀ 'ਤੇ ਚੋਣ ਜਿੱਤਣ ਲਈ ਸਿਧਾਂਤਾਂ ਦੀ ਬਲੀ ਚੜ੍ਹਾਉਣ, ਮਨਮਰਜ਼ੀ ਨਾਲ ਟਿਕਟਾਂ ਦੀ ਵੰਡ ਤੇ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਟਿਕਟ ਦਿੱਤੀ ਗਈ।

## ਇਕ ਤੋਂ ਬਾਅਦ ਇਕ ਖੁਲਾਸਿਆਂ ਨੇ ਵਧਾਈਆਂ ਪਾਰਟੀ ਦੀਆਂ ਮੁਸ਼ਕਿਲਾਂ




### ਭੂਸ਼ਣ ਤੇ ਯਾਦਵ ਨੂੰ ਪਾਰਟੀ ਵਿਚੋਂ ਕੱਢਣ ਲਈ ਦਸਤਖ਼ਤੀ ਮੁਹਿੰਮ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਵਿਚ ਜਾਰੀ ਘਮਾਸਾਣ ਦੌਰਾਨ ਪਾਰਟੀ ਦੇ ਕਰਾਵਲ ਨਗਰ ਤੋਂ ਵਿਧਾਇਕ ਕਪਿਲ ਮਿਸ਼ਰਾ ਨੇ ਸ਼ਾਂਤੀ ਭੂਸ਼ਣ, ਪ੍ਰਸ਼ਾਂਤ ਭੂਸ਼ਣ ਤੇ ਯੋਗਿੰਦਰ ਯਾਦਵ ਨੂੰ ਪਾਰਟੀ ਵਿਚੋਂ ਕੱਢਣ ਲਈ ਦਸਤਖ਼ਤ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਹੋਰ ਵਿਧਾਇਕ ਵੀ ਉਸ ਦੀ ਇਸ ਪਹਿਲ ਦੇ ਸਮਰਥਕ ਹਨ ਤੇ ਪਾਰਟੀ ਵਿਰੋਧੀ ਸਰਗਰਮੀਆਂ ਵਿਚ ਸ਼ਾਮਲ ਲੋਕਾਂ ਖ਼ਿਲਾਫ਼ ਕਾਰਵਾਈ ਚਾਹੁੰਦੇ ਹਨ। ਉਨ੍ਹਾਂ ਮੁਤਾਬਕ ਇਹ ਆਗੂ ਪਾਰਟੀ ਨੂੰ ਨਕਸਾਨ ਪਹੁੰਚਾ ਰਹੇ ਹਨ।

## ਕੇਜਰੀਵਾਲ ਦਾ ਸਟਿੰਗ ਕਰਨ ਵਾਲਾ ਸਾਬਕਾ ਵਿਧਾਇਕ ਗਰਗ ਮੁਅੱਤਲ



**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਨੇ ਪਾਰਟੀ ਵਿਰੋਧੀ ਸਰਗਰਮੀਆਂ ਕਰਨ ਵਾਲੇ ਸਾਬਕਾ ਵਿਧਾਇਕ ਰਾਜੇਸ਼ ਗਰਗ ਨੂੰ ਪਾਰਟੀ ਤੋਂ ਮੁਅੱਤਲ ਕਰ ਦਿੱਤਾ। ਉਸ ਨੇ ਮੁੱਖ ਮੰਤਰੀ ਤੇ ਪਾਰਟੀ ਨੇਤਾ ਕੇਜਰੀਵਾਲ 'ਤੇ ਬੀਤੇ ਸਾਲ ਸਰਕਾਰ ਬਣਾਉਣ ਲਈ ਕਾਂਗਰਸ ਦੇ ਛੇ ਵਿਧਾਇਕਾਂ ਨੂੰ ਤੋੜਨ ਦਾ ਯਤਨ ਕਰਨ ਦਾ ਦੋਸ਼ ਲਾਇਆ ਹੈ। ਸੂਤਰਾਂ ਅਨੁਸਾਰ ਉਸ ਦੇ ਵਾਰ-ਵਾਰ ਪਾਰਟੀ ਵਿਰੋਧੀ ਕੰਮ ਕਰਨ 'ਤੇ ਇਹ ਕਾਰਵਾਈ ਕੀਤੀ ਗਈ ਹੈ। ਉਸ ਨੇ ਆਪਣੀ ਤੇ ਕੇਜਰੀਵਾਲ ਦੀ ਫ਼ੋਨ 'ਤੇ ਹੋਈ ਗੱਲਬਾਤ ਨੂੰ ਰਿਕਾਰਡ ਕਰ ਲਿਆ ਸੀ ਜੋ ਹੁਣ ਸਾਹਮਣੇ ਆਉਣ 'ਤੇ ਮੀਡੀਆ ਵਿਚ ਸੁਰਖੀਆਂ ਬਣੀ ਹੋਈ ਹੈ।

# 'ਆਪ' ਵਿਚ ਕਲੇਸ਼ ਦੇ ਬਾਵਜੂਦ ਚੰਦੇ 'ਤੇ ਨਹੀਂ ਪਿਆ ਅਸਰ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਵਿਚ ਮਚੇ ਘਮਸਾਣ ਦੇ ਬਾਵਜੂਦ ਪਾਰਟੀ ਨੂੰ ਮਿਲਣ ਵਾਲੇ ਚੰਦੇ 'ਤੇ ਅਸਰ ਨਹੀਂ ਪਿਆ ਹੈ। ਦਿੱਲੀ ਵਿਧਾਨ ਸਭਾ ਚੋਣਾਂ ਵਿਚ ਧਮਾਕੇਦਾਰ ਜਿੱਤ ਤੋਂ ਬਾਅਦ ਇਕ ਮਹੀਨੇ ਵਿਚ ਪਾਰਟੀ ਨੂੰ ਇਕ ਕਰੋੜ ਰੁਪਏ ਤੋਂ ਜ਼ਿਆਦਾ ਦਾ ਚੰਦਾ ਮਿਲਿਆ ਹੈ। ਇਸ ਦੇ ਉਲਟ ਪਾਰਟੀ ਨੂੰ ਲੋਕ ਸਭਾ ਚੋਣਾਂ ਵਿਚ ਹਾਰ ਤੋਂ ਬਾਅਦ ਤਕਰੀਬਨ 80 ਲੱਖ ਰੁਪਏ ਦਾ ਚੰਦਾ ਮਿਲਿਆ ਸੀ।

'ਆਪਟ੍ਰੈਂਡਸ' ਵੈਬਸਾਈਟ ਅਨੁਸਾਰ ਅੱਠ ਫ਼ਰਵਰੀ-ਸੱਤ ਮਾਰਚ ਵਿਚ ਮਿਲੇ ਕੁੱਲ ਚੰਦੇ ਦਾ ਜੋੜ ਲੋਕ ਸਭਾ ਚੋਣਾਂ ਤੋਂ 17 ਮਈ-16 ਜੂਨ 2014 ਵਿਚ ਮਿਲੇ ਚੰਦੇ ਤੋਂ ਜ਼ਿਆਦਾ ਹੈ। ਚੋਣਾਂ ਦੌਰਾਨ ਚੰਦਾ ਉਗਰਾਹੀ ਵਿਚ ਹਿੱਸਾ ਲੈ ਚੁਕੇ ਪਾਰਟੀ ਦੇ ਇਕ ਸੀਨੀਅਰ ਅਹੁਦਾ ਅਧਿਕਾਰੀ ਨੇ ਕਿਹਾ ਕਿ ਲੋਕ ਸਭਾ ਚੋਣਾਂ 'ਚ ਹਾਰ ਪਿਛੋਂ ਲੋਕਾਂ ਦਾ ਸਾਡੀ ਪਾਰਟੀ ਤੋਂ ਭਰੋਸਾ ਖ਼ਤਮ ਹੋ ਗਿਆ ਸੀ ਪਰ ਵਿਧਾਨ ਸਭਾ ਚੋਣਾਂ ਵਿਚ ਜ਼ਬਰਦਸਤ ਜਿੱਤ ਤੋਂ ਬਾਅਦ ਭਰੋਸਾ ਵਧਿਆ ਹੈ ਤੇ ਲੋਕ ਪੂਰੇ ਦਿਲ ਤੋਂ ਸਾਡਾ ਸਮਰਥਨ ਕਰ ਰਹੇ ਹਨ।



# ਭਾਸ਼ਾ ਵਿਭਾਗ ਕੋਲ ਹੁਣ ਪੈਸਾ-ਧੇਲਾ ਵੀ ਮੁੱਕਿਆ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਦੇ ਪੰਜਾਬੀ, ਹਿੰਦੀ ਤੇ ਉਰਦੂ ਦੇ ਚਾਰੇ ਰਸਾਲੇ ਡਾਕ ਟਿਕਟਾਂ ਮੁੱਕਣ ਕਾਰਨ ਵਿਭਾਗ ਦੇ ਮੁੱਖ ਦਫ਼ਤਰ ਵਿਚ ਹੀ ਢੇਰ ਹੋ ਕੇ ਰਹਿ ਗਏ ਹਨ। ਇਕ ਰਸਾਲੇ ਨੂੰ ਭੇਜਣ ਲਈ ਮਹਿਜ਼ ਤਿੰਨ ਕੁ ਰੁਪਏ ਦੀ ਡਾਕ ਟਿਕਟ ਦੀ ਲੋੜ ਹੁੰਦੀ ਹੈ ਪਰ ਪੰਜਾਬ ਸਰਕਾਰ ਦਾ ਖਜ਼ਾਨਾ ਖਾਲੀ ਹੋਣ ਕਾਰਨ ਇਸ ਰਕਮ ਦਾ ਇੰਤਜ਼ਾਮ ਨਹੀ ਹੋ ਰਿਹਾ।

ਦੱਸਣਯੋਗ ਹੈ ਕਿ ਭਾਸ਼ਾ ਵਿਭਾਗ ਵਲੋਂ ਪੰਜਾਬੀ ਭਾਸ਼ਾ ਨਾਲ ਸਬੰਧਤ ਦੋ ਰਸਾਲੇ 'ਪੰਜਾਬੀ ਦੁਨੀਆਂ' ਤੇ 'ਜਨ ਸਾਹਿਤ', ਹਿੰਦੀ ਦਾ ਰਸਾਲਾ 'ਪੰਜਾਬ ਸੌਰਭ' ਜਦਕਿ ਉਰਦੂ ਦਾ ਰਸਾਲਾ 'ਪਰਜ਼-ਏ-ਆਦਮ' ਮਹੀਨਾਵਾਰ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਪਹਿਲਾਂ ਕੁਝ ਚਿਰ ਤਾਂ ਇਹ ਵਿੱਤੀ ਘਾਟ ਕਾਰਨ ਛਪਣੋਂ ਹੀ ਰਹਿ ਗਏ ਸਨ ਪਰ ਤਕਰੀਬਨ ਇਕ ਸਾਲ ਤੋਂ ਇਨ੍ਹਾਂ ਰਸਾਲਿਆਂ ਨੂੰ ਹਰ ਮਹੀਨੇ ਛਾਪਣ ਦਾ ਤਹੱਈਆ ਕੀਤਾ ਗਿਆ ਸੀ, ਜਿਸ ਦੇ ਇਵਜ਼ ਪੰਜਾਬੀ ਭਾਸ਼ਾ ਨਾਲ ਜੁੜੇ ਦੋਵੇਂ ਰਸਾਲੇ ਲੀਹ 'ਤੇ ਪੈ ਗਏ ਸਨ ਜਦਕਿ ਬਾਕੀ ਦੋਵੇਂ ਰਸਾਲਿਆਂ ਦੀ ਵੀ ਛਪਣ ਪ੍ਰਕ੍ਰਿਆ ਤੇਜ਼ ਹੋ ਗਈ ਸੀ ਪਰ ਹੁਣ ਰਸਾਲਿਆਂ ਨੂੰ ਪਾਠਕਾਂ ਤੱਕ ਪਹੁੰਚਾਉਣ ਲਈ ਡਾਕ ਟਿਕਟਾਂ ਮੁੱਕਣ ਕਾਰਨ ਰਸਾਲਿਆਂ ਦੀ ਗੱਡੀ ਮੁੜ ਲੀਹ ਤੋਂ ਥੱਲੇ ਉਤਰ ਗਈ ਹੈ। ਅਜਿਹੇ ਵੇਲੇ ਆਲਮ ਇਹ ਹੈ ਕਿ ਪਾਠਕਾਂ ਲਈ ਛਾਪੇ ਗਏ ਰਸਾਲੇ ਵਿਭਾਗ ਦੇ ਮੁੱਖ ਦਫ਼ਤਰ ਵਿਖੇ ਹੀ ਬੰਡਲ ਬੰਨ੍ਹ ਕੇ ਰੱਖਣੇ ਪਏ ਹਨ।



ਵਿਭਾਗੀ ਸੂਤਰਾਂ ਮੁਤਾਬਕ ਪਿਛਲੇ ਸਾਲ ਦੇ ਅਖੀਰਲੇ ਮਹੀਨਿਆਂ ਤੋਂ ਡਾਕ ਟਿਕਟਾਂ ਮੁੱਕਣ ਮਗਰੋਂ ਰਸਾਲਿਆਂ ਨੂੰ ਪਾਠਕਾਂ ਤੱਕ ਭੇਜਿਆ ਨਹੀਂ ਜਾ ਰਿਹਾ। ਸੂਤਰਾਂ ਮੁਤਾਬਕ ਵਿਭਾਗ ਦੇ ਸੇਲ ਭਾਗ ਨੇ ਡਾਕ ਟਿਕਟਾਂ ਦੀ ਘਾਟ ਦਾ ਮਾਮਲਾ ਮਹਿਕਮੇ ਦੇ ਅਧਿਕਾਰੀਆਂ ਦੇ ਧਿਆਨ ਵਿਚ ਪਿਛਲੇ ਸਾਲ ਹੀ ਲਿਆ ਦਿੱਤਾ ਸੀ, ਪਰ ਟਿਕਟਾਂ ਦਾ ਮਾਮਲਾ ਅਜੇ ਤੱਕ ਵੀ ਹੱਲ ਨਹੀਂ ਹੋ ਸਕਿਆ। ਅਜਿਹੇ ਵਿਚ ਪਿਛਲੇ ਤਿੰਨ ਚਾਰ ਮਹੀਨਿਆਂ ਦੇ ਰਸਾਲੇ ਪਾਠਕਾਂ ਤੱਕ ਨਹੀਂ ਪਹੁੰਚ ਸਕੇ। ਇਸ ਕਾਰਨ ਪਾਠਕਾਂ ਵਿਚ ਭਾਸ਼ਾ ਵਿਭਾਗ ਪ੍ਰਤੀ ਕਾਫ਼ੀ ਗਿਲਾ ਹੈ। ਭਾਸ਼ਾ ਵਿਭਾਗ ਦੇ ਡਾਇਰੈਕਟਰ ਚੇਤਨ ਸਿੰਘ ਨੇ ਮੰਨਿਆ ਕਿ ਡਾਕ ਟਿਕਟਾਂ ਮੁੱਕਣ ਕਾਰਨ ਰਸਾਲਿਆਂ ਦੀ ਪਾਠਕਾਂ ਤੱਕ ਪਹੁੰਚ ਸਮੇਤ ਕਈ ਹੋਰ ਦਫ਼ਤਰੀ ਕਾਰਜ ਪ੍ਰਭਾਵਿਤ ਹੋ ਰਹੇ ਹਨ।

# ਧੂਰੀ ਜ਼ਿਮਨੀ ਚੋਣ ਲਈ ਸਿਆਸੀ ਸਰਗਰਮੀਆਂ ਨੇ ਫੜਿਆ ਜ਼ੋਰ

**ਧੂਰੀ:** ਧੂਰੀ ਵਿਧਾਨ ਸਭਾ ਹਲਕੇ ਵਿਚ 11 ਅਪਰੈਲ ਨੂੰ ਜ਼ਿਮਨੀ ਚੋਣਾਂ ਦੇ ਐਲਾਨ ਪਿੱਛੋਂ ਹਲਕੇ ਵਿਚ ਸਿਆਸੀ ਸਰਗਰਮੀਆਂ ਨੇ ਜ਼ੋਰ ਫੜ ਲਿਆ ਹੈ। ਇਹ ਸੀਟ ਕਾਂਗਰਸੀ ਵਿਧਾਇਕ ਅਰਵਿੰਦ ਖੰਨਾ ਵਲੋਂ ਵਿਧਾਨ ਸਭਾ ਤੋਂ ਅਸਤੀਫਾ ਦੇਣ ਕਾਰਨ ਖਾਲੀ ਹੋਈ ਸੀ। ਚੋਣਾਂ ਲਈ ਤਰੀਕ ਤੈਅ ਹੋਣ ਪਿੱਛੋਂ ਵੱਖ-ਵੱਖ ਸਿਆਸੀ ਪਾਰਟੀਆਂ ਉਮੀਦਵਾਰ ਲੱਭਣ ਵਿਚ ਜੁਟ ਗਈਆਂ ਹਨ। ਕਾਂਗਰਸ, ਭਾਜਪਾ, ਸ਼੍ਰੋਮਣੀ ਅਕਾਲੀ ਦਲ (ਬ) ਤੇ ਸਾਂਝੇ ਮੋਰਚੇ ਦੇ ਸੰਭਾਵੀ ਉਮੀਦਵਾਰਾਂ ਨੇ ਆਪੋ-ਆਪਣੀ ਪਾਰਟੀ ਹਾਈਕਮਾਨ ਕੋਲ ਟਿਕਟਾਂ ਲਈ ਦਾਅਵੇਦਾਰੀ ਪੇਸ਼ ਕਰਨੀ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਅਕਾਲੀ ਦਲ (ਅ) ਨੇ ਤਾਂ ਤੀਜੀ ਵਾਰ ਐਸ.ਜੀ.ਪੀ.ਸੀ. ਮੈਂਬਰ ਬਣੇ ਜਥੇਦਾਰ ਸੁਰਜੀਤ ਸਿੰਘ ਕਾਲਾਬੂਲਾ ਨੂੰ ਉਮੀਦਵਾਰ ਐਲਾਨ ਵੀ ਦਿੱਤਾ ਹੈ।

ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ (ਬ) ਦੀ ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਇਸ ਵਿਧਾਨ ਸਭਾ ਹਲਕੇ ਵਿਚੋਂ ਹੋਈ ਹਾਰ ਨੇ ਦੋਹਾਂ ਪਾਰਟੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਲੋਕ ਸਭਾ ਚੋਣਾਂ ਵਿਚ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ (ਆਪ) ਦੇ ਭਗਵੰਤ ਮਾਨ ਜੇਤੂ ਰਹੇ ਸਨ, ਜਿਨ੍ਹਾਂ ਨੂੰ ਧੂਰੀ ਵਿਧਾਨ ਸਭਾ ਹਲਕੇ ਤੋਂ ਵੀ ਭਾਰੀ ਲੀਡ ਮਿਲੀ ਸੀ। ਇਸ ਕਾਰਨ ਹੁਣ ਇਹ ਦੋਵੇਂ ਵੱਡੀਆਂ ਪਾਰਟੀਆਂ ਆਪਣੇ ਗੁਆਚੇ ਵੱਕਾਰ ਨੂੰ ਬਚਾਉਣ ਲਈ ਪੂਰਾ ਤਾਣ ਲਾਉਣਗੀਆਂ। ਦੱਸਿਆ ਜਾਂਦਾ ਹੈ ਕਿ ਦੋਵੇਂ ਵੱਡੀਆਂ ਪਾਰਟੀਆਂ ਉਮੀਦਵਾਰ ਲੱਭਣ ਲਈ ਗੁਪਤ ਸਰਵੇ ਵੀ ਕਰਵਾ ਰਹੀਆਂ ਹਨ। ਕਾਂਗਰਸ ਦੀ ਟਿਕਟ ਦੇ ਦਾਅਵੇਦਾਰਾਂ ਵਿਚ ਸਾਬਕਾ ਵਿਧਾਇਕ ਧਨਵੰਤ ਸਿੰਘ, ਜ਼ਿਲ੍ਹਾ ਪ੍ਰਧਾਨ ਮਾਈ ਰੂਪ ਕੌਰ ਬਾਗੜੀਆਂ ਤੇ ਯੂਥ ਕਾਂਗਰਸ ਦੇ ਸੀਨੀਅਰ ਆਗੂ ਤੇ ਮਾਲਵਾ ਗ੍ਰਾਮੀਣ ਬੈਂਕ ਦੇ ਡਾਇਰੈਕਟਰ ਬਲਵਿੰਦਰ ਸਿੰਘ ਬਿੱਲੂ ਦੇ ਨਾਂ ਮੋਹਰੀ ਦੱਸੇ ਜਾਂਦੇ ਹਨ। ਸਾਬਕਾ ਐਮਪੀ ਵਿਜੈਇੰਦਰ ਸਿੰਗਲਾ ਦੀ ਪਤਨੀ ਦੀਪਾ ਸਿੰਗਲਾ ਤੇ ਦਲਵੀਰ ਸਿੰਘ ਦਾ ਨਾਂ ਵੀ ਚਰਚਾ ਵਿਚ ਹੈ। ਅਕਾਲੀ ਦਲ (ਬ) ਦੇ ਉਮੀਦਵਾਰਾਂ ਵਿਚ 2012 ਵਿਚ ਦਲ ਵਲੋਂ ਚੋਣ ਲੜਨ ਵਾਲੇ ਹਲਕਾ ਇੰਚਾਰਜ ਭਾਈ ਗੋਬਿੰਦ ਸਿੰਘ ਲੌਂਗੋਵਾਲ, ਕੈਬਨਿਟ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੇ ਨਜ਼ਦੀਕੀ ਰਿਸ਼ਤੇਦਾਰ ਅਮਨਵੀਰ ਸਿੰਘ ਚੈਰੀ ਤੇ ਜਤਿੰਦਰ ਸਿੰਘ ਸੋਨੀ ਮੰਡੇਰ, ਸ਼੍ਰੋਮਣੀ ਕਮੇਟੀ ਮੈਂਬਰ ਭੁਪਿੰਦਰ ਸਿੰਘ ਭਲਵਾਨ, ਵਪਾਰੀ ਤੇ ਰਾਈਸੀਲਾ ਫੂਡ ਦੇ ਡਾਇਰੈਕਟਰ ਏ.ਆਰ. ਸ਼ਰਮਾ ਦੇ ਨਾਂਵਾਂ ਦੀ ਚਰਚਾ ਹੈ। ਸਾਂਝਾ ਮੋਰਚਾ ਵੀ ਸਾਬਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ ਨੂੰ ਚੋਣ ਲੜਾਉਣ ਦਾ ਇੱਛੁਕ ਦੱਸਿਆ ਜਾਂਦਾ ਹੈ।

'ਆਪ' ਵਰਕਰਾਂ ਵਲੋਂ ਵੀ ਪਾਰਟੀ ਹਾਈਕਮਾਨ ਤੋਂ ਚੋਣ ਲੜਨ ਦੀ ਮੰਗ ਕੀਤੀ ਜਾ ਰਹੀ ਹੈ। ਪੰਜਾਬ ਫਰੀਡਮ ਫਾਈਟਰ ਜਥੇਬੰਦੀ ਨੇ ਵੀ ਚੋਣ ਲੜਨ ਦਾ ਐਲਾਨ ਕੀਤਾ ਹੈ ਤੇ ਛੇਤੀ ਹੀ ਉਮੀਦਵਾਰ ਐਲਾਨਣ ਦੀ ਗੱਲ ਕਹੀ ਹੈ। ਇਸ ਹਲਕੇ ਵਿਚ ਇਸ ਵੇਲੇ ਇਕ ਲੱਖ 48 ਹਜ਼ਾਰ 279 ਵੋਟਰ ਹਨ, ਜਿਨ੍ਹਾਂ ਵਿਚੋਂ 78581 ਮਰਦ ਤੇ 69689 ਔਰਤਾਂ ਹਨ। ਪਿਛਲੀ ਵਾਰ ਅਕਾਲੀ ਦਲ ਦੇ ਭਾਈ ਗੋਬਿੰਦ ਸਿੰਘ ਲੌਂਗੋਵਾਲ, ਕਾਂਗਰਸ ਦੇ ਅਰਵਿੰਦ ਖੰਨਾ ਤੇ ਅਕਾਲੀ ਦਲ (ਲ) ਦੇ ਗਗਨਜੀਤ ਸਿੰਘ ਬਰਨਾਲਾ ਨੇ ਚੋਣ ਲੜੀ ਸੀ ਤੇ ਸ੍ਰੀ ਖੰਨਾ ਜੇਤੂ ਰਹੇ ਸਨ। ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਸੀ.ਪੀ.ਆਈ. ਨੁਮਾਇੰਗੀ ਕਰ ਚੁੱਕੀਆਂ ਹਨ। ਹਾਕਮ ਸ਼੍ਰੋਮਣੀ ਅਕਾਲੀ ਦਲ ਕੋਲ ਇਸ ਸਮੇਂ ਵਿਧਾਇਕਾਂ ਦੀ ਗਿਣਤੀ 58 ਹੈ ਤੇ ਸਪਸ਼ਟ ਬਹੁਮਤ ਲਈ 59 ਵਿਧਾਇਕਾਂ ਦੀ ਜ਼ਰੂਰਤ ਹੈ। ਹਾਕਮ ਸ਼੍ਰੋਮਣੀ ਅਕਾਲੀ ਦਲ ਨੂੰ ਸੀਟ ਮਿਲਣ ਦੀ ਸੂਰਤ ਵਿਚ ਉਸ ਨੂੰ ਭਾਜਪਾ ਦੇ ਸਹਿਯੋਗ ਦੀ ਜ਼ਰੂਰਤ ਨਹੀਂ ਰਹੇਗੀ। ਸ਼੍ਰੋਮਣੀ ਅਕਾਲੀ ਦਲ ਦੇ ਹਲਕਿਆਂ ਮੁਤਾਬਕ ਸੁਖਬੀਰ ਸਿੰਘ ਬਾਦਲ ਦੇ ਮੁੱਖ ਮੰਤਰੀ ਬਣਨ ਦੇ ਰਾਹ ਵਿਚ ਭਾਰਤੀ ਜਨਤਾ ਪਾਰਟੀ ਹੀ ਵੱਡੀ ਰੁਕਾਵਟ ਹੈ। ਹਲਕੇ ਵਿਚ ਕਾਂਗਰਸ ਪਾਰਟੀ ਦਾ ਵੀ ਮਜ਼ਬੂਤ ਆਧਾਰ ਮੰਨਿਆ ਜਾਂਦਾ ਹੈ। ਪਹਿਲਾਂ ਤੋਂ ਹੀ ਧੂਰੀ ਮੰਡੀ ਨੂੰ ਕਾਂਗਰਸ ਮੰਡੀ ਆਖਿਆ ਜਾਂਦਾ ਰਿਹਾ ਹੈ। ਦਿੱਲੀ ਚੋਣਾਂ ਜਿੱਤਣ ਕਾਰਨ 'ਆਪ' ਦਾ ਆਧਾਰ ਵੀ ਮਜ਼ਬੂਤ ਹੋਇਆ ਹੈ।



## ਧੂਰੀ ਚੋਣ ਲੜਨ ਬਾਰੇ 'ਆਪ' ਦੁਚਿੱਤੀ ਵਿਚ

**ਜਲੰਧਰ:** ਕੇਂਦਰੀ ਲੀਡਰਸ਼ਿਪ ਦੇ ਆਪਸੀ ਕਲੇਸ਼ ਵਿਚ ਉਲਝਣ ਕਾਰਨ ਪੰਜਾਬ ਵਿਚ ਆਮ ਆਦਮੀ ਪਾਰਟੀ ਧੂਰੀ ਹਲਕੇ ਦੀ ਉਪ ਚੋਣ ਲੜਨ ਬਾਰੇ ਦੁਚਿੱਤੀ ਵਿਚ। 'ਆਪ' ਦੇ ਵਰਕਰ ਇਸ ਖਿੱਤੇ ਵਿਚ ਪਾਰਟੀ ਦੇ ਚੰਗੇ ਆਧਾਰ ਦਾ ਫਾਇਦਾ ਚੁੱਕਣ ਲਈ ਕਾਹਲੇ ਹਨ ਪਰ ਹਾਈਕਮਾਨ ਵਲੋਂ ਕੋਈ ਹੁੰਗਾਰਾ ਨਾਲ ਮਿਲਣ ਕਾਰਨ ਕੋਈ ਵੀ ਇਸ ਬਾਰੇ ਕੁਝ ਕਹਿਣ ਤੋਂ ਪਾਸਾ ਵੱਟ ਰਿਹਾ ਹੈ। ਵਰਣਨਯੋਗ ਹੈ ਕਿ ਸੰਗਰੂਰ ਵਿਧਾਨ ਸਭਾ ਹਲਕੇ ਵਿਚ ਪੈਂਦੇ ਧੂਰੀ ਵਿਧਾਨ ਸਭਾ ਹਲਕੇ ਤੋਂ 'ਆਪ' ਦੇ ਲੋਕ ਸਭਾ ਮੈਂਬਰ ਭਗਵੰਤ ਮਾਨ ਨੂੰ 33 ਹਜ਼ਾਰ ਦੇ ਵੱਡੇ ਫਰਕ ਨਾਲ ਬੜਤ ਮਿਲੀ ਸੀ

# ਜੇਲ੍ਹਾਂ ਵਿਚ ਨਸ਼ੇ ਪਹੁੰਚਾਉਣ ਦੀਆਂ ਜੁਗਤਾਂ ਅੱਗੇ ਪੁਲਿਸ ਵੀ ਹੋਈ ਬੇਵੱਸ

**ਚੰਡੀਗੜ੍ਹ:** ਪੰਜਾਬ ਵਿਚ ਨਸ਼ੇ ਦੇ ਗੁਲਾਮ-ਬੰਦੀਆਂ ਵਲੋਂ ਜੇਲ੍ਹਾਂ ਵਿਚ ਨਸ਼ੇ ਮੰਗਵਾਉਣ ਦੇ ਢੰਗ-ਤਰੀਕਿਆਂ ਅੱਗੇ ਪੁਲਿਸ ਵੀ ਬੇਵੱਸ ਹੋ ਗਈ ਹੈ। ਨਸ਼ੇ ਦੇ ਆਦੀ ਕੈਦੀਆਂ ਦੇ ਰਿਸ਼ਤੇਦਾਰ ਪੁਲਿਸ ਲਈ ਸਿਰਦਰਦੀ ਬਣੇ ਹੋਏ ਹਨ। ਜੇਲ੍ਹ ਵਿਚ ਮੁਲਾਕਾਤਾਂ ਦੌਰਾਨ ਕੋਈ ਭੈਣ ਆਪਣੀ ਗੁੱਤ ਵਿਚ ਹੈਰੋਇਨ ਗੁੰਦ ਕੇ ਤੇ ਕੋਈ ਮਾਂ ਸ਼ਿਮਲਾ ਮਿਰਚ 'ਚ ਨਸ਼ਾ ਲੁਕੋ ਕੇ ਮੁਲਾਕਾਤਾਂ ਲਈ ਜਾ ਰਹੀ ਹੈ। ਜੇਲ੍ਹ ਪੁਲਿਸ ਵਲੋਂ ਕਈ ਅਜਿਹੇ ਮਾਮਲੇ ਸਾਹਮਣੇ ਆਉਣ ਉਤੇ ਮੁਲਾਕਾਤੀਆਂ ਉਪਰ ਹੋਰ ਕਈ ਤਰ੍ਹਾਂ ਦੀਆਂ ਬੰਦਿਸ਼ਾਂ ਲਾਈਆਂ ਜਾ ਰਹੀਆਂ ਹਨ।

ਡਾਇਰੈਕਟਰ ਜਨਰਲ ਪੁਲਿਸ (ਜੇਲ੍ਹਾਂ) ਪੰਜਾਬ ਤੋਂ ਸੂਚਨਾ ਦੇ ਅਧਿਕਾਰ (ਆਰ. ਟੀ. ਆਈ.) ਤਹਿਤ ਹਾਸਲ ਜਾਣਕਾਰੀ ਅਨੁਸਾਰ ਨਸ਼ੇ ਦੇ ਗੁਲਾਮ ਬੰਦੀਆਂ ਵਲੋਂ ਜੇਲ੍ਹਾਂ ਵਿਚ ਨਸ਼ੇ ਮੰਗਵਾਉਣ ਲਈ ਰਿਸ਼ਤੇਦਾਰਾਂ ਨੂੰ ਵਰਤਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਇਕ ਮਹਿਲਾ ਮਾਡਲ ਜੇਲ੍ਹ ਜਲੰਧਰ ਵਿਚ ਆਪਣੇ ਭਰਾ ਦੀ ਮੁਲਾਕਾਤ ਕਰਨ ਆਈ ਸੀ। ਸ਼ੱਕ ਪੈਣ ਉਤੇ ਉਸ ਦੀ ਤਲਾਸ਼ੀ ਲਈ ਤਾਂ ਉਸ ਦੀ ਗੁੱਤ ਵਿਚੋਂ ਦੋ ਮੋਮੀ ਲਿਫ਼ਾਫ਼ੇ ਮਿਲੇ। ਇਨ੍ਹਾਂ ਵਿਚ ਇਕ ਗ੍ਰਾਮ ਹੈਰੋਇਨ ਸੀ। ਇਸੇ ਤਰ੍ਹਾਂ ਜਦੋਂ ਇਕ ਮਹਿਲਾ ਨਵੀਂ ਜੇਲ੍ਹ ਮਾਨਸਾ ਵਿਚ ਆਪਣੇ ਭਰਾ ਨਾਲ ਮੁਲਾਕਾਤ ਕਰਨ ਆਈ ਤਾਂ ਉਸ ਕੋਲੋਂ 15 ਗ੍ਰਾਮ ਸੁਲਫਾ ਬਰਾਮਦ ਹੋਇਆ। ਹੁਸ਼ਿਆਰਪੁਰ ਜੇਲ੍ਹ ਵਿਚ ਬੰਦ ਇਕ ਵਿਅਕਤੀ ਜਦੋਂ ਆਪਣੀ ਪਤਨੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਵਾਪਸ ਆਇਆ ਤਾਂ ਉਸ ਕੋਲ ਜੂਸ ਦਾ ਡੱਬਾ ਸੀ। ਤਲਾਸ਼ੀ ਦੌਰਾਨ ਜੂਸ ਦੇ ਡੱਬੇ ਵਿਚੋਂ ਗੁਬਾਰੇ ਵਿਚ ਪੈਕ ਕੀਤਾ ਨਸ਼ੀਲਾ ਪਦਾਰਥ ਬਰਾਮਦ ਹੋਇਆ। ਕੇਂਦਰੀ ਜੇਲ੍ਹ ਲੁਧਿਆਣਾ ਵਿਚ ਆਪਣੇ ਪੁੱਤਰ ਦੀ ਮੁਲਾਕਾਤ ਕਰਨ ਆਈ ਇਕ ਮਹਿਲਾ ਕੋਲੋਂ ਸ਼ਿਮਲਾ ਮਿਰਚ ਵਿਚ ਲੁਕੋਈਆਂ 10 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਮਾਡਲ ਜੇਲ੍ਹ ਜਲੰਧਰ ਵਿਚ ਇਕ ਔਰਤ ਆਪਣੇ ਪਤੀ ਨਾਲ ਮੁਲਾਕਾਤ ਕਰਨ ਆਈ ਤਾਂ ਤਲਾਸ਼ੀ ਦੌਰਾਨ ਉਸ ਦੀ ਸਲਵਾਰ ਦੇ ਪੌਂਚੇ ਵਿਚੋਂ ਸੱਤ




ਗ੍ਰਾਮ ਹੈਰੋਇਨ ਬਰਾਮਦ ਹੋਈ। ਹੁਸ਼ਿਆਰਪੁਰ ਜੇਲ੍ਹ ਵਿਚ ਜਦੋਂ ਇਕ ਹਵਾਲਾਤੀ ਆਪਣੀ ਪਤਨੀ ਨਾਲ ਮੁਲਾਕਾਤ ਕਰਕੇ ਵਾਪਸ ਆਇਆ ਤਾਂ ਤਲਾਸ਼ੀ ਦੌਰਾਨ ਉਸ ਕੋਲੋਂ ਪੰਜ ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਹੋਇਆ। ਲੁਧਿਆਣਾ ਜੇਲ੍ਹ ਵਿਚ ਬੰਦ ਇਕ ਵਿਅਕਤੀ ਆਪਣੀ ਮਾਤਾ ਨਾਲ ਮੁਲਾਕਾਤ ਕਰਕੇ ਗਿਆ ਤਾਂ ਉਸ ਕੋਲੋਂ ਨਸ਼ੀਲਾ ਪਾਊਡਰ ਬਰਾਮਦ ਹੋਇਆ। ਗੁਰਦਾਸਪੁਰ ਜੇਲ੍ਹ ਵਿਚ ਵੀ ਮੁਲਾਕਾਤ ਮਗਰੋਂ ਹਵਾਲਾਤੀ ਕੋਲੋਂ ਸਮੈਕ ਦੀਆਂ ਪੁੜੀਆਂ ਬਰਾਮਦ ਹੋਈਆਂ।

ਗੁਰਦਾਸਪੁਰ ਜੇਲ੍ਹ ਵਿਚ ਹੀ ਜਦੋਂ ਇਕ ਮਹਿਲਾ ਆਪਣੀ ਭੈਣ ਨਾਲ ਮੁਲਾਕਾਤ ਕਰਕੇ ਮੁੜੀ ਤਾਂ ਉਸ ਕੋਲੋਂ 140 ਨਸ਼ੀਲੀਆਂ ਗੋਲੀਆਂ ਮਿਲੀਆਂ। ਮਾਡਲ ਜੇਲ੍ਹ ਜਲੰਧਰ ਵਿਚ ਬੰਦ ਇਕ ਵਿਅਕਤੀ ਕੋਲੋਂ ਆਪਣੀ ਪਤਨੀ ਨਾਲ ਮੁਲਾਕਾਤ ਤੋਂ ਬਾਅਦ ਦੋ ਗ੍ਰਾਮ ਹੈਰੋਇਨ ਸਮੇਤ ਫੜੀ ਗਈ। ਕੇਂਦਰੀ ਜੇਲ੍ਹ ਪਟਿਆਲਾ ਵਿਚ ਇਕ ਵਿਅਕਤੀ ਨੇ ਮੁਲਾਕਾਤ ਦੌਰਾਨ ਆਪਣੇ ਪੁੱਤਰ ਨੂੰ ਜੀਨ ਦੀ ਪੈਂਟ ਦਿੱਤੀ। ਜਦੋਂ ਜੇਲ੍ਹ ਪੁਲਿਸ ਨੇ ਸਾਮਾਨ ਦੀ ਤਲਾਸ਼ੀ ਲਈ ਤਾਂ ਪੈਂਟ ਦੇ ਬੈਲਟ ਬੰਨ੍ਹਣ ਵਾਲੀ ਥਾਂ ਉਤੇ ਬਣੇ ਵਿਸ਼ੇਸ਼ ਤਰ੍ਹਾਂ ਦੇ ਨੇਫੇ ਵਿਚੋਂ 20 ਪਾਊਚ ਸਮੈਕ ਬਰਾਮਦ ਹੋਈ। ਮਾਡਲ ਜੇਲ੍ਹ ਜਲੰਧਰ ਵਿਚ ਮੁਲਾਕਾਤ ਕਰਨ ਆਈ ਇਕ ਮਹਿਲਾ ਕੋਲੋਂ ਪੰਜ ਗ੍ਰਾਮ ਨਸ਼ੀਲਾ ਪਾਊਡਰ ਤੇ ਇਕ ਹੋਰ ਔਰਤ ਕੋਲੋਂ 1.5 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਮਾਡਲ ਜੇਲ੍ਹ ਜਲੰਧਰ ਵਿਚ ਇਕ ਮਹਿਲਾ ਆਪਣੇ ਪਤੀ ਨਾਲ ਮੁਲਾਕਾਤ ਕਰਨ ਆਈ ਸੀ। ਪੁਲਿਸ ਨੇ ਬਾਅਦ ਵਿਚ ਜਦੋਂ ਬੰਦੀ ਦੀ ਤਲਾਸ਼ੀ ਲਈ ਤਾਂ ਉਸ ਦੀ ਪੈਂਟ ਦੇ ਨੇਫੇ ਵਿਚੋਂ ਛੇ ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਹੋਇਆ। ਲੁਧਿਆਣਾ ਜੇਲ੍ਹ ਵਿਚ ਮੁਲਾਕਾਤ ਕਰਨ ਆਈ ਮਹਿਲਾ ਵਲੋਂ ਆਪਣੇ ਪਤੀ ਨੂੰ ਦਿੱਤੇ ਕੱਪੜਿਆਂ ਤੇ ਖਾਣ-ਪੀਣ ਦੇ ਸਾਮਾਨ ਵਿਚੋਂ ਇਕ ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਹੋਇਆ। ਜਨਾਨਾ ਜੇਲ੍ਹ ਲੁਧਿਆਣਾ ਵਿਚ ਪੇਸ਼ੀ ਭੁਗਤਣ ਤੋਂ ਬਾਅਦ ਮੁੜੀਆਂ ਦੋ ਹਵਾਲਾਤੀ ਮਹਿਲਾਵਾਂ ਲੱਤਾਂ ਨਾਲ ਬੰਨ੍ਹੇ ਬੀੜੀਆਂ ਦੇ ਬੰਡਲ ਤੇ ਤੰਬਾਕੂ ਬਰਾਮਦ ਹੋਇਆ। ਗੁਰਦਾਸਪੁਰ ਜੇਲ੍ਹ ਵਿਚ ਇਕ ਹਵਾਲਾਤੀ ਔਰਤ ਜਦੋਂ ਅਦਾਲਤ ਵਿਚੋਂ ਪੇਸ਼ੀ ਭੁਗਤ ਕੇ ਆਈ ਤਾਂ ਉਸ ਦੇ ਅੰਦਰਲੇ ਕੱਪੜਿਆਂ ਵਿਚੋਂ ਮੋਬਾਈਲ ਫੋਨ ਤੇ ਬੀੜੀਆਂ ਦੇ ਬੰਡਲ ਬਰਾਮਦ ਹੋਏ। ਅਜਿਹਾ ਹੋਰ ਕਈ ਜੇਲ੍ਹਾਂ ਵਿਚ ਵੀ ਵਾਪਰਿਆ ਹੈ।

## ਹਰਿਆਣਾ ਗੁਰਦੁਆਰਾ ਕਮੇਟੀ ਬਾਰੇ ਅਦਾਲਤੀ ਫੈਸਲਾ ਮੰਨਾਂਗੇ: ਖੱਟਰ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਹੈ ਕਿ ਸੂਬਾ ਸਰਕਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਮੰਨੇਗੀ ਅਤੇ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਛੇਤੀ ਕਰਵਾਉਣ ਲਈ ਜ਼ੋਰਦਾਰ ਯਤਨ ਕਰੇਗੀ।

ਸ੍ਰੀ ਖੱਟਰ ਨੇ ਕਿਹਾ ਕਿ ਸਰਕਾਰ ਨੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਇਸ ਦੇ ਸੋਮਿਆਂ ਦੀ ਪਛਾਣ ਕਰ ਲਈ ਹੈ। ਭ੍ਰਿਸ਼ਟਾਚਾਰ ਨੂੰ ਰੋਕਣ ਲਈ ਕਦਮ ਚੁੱਕ ਰਹੀ ਹੈ। ਇਸ ਮਾਮਲੇ 'ਤੇ ਕੋਈ ਵੀ ਢਿੱਲ ਨਹੀਂ ਵਰਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਾਮਲਾ ਸੁਪਰੀਮ ਕੋਰਟ ਵਿਚ ਚੱਲ ਰਿਹਾ ਹੈ। ਅਦਾਲਤ ਨੇ ਇਸ ਗੱਲ ਦਾ ਫੈਸਲਾ ਕਰਨਾ ਹੈ ਕਿ ਰਾਜ ਸਰਕਾਰ ਨੂੰ ਵੱਖਰੀ ਕਮੇਟੀ ਬਣਾਉਣ ਦਾ ਅਧਿਕਾਰ ਹੈ ਜਾਂ ਨਹੀਂ।

ਸ੍ਰੀ ਖੱਟਰ ਨੇ ਕਿਹਾ ਕਿ ਸੁਪਰੀਮ ਜੋ ਵੀ ਫੈਸਲਾ ਕਰੇਗੀ, ਰਾਜ ਸਰਕਾਰ ਉਸ ਨੂੰ ਲਾਗੂ ਕਰੇਗੀ। ਉਨ੍ਹਾਂ ਕਿਹਾ ਕਿ ਸੂਬੇ ਦੇ ਦੱਖਣੀ ਜ਼ਿਲ੍ਹੇ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠ ਜਾਣ ਕਰਕੇ ਡਾਰਕ ਜ਼ੋਨ ਵਿਚ ਆ ਚੁੱਕੇ ਹਨ ਤੇ ਸੂਬੇ ਨੂੰ ਪਾਣੀ ਦੀ ਬਹੁਤ ਲੋੜ ਹੈ। ਰਾਜ ਸਰਕਾਰ ਸੂਬੇ ਦਾ ਦਰਿਆਈ ਪਾਣੀਆਂ ਵਿਚੋਂ ਬਣਦਾ ਹੱਕ ਲੈਣ ਲਈ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਜਲਦੀ ਕਰਵਾਉਣ ਲਈ ਯਤਨ ਕਰੇਗੀ।


ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

Golden State Realty
9912 Kapalua Ln., Elk Grove, CA 95624



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

*Please Contact For*
Commercial
or
Residential
Needs

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*
Ph: 916-612-5773
**email:** samchahal@hotmail.com
Serving all over California

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay
We Specialize in Bankowned, Foreclosure and Short Sale Homes
For Sale & Purchase of Residential, Commercial Property and AG-Land
Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ
COLDWELL BANKER VALLEY CENTRAL
EQUAL HOUSING OPPORTUNITY
REALTOR®



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill
Office 209-835-4545
Direct 209-815-1869
1486 W 11th Street, Tracy, CA 95376

# ਭੋਂ ਪ੍ਰਾਪਤੀ ਬਿੱਲ ਖਿਲਾਫ ਸੰਘਰਸ਼ ਦੀ ਪੰਜਾਬ ਤੋਂ ਸ਼ੁਰੂਆਤ

**ਜਲੰਧਰ:** ਕੇਂਦਰ ਸਰਕਾਰ ਵਲੋਂ ਭੋਂ ਪ੍ਰਾਪਤੀ ਲਈ ਪਾਸ ਕੀਤੇ ਜਾ ਰਹੇ ਨਵੇਂ ਬਿੱਲ ਖਿਲਾਫ਼ ਪੰਜਾਬ ਭਰ ਵਿਚ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਵਿੱਢ ਦਿੱਤਾ ਹੈ। ਪੰਜਾਬ ਦੀਆਂ ਵੱਡੀ ਗਿਣਤੀ ਕਿਸਾਨ ਜਥੇਬੰਦੀਆਂ ਸਮੇਤ ਵਿਰੋਧੀ ਧਿਰਾਂ ਨੇ ਦਿੱਲੀ ਡੇਰੇ ਲਾਏ ਹੋਏ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਨਿਰਾਸ਼ ਪੰਜਾਬ ਦੇ ਕਿਸਾਨਾਂ ਨੇ ਹੁਣ ਸਮਾਜ ਸੇਵੀ ਅੰਨਾ ਹਜ਼ਾਰੇ ਦਾ ਪੱਲਾ ਫੜਨ ਦਾ ਫ਼ੈਸਲਾ ਲਿਆ ਹੈ। ਅੰਨਾ ਹਜ਼ਾਰੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਵਲੋਂ 24 ਮਾਰਚ ਨੂੰ ਖੰਨਾ ਵਿਚ ਕੀਤੀ ਜਾ ਰਹੀ ਰੈਲੀ ਵਿਚ ਸ਼ਾਮਲ ਹੋ ਕੇ 'ਕੌਮੀ ਕਿਸਾਨ ਅੰਦੋਲਨ' ਦੀ ਸ਼ੁਰੂਆਤ ਕਰਨਗੇ। ਅੰਨਾ ਹਜ਼ਾਰੇ ਪੰਜਾਬ ਵਿਚ ਆਪਣਾ ਦੌਰਾ 21 ਮਾਰਚ ਨੂੰ ਦੁਪਹਿਰ ਸਮੇਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਨਤਮਸਤਕ ਹੋਣ ਨਾਲ ਸ਼ੁਰੂ ਕਰ ਰਹੇ ਹਨ। 22 ਮਾਰਚ ਨੂੰ ਉਹ ਜਲੰਧਰ ਵਿਚ ਇਕ ਪ੍ਰੋਗਰਾਮ ਵਿਚ ਸ਼ਾਮਲ ਹੋਣਗੇ ਤੇ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸ਼ਰਧਾ ਦੇ ਫੁੱਲ ਭੇਟ ਕਰਨਗੇ, 24 ਮਾਰਚ ਨੂੰ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਵਲੋਂ ਖੰਨਾ ਵਿਖੇ ਕਰਵਾਈ ਜਾ ਰਹੀ ਸੂਬਾ ਪੱਧਰੀ ਕਿਸਾਨ ਕਾਨਫਰੰਸ ਨੂੰ ਸੰਬੋਧਨ ਕਰਨਗੇ। ਦਿੱਲੀ ਵਿਚ

### ਬਾਦਲ ਤੋਂ ਨਿਰਾਸ਼ ਕਿਸਾਨਾਂ ਨੇ ਫੜਿਆ ਅੰਨਾ ਦਾ ਪੱਲਾ



ਵਿਸ਼ਾਲ ਧਰਨਾ ਦੇਣ ਦੀ ਯੋਜਨਾ ਤਹਿਤ ਪਤਾ ਲੱਗਾ ਹੈ ਕਿ ਸ੍ਰੀ ਅੰਨਾ ਹਜ਼ਾਰੇ 25 ਮਾਰਚ ਨੂੰ ਉਤਰ ਪ੍ਰਦੇਸ਼, 26 ਮਾਰਚ ਨੂੰ ਦਿੱਲੀ ਤੇ 27 ਮਾਰਚ ਨੂੰ ਰਾਜਸਥਾਨ ਦੇ ਕਿਸਾਨਾਂ ਦੇ ਇਕੱਠਾਂ ਵਿਚ ਸ਼ਾਮਲ ਹੋਣਗੇ। ਇਸ ਤੋਂ ਬਾਅਦ ਹੀ ਦਿੱਲੀ ਘੇਰਨ ਦਾ ਪ੍ਰੋਗਰਾਮ ਉਲੀਕਿਆ ਜਾਵੇਗਾ। ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਨੇ ਇਸ ਸੰਘਰਸ਼ ਵਿਚ ਕੁੱਦਣ ਦਾ ਫ਼ੈਸਲਾ ਕੀਤਾ ਹੈ। ਭਾਰਤੀ ਕਿਸਾਨ ਯੂਨੀਅਨ (ਡਕਾਦਾ) ਵੀ ਦਿੱਲੀ ਵਿਚ ਧਰਨਾ ਸ਼ੁਰੂ ਕਰ ਰਹੀ ਹੈ।

ਭੋਂ ਪ੍ਰਾਪਤੀ ਬਿੱਲ ਵਿਰੁਧ ਉਠਣ ਵਾਲੇ ਸੰਘਰਸ਼ ਨੂੰ ਪੰਜਾਬ ਵਿਚੋਂ ਵਧੇਰੇ ਬਲ ਮਿਲਣ ਦੀ ਸੰਭਾਵਨਾ ਕਾਰਨ ਹੀ ਅੰਨਾ ਹਜ਼ਾਰੇ ਆਪਣੀ ਯਾਤਰਾ ਛੱਡ ਕੇ ਇਥੇ ਆ ਰਹੇ ਹਨ। ਕੇਂਦਰ ਸਰਕਾਰ ਵਲੋਂ ਭੋਂ ਪ੍ਰਾਪਤੀ ਬਾਰੇ ਸੋਧ ਕੇ ਲਿਆਏ ਜਾ ਰਹੇ ਬਿੱਲ ਨੂੰ ਅਰਥਸ਼ਾਸਤਰੀ ਤੇ ਕਿਸਾਨ ਆਗੂ ਪੰਜਾਬ ਦਾ ਉਜਾੜਾ ਕਰਨ ਵਾਲਾ ਕਰਾਰ ਦੇ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਬਿੱਲ ਵਿਚ ਇਕ ਅਹਿਮ ਮਦ ਇਹ ਹੈ ਕਿ ਰੇਲਵੇ ਤੇ ਸੜਕੀ ਹਾਈਵੇਜ਼ ਦੇ ਨਾਲ ਦੋਵੇਂ ਪਾਸੀ ਇਕ-ਇਕ ਕਿਲੋਮੀਟਰ ਕਿਸਾਨਾਂ ਦੀ ਜ਼ਮੀਨ ਸਰਕਾਰ ਹਾਸਲ ਕਰ ਸਕੇਗੀ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਤੇ ਇਥੇ ਅਜੇ ਵੀ 55 ਫੀਸਦੀ ਤੋਂ ਵੱਧ ਵਸੋਂ ਖੇਤੀ ਉਪਰ ਹੀ ਨਿਰਭਰ ਹੈ। ਹਾਈਵੇਜ਼ ਦੁਆਲੇ ਜ਼ਮੀਨ ਹਾਸਲ ਕਰਨ ਨਾਲ ਕਿਸਾਨਾਂ ਦਾ ਵੱਡੀ ਪੱਧਰ 'ਤੇ ਉਜਾੜਾ ਹੋਵੇਗਾ। ਅੰਮ੍ਰਿਤਸਰ ਤੋਂ ਸ਼ੰਭੂ ਬਾਰਡਰ ਤੇ ਅੰਮ੍ਰਿਤਸਰ ਤੋਂ ਨਾਂਦੇੜ ਸਾਹਿਬ ਨੂੰ ਜੋੜੇ ਜਾਣ ਵਾਲੇ ਕੋਰੀਡਾਰ ਦੁਆਲੇ ਹੀ 12-13 ਸੌ ਕਿਲੋਮੀਟਰ ਜ਼ਮੀਨ ਉਜਾੜੇ ਹੇਠ ਆ ਸਕਦੀ ਹੈ। ਇਸੇ ਤਰ੍ਹਾਂ ਰਾਜ ਅੰਦਰ ਹੋਰ ਕਈ ਮੁੱਖ ਸੜਕਾਂ ਹਨ।

### ਬਾਦਲ ਨੇ ਪੰਜਾਬ ਦੇ ਕਿਸਾਨਾਂ ਨਾਲ ਧ੍ਰੋਹ ਕਮਾਇਆ: ਸਰਨਾ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕੇਂਦਰ ਦੀ ਮੋਦੀ ਸਰਕਾਰ ਵਲੋਂ ਪਾਸ ਕੀਤੇ ਗਏ ਭੂਮੀ ਗ੍ਰਹਿਣ ਬਿੱਲ ਨੂੰ ਕਿਸਾਨ ਵਿਰੋਧੀ ਕਹਿੰਦੇ ਹੋਏ ਦੋਸ਼ ਲਾਇਆ ਕਿ ਇਸ ਬਿੱਲ ਦੀ ਹਮਾਇਤ ਕਰਕੇ ਕਿਸਾਨ-ਹਿਤੈਸ਼ੀ ਅਖਵਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਪੰਜਾਬ ਦੇ ਕਿਸਾਨਾਂ ਦੀ ਪਿੱਠ 'ਤੇ ਛੁਰਾ ਮਾਰਿਆ ਹੈ।

ਸ. ਸਰਨਾ ਨੇ ਕਿਹਾ ਕਿ ਭਾਜਪਾ ਨੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਦੀ ਸ਼ੁਰੂਆਤ ਗੁਜਰਾਤ ਦੇ ਕੱਛ ਖੇਤਰ ਦੇ ਕਿਸਾਨਾਂ ਦੀਆਂ ਜ਼ਮੀਨਾਂ ਉਤੇ ਕਬਜ਼ਾ ਕਰਨ ਤੋਂ ਕੀਤੀ ਸੀ, ਜਦੋਂਕਿ ਉਥੇ ਅਦਾਲਤ ਨੇ ਫ਼ੈਸਲਾ ਵੀ ਕਿਸਾਨਾਂ ਦੇ ਹੱਕ ਵਿਚ ਦਿੱਤਾ ਸੀ। ਭਾਜਪਾ ਦੀ ਸਹਿਯੋਗੀ ਪਾਰਟੀ ਸ਼ਿਵ ਸੈਨਾ ਦੇ ਸੰਸਦ ਮੈਂਬਰਾਂ ਨੇ ਸੰਸਦ ਤੋਂ ਵਾਕਆਊਟ ਕਰਕੇ ਮੌਜਦਾ ਭੂਮੀ ਗ੍ਰਹਿਣ ਬਿੱਲ ਨੂੰ ਕਿਸਾਨੀ ਵਿਰੋਧੀ ਕਰਾਰ ਦਿੱਤਾ ਹੈ ਪਰ ਪੰਜਾਬ ਦੇ ਕਿਸਾਨਾਂ ਦੀਆਂ ਵੋਟਾਂ ਲੈ ਕੇ ਸੱਤਾ ਦਾ ਸੁੱਖ ਭੋਗਣ ਵਾਲੇ ਅਕਾਲੀ ਦਲ (ਬਾਦਲ) ਨੇ ਹਰਸਿਮਰਤ ਕੌਰ ਬਾਦਲ ਦਾ ਮੰਤਰੀ ਅਹੁਦਾ ਬਚਾਉਣ ਲਈ ਇਸ ਬਿੱਲ ਦੀ ਹਮਾਇਤ ਕਰਕੇ ਕਿਸਾਨਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ।

## ...ਤੇ ਸੂਬੇਦਾਰ ਨੇ ਇੰਜ ਕੀਤਾ ਬਾਦਲ ਦੀ ਸਰਕਾਰ ਨੂੰ ਠਿੱਠ

**ਨਵਾਂ ਸ਼ਹਿਰ:** ਸਰਕਾਰ ਤੇ ਪ੍ਰਸ਼ਾਸਨ ਨੂੰ ਸ਼ਰਮਸਾਰ ਕਰਨ ਲਈ ਪਿੰਡ ਹਿਆਲਾ ਦੇ ਸੂਬੇਦਾਰ ਸਵਰਨ ਸਿੰਘ ਨੇ ਆਪਣੀ ਸ਼ਿਕਾਇਤ ਦੀ ਦੂਜੀ ਵਰ੍ਹੇਗੰਢ ਮਨਾਈ। ਸਵਰਨ ਸਿੰਘ ਦਾ ਕਹਿਣਾ ਹੈ ਕਿ 13 ਮਾਰਚ 2013 ਨੂੰ ਉਸ ਨੇ ਡੀਸੀ ਦਫ਼ਤਰ ਵਿਚ ਪਿੰਡ ਹਿਆਲਾ ਦੀ ਪੰਚਾਇਤ ਖ਼ਿਲਾਫ ਸ਼ਿਕਾਇਤ ਕਰਕੇ ਘਪਲਿਆਂ ਦੀ ਜਾਂਚ ਮੰਗੀ ਸੀ ਪਰ ਅੱਜ ਦੋ ਸਾਲ ਬੀਤਣ 'ਤੇ ਵੀ ਕੋਈ ਕਾਰਵਾਈ ਨਹੀਂ ਹੋ ਸਕੀ।

ਇਸ ਤੋਂ ਇਲਾਵਾ ਵੱਖ-ਵੱਖ ਘਪਲਿਆਂ ਬਾਰੇ ਪੁਲਿਸ ਅਧਿਕਾਰੀਆਂ, ਡੀ.ਡੀ.ਪੀ.ਓ. ਤੇ ਐਸ.ਡੀ.ਓ. ਪੰਚਾਇਤੀ ਰਾਜ ਨੂੰ ਕਈ ਦਰਖ਼ਾਸਤਾਂ ਦਿੱਤੀਆਂ ਤੇ ਦਫ਼ਤਰਾਂ ਦੇ ਬਥੇਰੇ ਗੇੜੇ ਕੱਢੇ ਪਰ ਅਧਿਕਾਰੀਆਂ ਨੇ ਲਾਰਿਆਂ ਨਾਲ ਹੀ ਸਾਰ ਦਿੱਤਾ। ਸੂਬੇਦਾਰ ਸਵਰਨ ਸਿੰਘ ਨੇ ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਤੋਂ ਮੰਗ ਕੀਤੀ ਕਿ ਉਸ ਦੀ ਸੁਣਵਾਈ ਯਕੀਨੀ ਬਣਾਈ ਜਾਵੇ ਤੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ।




## ਭਾਜਪਾ ਦੀ ਕੌਮੀ ਕਮੇਟੀ 'ਚ ਨਵਜੋਤ ਸਿੱਧੂ ਦੀ ਚੋਣ

**ਨਵੀਂ ਦਿੱਲੀ:** ਭਾਜਪਾ ਨੇ ਪਾਰਟੀ ਦੀ ਕੌਮੀ ਕਾਰਜਕਾਰਨੀ ਦਾ ਮੁੜ ਗਠਨ ਕਰਦਿਆਂ ਕੇਂਦਰੀ ਮੰਤਰੀ ਸਮਰਿਤੀ ਇਰਾਨੀ, ਨਜਮਾ ਹੈਪਤੁਲਾ ਤੇ ਹੇਮਾ ਮਾਲਿਨੀ ਨੂੰ ਬਾਹਰ ਕਰ ਦਿੱਤਾ ਹੈ। ਨਵੀਂ ਕਾਰਜਕਾਰਨੀ ਵਿਚ ਪੰਜਾਬ ਤੋਂ ਭਾਜਪਾ ਆਗੂ ਨਵਜੋਤ ਸਿੱਧੂ, ਗੁਰਦਾਸਪੁਰ ਤੋਂ ਸੰਸਦ ਮੈਂਬਰ ਵਿਨੋਦ ਖੰਨਾ ਤੇ ਸੀਨੀਅਰ ਆਗੂ ਅਵਿਨਾਸ਼ ਰਾਏ ਖੰਨਾ ਨੂੰ ਸ਼ਾਮਲ ਕੀਤਾ ਗਿਆ ਹੈ। ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਅਸ਼ਵਨੀ ਸ਼ਰਮਾ ਜੋ ਪਠਾਨਕੋਟ ਤੋਂ ਐਮ.ਐਲ.ਏ. ਹਨ, ਨੂੰ ਵੀ ਕਮੇਟੀ ਵਿਚ ਸ਼ਾਮਲ ਕੀਤਾ ਗਿਆ ਹੈ।

ਨਵੀਂ ਕਾਰਜਕਾਰਨੀ ਵਿਚ ਕਈ ਨਵੇਂ ਆਗੂ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਵਿਚ ਹਾਲ ਹੀ ਵਿਚ ਭਾਜਪਾ ਵਿਚ ਸ਼ਮੂਲੀਅਤ ਕਰਨ ਵਾਲਾ ਸੁਰੇਸ਼ ਪ੍ਰਭੂ, ਰਾਓ ਇੰਦਰਜੀਤ ਸਿੰਘ ਤੇ ਬੀਰੇਂਦਰ ਸਿੰਘ ਸ਼ਾਮਲ ਹਨ। ਇਹ ਸਾਰੇ ਆਗੂ ਕੇਂਦਰ ਸਰਕਾਰ ਵਿਚ ਮੰਤਰੀ ਹਨ। ਪਾਰਟੀ ਦੀ 178 ਮੈਂਬਰੀ ਟੀਮ ਵਿਚ ਸੂਬਿਆਂ ਦੇ ਮੁੱਖ ਮੰਤਰੀਆਂ ਜਿਨ੍ਹਾਂ 'ਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੀ ਹਨ ਤੇ ਉਪ ਮੁੱਖ ਮੰਤਰੀਆਂ ਨੂੰ ਸਥਾਈ ਇਨਵਾਇਟੀਆਂ ਵਜੋਂ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਇਨਵਾਇਟੀਆਂ ਦੀ ਗਿਣਤੀ 27 ਹੈ ਤੇ 40 ਮੈਂਬਰ ਸਪੈਸ਼ਲ ਇਨਵਾਇਟੀ ਹਨ।

## ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਨੇ ਸਿੱਖਾਂ ਲਈ ਮਾਰਿਆ ਹਾਅ ਦਾ ਨਾਅਰਾ

**ਮੈਲਬਰਨ:** ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਜਾਨ ਕੀ ਨੇ ਉਨ੍ਹਾਂ ਸਿੱਖਾਂ ਪ੍ਰਤੀ ਦੀ ਹਮਦਰਦੀ ਪ੍ਰਗਟਾਈ ਹੈ ਜਿਨ੍ਹਾਂ ਨੂੰ ਜ਼ਿੰਬਾਬਵੇ ਵਿਰੁਧ ਭਾਰਤ ਦਾ ਮੁਕਾਬਲਾ ਵੇਖਣ ਲਈ ਮੈਦਾਨ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਮਿਲੀ ਸੀ, ਕਿਉਂਕਿ ਉਨ੍ਹਾਂ ਕੋਲ ਕਿਰਪਾਨ ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਨਿਯਮ ਕੌਮਾਂਤਰੀ ਕ੍ਰਿਕਟ ਕੌਂਸਲ ਨੇ ਤੈਅ ਕੀਤੇ ਹਨ ਕਿ ਨਿਊਜ਼ੀਲੈਂਡ ਦੇ ਕ੍ਰਿਕਟ ਖੇਡਣ ਵਾਲੀਆਂ ਥਾਂਵਾਂ 'ਤੇ ਕੀ ਲਿਆਂਦਾ ਜਾ ਸਕਦਾ ਹੈ। ਸਨਿਚਰਵਾਰ ਸੱਤ ਸਿੱਖਾਂ ਨੂੰ ਈਡਨ ਪਾਰਕ ਵਿਚ ਭਾਰਤ ਤੇ ਜ਼ਿੰਬਾਬਵੇ ਵਿਚਕਾਰ ਹੋਣ ਵਾਲਾ ਮੁਕਾਬਲਾ ਵੇਖਣ ਜਾਣ ਤੋਂ ਰੋਕ ਦਿੱਤਾ ਗਿਆ ਸੀ। ਇਸ ਬਾਬਤ ਜਾਨ ਕੀ ਨੇ ਕਿਹਾ ਕਿ ਇਹ ਉਨ੍ਹਾਂ ਦਾ ਟੂਰਨਾਮੈਂਟ ਹੈ, ਸਾਡਾ ਨਹੀਂ। ਇਸ ਲਈ ਅਸੀਂ ਉਨ੍ਹਾਂ ਨੂੰ ਨਹੀਂ ਦੱਸ ਸਕਦੇ ਕਿ ਕੀ ਕਰਨਾ ਹੈ ਤੇ ਕੀ ਨਹੀਂ। ਪਿਛਲੇ ਹਫ਼ਤੇ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਨੇ ਸਿੱਖਾਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦੀ ਸਥਿਤੀ 'ਤੇ ਹਮਦਰਦੀ ਜ਼ਾਹਰ ਕੀਤੀ। ਸਿੱਖਾਂ ਦੇ ਪੰਜ ਕੱਕਾਰਾਂ ਵਿਚ ਸ਼ਾਮਲ ਕਿਰਪਾਨ ਨੂੰ ਆਈ.ਸੀ.ਸੀ. ਹਥਿਆਰ ਮੰਨਦਾ ਹੈ। ਜਾਨ ਕੀ ਨੇ ਕਿਹਾ ਕਿ

### ਸਟੇਡੀਅਮ 'ਚ ਕਿਰਪਾਨ ਲਿਜਾਣ ਦਾ ਕੇਸ



ਕਿਰਪਾਨ ਬਾਰੇ ਮੇਰਾ ਮੰਨਣਾ ਹੈ ਕਿ ਇਹ ਕਾਫ਼ੀ ਛੋਟੀ ਤੇ ਖੁੰਢੀ ਧਾਰ ਵਾਲੀ ਹੁੰਦੀ ਹੈ। ਜੇ ਤੁਸੀਂ ਇਹ ਕਹਿਣਾ ਚਾਹੁੰਦੇ ਹੋ ਕਿ ਇਸ ਨਾਲ ਕਿਸੇ ਨੂੰ ਨੁਕਸਾਨ ਪਹੁੰਚ ਸਕਦਾ ਹੈ ਤਾਂ ਮੈਦਾਨ ਵਿਚ ਕਈ ਹੋਰ ਚੀਜ਼ਾਂ ਹਨ ਜਿਨ੍ਹਾਂ ਨਾਲ ਨੁਕਸਾਨ ਪਹੁੰਚਾਏ ਜਾਣ ਦੀ ਸੰਭਾਵਨਾ ਹੈ, ਜਿਵੇਂ ਵਾਈਨ ਦੀ ਬੋਤਲ ਜਾਂ ਇਸ ਵਰਗੀ ਕੋਈ ਹੋਰ ਚੀਜ਼।

# 'ਸਿੱਖਾਂ ਨੂੰ ਵੱਖਰੀ ਕੌਮ ਹੋਣ ਲਈ ਕਿਸੇ ਸਰਟੀਫਿਕੇਟ ਦੀ ਲੋੜ ਨਹੀਂ'

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦੇ ਸੀਨੀਅਰ ਆਗੂ ਤੇ ਪੰਜਾਬ ਦੇ ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਇਥੇ ਕਿਹਾ ਹੈ ਕਿ ਸਿੱਖ ਇਕ ਵੱਖਰੀ ਕੌਮ ਹਨ ਤੇ ਇਸ ਬਾਰੇ ਉਨ੍ਹਾਂ ਨੂੰ ਕਿਸੇ ਤੋਂ ਕੋਈ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੈ। ਸਿੱਖ ਐਜੂਕੇਸ਼ਨਲ ਸੁਸਾਇਟੀ ਵਲੋਂ ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਵਿਚ 'ਬਹੁ ਗਿਣਤੀ ਭਾਰਤੀ ਸਟੇਟ ਵਿਚ ਸਿੱਖ ਘੱਟ ਗਿਣਤੀ ਦਾ ਸਥਾਨ' ਵਿਸ਼ੇ ਉਤੇ ਕਰਵਾਏ ਗਏ ਜਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਸੈਮੀਨਾਰ ਮੌਕੇ ਬੋਲਦਿਆਂ ਜਥੇਦਾਰ ਤੋਤਾ ਸਿੰਘ ਨੇ ਕਿਹਾ ਕਿ ਪੂਰੀ ਦੁਨੀਆਂ ਵਿਚ ਸਿੱਖਾਂ ਦੀ ਵੱਖਰੀ ਪਛਾਣ ਤੇ ਹਸਤੀ ਹੋਣ ਦੇ ਨਾਲ-ਨਾਲ ਵੱਖਰਾ ਧਰਮ, ਧਾਰਮਿਕ ਗ੍ਰੰਥ, ਖਿੱਤਾ, ਬੋਲੀ ਤੇ ਸਭਿਆਚਾਰ ਹੈ, ਇਸ ਲਈ ਇਹ ਵਿਲੱਖਣ ਤੇ ਵਿਸ਼ੇਸ਼ ਲੱਛਣਾਂ ਵਾਲੀ ਇਕ ਵੱਖਰੀ ਕੌਮ ਹੈ।

ਅਕਾਲੀ ਆਗੂ ਨੇ ਕਿਹਾ ਕਿ ਹਿੰਦੋਸਤਾਨ ਦੀ ਆਜ਼ਾਦੀ ਤੇ ਰੱਖਿਆ ਲਈ ਸਿੱਖਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ, ਇਸ ਲਈ ਇਸ ਮੁਲਕ ਉਤੇ ਸਭ ਤੋਂ ਪਹਿਲਾ ਹੱਕ ਸਿੱਖਾਂ ਦਾ ਹੀ ਹੈ। ਮੁਲਕ ਵਿਚ ਘੱਟ ਗਿਣਤੀ ਹੋਣ ਦੀ ਵਜ੍ਹਾ ਕਰਕੇ ਸਿੱਖਾਂ ਨਾਲ ਹੋਈਆਂ ਬੇਇਨਸਾਫੀਆਂ ਤੇ ਧੱਕੇਸ਼ਾਹੀਆਂ ਕਾਰਨ ਹੀ ਉਨ੍ਹਾਂ ਦੇ ਮਨਾਂ ਵਿਚ ਪੈਦਾ ਹੋਏ ਬੇਗਾਨਗੀ ਦੇ ਅਹਿਸਾਸ ਨੂੰ ਦੂਰ ਕਰਨ ਦੀ ਲੋੜ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ

### ਭਾਈ ਗੁਰਮੇਜ ਸਿੰਘ ਡਾ. ਮਹੀਪ ਸਿੰਘ ਜਥੇਦਾਰ ਟੌਹੜਾ ਪੁਰਸਕਾਰ ਨਾਲ ਸਨਮਾਨਤ



ਨੂੰ ਭਾਵ ਭਿੰਨੀ ਸ਼ਰਧਾਜਲੀ ਭੇਟ ਕਰਦਿਆਂ ਖੇਤੀ ਮੰਤਰੀ ਨੇ ਕਿਹਾ ਕਿ ਪੰਥਕ ਦਰਦ ਰੱਖਣ ਵਾਲੇ ਸਾਡੇ ਸਮਿਆਂ ਦੇ ਉਹ ਇਕੋ ਇਕ ਈਮਾਨਦਾਰ ਆਗੂ ਸਨ।

ਪੰਜਾਬ ਦੇ ਮੁੱਖ ਮੰਤਰੀ ਦੇ ਮੀਡੀਆ ਤੇ ਕੌਮੀ ਮਾਮਲਿਆਂ ਬਾਰੇ ਸਲਾਹਕਾਰ ਹਰਚਰਨ ਬੈਂਸ ਨੇ ਕਿਹਾ ਕਿ ਪਿਛਲੇ ਪੰਜਾਹ ਸਾਲਾਂ ਵਿਚ ਸਿੱਖ ਭਾਈਚਾਰਾ ਆਪਣਾ ਰਾਜਸੀ ਨਿਸ਼ਾਨਾ ਹੀ ਤੈਅ ਨਹੀਂ ਕਰ ਸਕਿਆ। ਸਿੱਖਾਂ ਨੂੰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੇ ਦੂਜੇ ਸ਼ਹਿਰੀਆਂ ਦੀ ਤਰ੍ਹਾਂ ਮੁਲਕ ਦੇ ਵੋਟਰ ਹੋਣ ਵਿਚ ਮਾਣ ਮਹਿਸੂਸ ਕਰਨਾ ਹੈ ਜਾਂ ਸ਼ਰਮਿੰਦਾ ਹੋਣਾ ਹੈ। ਸ੍ਰੀ ਬੈਂਸ ਨੇ ਕਿਹਾ ਕਿ ਸਿੱਖਾਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਕੀ ਉਨ੍ਹਾਂ ਨੂੰ ਵੱਖਰੀ ਸਟੇਟ ਚਾਹੀਦੀ ਹੈ, ਤੇ ਜੇਕਰ ਚਾਹੀਦੀ ਹੈ ਤਾਂ ਕੀ ਇਹ ਹਾਸਲ ਕਰਨੀ ਸੰਭਵ ਹੈ? ਉਨ੍ਹਾਂ ਕਿਹਾ ਕਿ ਸਿੱਖ ਮਾਮਲਿਆਂ ਬਾਰੇ ਗੱਲਾਂ ਕਰਨ ਵਾਲੇ ਵਿਦਵਾਨਾਂ ਨੂੰ ਚਾਹੀਦਾ ਹੈ ਕਿ ਉਹ ਇਹ ਵੀ ਦੱਸਣ ਕਿ ਸਿੱਖ ਉਮੰਗਾਂ ਕੀ ਹਨ ਤੇ ਇਕ ਭਾਈਚਾਰੇ ਦੇ ਤੌਰ ਉਤੇ ਉਨ੍ਹਾਂ ਨੂੰ ਇਸ ਮੁਲਕ ਵਿਚ ਕੀ ਹਾਸਲ ਨਹੀਂ ਹੈ। ਸ੍ਰੀ ਬੈਂਸ ਨੇ ਕਿਹਾ ਕਿ ਵੱਖਰੀ ਰਾਜਸੀ ਪਛਾਣ ਦਾ ਰਾਹ ਨਿਸ਼ਚੇ ਹੀ ਖਾਲਿਸਤਾਨ ਵੱਲ ਜਾਂਦਾ ਹੈ ਅਤੇ ਇਹ ਸੋਚ ਲੈਣਾ ਚਾਹੀਦਾ ਹੈ ਕਿ ਕੀ ਇਹ ਸਿੱਖ ਭਾਈਚਾਰੇ ਦੇ ਹਿੱਤ ਵਿਚ ਹੈ?

ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ ਸੈਮੀਨਾਰ ਵਿਚ ਆਪਣਾ ਥੀਮ ਪੇਪਰ ਪੇਸ਼ ਕਰਦਿਆਂ ਕਿਹਾ ਕਿ ਦੁਨੀਆਂ ਦੀ ਹਰ ਨੇਸ਼ਨ ਸਟੇਟ ਵਾਂਗ ਹੀ ਭਾਰਤੀ ਨੇਸ਼ਨ ਸਟੇਟ ਵਿਚ ਵੀ ਸਿੱਖਾਂ ਸਮੇਤ ਕਿਸੇ ਵੀ ਘੱਟ-ਗਿਣਤੀ ਦੀ ਕੋਈ ਰਾਜਸੀ ਹੋਂਦ ਨਹੀਂ ਹੈ। ਉਨ੍ਹਾਂ ਕਿਹਾ ਕਿ ਜਦ ਤੱਕ ਭਾਰਤੀ ਵਿਚ ਮੌਜੂਦਾ ਸਰੂਪ ਤੇ ਢਾਂਚਾ ਮੌਜੂਦ ਹੈ ਉਸ ਸਮੇਂ ਤੱਕ ਘੱਟ-ਗਿਣਤੀਆਂ ਦਾ ਇਸ ਦੇ ਜੂਲ੍ਹੇ ਵਿਚੋਂ ਨਿਕਲ ਸਕਣਾ ਅਸੰਭਵ ਜਾਪਦਾ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਸਿੱਖ ਲੀਡਰਸ਼ਿਪ ਮੁਲਕ ਦੇ ਬਟਵਾਰੇ ਸਮੇਂ ਇਹ ਸਮਝਣ ਵਿਚ ਪੂਰੀ ਤਰ੍ਹਾਂ ਅਸਫਲ ਰਹੀ ਕਿ ਪੱਛਮੀ ਤਰਜ਼ ਦੇ ਸਿਰਾਂ ਦੀ ਗਿਣਤੀ ਦੇ ਆਧਾਰਤ ਲੋਕਰਾਜੀ ਢਾਂਚੇ ਉਤੇ ਉਸਰਨ ਵਾਲੇ ਮੁਲਕ ਵਿਚ ਉਨ੍ਹਾਂ ਦੀ ਹੋਣੀ ਕੀ ਹੋਵੇਗੀ। ਉੱਘੇ ਚਿੰਤਕ ਡਾ. ਕੇਹਰ ਸਿੰਘ ਨੇ ਨਿੱਜੀ ਸਿੱਖ ਪਛਾਣ ਅਤੇ ਭਾਈਚਾਰਕ ਪਛਾਣ ਤੇ ਕੌਮੀ ਮਾਮਲਿਆਂ ਬਾਰੇ ਆਪਣੇ ਵਿਚਾਰ ਰੱਖੇ। ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਨੇ ਕਿਹਾ ਕਿ ਸਿੱਖੀ ਨੂੰ ਸਿੱਖ ਸਿਆਸਤਦਾਨਾਂ ਤੋਂ ਬਚਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਿੱਖੀ ਵੱਲ ਪਿੱਠ ਕਰਕੇ ਤੁਰ ਰਹੇ ਸਿਆਸਤਦਾਨਾਂ ਵਲੋਂ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਪੈਦਾ ਕੀਤੇ ਮਨ ਚਾਹੇ ਹਾਲਾਤ ਦਾ ਖਮਿਆਜ਼ਾ ਪੂਰਾ ਸਿੱਖ ਭਾਈਚਾਰਾ ਭੁਗਤ ਰਿਹਾ ਹੈ।

ਸੁਸਾਇਟੀ ਦੇ ਪ੍ਰਧਾਨ ਗੁਰਦੇਵ ਸਿੰਘ ਨੇ ਵਿਦਵਾਨਾਂ ਤੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਆਮਦ ਸਾਡੇ ਲਈ ਹਮੇਸ਼ਾ ਹੀ ਪ੍ਰੇਰਨਾ ਦਾ ਸ੍ਰੋਤ ਰਹੀ ਹੈ। ਸਮਾਗਮ ਦੇ ਸ਼ੁਰੂ ਵਿਚ ਸੁਸਾਇਟੀ ਦੇ ਸਕੱਤਰ ਕਰਨਲ (ਸੇਵਾ ਮੁਕਤ) ਜਸਮੇਰ ਸਿੰਘ ਬਾਲਾ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਸੁਸਾਇਟੀ ਦੀਆਂ ਸਰਗਰਮੀਆਂ ਸਬੰਧੀ ਚਾਨਣਾ ਪਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਇਸ ਮੌਕੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਨ ਦੇ ਨਾਲ ਨਾਲ ਮਹੱਤਵਪੂਰਨ ਰਾਜਸੀ ਘਟਨਾਵਾਂ ਦਾ ਪਿਛੋਕੜ ਵੀ ਦਸਿਆ। ਸੁਸਾਇਟੀ ਵਲੋਂ ਹਰ ਵਰ੍ਹੇ ਦਿੱਤੇ ਜਾਣ ਵਾਲੇ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਪੁਰਸਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਰੇਲ ਲਿੱਪੀ ਵਿਚ ਪ੍ਰਕਾਸ਼ਤ ਕਰਾਉਣ ਵਾਲੇ ਉੱਘੇ ਰਾਗੀ ਭਾਈ ਗੁਰਮੇਜ ਸਿੰਘ ਤੇ ਉੱਘੇ ਸਾਹਿਤਕਾਰ ਡਾ. ਮਹੀਪ ਸਿੰਘ ਨੂੰ ਪ੍ਰਦਾਨ ਕੀਤੇ ਗਏ।

# ਪੰਜਾਬ ਸਰਕਾਰ ਦਾ ਐਤਕੀਂ ਸ਼ਰਾਬ ਤੋਂ ਚੋਖੇ ਪੈਸੇ ਵੱਟਣ ਦਾ ਟੀਚਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਆਉਂਦੇ ਵਿੱਤੀ ਵਰ੍ਹੇ ਤੋਂ ਸ਼ਰਾਬ ਤੋਂ 5040 ਕਰੋੜ ਰੁਪਏ ਵੱਟਣ ਦਾ ਟੀਚਾ ਰੱਖਿਆ ਹੈ। ਸੂਬਾਈ ਵਜ਼ਾਰਤ ਵਲੋਂ ਮਨਜ਼ੂਰ ਕੀਤੀ ਗਈ ਨਵੀਂ ਆਬਕਾਰੀ ਨੀਤੀ ਮੁਤਾਬਕ ਸਰਕਾਰ ਨੂੰ ਪਿਛਲੇ ਸਾਲ ਨਾਲੋਂ 360 ਕਰੋੜ ਰੁਪਏ ਦਾ ਵਾਧੂ ਮਾਲੀਆ ਮਿਲੇਗਾ। ਸਰਕਾਰ ਨੇ ਭਾਵੇਂ ਸ਼ਰਾਬ ਦੇ ਭਾਅ 'ਤੇ ਕੰਟਰੋਲ ਕਰਕੇ ਬੋਤਲ ਦਾ ਮੁੱਲ ਚਲੰਤ ਮਾਲੀ ਸਾਲ ਦੇ ਬਰਾਬਰ ਰੱਖਣ ਦਾ ਦਾਅਵਾ ਕੀਤਾ ਹੈ ਪਰ ਆਬਕਾਰੀ ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਅੰਗਰੇਜ਼ੀ ਸ਼ਰਾਬ ਦੀ ਬੋਤਲ ਮੌਜੂਦਾ ਭਾਅ ਨਾਲੋਂ 15 ਤੋਂ 20 ਰੁਪਏ ਮਹਿੰਗੀ ਮਿਲੇਗੀ। ਸਰਕਾਰ ਨੇ 360 ਕਰੋੜ ਰੁਪਏ ਦਾ ਵਾਧੂ ਮਾਲੀਆ ਇੰਸੀਡੈਂਟਸ ਚਾਰਜਿਜ਼ ਰਾਹੀਂ ਇਕੱਤਰ ਕਰਨ ਦਾ ਟੀਚਾ ਮਿੱਥਿਆ ਹੈ।

ਸਰਕਾਰ ਵਲੋਂ ਇਸ ਸਮੇਂ ਪ੍ਰਤੀ ਪਰੂਫ ਲਿਟਰ 243 ਰੁਪਏ ਵੱਟੇ ਜਾਂਦੇ ਹਨ ਜੋ ਵਧਾ ਕੇ 255 ਰੁਪਏ ਕਰ ਦਿੱਤੇ ਹਨ। ਕਰ ਤੇ ਆਬਕਾਰੀ ਕਮਿਸ਼ਨਰ ਅਨੁਰਾਗ ਵਰਮਾ ਦਾ ਕਹਿਣਾ ਹੈ ਕਿ ਇੰਸੀਡੈਂਟਲ ਚਾਰਜਿਜ਼ ਵਧਣ ਕਾਰਨ ਮਹਿਜ਼ ਪੰਜ ਕੁ ਰੁਪਏ ਪ੍ਰਤੀ ਬੋਤਲ ਦਾ ਵਾਧਾ ਹੋ ਸਕਦਾ ਹੈ। ਨਵੀਂ ਨੀਤੀ ਰਾਹੀਂ ਸ਼ਰਾਬ ਦਾ ਕੋਟਾ ਵਧਾ ਕੇ ਵੀ ਠੇਕੇਦਾਰਾਂ ਨੂੰ ਮਾਲੀ ਰਾਹਤ ਦੇਣ ਦਾ ਯਤਨ ਕੀਤਾ ਹੈ। ਮੈਰਿਜ ਪੈਲੇਸਾਂ ਵਿਚ ਸ਼ਾਦੀਆਂ ਕਰਨ ਵਾਲਿਆਂ ਨੂੰ ਰਾਹਤ ਦਿੰਦਿਆਂ ਸਰਕਾਰ ਨੇ ਪੈਲੇਸ ਦੇ ਸਰਕਲ ਵਿਚੋਂ ਕਿਸੇ ਵੀ ਠੇਕੇ ਤੋਂ ਸ਼ਰਾਬ ਖ਼ਰੀਦਣ ਦੀ ਖੁੱਲ੍ਹ ਦੇ ਕੇ ਵਿਆਹਾਂ ਵਿਚ ਠੇਕੇਦਾਰਾਂ ਵਲੋਂ ਮਾਰੇ ਜਾਂਦੇ ਛਾਪਿਆਂ ਉਤੇ ਵੀ ਪਾਬੰਦੀ ਲਗਾ ਦਿੱਤੀ ਹੈ।

ਸੂਚਨਾ ਅਨੁਸਾਰ ਚਾਲੂ ਮਾਲੀ ਸਾਲ ਦੌਰਾਨ ਸ਼ਰਾਬ ਦੇ ਵਪਾਰ ਵਿਚ ਬੇਲੋੜੇ ਵਪਾਰਕ ਮੁਕਾਬਲੇ ਕਾਰਨ ਕੋਈ 30 ਪ੍ਰਤੀਸ਼ਤ ਵਪਾਰੀਆਂ ਨੂੰ ਨੁਕਸਾਨ ਉਠਾਉਣਾ ਪਿਆ ਜਦਕਿ ਕੋਈ 40 ਪ੍ਰਤੀਸ਼ਤ ਸ਼ਰਾਬ ਦੇ ਵਪਾਰੀਆਂ ਨੂੰ ਮੁਨਾਫ਼ਾ ਮਿਲਿਆ ਤੇ ਬਾਕੀ ਸਿਰਫ ਆਪਣੇ ਖਰਚੇ ਪੂਰੇ ਕਰ ਸਕੇ। ਸੂਬੇ ਵਿਚ ਠੇਕਿਆਂ ਦੀ ਨਿਲਾਮੀ ਦੀ ਪ੍ਰਕਿਰਿਆ ਸ਼ੁਰੂ ਹੋਣ ਨਾਲ ਰਾਜ ਸਰਕਾਰ ਨੂੰ 31 ਮਾਰਚ ਤੱਕ ਕੋਈ 500 ਕਰੋੜ ਰੁਪਏ ਦੀ ਰਾਸ਼ੀ ਮਿਲ ਜਾਵੇਗੀ, ਜੋ ਠੇਕੇਦਾਰਾਂ ਤੋਂ 10 ਪ੍ਰਤੀਸ਼ਤ ਸਕਿਉਰਿਟੀ ਦੇ ਰੂਪ ਵਿਚ ਮਿਲਣੀ ਹੈ।

ਇਸ ਵਾਰ ਵਿਭਾਗ ਵਲੋਂ ਖਪਤਕਾਰਾਂ ਦੀ ਮੰਗ ਦੇ ਮੱਦੇਨਜ਼ਰ 75 ਡਿਗਰੀ ਵਾਲੀ ਦੇਸ਼ੀ ਸ਼ਰਾਬ ਵੀ ਮੁਹੱਈਆ ਕਰਾਈ ਜਾਏਗੀ। ਪਹਿਲਾਂ ਘੱਟ ਨਸ਼ੇ ਵਾਲੀ ਦੇਸ਼ੀ ਸ਼ਰਾਬ ਉਪਲੱਬਧ ਸੀ। ਦੇਸ਼ ਵਿਚ ਬਣੀ ਸ਼ਰਾਬ ਦਾ ਕੋਟਾ ਚਾਲੂ ਸਾਲ ਦੇ 9.50 ਕਰੋੜ ਪਰੂਫ ਲਿਟਰ ਦੇ ਮੁਕਾਬਲੇ 9.80 ਕਰੋੜ ਪਰੂਫ ਲਿਟਰ ਰੱਖਿਆ ਗਿਆ ਹੈ। ਭਾਰਤ ਦੀ ਬਣੀ ਵਿਦੇਸ਼ੀ ਸ਼ਰਾਬ (ਆਈ.ਐਮ.ਐਫ.ਐਲ.) ਦਾ ਕੋਟਾ ਮੌਜੂਦਾ 4.5 ਕਰੋੜ ਪਰੂਫ ਲਿਟਰ ਦੇ ਬਰਾਬਰ ਰੱਖਿਆ ਗਿਆ ਹੈ। ਇਸ ਸਾਲ ਡੱਬਾ ਬੰਦ ਬੀਅਰ (ਲਾਈਟ ਤੇ ਸਟਰਾਂਗ ਦੋਵੇਂ) ਨੂੰ ਲਾਈਟ ਬੀਅਰ ਦੀ ਡਿਊਟੀ ਉਤੇ ਉਪਲਬਧ ਕਰਵਾਇਆ ਜਾਵੇਗਾ। ਮੌਜੂਦਾ ਸਥਿਤੀਆਂ ਨੂੰ ਧਿਆਨ ਵਿਚ ਰੱਖਦਿਆਂ ਵੱਖ-ਵੱਖ ਸਮਾਰੋਹਾਂ ਲਈ ਮੈਰਿਜ ਪੈਲੇਸਾਂ ਵਿਚ ਵਰਤਾਈ ਜਾਣ ਵਾਲੀ ਸ਼ਰਾਬ ਦੀ ਵੱਧ ਤੋਂ ਵੱਧ ਪ੍ਰਚੂਨ ਕੀਮਤ ਨਿਰਧਾਰਤ ਕੀਤੀ ਗਈ ਹੈ ਤੇ ਇਹ ਦਰਾਂ ਵਿਭਾਗ ਦੀ ਵੈਬਸਾਈਟ ਉਤੇ ਪਾਈਆਂ ਜਾਣਗੀਆਂ। ਪਰਮਿਟ ਜਾਰੀ ਕਰਨ ਦੇ ਸਮੇਂ ਵਿਭਾਗ ਦੇ ਦਫ਼ਤਰ ਵਲੋਂ ਵੀ ਇਹ ਦਰਾਂ ਉਪਲਬਧ ਕਰਵਾਈਆਂ ਜਾਣਗੀਆਂ। ਸ਼ਰਾਬ ਦੇ ਠੇਕਿਆਂ ਦੀ ਗਿਣਤੀ ਵਿਚ ਵਾਧਾ ਨਹੀਂ ਕੀਤਾ ਗਿਆ ਤੇ ਇਨ੍ਹਾਂ ਦੀ ਗਿਣਤੀ 6464 ਹੀ ਰੱਖੀ ਗਈ ਹੈ। ਪੰਚਾਇਤਾਂ ਦੇ ਵਿਰੋਧ ਕਾਰਨ 100 ਤੋਂ ਵੱਧ ਪਿੰਡਾਂ ਵਿਚ ਠੇਕੇ ਨਹੀਂ ਖੁੱਲ੍ਹਣਗੇ।




### ਦੇਸੀ ਦੇ ਸ਼ੌਕੀਨਾਂ ਦੀਆਂ ਲੱਗੀਆਂ ਮੌਜਾਂ

ਨਵੀਂ ਨੀਤੀ ਤਹਿਤ ਦੇਸੀ ਸ਼ਰਾਬ 20 ਰੁਪਏ ਬੋਤਲ ਤੱਕ ਸਸਤੀ ਹੋਵੇਗੀ ਤੇ ਇਸ ਦਾ ਕੋਟਾ 950 ਲੱਖ ਪਰੂਫ ਲਿਟਰ ਤੋਂ ਵਧਾ ਕੇ 980 ਲੱਖ ਪਰੂਫ ਲਿਟਰ ਰੱਖਿਆ ਗਿਆ ਹੈ। ਜਾਣਕਾਰੀ ਮੁਤਾਬਕ ਦੁਆਬਾ ਵਿਚ ਬਾਕੀ ਜ਼ਿਲ੍ਹਿਆਂ ਦੇ ਮੁਕਾਬਲੇ ਅੰਗਰੇਜ਼ੀ ਸ਼ਰਾਬ ਦੀ ਵਧੇਰੇ ਖਪਤ ਹੈ ਜਦਕਿ ਦੂਜੇ ਪਾਸੇ ਮਾਝੇ ਵਿਚ ਅੰਗਰੇਜ਼ੀ ਤੇ ਦੇਸੀ ਸ਼ਰਾਬ ਦੀ ਖਪਤ ਹੈ ਪਰ ਮਾਲਵਾ ਵਿਚ ਦੇਸੀ ਸ਼ਰਾਬ ਦੀ ਕਾਫ਼ੀ ਜ਼ਿਆਦਾ ਖਪਤ ਹੈ।

ਪਿਛਲੇ ਵਿੱਤੀ ਵਰ੍ਹੇ ਵਿਚ ਜਿਥੇ ਅੰਗਰੇਜ਼ੀ ਸ਼ਰਾਬ ਦੇ ਨਾਲ-ਨਾਲ ਦੇਸੀ ਸ਼ਰਾਬ ਦੇ ਮੁੱਲ ਕਿਧਰੇ ਜ਼ਿਆਦਾ ਹੋਣ ਕਰਕੇ ਸ਼ੌਕੀਨਾਂ ਵਿਚ ਕਾਫ਼ੀ ਰੋਸ ਪਾਇਆ ਜਾ ਰਿਹਾ ਸੀ ਪਰ ਇਸ ਵਾਰ ਐਲਾਨੀ ਸ਼ਰਾਬ ਨੀਤੀ ਵਿਚ ਦੇਸੀ ਸ਼ਰਾਬ ਸਸਤੀ ਹੋਣ ਕਰਕੇ ਪਿਅੱਕੜਾਂ ਦੀਆਂ ਮੌਜਾਂ ਲੱਗ ਗਈਆਂ ਹਨ। ਨਵੀਂ ਨੀਤੀ ਵਿਚ 75 ਡਿਗਰੀ ਵਾਲੀ ਦੇਸ਼ ਵਿਚ ਬਣੀ ਸ਼ਰਾਬ ਵੀ ਸਪਲਾਈ ਕਰਨ ਦਾ ਫੈਸਲਾ ਲਿਆ ਗਿਆ ਹੈ ਜਦਕਿ ਪਹਿਲਾਂ ਸਿਰਫ 50 ਤੇ 65 ਪ੍ਰਤੀਸ਼ਤ ਡਿਗਰੀ ਦੀ ਸ਼ਰਾਬ ਹੀ ਮੁਹੱਈਆ ਕੀਤੀ ਜਾ ਰਹੀ ਸੀ।

## ਨਸ਼ਾ ਮੁਕਤੀ ਦਾ ਹੋਕਾ ਦੇਣ ਵਾਲਿਆਂ ਦੇ ਘਰਾਂ ਵਿਚ ਹੀ ਠੇਕੇ

**ਬਠਿੰਡਾ:** ਨਸ਼ਾ ਮੁਕਤੀ ਦਾ ਹੋਕਾ ਦੇਣ ਵਾਲੇ ਪੰਜਾਬ ਦੇ ਜ਼ਿਆਦਾਤਰ ਸਿਆਸੀ ਆਗੂਆਂ ਨੇ ਆਪਣੇ ਘਰਾਂ ਵਿਚ ਸ਼ਰਾਬ ਰੱਖਣ ਵਾਸਤੇ ਬਾਕਾਇਦਾ ਲਾਇਸੈਂਸ ਲਏ ਹੋਏ ਹਨ। ਇਨ੍ਹਾਂ ਵਿਚ ਸਭ ਸਿਆਸੀ ਧਿਰਾਂ ਦੇ ਆਗੂ ਸ਼ਾਮਲ ਹਨ। ਪੰਜਾਬ ਸਰਕਾਰ ਨੇ ਕਾਨੂੰਨੀ ਤੌਰ 'ਤੇ ਦੋ ਪੇਟੀਆਂ ਤੱਕ ਸ਼ਰਾਬ ਘਰਾਂ ਵਿਚ ਰੱਖਣ ਦੀ ਇਜਾਜ਼ਤ ਦਿੱਤੀ ਹੋਈ ਹੈ, ਜਿਸ ਵਾਸਤੇ ਐਲ 50 ਲਾਇਸੈਂਸ ਬਣਾਉਣਾ ਜ਼ਰੂਰੀ ਹੈ। ਭਾਜਪਾ ਨੇ ਨਸ਼ਾ ਮੁਕਤ ਪੰਜਾਬ ਦਾ ਨਾਅਰਾ ਦਿੱਤਾ ਹੈ, ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਵਲੋਂ ਨਸ਼ਾ ਮੁਕਤ ਭਾਰਤ ਦੀ ਗੱਲ ਕੀਤੀ ਗਈ ਹੈ। ਕਾਂਗਰਸ ਇਸ ਮੁੱਦੇ ਨੂੰ ਚੁੱਕ ਕੇ ਸਿਆਸੀ ਲਾਹਾ ਲੈਣ ਵਿਚ ਪਿੱਛੇ ਨਹੀਂ ਰਹੀ।

ਕਰ ਤੇ ਆਬਕਾਰੀ ਵਿਭਾਗ ਪੰਜਾਬ ਤੋਂ ਸੂਚਨਾ ਦੇ ਅਧਿਕਾਰ ਤਹਿਤ ਪ੍ਰਾਪਤ ਜਾਣਕਾਰੀ ਅਨੁਸਾਰ ਮੁੱਖ ਸੰਸਦੀ ਸਕੱਤਰ (ਕਰ ਤੇ ਆਬਕਾਰੀ) ਸਰੂਪ ਚੰਦ ਸਿੰਗਲਾ ਨੇ ਸਾਲ 2008-09 ਵਿਚ ਹੀ ਜੀਵਨ ਭਰ ਲਈ ਐਲ 50 ਲਾਇਸੈਂਸ ਬਣਵਾ ਲਿਆ ਸੀ। ਮੁੱਖ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ ਨੇ 25 ਮਈ 2007 ਨੂੰ 24 ਬੋਤਲਾਂ ਤੱਕ ਸ਼ਰਾਬ ਘਰ ਵਿਚ ਰੱਖਣ ਵਾਸਤੇ ਉਮਰ ਭਰ ਲਈ ਸਰਕਾਰ ਤੋਂ ਲਾਇਸੈਂਸ ਲਿਆ ਹੈ। ਯੂਥ ਅਕਾਲੀ ਦਲ ਦੇ ਮਾਲਵਾ ਜ਼ੋਨ ਦੇ ਇੰਚਾਰਜ ਕੰਵਰਜੀਤ ਸਿੰਘ ਉਰਫ ਰੋਜ਼ੀ ਬਰਕੰਦੀ, ਸਾਬਕਾ ਅਕਾਲੀ ਵਿਧਾਇਕ ਜਗਦੀਪ ਸਿੰਘ ਦਾ ਵੀ ਇਹੋ ਲਾਇਸੈਂਸ ਬਣਿਆ ਹੋਇਆ ਹੈ। ਇਨ੍ਹਾਂ ਨੇਤਾਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਈ ਗ਼ੈਰਕਾਨੂੰਨੀ ਕੰਮ ਨਹੀਂ ਕੀਤਾ, ਸਗੋਂ ਨਿਯਮਾਂ ਅਨੁਸਾਰ ਲਾਇਸੈਂਸ ਲਿਆ ਹੈ।

ਮਿਲੇ ਵੇਰਵਿਆਂ ਅਨੁਸਾਰ ਆਬਕਾਰੀ ਐਕਟ ਤਹਿਤ ਐਲ 50 ਲਾਇਸੈਂਸ ਬਣਾਉਣ ਵਾਸਤੇ ਇਕ ਸਾਲ ਦੀ ਫੀਸ 500 ਰੁਪਏ ਹੈ, ਜਦੋਂ ਕਿ ਜੀਵਨ ਭਰ ਲਈ ਲਾਇਸੈਂਸ ਲੈਣ ਵਾਸਤੇ ਇਹ ਫੀਸ 5000 ਰੁਪਏ ਹੈ।


**Are You Tired Of All Treatments?**

**Try Homeopathic Natural Medicines (HNM)**

**Gurdip Singh Sandhu**

Homeopathic Practitioner/Consultant

DHMS-Gold Medalist, BAMS, MDEh.- India

**1188 E Santa Clara St., San Jose, CA 95116**

**Homeopathic natural medicines supply**



*Gurdip Singh Sandhu*

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:**

*The California Homeopathic Society*

National Center For Homeopathy- USA

**Ph:(408) 687-1899**

**(408) 729-6691**

**Fax:(408)292-6200**


Email: Homeomdicine@yahoo.com

Website: www.Homeopathyatoz.com

***Toll Free: 1-877-OK-HOMEO (1-877-654-6636)***


## ਪਾਠਕ੍ਰਮ 'ਚੋਂ ਮੰਟੋ ਦੀਆਂ ਕਹਾਣੀਆਂ ਹਟਾਉਣ ਦੀ ਚਰਚਾ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਐਮ.ਏ. (ਆਨਰਜ਼) ਦੇ ਪਾਠਕ੍ਰਮ ਵਿਚੋਂ ਸਾਅਦਤ ਹਸਨ ਮੰਟੋ ਦੀਆਂ ਕਹਾਣੀਆਂ ਹਟਾਉਣ ਦੇ ਮਾਮਲੇ ਨੇ ਉਪ ਕੁਲਪਤੀ ਡਾ. ਜਸਪਾਲ ਸਿੰਘ ਲਈ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਯੂਨੀਵਰਸਿਟੀ ਦੀ ਬੋਰਡ ਆਫ਼ ਸਟੱਡੀਜ਼ ਦੀ 25 ਫਰਵਰੀ ਨੂੰ ਹੋਈ ਮੀਟਿੰਗ ਵਿਚ ਕੁਝ ਅਧਿਆਪਕਾਂ ਨੇ ਕਿਹਾ ਸੀ ਕਿ ਮੰਟੋ ਦੀਆਂ ਕਹਾਣੀਆਂ ਦੀ ਕਿਤਾਬ ਐਮ.ਏ. (ਆਨਰਜ਼) ਦੇ ਪਾਠਕ੍ਰਮ ਵਿਚੋਂ ਹਟਾ ਦਿੱਤੀ ਜਾਵੇ। ਉਸ ਦੀ ਜਗ੍ਹਾ ਦੋ ਨਵੇਂ ਪੇਪਰ ਮੀਡੀਆ ਤੇ ਅਨੁਵਾਦ ਨਾਲ ਸਬੰਧਤ ਪਾ ਲਏ ਜਾਣ। ਅਧਿਆਪਕਾਂ ਨੇ ਕਿਹਾ ਕਿ ਮੰਟੋ ਦੀਆਂ ਕਹਾਣੀਆਂ ਬਾਰੇ ਕਈ ਸ਼ਿਕਾਇਤਾਂ ਆਈਆਂ ਸਨ, ਉਨ੍ਹਾਂ ਦੀਆਂ ਕੁਝ ਕਹਾਣੀਆਂ ਕਲਾਸ ਵਿਚ ਪੜ੍ਹਾਉਣ ਸਮੇਂ ਮੁਸ਼ਕਲ ਹੁੰਦੀ ਹੈ। 'ਮੰਟੋ ਦੀਆਂ ਕਹਾਣੀਆਂ' ਨਾਮ ਦੀ ਇਸ ਕਿਤਾਬ ਵਿਚ 17 ਕਹਾਣੀਆਂ ਹਨ, ਜਿਨ੍ਹਾਂ ਵਿਚ ਛੇ ਕਹਾਣੀਆਂ ਪਾਕਿਸਤਾਨ ਤੇ ਭਾਰਤ ਦੀ ਵੰਡ ਨਾਲ ਸਬੰਧਤ ਹਨ। ਇਹ ਕਹਾਣੀਆਂ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚੋਂ ਸਿਰਫ਼ ਪੰਜਾਬੀ ਯੂਨੀਵਰਸਿਟੀ ਦੀ ਐਮ.ਏ. (ਆਨਰਜ਼) ਵਿਚ ਨੌਂ ਸਾਲਾਂ ਤੋਂ ਪੜ੍ਹਾਈਆਂ ਜਾ ਰਹੀਆਂ ਹਨ।



ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਬੀਰਦਵਿੰਦਰ ਸਿੰਘ ਨੇ ਕਿਹਾ ਹੈ ਕਿ ਮੰਟੋ ਦੀਆਂ ਕਹਾਣੀਆਂ ਯੂਨੀਵਰਸਿਟੀ ਦੇ ਪਾਠਕ੍ਰਮ ਵਿਚੋਂ ਹਟਾਉਣ ਦਾ ਫੈਸਲਾ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਲੁਧਿਆਣੇ ਦੀ ਸਮਰਾਲਾ ਤਹਿਸੀਲ ਦੇ ਪਿੰਡ ਪਪੜੌਦੀ ਵਿਚ ਜੰਮੇ ਤੇ ਵੱਡੇ ਹੋਏ ਭਾਰਤ ਦੇ ਮਹਾਨ ਅਫ਼ਸਾਨਾ ਨਿਗਾਰ ਸਾਅਦਤ ਹਸਨ ਮੰਟੋ ਦੀ ਜਨਮ ਸ਼ਤਾਬਦੀ ਸਮਰਾਲਾ ਸ਼ਹਿਰ ਤੇ ਪਿੰਡ ਪਪੜੌਦੀ ਵਿਚ ਹਾਲੇ ਸਤੰਬਰ 2012 ਵਿਚ ਮਨਾਈ ਗਈ ਹੈ। ਇਸ ਬਾਬਤ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਲਖਬੀਰ ਸਿੰਘ ਨੇ ਕਿਹਾ ਕਿ ਮੰਟੋ ਦੀਆਂ ਕਹਾਣੀਆਂ ਐਮ.ਏ. (ਆਨਰਜ਼) ਦੇ ਪਾਠਕ੍ਰਮ ਵਿਚੋਂ ਹਟਾਉਣ ਬਾਰੇ ਜੋ ਚਰਚਾ ਚੱਲ ਰਹੀ ਹੈ, ਉਹ ਬਿਲਕੁਲ ਗ਼ਲਤ ਹੈ। ਅਜਿਹਾ ਕੋਈ ਫ਼ੈਸਲਾ ਨਹੀਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਟੈਗੋਰ ਦੀਆਂ ਦੋ ਕਿਤਾਬਾਂ ਗੋਰਾ ਤੇ ਗੀਤਾਂਜਲੀ ਪਾਠਕ੍ਰਮ ਵਿਚ ਹਨ। ਇਨ੍ਹਾਂ ਵਿਚੋਂ ਗੋਰਾ ਨਾਵਲ ਹਟਾਉਣ ਬਾਰੇ ਵਿਚਾਰ ਕੀਤੀ ਗਈ ਹੈ, ਜਿਸ ਦੀ ਥਾਂ ਮੀਡੀਆ ਤੇ ਅਨੁਵਾਦ ਪਾਠਕ੍ਰਮ ਵਿਚ ਪਾਏ ਜਾਣਗੇ।




ਪੰਜਾਬ ਟਾਈਮਜ਼

*ਸਨਿਚਰਵਾਰ, 21 ਮਾਰਚ 2015*

# 'ਆਪ' ਦੀ ਆਸ

ਆਮ ਆਦਮੀ ਪਾਰਟੀ (ਆਪ) ਵਿਚਕਾਰ ਚੱਲ ਰਿਹਾ ਸਿਆਸੀ ਖਹਿ-ਭੇੜ ਹੁਣ ਸੁਲ੍ਹਾ-ਸਫਾਈ ਵਾਲੇ ਰਾਹ ਪੈ ਗਿਆ ਹੈ। ਪਿਛਲੇ ਦੋ ਹਫਤਿਆਂ ਦੌਰਾਨ ਪਾਰਟੀ ਅੰਦਰ ਆਪੋ-ਧਾਪੀ ਦਾ ਜੋ ਮਾਹੌਲ ਬਣ ਗਿਆ ਸੀ, ਉਸ ਤੋਂ ਪਾਰਟੀ ਦੇ ਵਾਲੰਟੀਅਰ, ਖਾਸ ਕਰ ਕੇ ਪਰਵਾਸ ਵਿਚ ਵੱਸਦੇ ਲੋਕ ਬਹੁਤ ਪ੍ਰੇਸ਼ਾਨ ਸਨ। ਇਸ ਪ੍ਰੇਸ਼ਾਨੀ ਅਤੇ ਪਸ਼ੇਮਾਨੀ ਦਾ ਕਾਰਨ ਸਿੱਧਾ ਹੀ ਸੀ ਕਿ ਚਿਰਾਂ ਬਾਅਦ ਇਸ ਪਾਰਟੀ ਨੇ ਆਸ ਬੰਨ੍ਹਾਈ ਸੀ ਕਿ ਭਾਰਤ ਦੇ ਗਲ-ਸੜ ਚੁੱਕੇ ਢਾਂਚੇ ਵਿਚ ਸੁਧਾਰ ਸੰਭਵ ਹੈ ਅਤੇ ਲੋਕਾਈ ਦੀ ਮਦਦ ਨਾਲ ਕੋਈ ਵੀ ਮੁਹਿੰਮ ਜਿੱਤੀ ਜਾ ਸਕਦੀ ਹੈ, ਪਰ ਕੁਝ ਮਸਲੇ ਵੇਲੇ ਸਿਰ ਅਤੇ ਮੌਕੇ ਮੁਤਾਬਕ ਨਾ ਨਜਿੱਠਣ ਕਰ ਕੇ ਹਾਲਾਤ ਬਦ ਤੋਂ ਬਦਤਰ ਹੋ ਗਏ। ਭਾਰਤੀ ਸਿਆਸਤ ਵਿਚ ਦਿਲਚਸਪੀ ਰੱਖਣ ਵਾਲਾ ਹਰ ਸੰਜੀਦਾ ਸ਼ਖਸ ਇਸ ਉਥਲ-ਪੁਥਲ ਨੂੰ ਬੜੀ ਉਤਸੁਕਤਾ ਨਾਲ ਦੇਖ ਰਿਹਾ ਸੀ। ਅਸਲ ਵਿਚ ਉਹ ਇਹ ਸਵੀਕਾਰ ਕਰਨ ਲਈ ਤਿਆਰ ਹੀ ਨਹੀਂ ਸਨ ਕਿ 'ਆਪ' ਤੋਂ ਲਾਈ ਆਸ ਇੰਨੀ ਛੇਤੀ ਖਤਮ ਹੋ ਜਾਵੇਗੀ। 'ਆਪ' ਬਾਰੇ ਸਿਆਸੀ ਵਿਸ਼ਲੇਸ਼ਕ ਮੁੱਢ ਤੋਂ ਹੀ ਇਹ ਵਿਚਾਰ ਪ੍ਰਗਟ ਕਰਦੇ ਆ ਰਹੇ ਹਨ ਕਿ ਇਸ ਪਾਰਟੀ ਅਤੇ ਇਸ ਪਾਰਟੀ ਦੇ ਆਗੂਆਂ ਨੇ ਜੋ ਮੁੱਦੇ ਲੋਕਾਂ ਸਾਹਮਣੇ ਰੱਖੇ ਹਨ ਅਤੇ ਇਨ੍ਹਾਂ ਮੁੱਦਿਆਂ ਨੂੰ ਆਧਾਰ ਬਣਾ ਕੇ ਜਿਹੜੀ ਸਿਆਸਤ ਦਾ ਆਗਾਜ਼ ਕੀਤਾ ਸੀ, ਉਸ ਪਾਸੇ ਅਗਲਾ ਕਦਮ ਤਾਂ ਹੀ ਪੁੱਟਿਆ ਜਾ ਸਕਦਾ ਹੈ, ਜੇ ਸਿਆਸੀ ਪਿੜ ਵਿਚ ਪੂਰੀ ਤਰ੍ਹਾਂ ਕਾਇਮ ਹੋ ਕੇ ਪੈਰ ਧਰਿਆ ਜਾਵੇ। ਪਹਿਲਾਂ ਵੀ ਇਹ ਤੱਥ ਭਲੀ-ਭਾਂਤ ਸਾਹਮਣੇ ਆਇਆ ਸੀ ਕਿ ਕੁਝ ਮਾਮਲਿਆਂ ਵਿਚ ਕਾਹਲੀ ਵਰਤਣ ਕਾਰਨ ਪਾਰਟੀ ਨੂੰ ਪਿਛਾਂਹ ਹਟਣਾ ਪਿਆ ਸੀ। ਉਂਜ ਅਜੇ ਵੀ ਇਹ ਤਸੱਲੀ ਵਾਲੀ ਗੱਲ ਕਹੀ ਜਾ ਸਕਦੀ ਹੈ ਕਿ ਹਾਲਾਤ ਨੂੰ ਮੋੜਾ ਪੈਣ ਲੱਗਿਆ ਹੈ। ਪਾਰਟੀ ਦੇ ਸੀਨੀਅਰ ਆਗੂ ਯੋਗੇਂਦਰ ਯਾਦਵ ਜੋ ਪਾਰਟੀ ਦੇ ਅੰਦਰੂਨੀ ਕਲੇਸ਼ ਦੇ ਕੇਂਦਰ ਵਿਚ ਹਨ, ਦਾ ਇਕ ਬਿਆਨ ਧਿਆਨ ਦੇਣ ਵਾਲਾ ਹੈ। ਉਨ੍ਹਾਂ ਚੰਗੇ ਪਾਸੇ ਮੋੜਾ ਕੱਟਣ ਦੀ ਆਸ ਨਾਲ ਇਹ ਕਿਹਾ ਹੈ ਕਿ ਪਿਛਲੇ ਦੋ ਹਫਤਿਆਂ ਦੌਰਾਨ ਜੋ 'ਸਾਗਰ ਮੰਥਨ' ਹੋਇਆ ਹੈ, ਉਸ ਪਿਛੋਂ ਅੰਤਾਂ ਦਾ ਜ਼ਹਿਰ ਬਾਹਰ ਆਇਆ ਹੈ, ਹੁਣ ਅੰਮ੍ਰਿਤ ਬਾਹਰ ਆਉਣ ਦੀ ਵਾਰੀ ਹੈ। ਯੋਗੇਂਦਰ ਯਾਦਵ ਦੇ ਇਸ ਬਿਆਨ ਦੇ ਅਰਥ ਬਹੁਤ ਡੂੰਘੇ ਹਨ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਹੈ ਕਿ ਪਾਰਟੀ ਦੇ ਜਨਮ ਤੋਂ ਲੈ ਕੇ ਹੁਣ ਤੱਕ ਵਿਰੋਧੀਆਂ ਨੇ ਕਈ ਵਾਰ ਆਪੂੰ-ਐਲਾਨ ਕੀਤਾ ਹੈ ਕਿ ਆਮ ਆਦਮੀ ਪਾਰਟੀ ਦਾ ਭੋਗ ਪੈ ਚੁੱਕਾ ਹੈ, ਪਰ ਪਾਰਟੀ ਹਰ ਵਾਰ ਪਹਿਲਾਂ ਨਾਲੋਂ ਵੀ ਕਿਤੇ ਵੱਧ ਤਕੜੀ ਹੋ ਕੇ ਸੰਕਟ ਵਿਚੋਂ ਉਭਰੀ ਹੈ ਅਤੇ ਆਪਣੀ ਸਮਰੱਥਾ ਦਾ ਮੁਜ਼ਾਹਰਾ ਕੀਤਾ ਹੈ। ਇਸ ਵਾਰ ਵੀ ਪਾਰਟੀ ਅੰਦਰ ਉਭਰੇ ਮੱਤਭੇਦ ਦੂਰ ਹੋਣਗੇ ਅਤੇ ਜਿਸ ਸਿਆਸਤ ਨੂੰ ਬਦਲਣ ਅਤੇ ਇਸ ਦੇ ਕਿਲ੍ਹੇ ਸੰਨ੍ਹ ਲਾਉਣ ਲਈ ਇਸ ਦੀ ਕਾਇਮੀ ਹੋਈ ਸੀ, ਉਸ ਪਾਸੇ ਜ਼ਰੂਰ ਸਫਲਤਾ ਮਿਲੇਗੀ।

'ਆਪ' ਦੇ ਪਿਛੋਕੜ ਉਤੇ ਜੇ ਤਰਦੀ ਜਿਹੀ ਨਜ਼ਰ ਵੀ ਮਾਰੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਪਾਰਟੀ ਦੀ ਹੋਂਦ ਦਾ ਮਸਲਾ ਮੁੱਖ ਧਾਰਾ ਸਿਆਸਤ ਦੇ ਨਿਘਾਰ ਨਾਲ ਜੁੜਿਆ ਹੋਇਆ ਹੈ। ਮੁੱਖ ਧਾਰਾ ਦੀਆਂ ਦੋ ਅਹਿਮ ਪਾਰਟੀਆਂ- ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਤੋਂ ਲੋਕਾਂ ਦਾ ਮੋਹ-ਭੰਗ ਹੋਣ ਤੋਂ ਬਾਅਦ ਹੀ 'ਆਪ' ਵਾਲਾ ਵਰਤਾਰਾ ਵਾਪਰਿਆ। ਇਕੱਲੇ ਭ੍ਰਿਸ਼ਟਾਚਾਰ ਦੇ ਮੁੱਦੇ ਉਤੇ ਹੀ 'ਆਪ' ਅਤੇ ਇਸ ਪਾਰਟੀ ਲਈ ਨੀਂਹ ਬਣੇ 'ਅੰਨਾ ਹਜ਼ਾਰੇ ਅੰਦੋਲਨ' ਨਾਲ ਚੰਦ ਦਿਨਾਂ ਵਿਚ ਅਣਗਿਣਤ ਲੋਕ ਸੜਕਾਂ ਉਤੇ ਆ ਗਏ ਸਨ। ਇਸ ਅੰਦੋਲਨ ਦੀ ਅਗਲੀ ਕੜੀ ਦੇ ਰੂਪ ਵਿਚ ਹੀ 'ਆਪ' ਅੱਗੇ ਆਈ ਸੀ। ਉਂਜ ਇਹ ਵੀ ਸੱਚ ਹੈ ਕਿ ਇਸ ਪਾਰਟੀ ਬਾਰੇ ਕੁਝ ਲੋਕਾਂ ਦੇ ਮੁੱਢ ਤੋਂ ਹੀ ਕੁਝ ਸੰਸੇ ਰਹੇ ਹਨ ਪਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਵਿਚ ਦੇਸ ਅੰਦਰ ਜਿਸ ਤਰ੍ਹਾਂ ਦਾ ਮਾਹੌਲ ਬਣ ਗਿਆ ਸੀ, ਉਹ ਬਿਨਾਂ ਸ਼ੱਕ ਫਿਕਰ ਵਧਾਊਣ ਵਾਲਾ ਸੀ। ਭਾਜਪਾ ਦੇ ਕੱਟੜ ਆਗੂ ਨਰੇਂਦਰ ਮੋਦੀ ਦੀ ਅਗਵਾਈ ਵਿਚ ਜਿਸ ਢੰਗ ਨਾਲ ਕੇਂਦਰ ਵਿਚ ਸਰਕਾਰ ਬਣੀ ਸੀ, ਉਸ ਨੇ ਆਮ ਲੋਕਾਂ ਵਿਚ ਬਹਿਸ ਨੂੰ ਹੋਰ ਤੇਜ਼ ਕਰ ਦਿੱਤਾ ਸੀ ਅਤੇ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਨੇ ਦੇਸ ਭਰ ਦੇ ਲੋਕਾਂ ਨੂੰ ਇਕ ਅਜਿਹਾ ਰਾਹ ਦਿਖਾਇਆ ਜਿਸ ਉਤੇ ਚੱਲ ਕੇ ਮੁੱਖ ਧਾਰਾ ਦੀਆਂ ਪਾਰਟੀਆਂ ਦੀ ਕੋਝੀ ਸਿਆਸਤ ਨੂੰ ਵੰਗਾਰਿਆ ਸੀ। ਇਹੀ ਇਕ ਮੁੱਦਾ ਸੀ ਜਿਸ ਦੁਆਲੇ ਆਪ-ਮੁਹਾਰੇ ਹੀ ਸਿਆਸੀ ਗੋਲਬੰਦੀ ਹੋਈ ਅਤੇ ਇਸ ਦੇ ਨਤੀਜੇ ਵੀ ਬੜੇ ਸਾਰਥਕ ਨਿਕਲੇ। ਅਸਲ ਵਿਚ ਇਹ ਨਵੀਂ ਸਿਆਸਤ ਲਈ ਆਸ ਲਾਈ ਬੈਠੇ ਲੋਕਾਂ ਦਾ ਦੋ-ਟੁੱਕ ਫੈਸਲਾ ਸੀ। ਇਹ ਇਸੇ ਆਧਾਰ ਉਤੇ ਸ਼ੁਰੂ ਹੋਈ ਸਿਆਸਤ ਦਾ ਹੀ ਸਿਲਾ ਸੀ ਕਿ ਲੋਕ ਮੂੰਹ-ਜ਼ੋਰ ਮੋਦੀ ਲਹਿਰ ਨੂੰ ਪਛਾੜਨ ਵਿਚ ਸਫਲ ਹੋਏ। ਇਸ ਹਿਸਾਬ ਨਾਲ 'ਆਪ' ਆਪਣਾ ਇਕ ਇਤਿਹਾਸਕ ਰੋਲ ਨਿਭਾ ਚੁੱਕੀ ਹੈ।

ਹੁਣ ਦੇਖਣ/ਸਮਝਣ ਵਾਲੀ ਗੱਲ ਇਹ ਹੈ ਕਿ ਪਾਰਟੀ ਦੇ ਆਗੂ ਸਿਆਸਤ ਦੇ ਪਿੜ ਵਿਚ ਮਿਲੇ ਇਸ ਮੌਕੇ ਨੂੰ ਕਿਸ ਤਰ੍ਹਾਂ ਵਰਤ ਸਕਣਗੇ। ਲੋਕ ਭਾਰਤ ਦੇ ਸਿਆਸੀ ਪਿੜ ਵਿਚ 'ਆਪ' ਤੋਂ ਅਜਿਹੇ ਵੱਡੇ ਇਤਿਹਾਸਕ ਰੋਲ ਦੀ ਤਵੱਕੋ ਕਰ ਰਹੇ ਹਨ ਜੋ ਬੁਰੀ ਤਰ੍ਹਾਂ ਨਿੱਘਰ ਚੁੱਕੇ ਸਿਆਸੀ ਢਾਂਚੇ ਵਿਚ ਨਵੀਂ ਰੂਹ ਫੂਕ ਦੇਵੇ। ਇਹੀ ਉਹ ਇਤਿਹਾਸਕ ਮੋੜ ਹੈ ਜਿਥੇ ਪਾਰਟੀ ਦੇ ਆਗੂਆਂ ਦਾ ਇਮਤਿਹਾਨ ਸ਼ੁਰੂ ਹੁੰਦਾ ਹੈ। ਵਕਤ ਨੇ ਸਾਬਤ ਕੀਤਾ ਹੈ ਕਿ ਕੋਈ ਵੀ ਮਸਲਾ ਹੱਲ ਕੀਤਾ ਜਾ ਸਕਦਾ ਹੈ, ਬੱਸ ਆਗੂਆਂ ਵਿਚ ਇੱਛਾ-ਸ਼ਕਤੀ ਅਤੇ ਕੁਰਬਾਨੀ ਦੇਣ ਦਾ ਮਾਦਾ ਹੋਣਾ ਚਾਹੀਦਾ ਹੈ। ਆਸ ਕਰਨੀ ਚਾਹੀਦੀ ਹੈ ਕਿ ਆਮ ਆਦਮੀ ਪਾਰਟੀ ਦੇ ਆਗੂ ਹਾਲਾਤ ਦੀ ਇਸ ਨਜ਼ਾਕਤ ਨੂੰ ਸਮਝਣਗੇ ਅਤੇ ਸੰਸਾਰ ਭਰ ਵਿਚ ਆਸ ਦੀ ਡੋਰੀ ਫੜੀ ਬੈਠੇ ਲੱਖਾਂ ਵਾਲੰਟੀਅਰਾਂ ਨੂੰ ਨਿਰਾਸ਼ ਨਹੀਂ ਕਰਨਗੇ। ਜੇ 'ਆਪ' ਦੇ ਆਗੂ ਕੁਰਬਾਨੀ ਦਾ ਚੇਤਾ ਰੱਖਣ ਤਾਂ ਨਵੀਂਆਂ ਪੈੜਾਂ ਖੁਦ-ਬਖੁਦ ਬਣਨਗੀਆਂ। ਜੇ ਨਹੀਂ ਤਾਂ ਇਤਿਹਾਸ ਦੇ ਬੋਝੇ ਵਿਚ ਇਸ ਪਾਰਟੀ ਲਈ ਜਗ੍ਹਾ ਵੀ ਰਾਖਵੀਂ ਹੋਵੇਗੀ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਾਰੋਬਾਰ ਚਿੱਟਿਆਂ ਦਾ!*

ਚੜ੍ਹ ਮੱਚੀ ਏ ਮੌਤ-ਵਿਓਪਾਰੀਆਂ ਦੀ, ਢੀਠ ਸਿਰੇ ਦੇ ਕਦੇ ਨਾ ਜਿੱਚ ਹੁੰਦੇ।
ਛਾਣ-ਬੀਣ ਪੁਲਿਸ ਦੀ, ਕੋਰਟਾਂ ਵੀ, ਸਾਰੇ ਇਨ੍ਹਾਂ ਦੀ ਨਜ਼ਰ ਵਿਚ ਟਿੱਚ ਹੁੰਦੇ।
ਕੁੱਤੀ ਚੋਰਾਂ ਦੇ ਨਾਲ ਹੀ ਰਲੀ ਹੁੰਦੀ, ਤਾਹੀਂਓਂ ਨਹੀਂ ਕਾਨੂੰਨ ਤੋਂ ਖਿੱਚ ਹੁੰਦੇ।
ਪੁੱਤ ਜਿਨ੍ਹਾਂ ਦੇ ਸਾਹਮਣੇ 'ਲਾਸ਼' ਬਣਦੇ, ਮਾਪੇ ਜਿਊਂਦੇ ਨਾ ਮਰਦਿਆਂ ਵਿਚ ਹੁੰਦੇ।
ਅੰਨ੍ਹੇ ਕਰੇ ਅਮੀਰੀ ਦੀ ਲਾਲਸਾ ਨੇ, ਕਰਦੇ ਤਰਸ ਨਾ ਮਾਪਿਆਂ ਪਿੱਟਿਆਂ ਦਾ।
ਹੋਇਆ ਲਹੂ ਵੀ ਚਿੱਟਾ ਅਵੱਸ਼ ਹੋਣਾ, 'ਕਾਰੋਬਾਰ' ਚਲਾਉਂਦੇ ਜੋ ਚਿੱਟਿਆਂ ਦਾ!

# ਮਜ਼ਹਬ, ਮੁਲਕ ਤੇ ਮਨੁੱਖ

***ਪਾਕਿਸਤਾਨ ਇਨ੍ਹੀਂ ਦਿਨੀਂ ਮਜ਼ਹਬੀ ਕੱਟੜਤਾ ਦਾ ਡਾਢਾ ਸੇਕ ਸਹਿ ਰਿਹਾ ਹੈ। ਸਰਕਾਰ ਦੀ ਇੱਛਾ ਦੇ ਬਾਵਜੂਦ ਮਜ਼ਹਬੀ ਕੱਟੜਤਾ ਦਾ ਪ੍ਰਚਾਰ ਅਤੇ ਪ੍ਰਸਾਰ ਕਰ ਰਹੀਆਂ ਜਥੇਬੰਦੀਆਂ ਨੂੰ ਨਕੇਲ ਪਾਉਣ ਵਿਚ ਬੜੀ ਮੁਸ਼ਕਿਲ ਪੇਸ਼ ਆ ਰਹੀ ਹੈ। ਇਹ ਜਥੇਬੰਦੀਆਂ ਅੱਜ ਪਾਕਿਸਤਾਨੀ ਸਮਾਜ ਦੇ ਹਰ ਖੇਤਰ ਉਤੇ ਅਸਰ-ਅੰਦਾਜ਼ ਹੋ ਰਹੀਆਂ ਹਨ। ਮਜ਼ਹਬ ਦੇ ਨਾਂ ਉਤੇ ਲਗਾਤਾਰ ਸਿੱਧੀ ਸਿਆਸਤ ਕੀਤੀ ਜਾ ਰਹੀ ਹੈ ਅਤੇ ਬਹੁਤ ਵੱਡੇ ਪੱਧਰ ਉਤੇ ਨੌਜਵਾਨਾਂ ਨੂੰ ਜਹਾਦ ਦੇ ਨਾਂ ਨਾਲ ਜੋੜ ਕੇ ਲਾਮਬੰਦ ਕੀਤਾ ਜਾ ਰਿਹਾ ਹੈ। ਪਾਕਿਸਤਾਨੀ ਕਾਲਮਨਵੀਸ ਡਾਕਟਰ ਤਾਹਿਰ ਮਹਿਮੂਦ ਨੇ ਇਸ ਲਾਮਬੰਦੀ ਦੀਆਂ ਜੜ੍ਹਾਂ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। ਉਨ੍ਹਾਂ ਦੱਸਿਆ ਹੈ ਕਿ ਇਹ 'ਫਿਰਕਾਪ੍ਰਸਤੀ' ਕਿਸ ਤਰ੍ਹਾਂ ਮਨੁੱਖਾ ਜੀਵਨ ਦੇ ਰਾਹ ਦਾ ਰੋੜਾ ਬਣ ਰਹੀ ਹੈ ਅਤੇ ਵੱਖ-ਵੱਖ ਮਜ਼ਹਬਾਂ ਹੀ ਨਹੀਂ, ਇਕੋ ਮਜ਼ਹਬ ਨਾਲ ਸਬੰਧਤ ਵੱਖ-ਵੱਖ ਫਿਰਕਿਆਂ ਵਿਚਕਾਰ ਨਫਰਤ ਦਾ ਜ਼ਰੀਆ ਬਣ ਰਹੀ ਹੈ। -ਸੰਪਾਦਕ***

ਮਜ਼ਹਬ (ਧਰਮ) ਇਨਸਾਨੀ ਰੂਹ ਦੀ ਕੁਦਰਤੀ ਜ਼ਰੂਰਤ ਹੈ। ਮਜ਼ਹਬੀ ਤਾਲੀਮ-ਓ-ਤਰਬੀਅਤ ਇਨਸਾਨੀਅਤ ਦੀ ਭਲਾਈ ਨੇਕੀ-ਓ-ਬਦੀ ਦੀ ਪਛਾਣ ਤੇ ਹੱਕ ਦੀ ਖਾਤਰ ਮਰ ਮਿਟਣ ਲਈ ਬੰਦੇ ਦੀ ਸਿੱਖਿਆ ਕਰਦੀ ਹੈ। ਇਨਸਾਨੀ ਕਿਰਦਾਰ ਸੰਵਾਰਨ ਵਿਚ ਧਾਰਮਿਕ ਤਾਲੀਮ ਬੁਨਿਆਦੀ ਕਿਰਦਾਰ ਅਦਾ ਕਰਦੀ ਹੈ। ਪਾਕਿਸਤਾਨ 97 ਫੀਸਦੀ ਮੁਸਲਿਮ ਆਬਾਦੀ ਵਾਲਾ ਮੁਲਕ ਹੈ ਪਰ ਇਸ ਮੁਲਕ ਦੇ ਲੀਡਰਾਂ ਨੇ

ਤਾਹਿਰ ਮਹਿਮੂਦ

ਇਸਲਾਮ ਦੀ ਤਾਲੀਮ ਦੀ ਜ਼ਿੰਮੇਵਾਰੀ ਕਦੇ ਆਪਣੇ ਸਿਰ ਨਹੀਂ ਲਈ। ਇਸਲਾਮੀ ਤਾਲੀਮ ਨੂੰ ਇਸਲਾਮ ਦਾ ਪ੍ਰਚਾਰ ਕਰਨ ਦੇ ਦਾਅਵੇਦਾਰਾਂ ਦੇ ਹਵਾਲੇ ਕਰ ਦਿੱਤਾ ਗਿਆ ਜਿਨ੍ਹਾਂ ਨੇ ਮੁਲਕ ਅੰਦਰ ਬੱਚਿਆਂ ਨੂੰ ਇਸਲਾਮੀ ਤਾਲੀਮ ਦੇਣ ਲਈ ਮਦਰੱਸਿਆਂ ਦਾ ਜਾਲ ਵਿਛਾ ਦਿੱਤਾ। ਬਹੁ-ਗਿਣਤੀ ਗਰੀਬ ਪਰਿਵਾਰ ਜੋ ਆਪਣੇ ਬੱਚਿਆਂ ਨੂੰ ਆਮ ਤਾਲੀਮੀ ਅਦਾਰਿਆਂ ਵਿਚ ਨਹੀਂ ਸਨ ਪੜ੍ਹਾ ਸਕਦੇ, ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਮਦਰੱਸਿਆਂ ਦੇ ਕਰਤਿਆਂ-ਧਰਤਿਆਂ ਦੇ ਹਵਾਲੇ ਕਰ ਦਿੱਤਾ ਜੋ ਬੱਚਿਆਂ ਨੂੰ ਖਾਣ-ਪੀਣ ਦੇ ਨਾਲ-ਨਾਲ ਰਿਹਾਇਸ਼ ਦੀ ਸਹੂਲਤ ਵੀ ਦਿੰਦੇ ਸਨ।

ਮਦਰੱਸਿਆਂ ਅੰਦਰ ਬੱਚਿਆਂ ਨੂੰ ਇਸ ਢੰਗ ਨਾਲ ਇਸਲਾਮੀ ਫ਼ਿਰਕਿਆਂ ਦੀ ਤਾਲੀਮ ਦਿੱਤੀ ਗਈ ਕਿ ਇਸ ਤਾਲੀਮ ਨੇ ਬੱਚਿਆਂ ਦੇ ਜ਼ਿਹਨ ਨੂੰ ਪੱਥਰ ਬਣਾ ਦਿੱਤਾ। ਜੋ ਲਕੀਰਾਂ ਇਸਲਾਮੀ ਇਲਮ-ਓ-ਅਦਬ ਦੇ ਨਾਂ ਹੇਠ ਇਨ੍ਹਾਂ ਦੇ ਪੱਥਰ ਬਣਾਏ, ਜ਼ਿਹਨ 'ਤੇ ਖਿੱਚ ਦਿੱਤੀਆਂ ਗਈਆਂ, ਉਸ ਤੋਂ ਇਲਾਵਾ ਕੋਈ ਹੋਰ ਲਕੀਰ ਖਿੱਚਣ ਦੀ ਗੁੰਜਾਇਸ਼ ਹੀ ਨਹੀਂ ਰਹਿਣ ਦਿੱਤੀ ਗਈ। ਅੱਜ ਜੋ ਵੀ ਮੁਲਕ ਅੰਦਰ ਲਸ਼ਕਰ ਜਥੇਬੰਦੀਆਂ ਤੇ ਜਹਾਦ ਦੇ ਨਾਂ ਹੇਠ ਤਨਜ਼ੀਮਾਂ ਬਣੀਆਂ ਹੋਈਆਂ ਹਨ, ਉਹ ਇਨ੍ਹਾਂ ਮਦਰੱਸਿਆਂ ਦੇ ਹੀ ਲਾਏ ਹੋਏ ਬੂਟੇ ਹਨ ਜਿਨ੍ਹਾਂ ਨੂੰ ਫਲ-ਫੁੱਲ ਦੀ ਥਾਂ 'ਗੋਲਾ-ਬਾਰੂਦ' ਲਗਦਾ ਹੈ। ਇਸੇ ਹੀ ਗੋਲਾ-ਬਾਰੂਦ ਨੇ ਪੂਰੀ ਪਾਕਿਸਤਾਨੀ ਕੌਮ ਨੂੰ ਲਹੂ-ਲੁਹਾਣ ਕੀਤਾ ਹੋਇਆ ਹੈ। ਪਾਕਿਸਤਾਨ ਅੰਦਰ ਮਦਰੱਸਿਆਂ ਦੀ ਤਾਦਾਦ ਦੋ ਹਜ਼ਾਰ ਤੋਂ ਵੱਧ ਹੈ। ਇਨ੍ਹਾਂ ਮਦਰੱਸਿਆਂ ਵਿਚ 10 ਲੱਖ ਤੋਂ ਵੱਧ ਬੱਚੇ ਪੜ੍ਹ ਰਹੇ ਹਨ।

ਇਸਲਾਮ ਵਿਚ ਚਾਰ ਫ਼ਿਰਕੇ ਬਣੇ ਹੋਏ ਹਨ। ਇਨ੍ਹਾਂ ਫ਼ਿਰਕਿਆਂ ਨੂੰ ਇਸਲਾਮੀ ਅਰਥਾਂ ਵਿਚ ਮਸਲਕ ਕਿਹਾ ਜਾਂਦਾ ਹੈ। ਹਰ ਫ਼ਿਰਕੇ ਵਿਚ ਪੜ੍ਹਾਏ ਜਾਣ ਵਾਲੇ ਕਾਨੂੰਨ ਨੂੰ ਫਿਰਕਾ ਕਹਿੰਦੇ ਹਨ। ਇਹ 4 ਫ਼ਿਰਕੇ ਹਨ: ਬਰੇਲਵੀ, ਹਨਫ਼ੀ, ਦਿਓਬੰਦੀ ਤੇ ਸ਼ੀਆ। ਇਨ੍ਹਾਂ ਸਾਰੇ ਫਿਰਕਿਆਂ ਦੇ ਵੱਖੋ-ਵੱਖ ਇਸਲਾਮੀ ਕਾਨੂੰਨ ਹਨ।

ਇਨ੍ਹਾਂ ਮਦਰੱਸਿਆਂ ਵਿਚੋਂ ਤਾਲੀਮ ਮੁਕੰਮਲ ਕਰ ਕੇ ਨਿਕਲਣ ਵਾਲੇ ਤਾਲਿਬ ਇਲਮ ਮੁਸਲਮਾਨ ਤਾਂ ਹਨ, ਪਰ ਇਨ੍ਹਾਂ ਦਾ ਇਸਲਾਮ ਬਾਰੇ ਆਪਣਾ-ਆਪਣਾ ਕਾਨੂੰਨ ਤੇ ਅਲੱਗ ਹੀ ਫ਼ਲਸਫ਼ਾ ਹੈ। ਪਾਕਿਸਤਾਨ ਅੰਦਰ ਬਣਨ ਵਾਲੇ ਸਾਰੇ ਮਦਰੱਸੇ ਮਸਲਕ (ਫ਼ਿਰਕੇ) ਦੀ ਬੁਨਿਆਦ 'ਤੇ ਬਣੇ ਹੋਏ ਹਨ।

ਦੁਨੀਆਂ ਭਰ ਵਿਚ ਜਦ ਇਨ੍ਹਾਂ ਮਦਰੱਸਿਆਂ ਦੇ ਪੜ੍ਹੇ ਹੋਏ ਤਾਲਿਬ (ਵਿਦਿਆਰਥੀ) ਇਸਲਾਮ ਦੇ ਪ੍ਰਚਾਰ ਲਈ ਜਾਂਦੇ ਹਨ ਤਾਂ ਉਹ ਇਸਲਾਮ ਦਾ ਪ੍ਰਚਾਰ ਉਨ੍ਹਾਂ ਲੀਹਾਂ 'ਤੇ ਨਹੀਂ ਕਰਦੇ ਜੋ ਮੁਹੰਮਦ ਸਾਹਿਬ ਦੇ ਸਮੇਂ ਖੁਦ ਹਜ਼ੂਰ (ਮੁਹੰਮਦ ਸਾਹਿਬ) ਤੇ ਆਪ ਜੀ ਦੇ ਮੁਸਲਿਮ ਸਾਥੀ (ਸੁਹਾਬਾ ਕਰਾਮ) ਕਰਦੇ ਸਨ, ਬਲਕਿ ਇਨ੍ਹਾਂ ਮਦਰੱਸਿਆਂ ਦੇ ਪੜ੍ਹੇ ਵਿਦਿਆਰਥੀ ਇਸਲਾਮ ਦਾ ਪ੍ਰਚਾਰ ਚਾਰ ਫਿਰਕਿਆਂ ਵਿਚੋਂ ਕਿਸੇ ਇਕ ਦੀ ਬੁਨਿਆਦ 'ਤੇ ਕਰਦੇ ਹਨ। ਉਸ ਫ਼ਿਰਕੇ ਦੇ ਇਸਲਾਮੀ ਇਲਮ ਨੂੰ ਹੀ ਉਨ੍ਹਾਂ ਆਪਣੇ ਮਦਰੱਸੇ ਵਿਚ ਪੜ੍ਹਿਆ ਹੁੰਦਾ ਹੈ।

ਸੰਸਾਰ ਭਰ ਵਿਚ ਕਾਇਮ ਮੁਸਲਿਮ ਮੁਲਕ ਕੇਵਲ ਇਸਲਾਮ ਦੇ ਨਾਂ ਹੇਠ ਕਾਇਮ ਨਹੀਂ, ਬਲਕਿ ਇਸਲਾਮ ਵਿਚ ਬਣਨ ਵਾਲੇ ਚਾਰ ਫ਼ਿਰਕਿਆਂ ਵਿਚੋਂ ਕਿਸੇ ਇਕ ਫ਼ਿਰਕੇ ਦੀ ਬੁਨਿਆਦ 'ਤੇ ਬਣੇ ਹੋਏ ਹਨ; ਜਿਵੇਂ ਸਾਊਦੀ ਅਰਬ ਦਿਓਬੰਦੀ ਅਤੇ ਇਰਾਨ ਸ਼ੀਆ ਫ਼ਿਰਕਿਆਂ ਦੀ ਬੁਨਿਆਦ 'ਤੇ ਕਾਇਮ ਹਨ। ਇੰਜ ਹੀ ਦੁਨੀਆਂ ਦੇ ਬਹੁ-ਗਿਣਤੀ ਮੁਸਲਮਾਨ ਮੁਲਕ ਇਸਲਾਮੀ ਫ਼ਿਰਕਿਆਂ ਦੀ ਬੁਨਿਆਦ 'ਤੇ ਵੰਡੇ ਹੋਏ ਹਨ। ਇਹੋ ਕਾਰਨ ਹੈ ਕਿ ਕਿਸੇ ਵੀ ਇਸਲਾਮੀ ਮੁਲਕ ਦਾ ਬਹੁ-ਗਿਣਤੀ ਫ਼ਿਰਕਾ ਘੱਟ-ਗਿਣਤੀ ਫ਼ਿਰਕੇ ਦੇ ਮੁਸਲਮਾਨਾਂ 'ਤੇ ਜ਼ੁਲਮ ਤੇ ਜ਼ਿਆਦਤੀਆਂ ਕਰਦਾ ਰਹਿੰਦਾ ਹੈ; ਜਿਵੇਂ ਪਾਕਿਸਤਾਨ ਅੰਦਰ ਘੱਟ-ਗਿਣਤੀ ਸ਼ੀਆ ਫ਼ਿਰਕਾ ਦੇ ਮੁਸਲਿਮ ਭਾਈਚਾਰੇ ਦੀ ਕਤਲ-ਓ-ਗਾਰਤ ਆਏ ਦਿਨ ਹੁੰਦੀ ਰਹਿੰਦੀ ਹੈ। ਸੰਸਾਰ ਦਾ ਕੋਈ ਵੀ ਇਸਲਾਮੀ ਮੁਲਕ ਇਸਲਾਮ ਦੇ ਜਿਸ ਫ਼ਿਰਕੇ ਦਾ ਪੈਰੋਕਾਰ ਹੈ, ਉਹ ਆਪਣੇ ਮੁਲਕ ਅੰਦਰ ਚੱਲ ਰਹੇ ਫ਼ਿਰਕੇ ਦੀ ਬੁਨਿਆਦ 'ਤੇ ਕਾਇਮ ਪਾਕਿਸਤਾਨ ਅੰਦਰ ਕਾਇਮ ਮਦਰੱਸੇ ਦੀ ਮਾਲੀ ਮਦਦ ਕਰਦਾ ਹੈ। ਹਰ ਮਦਰੱਸਾ ਜਿਸ ਮੁਸਲਿਮ ਫ਼ਿਰਕੇ ਦੀ ਤਾਲੀਮ ਦਿੰਦਾ ਹੈ, ਉਸ ਮਦਰੱਸੇ ਅੰਦਰ ਪੜ੍ਹਾਉਣ ਵਾਲੇ ਮੌਲਾਣੇ ਦਾਅਵੇਦਾਰ ਹੁੰਦੇ ਹਨ ਕਿ ਉਨ੍ਹਾਂ ਫ਼ਿਰਕੇ 'ਤੇ ਚੱਲਣ ਵਾਲੇ ਹੀ ਮੁਸਲਮਾਨ ਹਨ, ਦੂਜੇ ਫ਼ਿਰਕਿਆਂ ਵਾਲੇ ਗੁੰਮਰਾਹ ਮੁਸਲਮਾਨ ਹਨ।

ਮਦਰੱਸਾ ਬਣਾਉਣ ਤੇ ਚਲਾਉਣ ਵਾਲਿਆਂ ਦੀ ਪੂਰੀ ਕੋਸ਼ਿਸ਼ ਹੁੰਦੀ ਹੈ ਕਿ ਆਮ ਮੁਸਲਮਾਨ ਆਪਣੇ ਬੱਚਿਆਂ ਨੂੰ ਕੇਵਲ ਉਨ੍ਹਾਂ ਦੇ ਮਦਰੱਸੇ ਵਿਚ ਪੜ੍ਹਨ ਲਈ ਭੇਜਣ। ਇਸ ਲਈ ਲਾਲਚ-ਜ਼ਬਰ ਬਲਕਿ ਹਰ ਹੀਲਾ ਵਰਤਿਆ ਜਾਂਦਾ ਹੈ। ਦਰਅਸਲ ਹਰ ਫ਼ਿਰਕੇ ਦੇ ਮਦਰੱਸੇ ਦੀ ਕੋਸ਼ਿਸ਼ ਹੁੰਦੀ ਹੈ ਕਿ ਨਵੀਂ ਪੀੜ੍ਹੀ ਕੇਵਲ ਉਸ ਵਿਚ ਪੜ੍ਹਾਇਆ ਜਾਣ ਵਾਲਾ ਕਾਨੂੰਨ ਹੀ ਪੜ੍ਹੇ ਤੇ ਇਹਦਾ ਪੱਕਾ ਪੈਰੋਕਾਰ ਬਣ ਜਾਏ। ਹਰ ਫ਼ਿਰਕੇ ਨਾਲ ਸਬੰਧਤ ਮਦਰੱਸੇ ਵਿਚ ਇਸਲਾਮ ਦੀ ਪਵਿੱਤਰ ਕਿਤਾਬ ਕੁਰਾਨ ਨੂੰ ਬਾਅਦ ਵਿਚ ਪੜ੍ਹਾਇਆ ਜਾਂਦਾ ਹੈ, ਪਹਿਲਾਂ ਫ਼ਿਰਕੇ ਦਾ ਕਾਨੂੰਨ ਪੜ੍ਹਾਇਆ ਜਾਂਦਾ ਹੈ। ਕੁਰਾਨ ਦੀ ਤਾਲੀਮ ਨੂੰ ਮੁੱਖ ਰੱਖਣ ਦੀ ਜ਼ਰੂਰਤ ਮਹਿਸੂਸ ਨਹੀਂ ਕੀਤੀ ਜਾਂਦੀ।

ਬਰੇਲਵੀ, ਹਨਫ਼ੀ, ਦਿਓਬੰਦੀ ਅਤੇ ਸ਼ੀਆ ਫ਼ਿਰਕਿਆਂ ਦੇ ਮਦਰੱਸਿਆਂ ਵਿਚ ਪੜ੍ਹਨ ਵਾਲਾ ਵਿਦਿਆਰਥੀ ਮੁਸਲਮਾਨ ਬਾਅਦ ਵਿਚ ਹੈ, ਪਹਿਲਾਂ ਉਹ ਬਰੇਲਵੀ, ਹਨਫ਼ੀ, ਦਿਓਬੰਦੀ ਜਾਂ ਸ਼ੀਆ ਹੈ। ਜੋ ਵੀ ਮੁਸਲਮਾਨ ਆਪਣੇ ਫ਼ਿਰਕੇ ਦੇ ਵਿਰੁਧ ਉਠ ਖੜ੍ਹਾ ਹੁੰਦਾ ਹੈ, ਉਸ ਨੂੰ ਫ਼ਿਰਕੇ ਵਿਚੋਂ ਕੱਢ ਦਿੱਤਾ ਜਾਂਦਾ ਹੈ। ਇਸੇ 'ਫ਼ਿਰਕਾ ਪ੍ਰਸਤੀ' ਕਾਰਨ ਪਾਕਿਸਤਾਨ ਦੇ ਮੁਸਲਮਾਨ ਇਕ ਮਾਲਾ ਵਿਚ ਪ੍ਰੋਏ ਨਹੀਂ ਜਾ ਸਕੇ। ਇਸੇ ਕਾਰਨ ਹੀ ਮੁਸਲਿਮ ਸਮਾਜ ਵਿਚ ਕੱਟੜਪੰਥੀ ਤੇ ਦਹਿਸ਼ਤਗਰਦੀ ਨੇ ਜਨਮ ਲਿਆ ਹੈ ਜਿਸ ਨੂੰ ਜਹਾਦ ਦੇ ਨਾਂ ਹੇਠ ਕੇਵਲ ਗੁਆਂਢੀ ਮੁਲਕਾਂ ਵਿਚ ਹੀ ਨਹੀ,' ਬਲਕਿ ਪੂਰੀ ਦੁਨੀਆਂ ਵਿਚ ਫੈਲਾਇਆ ਗਿਆ ਹੈ ਤੇ ਅੱਜ ਪਾਕਿਸਤਾਨ ਇਨ੍ਹਾਂ ਜਹਾਦੀ ਦਹਿਸ਼ਤਗਰਦਾਂ ਦੇ ਹੱਥੋਂ ਲਹੂ-ਲੁਹਾਣ ਹੈ। ਕਈ ਵਾਰੀ ਹੱਥਾਂ ਨਾਲ ਦਿੱਤੀਆਂ ਗੰਢਾਂ ਮੂੰਹ ਨਾਲ ਖੋਲ੍ਹਣੀਆਂ ਪੈਂਦੀਆਂ ਹਨ; ਬੰਦਾ ਜੋ ਬੀਜਦਾ ਹੈ, ਉਹੋ ਹੀ ਵੱਢਦਾ ਹੈ।

ਮੁਲਕ ਅੰਦਰ ਇਸਲਾਮੀ ਤਾਲੀਮ ਦੇ ਨਾਂ 'ਤੇ ਬਣੇ ਇਹ ਮਦਰੱਸੇ ਹਕੂਮਤ ਦੇ ਕਾਬੂ ਵਿਚ ਵੀ ਨਹੀਂ ਰਹੇ। ਇਹ ਇੰਨੀ ਤਾਕਤ ਫੜ ਚੁੱਕੇ ਹਨ ਕਿ ਹਕੂਮਤ ਦੀ ਹਿੰਮਤ ਨਹੀਂ ਪੈ ਰਹੀ ਕਿ ਇਨ੍ਹਾਂ ਮਦਰੱਸਿਆਂ ਦੀ ਰਜਿਸਟ੍ਰੇਸ਼ਨ ਕਰ ਸਕੇ। ਫ਼ੌਜੀ ਜਰਨੈਲ ਪਰਵੇਜ਼ ਮੁਸ਼ੱਰਫ ਦੀ ਹਕੂਮਤ ਸਮੇਂ ਕੇਵਲ 800 ਮਦਰੱਸਿਆਂ ਨੂੰ ਰਜਿਸਟਰਡ ਕੀਤਾ ਗਿਆ ਸੀ, ਪਰ ਬਾਅਦ ਵਿਚ ਇਹ ਕੰਮ ਅਧੂਰੇ ਦਾ ਅਧੂਰਾ ਹੀ ਰਹਿ ਗਿਆ।

ਮੁਲਕ ਅੰਦਰ ਕਾਇਮ ਮਦਰੱਸਿਆਂ ਨੂੰ ਬਾਹਰ ਦੇ ਮੁਲਕਾਂ, ਖਾਸ ਤੌਰ 'ਤੇ ਸਾਊਦੀ ਅਰਬ, ਇਰਾਨ, ਕਤਰ ਆਦਿ ਵਲੋਂ ਕਰੋੜਾਂ ਨਹੀਂ, ਬਲਕਿ ਅਰਬਾਂ ਰੁਪਏ ਦੀ ਮਾਲੀ ਮਦਦ ਦਿੱਤੀ ਜਾਂਦੀ ਹੈ। ਜੋ ਮੁਲਕ ਜਿਨ੍ਹਾਂ ਮਦਰੱਸਿਆਂ ਨੂੰ ਮਾਲੀ ਮਦਦ ਦਿੰਦੇ ਹਨ, ਉਨ੍ਹਾਂ ਮਦਰੱਸਿਆਂ ਵਿਚ ਫਿਰ ਉਨ੍ਹਾਂ ਮੁਲਕਾਂ ਦੀ ਹੀ ਮਨਮਰਜ਼ੀ ਚਲਦੀ ਹੈ। ਹਾਲੇ ਤੱਕ ਨਾ ਤਾਂ ਇਨ੍ਹਾਂ ਮਦਰੱਸਿਆਂ ਦੀ ਰਜਿਸਟ੍ਰੇਸ਼ਨ ਹੋ ਸਕੀ ਹੈ ਤੇ ਨਾ ਹੀ ਇਨ੍ਹਾਂ ਮਦਰੱਸਿਆਂ ਨੂੰ ਕਿਸੇ ਇਕ ਕਾਇਦੇ-ਕਾਨੂੰਨ ਦਾ ਪਾਬੰਦ ਬਣਾਇਆ ਜਾ ਸਕਿਆ ਹੈ। ਨਾ ਹੀ ਇਨ੍ਹਾਂ ਮਦਰੱਸਿਆਂ ਦੇ ਕਰਤਾ-ਧਰਤਾ ਇਹ ਦੱਸਣ ਲਈ ਤਿਆਰ ਹਨ ਕਿ ਉਨ੍ਹਾਂ ਦੇ ਮਦਰੱਸਿਆਂ ਨੂੰ ਕਿਨ੍ਹਾਂ ਮੁਲਕਾਂ ਵਲੋਂ ਕਿੰਨੀ ਮਾਲੀ ਮਦਦ ਦਿੱਤੀ ਜਾ ਰਹੀ ਹੈ। ਮੁਲਕ ਅੰਦਰੋਂ ਇਨ੍ਹਾਂ ਨੂੰ ਕਿਹੜੇ-ਕਿਹੜੇ ਤਿਜਾਰਤੀ ਅਦਾਰੇ ਜਾਂ ਅਮੀਰ ਲੋਕ ਮਾਲੀ ਮਦਦ ਦੇ ਰਹੇ ਹਨ? ਇਹ ਮਦਰੱਸੇ ਆਪਣੀ ਆਮਦਨ 'ਤੇ ਖਰਚ ਦੇ ਹਿਸਾਬ-ਕਿਤਾਬ ਦਾ ਕੋਈ ਆਡਿਟ ਕਰਵਾਉਣ ਲਈ ਤਿਆਰ ਨਹੀਂ ਹਨ। ਕਿਹੜੇ-ਕਿਹੜੇ ਮਦਰੱਸੇ ਦਹਿਸ਼ਤਗਰਦਾਂ ਨੂੰ ਸ਼ਰਨ ਦਿੰਦੇ ਹਨ, ਇਹ ਜਾਂਚ ਕਰਵਾਉਣ ਲਈ ਵੀ ਕੋਈ ਮਦਰੱਸਾ ਤਿਆਰ ਨਹੀਂ ਹੈ।

ਇਨ੍ਹਾਂ ਮਦਰੱਸਿਆਂ ਵਿਚ ਸਾਇੰਸ ਦੇ ਮਜ਼ਮੂਨ, ਫਿਜ਼ਿਕਸ, ਕੈਮਿਸਟਰੀ, ਕੰਪਿਊਟਰ, ਮੈਥ ਬਾਰੇ ਤਾਲੀਮ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ, ਬਲਕਿ ਗੱਲ ਇਥੋਂ ਤੱਕ ਪਹੁੰਚ ਗਈ ਹੈ ਕਿ ਹਕੂਮਤ ਦੇ ਸੁਰੱਖਿਆ ਅਦਾਰਿਆਂ ਨੂੰ ਇਨ੍ਹਾਂ ਮਦਰੱਸਿਆਂ ਵਿਚ ਵੜਨ ਦੀ ਇਜਾਜ਼ਤ ਵੀ ਨਹੀਂ ਦਿੱਤੀ ਜਾਂਦੀ। ਸਰਕਾਰ ਇੰਨੀ ਤਾਕਤ ਰੱਖਣ ਦੇ ਬਾਵਜੂਦ ਇਨ੍ਹਾਂ ਮਦਰੱਸਿਆਂ ਦੇ ਅੰਦਰੂਨੀ ਮਾਮਲਿਆਂ ਨੂੰ ਆਪਣੇ ਹੱਥਾਂ ਵਿਚ ਲੈਣ ਦੀ ਹਿੰਮਤ ਕਰਨ ਲਈ ਤਿਆਰ ਨਹੀਂ।

ਮਦਰੱਸਿਆਂ ਦੇ ਪ੍ਰਿੰਸੀਪਲ ਨੂੰ 'ਮੁਹਤਮੱਮ' ਕਿਹਾ ਜਾਂਦਾ ਹੈ। ਇਹ ਮੁਹਤਮੱਮ ਇੰਨੇ ਦਲੇਰ ਤੇ ਬੇਖੌਫ਼ ਹੋ ਗਏ ਹਨ ਕਿ ਡਿਪਟੀ ਕਮਿਸ਼ਨਰ, ਕਮਿਸ਼ਨਰ, ਡੀ.ਆਈ.ਜੀ. ਆਦਿ ਇਨ੍ਹਾਂ ਸਾਹਮਣੇ ਕੋਈ ਰੁਤਬਾ ਨਹੀਂ ਰੱਖਦੇ। ਇਨ੍ਹਾਂ ਅਫ਼ਸਰਾਂ ਵਿਚ ਜੁਰਅਤ ਹੀ ਨਹੀਂ ਹੈ ਕਿ ਕਿਸੇ ਵੀ ਮਦਰੱਸੇ ਦੇ ਇੰਚਾਰਜ ਨੂੰ ਕੋਈ ਗੱਲ ਮੰਨਵਾ ਸਕਣ ਜਾਂ ਕਿਸੇ ਵੀ ਢੰਗ-ਤਰੀਕੇ ਨਾਲ ਇਨ੍ਹਾਂ 'ਤੇ ਰੋਅਬ ਜਾਂ ਦਾਬਾ ਪਾ ਸਕਣ। ਜੇ ਕੋਈ ਅਫ਼ਸਰ ਇੰਜ ਕਰੇਗਾ ਤਾਂ ਫਿਰ ਇਸ ਅਫ਼ਸਰ ਤੇ ਇਸ ਦੇ ਘਰ ਵਾਲਿਆਂ ਨੂੰ ਰੱਬ ਹੀ ਬਚਾ ਸਕਦਾ ਹੈ!

ਮਦਰੱਸਿਆਂ ਵਿਚ ਪੜ੍ਹਨ ਵਾਲੇ ਬੱਚਿਆਂ ਦੇ ਜ਼ਿਹਨ ਕੇਵਲ ਮਜ਼ਹਬੀ ਜਨੂੰਨ ਵਿਚ ਹੀ ਢਲੇ ਨਹੀਂ ਹੁੰਦੇ, ਬਲਕਿ ਜ਼ਿਹਨ ਇੰਝ ਹੋ ਜਾਂਦੇ ਹਨ ਜਿਵੇਂ ਪੱਥਰ ਦੇ ਜ਼ਮਾਨੇ ਨਾਲ ਜੁੜੇ ਹੋਣ। ਔਰਤਾਂ ਦੇ ਸਿਰਾਂ 'ਤੇ ਟੋਪੀ ਵਾਲੇ ਬੁਰਕੇ, ਇਨ੍ਹਾਂ ਨੂੰ ਘਰ ਦੀ ਚਾਰਦੀਵਾਰੀ ਵਿਚ ਬੰਦ ਰੱਖਣਾ, ਲੜਕੀਆਂ ਨੂੰ ਇਲਮ ਦੀ ਰੌਸ਼ਨੀ ਤੋਂ ਦੂਰ ਰੱਖਣਾ, ਆਪਣੇ-ਆਪ ਨੂੰ ਮੋਮਨ ਤੇ ਦੂਜੀਆਂ ਕੌਮਾਂ ਨੂੰ ਕਾਫਰ ਸਮਝਣਾ, ਕਾਫ਼ਰਾਂ ਖਿਲਾਫ਼ ਜਹਾਦ ਕਰਨਾ। ਇਨ੍ਹਾਂ ਦੀ ਸੋਚ ਹੁੰਦੀ ਹੈ ਕਿ ਮੁਸਲਿਮ ਸਵਰਗੀ ਹਨ ਤੇ ਦੂਜੀਆਂ ਕੌਮਾਂ ਨਰਕੀ ਹਨ।

ਇਹ ਹੈ ਇਨ੍ਹਾਂ ਦੇ ਹਾਸਲ ਕੀਤੇ ਇਲਮ ਦੀ ਹੱਦਬੰਦੀ। ਬੁੱਲ੍ਹੇ ਸ਼ਾਹ ਨੇ ਅਜਿਹੇ ਹੀ ਆਲਮਾਂ ਬਾਰੇ ਕਿਹਾ ਹੈ: ਇਲਮੋਂ ਬਸ ਕਰੀਂ ਓ ਯਾਰ।...ਰੱਬ ਰਾਖਾ।

# ਚਾਰ ਸ਼ਬਦਾਂ ਦੀ ਮੂੰਹਜ਼ੋਰ ਸਿਆਸਤ ਨਾਲ ਚੱਲਦੀ ਮਰਦਾਂ ਦੀ ਸਰਦਾਰੀ



*ਬੰਗਾਲ ਵਿਚ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਨੇ ਆਪਣੀ ਇੱਕ ਮੁਹਿੰਮ ਦਾ ਨਾਮ ਰੱਖਿਆ ਹੋਇਆ ਹੈ, ਬਹੂ ਲਾਓ ਬੇਟੀ ਬਚਾਓ। ਇਨ੍ਹਾਂ ਚਾਰ ਸ਼ਬਦਾਂ ਵਿਚ ਬੰਨ੍ਹੀ ਸਿਆਸਤ ਸੰਘ ਪਰਿਵਾਰ ਤੋਂ ਸਮੇਂ ਅਤੇ ਸਥਾਨ ਵਿਚ ਕਿਤੇ ਵੱਡੀ ਹੈ। ਇਸ ਦਾ ਇਤਿਹਾਸ ਸੰਘ ਪਰਿਵਾਰ ਤੋਂ ਪੁਰਾਣਾ ਅਤੇ ਇਸ ਦਾ ਘੇਰਾ ਸੰਘ ਦੇ ਪਨ੍ਹੇ ਤੋਂ ਕਿਤੇ ਵਸੀਹ ਹੈ। ਇਨ੍ਹਾਂ ਚਾਰ ਸ਼ਬਦਾਂ ਨੇ ਇੱਕ ਪੇਚੀਦਾ ਰੁਝਾਨ ਦੀਆਂ ਰਮਜ਼ਾਂ ਨੂੰ ਬਾ-ਕਮਾਲ ਫੜਿਆ ਹੈ। ਇਨ੍ਹਾਂ ਚਾਰ ਸ਼ਬਦਾਂ ਰਾਹੀਂ ਸੰਘ ਪਰਿਵਾਰ ਦੀ ਸਮੁੱਚੀ ਸਿਆਸਤ ਦਾ ਪੁਖ਼ਤਾ ਅੰਦਾਜ਼ਾ ਹੋ ਜਾਂਦਾ ਹੈ ਅਤੇ ਇਸ ਦੇ ਸਮਾਜਕ ਅਤੇ ਸਭਿਆਚਾਰਕ ਪੱਖਾਂ ਦੀਆਂ ਤੰਦਾਂ ਖੁੱਲ੍ਹ ਜਾਂਦੀਆਂ ਹਨ...ਬਹੂ ਲਿਆਉਣ ਦਾ ਮਤਲਬ ਦੂਜੇ ਦੀ ਧੀ ਆਪਣੇ ਘਰ ਲਿਆਉਣ ਨਾਲ ਹੈ ਜੋ ਬੱਚੇ ਪੈਦਾ ਕਰਨ ਤੋਂ ਲੈ ਕੇ ਘਰੇਲੂ ਕੰਮ-ਕਾਜ ਦੇ ਨਾਲ-ਨਾਲ ਸ਼ਰਮ, ਧਰਮ ਅਤੇ ਸਭਿਆਚਾਰ ਦੇ ਘੇਰੇ ਵਿਚ ਰਹਿ ਕੇ ਦੋਇਮ ਦਰਜੇ ਦੀ ਜ਼ਿੰਦਗੀ ਕਬੂਲ ਕਰੇਗੀ। ਬੇਟੀ ਬਚਾਉਣ ਤੋਂ ਮਤਲਬ ਹੈ ਕਿ ਉਸ ਦੀ ਹੋਣੀ ਦਾ ਫ਼ੈਸਲਾ ਪਿਉ, ਪੁੱਤ ਜਾਂ ਭਾਈ-ਭਤੀਜਿਆਂ ਦੀ ਸਰਪ੍ਰਸਤੀ ਹੇਠ ਕੁਨਬੇ (ਜਾਂ ਧਰਮ) ਦੇ ਮਰਦਾਂ ਨੇ ਕਰਨਾ ਹੈ।*

ਨਾਅਰੇ ਸਿਆਸਤ ਦਾ ਖ਼ਾਸਾ ਫੜ੍ਹਦੇ ਹਨ। ਨਾਅਰੇ ਘੜਨ ਉਤੇ ਸਿਆਸੀ ਪਾਰਟੀਆਂ ਚੋਖੀ ਮਗਜ਼ ਖਪਾਈ ਕਰਦੀਆਂ ਹਨ। ਸਿਆਸੀ ਮਨਸੂਬਿਆਂ ਅਤੇ ਮਜਬੂਰੀਆਂ ਦੀ ਨੁਮਾਇਸ਼ ਨਾਅਰਿਆਂ ਵਿਚ ਹੁੰਦੀ ਹੈ। ਕਈ ਵਾਰ ਮੌਕੇ ਦੇ ਵੇਗ ਵਿਚ ਸਿਆਸੀ ਪਾਰਟੀਆਂ ਆਪਣੀ ਸਿਆਸਤ ਦਾ ਕਜ ਨਾਅਰਿਆਂ ਰਾਹੀਂ ਉਭਾਰ ਦਿੰਦੀਆਂ ਹਨ, ਕਈ ਵਾਰ ਨਾਅਰੇ ਕਜ ਢਕ ਲੈਂਦੇ ਹਨ। ਆਪਮੁਹਾਰੇ ਲੱਗੇ ਨਾਅਰੇ ਸਿਆਸਤ ਦੇ ਟੀਰ ਨੂੰ ਉਭਾਰ ਦਿੰਦੇ ਹਨ। ਕਸੂਤੀਆਂ ਫਸੀਆਂ ਸਿਆਸੀ ਪਾਰਟੀਆਂ ਆਪਣੇ ਨਾਅਰੇ ਬਦਲਦੀਆਂ ਹਨ। ਬਦਲਦੀ ਸਿਆਸਤ ਅਤੇ ਬਦਲਦੇ ਮਾਹੌਲ ਬਾਰੇ ਕਈ ਅਧਿਐਨ ਨਾਅਰਿਆਂ ਵਿਚੋਂ ਕੀਤੇ ਜਾਂਦੇ ਹਨ। ਜੁਆਬੀ ਨਾਅਰੇ ਹੋਰ ਵੀ ਦਿਲਚਸਪ ਪੱਖ ਪੇਸ਼ ਕਰਦੇ ਹਨ। ਇਨ੍ਹਾਂ ਤੋਂ



**ਦਲਜੀਤ ਅਮੀ**
**ਫੋਨ: 91-97811-21873**

ਪਤਾ ਲੱਗਦਾ ਹੈ ਕਿ ਦੂਜੀਆਂ ਧਿਰਾਂ ਪਹਿਲੀ ਧਿਰ ਦੇ ਨਾਅਰੇ ਨੂੰ ਨਵੇਂ ਸ਼ਬਦਾਂ ਵਿਚ ਅਪਨਾਉਣਾ ਚਾਹੁੰਦੀਆਂ ਹਨ, ਜਾਂ ਇਸ ਨਾਲ ਸਿੱਧਾ ਟਕਰਾਉਣਾ ਚਾਹੁੰਦੀਆਂ ਹਨ ਜਾਂ ਇਸ ਤੋਂ ਕੰਨੀ ਖਿਸਕਾਉਣਾ ਚਾਹੁੰਦੀਆਂ ਹਨ। ਨਾਅਰਿਆਂ ਵਿਚ ਕਈ ਵਾਰ ਆਪਣੀ ਧਿਰ ਅਤੇ ਦੁਸ਼ਮਣ ਦੀ ਸ਼ਨਾਖਤ ਕੀਤੀ ਜਾਂਦੀ ਹੈ। ਇਸ ਤਰ੍ਹਾਂ ਹਰ ਨਾਅਰੇ ਦੇ ਮਾਮਲੇ ਵਿਚ ਸਮਾਂ, ਸਥਾਨ ਅਤੇ ਹਾਲਾਤ ਅਹਿਮ ਹੁੰਦੇ ਹਨ। ਕਈ ਨਾਅਰੇ ਬਦਲੇ ਹਾਲਾਤ ਵਿਚ ਆਪਣੇ ਅਰਥ ਬਦਲ ਲੈਂਦੇ ਹਨ। ਜੇ ਨਾਅਰੇ ਇੱਕ ਪਾਸੇ ਜੁਗਤ ਬਣਦੇ ਹਨ ਤਾਂ ਦੂਜੇ ਪਾਸੇ ਵਿਚਾਰ ਦਾ ਵਾਹਨ ਬਣਦੇ ਹਨ। ਸਿਆਸੀ, ਸਮਾਜਕ ਅਤੇ ਸਭਿਆਚਾਰਕ ਮੁਹਿੰਮਾਂ ਦੇ ਨਾਮ ਵੀ ਨਾਅਰਿਆਂ ਵਾਂਗ ਹੀ ਅਹਿਮ ਹੁੰਦੇ ਹਨ ਜੋ ਕੁਝ ਸ਼ਬਦਾਂ ਵਿਚ ਮੁਹਿੰਮ ਦੇ ਖ਼ਾਸੇ ਨੂੰ ਸੂਤਰਬੱਧ ਕਰਦੇ ਹਨ।

ਮੌਜੂਦਾ ਦੌਰ ਵਿਚ ਭਾਜਪਾ ਦੇ ਨਾਅਰੇ ਦਿਲਚਸਪ ਹਨ। ਨਾਅਰਿਆਂ ਅਤੇ ਮੁਹਿੰਮਾਂ ਦੇ ਨਾਮ ਰੱਖਣ ਉਤੇ ਭਾਜਪਾ ਚੋਖਾ ਸਮਾਂ ਗੁਜ਼ਾਰਦੀ ਹੈ। ਭਾਜਪਾ ਨੇ ਆਪਣੀ ਸਿਆਸਤ ਦੇ ਪੇਚੀਦਾ ਮੁੱਦਿਆਂ ਨੂੰ ਸੌਖੇ ਸ਼ਬਦਾਂ ਵਿਚ ਸੂਤਰਬੱਧ ਕੀਤਾ ਹੈ। ਇਸ ਕੰਮ ਉਤੇ ਚੋਖੀ ਮੁਸ਼ੱਕਤ ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਇਸ ਨਾਲ ਜੁੜੀਆਂ ਜਥੇਬੰਦੀਆਂ ਕਰਦੀਆਂ ਹਨ। ਇਨ੍ਹਾਂ ਜਥੇਬੰਦੀਆਂ ਦੇ ਹਿੱਸੇ ਉਹ ਮੁਹਿੰਮਾਂ ਆਉਂਦੀਆਂ ਹਨ ਜੋ ਜੁਗਤ ਪੱਖੋਂ ਭਾਜਪਾ ਦੇ ਮੰਚ ਤੋਂ ਬਣਦੀ ਪ੍ਰਵਾਨਗੀ ਹਾਸਲ ਨਹੀਂ ਕਰ ਸਕੀਆਂ। ਭਾਜਪਾ ਦੇ ਸਿਆਸੀ ਘੇਰੇ ਨੂੰ ਮੋਕਲਾ ਕਰਨਾ ਜਾਂ ਇਸ ਦੀ ਸਿਆਸਤ ਨੂੰ ਤਿੱਖਾ ਕਰਨ ਦਾ ਕੰਮ ਇਹ ਜਥੇਬੰਦੀਆਂ ਕਰਦੀਆਂ ਹਨ। ਸੰਘ ਦੀ ਸਿਆਸਤ, ਹਿੰਦੂ ਪਛਾਣ ਅਤੇ ਹਿੰਦੂ ਮਸਲਿਆਂ ਦੁਆਲੇ ਘੁੰਮਦੀ ਹੈ। ਇਸੇ ਚੌਖਟੇ ਵਿਚੋਂ ਇਹ ਮੁਲਕ ਦਾ ਤਸੱਵਰ ਘੜਦੀ ਹੈ। ਇਸੇ ਚੌਖਟੇ ਵਿਚ ਇਹ ਆਪਣੇ-ਪਰਾਏ ਦੀ ਪਛਾਣ ਕਰਦੀ ਹੈ। ਮੁਸਲਮਾਨ ਆਬਾਦੀ ਨੂੰ ਖ਼ਤਰਾ ਕਰਾਰ ਦੇਣਾ ਇਸ ਸਿਆਸਤ ਦੀ ਅਹਿਮ ਤੰਦ ਰਿਹਾ ਹੈ। ਮੁਸਲਮਾਨਾਂ ਨੂੰ ਥੋੜ੍ਹਾ ਮੋਕਲੇ ਘੇਰੇ ਵਿਚ ਸਾਮੀ ਧਰਮਾਂ ਦਾ ਨੁਮਾਇੰਦਾ ਮੰਨਿਆ ਜਾ ਸਕਦਾ ਹੈ।

ਦੂਜੇ ਧਰਮਾਂ ਦੇ ਮੁੰਡਿਆਂ ਨਾਲ ਹਿੰਦੂ ਕੁੜੀਆਂ ਦੇ ਵਿਆਹ ਨੂੰ ਸੰਘ ਦੀ ਸਿਆਸਤ ਲਗਾਤਾਰ ਮਸਲਾ ਬਣਾਉਂਦੀ ਰਹੀ ਹੈ। ਇਸ ਮਾਮਲੇ ਵਿਚ ਹਿੰਦੂ ਮੁੰਡਿਆਂ ਦੇ ਦੂਜੇ ਧਰਮਾਂ ਦੀਆਂ ਕੁੜੀਆਂ ਬਾਰੇ ਸੰਘ ਪਹਿਲਾਂ ਕੰਨੀ ਖਿਸਕਾਉਂਦਾ ਰਿਹਾ ਹੈ ਪਰ ਹੁਣ ਇਸ ਬਾਰੇ ਪੱਕੇ ਪੈਰੀਂ ਬੋਲਣ ਲੱਗਾ ਹੈ। ਪਹਿਲਾਂ ਖਿਸਕਾਈ ਕੰਨੀ ਦੀ ਹੁਣ ਦਿੱਤੇ ਆਵਾਜ਼ੇ ਨਾਲ ਇੱਕਸੁਰਤਾ ਹੈ। ਬੰਗਾਲ ਵਿਚ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਨੇ ਆਪਣੀ ਇੱਕ ਮੁਹਿੰਮ ਦਾ ਨਾਮ ਰੱਖਿਆ ਹੋਇਆ ਹੈ, ਬਹੂ ਲਾਓ ਬੇਟੀ ਬਚਾਓ। ਇਨ੍ਹਾਂ ਚਾਰ ਸ਼ਬਦਾਂ ਵਿਚ ਬੰਨ੍ਹੀ ਸਿਆਸਤ ਸੰਘ ਪਰਿਵਾਰ ਤੋਂ ਸਮੇਂ ਅਤੇ ਸਥਾਨ ਵਿਚ ਕਿਤੇ ਵੱਡੀ ਹੈ। ਇਸ ਦਾ ਇਤਿਹਾਸ ਸੰਘ ਪਰਿਵਾਰ ਤੋਂ ਪੁਰਾਣਾ ਅਤੇ ਇਸ ਦਾ ਘੇਰਾ ਸੰਘ ਦੇ ਪਨ੍ਹੇ ਤੋਂ ਕਿਤੇ ਵਸੀਹ ਹੈ। ਇਨ੍ਹਾਂ ਚਾਰ ਸ਼ਬਦਾਂ ਨੇ ਇੱਕ ਪੇਚੀਦਾ ਰੁਝਾਨ ਦੀਆਂ ਰਮਜ਼ਾਂ ਨੂੰ ਬਾ-ਕਮਾਲ ਫੜਿਆ ਹੈ। ਇਨ੍ਹਾਂ ਚਾਰ ਸ਼ਬਦਾਂ ਰਾਹੀਂ ਸੰਘ ਪਰਿਵਾਰ ਦੀ ਸਮੁੱਚੀ ਸਿਆਸਤ ਦਾ ਪੁਖਤਾ ਅੰਦਾਜ਼ਾ ਹੋ ਜਾਂਦਾ ਹੈ ਅਤੇ ਇਸ ਦੇ ਸਮਾਜਕ ਅਤੇ ਸਭਿਆਚਾਰਕ ਪੱਖਾਂ ਦੀਆਂ ਤੰਦਾਂ ਖੁੱਲ੍ਹ ਜਾਂਦੀਆਂ ਹਨ।

ਇਸ ਨਾਅਰੇ ਵਿਚ ਸੰਘ ਦੀ ਸਿਆਸਤ ਦੀਆਂ ਆਪਣੇ-ਪਰਾਏ, ਪਿਆਰ-ਨਫਰਤ, ਊਚ-ਨੀਚ, ਮਾਲਕ-ਦਾਸ ਅਤੇ ਹਾਕਮ-ਮਹਿਕੂਮ ਵਾਲੀਆਂ ਰਮਜ਼ਾਂ ਸਮਾਈਆਂ ਹੋਈਆਂ ਹਨ। ਜੇ ਇਸ ਨਾਅਰੇ ਨੂੰ ਭਾਰਤ ਦੇ ਹਵਾਲੇ ਨਾਲ ਸੰਘ ਸਿਆਸਤ ਦੇ ਹਵਾਲੇ ਤੋਂ ਬਾਹਰ ਰੱਖ ਕੇ ਵੇਖਿਆ ਜਾਵੇ ਤਾਂ ਇਸ ਵਿਚੋਂ ਵੰਨ-ਸੁਵੰਨੀ ਮਰਦ ਮੁਖੀ ਬੁਨਿਆਦਪ੍ਰਸਤ ਸਿਆਸਤ ਦੀ ਤਹਿਰੀਕ ਅਤੇ ਮਨਸੂਬੇ ਪੜ੍ਹੇ ਜਾ ਸਕਦੇ ਹਨ। ਬਹੂ ਲਿਆਉਣ ਦਾ ਮਤਲਬ ਦੂਜੇ ਦੀ ਧੀ ਆਪਣੇ ਘਰ ਲਿਆਉਣ ਨਾਲ ਹੈ ਜੋ ਬੱਚੇ ਪੈਦਾ ਕਰਨ ਤੋਂ ਲੈ ਕੇ ਘਰੇਲੂ ਕੰਮ-ਕਾਜ ਦੇ ਨਾਲ-ਨਾਲ ਸ਼ਰਮ, ਧਰਮ ਅਤੇ ਸਭਿਆਚਾਰ ਦੇ ਘੇਰੇ ਵਿਚ ਰਹਿ ਕੇ ਦੋਇਮ ਦਰਜੇ ਦੀ ਜ਼ਿੰਦਗੀ ਕਬੂਲ ਕਰੇਗੀ। ਬੇਟੀ ਬਚਾਉਣ ਤੋਂ ਮਤਲਬ ਹੈ ਕਿ ਉਸ ਦੀ ਹੋਣੀ ਦਾ ਫ਼ੈਸਲਾ ਪਿਉ, ਪੁੱਤ ਜਾਂ ਭਾਈ-ਭਤੀਜਿਆਂ ਦੀ ਸਰਪ੍ਰਸਤੀ ਹੇਠ ਕੁਨਬੇ (ਜਾਂ ਧਰਮ) ਦੇ ਮਰਦਾਂ ਨੇ ਕਰਨਾ ਹੈ। 'ਹਿੰਦੂ ਸਮਹਤੀ' ਨਾਮ ਦੀ ਜਥੇਬੰਦੀ ਦੇ ਮੁਖੀ ਦਾ 'ਇੰਡੀਅਨ ਐਕਸਪ੍ਰੈਸ' ਅਖ਼ਬਾਰ ਵਿਚ ਬਿਆਨ ਛਪਿਆ ਹੈ ਕਿ ਉਹ "ਲਵ ਜਹਾਦ ਵਰਗੀ ਮਰਜ਼ ਨਾਲ ਲੜ ਰਹੇ ਹਨ...ਮੁਸਲਮਾਨ ਮੁੰਡੇ ਹਿੰਦੂ ਕੁੜੀਆਂ ਨੂੰ ਆਪਣੇ ਜਾਲ ਵਿਚ ਫਸਾ ਕੇ ਵਿਆਹ ਕਰਦੇ ਹਨ...ਸਾਡੇ ਉਪਰਾਲਿਆਂ ਰਾਹੀਂ ਲਵ ਜਹਾਦ ਦੀ ਸ਼ਿਕਾਰ ਹਿੰਦੂ ਬੀਬੀਆਂ ਨੂੰ ਨਿਜਾਤ ਮਿਲੀ ਹੈ ਅਤੇ ਮੁਸਲਮਾਨ ਕੁੜੀਆਂ ਹਿੰਦੂਆਂ ਦੇ ਘਰਾਂ ਵਿਚ ਵਸੀਆਂ ਹਨ।" ਇਸ ਮੁਹਿੰਮ ਸਦਕਾ ਮੁਸਲਮਾਨ ਕੁੜੀਆਂ ਨੇ ਹਿੰਦੂ ਮੁੰਡਿਆਂ ਨਾਲ ਵਿਆਹ ਕਰਵਾ ਕੇ ਧਰਮ ਅਤੇ ਨਾਮ ਬਦਲੇ ਹਨ। ਇਨ੍ਹਾਂ ਕੁੜੀਆਂ ਦੇ ਸਹੁਰੇ ਪਰਿਵਾਰਾਂ ਨੂੰ 'ਸਲਾਹ' ਦਿੱਤੀ ਗਈ ਹੈ ਕਿ ਉਹ 'ਆਪਣੀ ਸੁਰੱਖਿਆ' ਲਈ ਭਾਜਪਾ ਵਿਚ ਸ਼ਾਮਿਲ ਹੋ ਜਾਣ। 'ਹਿੰਦੂ ਸਮਹਤੀ' ਦੇ ਨਾਲ 'ਬਹੂ ਲਾਓ ਬੇਟੀ ਬਚਾਓ' ਮੁਹਿੰਮ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ, ਹਿੰਦੂ ਜਾਗਰਨ ਮੰਚ ਅਤੇ ਭਾਰਤ ਸੇਵਾਸ਼੍ਰਮ ਸੰਘ ਵਰਗੀਆਂ ਜਥੇਬੰਦੀਆਂ ਸ਼ਾਮਿਲ ਹਨ। ਵਿਸ਼ਵ ਹਿੰਦੂ ਪ੍ਰੀਸ਼ਦ ਆਪਣੀ ਗੋਲਡਨ ਜੁਬਲੀ ਮਨਾ ਰਹੀ ਹੈ। ਜਸ਼ਨ ਕਮੇਟੀ ਦੇ ਮੁਖੀ ਜਾਦਵਪੁਰ ਯੂਨੀਵਰਸਿਟੀ ਦੇ ਪ੍ਰੋਫੈਸਰ ਅਚਿਨਯਾ ਵਿਸਵਾਸ ਇਸ ਮੁਹਿੰਮ ਬਾਰੇ ਕਹਿ ਰਹੇ ਹਨ, "ਜੇ ਕੋਈ ਹਿੰਦੂ ਮੁੰਡਾ ਕਿਸੇ ਮੁਸਲਮਾਨ ਕੁੜੀ ਨੂੰ ਹਿੰਦੂ ਬਣਾਉਂਦਾ ਹੈ ਤਾਂ ਇਹ ਪੁੰਨ ਦਾ ਕੰਮ ਹੈ। ਅਸੀਂ ਹਿੰਦੂ ਕੁੜੀਆਂ ਦੇ ਮੁਸਲਮਾਨ ਮੁੰਡਿਆਂ ਨਾਲ ਵਿਆਹ ਵਾਲਾ ਰੁਝਾਨ ਤੋੜਨਾ ਚਾਹੁੰਦੇ ਹਾਂ।"

ਭਾਜਪਾ ਦੀ ਕੇਂਦਰ ਸਰਕਾਰ ਇਸ ਮੁਹਿੰਮ ਬਾਰੇ ਜੋ ਵੀ ਸੋਚੇ ਜਾਂ ਬਿਆਨ ਦੇਵੇ, ਪਰ ਇਸ ਮੁਹਿੰਮ ਨਾਲ ਸੰਘ ਸਿਆਸਤ ਦੀ ਗੁੱਝੀ ਰਮਜ਼ ਬੇਪਰਦ ਹੋ ਗਈ ਹੈ। ਮਰਦ ਪ੍ਰਧਾਨ ਸਮਾਜ ਦੀ ਮਰਦਾਵੀਂ ਹੈਂਕੜ ਦੀ ਬੁਨਿਆਦੀ ਚੂਲ ਔਰਤ ਨੂੰ ਦੂਜੇ ਦਰਜੇ ਦਾ ਮਨੁੱਖ ਮੰਨਣ ਅਤੇ ਉਸ ਉਤੇ ਗਲਬਾ ਕਾਇਮ ਰੱਖਣ ਲਈ ਵਰਤੇ ਜਾਣ ਵਾਲੇ ਹਰ ਹਰਬੇ ਨਾਲ ਜੁੜੀ ਹੋਈ ਹੈ। ਔਰਤ ਨੂੰ ਦੂਜੇ ਦਰਜਾ ਦਾ ਮਨੁੱਖ ਮੰਨਣ ਵਾਲੀ ਸੋਚ ਵਿਚ ਇਹ ਸ਼ਾਮਿਲ ਹੈ ਕਿ ਉਹ ਸਮਾਨ ਜਾਂ ਵੇਚੀ-ਵੱਟੀ ਜਾਣ ਵਾਲੀ ਸ਼ੈਅ ਹੈ ਜੋ ਮਰਦ ਦੇ ਮੁਕਾਬਲੇ ਕਮ-ਅਕਲ ਹੈ। ਇਸ ਸੋਚ ਤਹਿਤ ਸਾਰੇ ਫੈਸਲੇ ਮਰਦ ਨੇ ਕਰਨੇ ਹਨ ਅਤੇ ਔਰਤ ਉਤੇ ਲਾਗੂ ਕਰਨੇ ਹਨ। 'ਬਹੂ ਲਾਓ ਬੇਟੀ ਬਚਾਓ' ਦੇ ਨਾਅਰੇ ਵਿਚ ਇਹ ਸਾਫ ਹੈ ਕਿ ਬਹੂ ਦੀ ਚੋਣ ਕਰਨ ਅਤੇ ਬੇਟੀ ਦੀ ਹੋਣੀ ਤੈਅ ਕਰਨ ਦਾ ਫੈਸਲਾ ਮਰਦਾਂ ਦੇ ਹੱਥ ਹੈ। ਉਸ ਨੂੰ ਆਪਣੀ ਮਰਜ਼ੀ ਨਾਲ ਜੀਵਨ ਸਾਥੀ ਦੀ ਚੋਣ ਕਰਨ ਜਾਂ ਨਾ ਕਰਨ ਦੀ ਆਜ਼ਾਦੀ ਨਹੀਂ ਹੋ ਸਕਦੀ। ਉਂਜ, ਬਹੂ ਜਾਂ ਬੇਟੀ ਬਣਨ ਲਈ ਮਰਦਾਂ ਦੀ ਖੁਸ਼ੀ ਲਈ ਕੀਤੇ ਹਰ ਫੈਸਲੇ ਨੂੰ ਉਸ ਦੀ ਮਰਜ਼ੀ ਵਜੋਂ ਵਡਿਆਇਆ ਜਾ ਸਕਦਾ ਹੈ। 'ਬਹੂ ਨੂੰ ਵਸਣ' ਲਈ ਅਤੇ 'ਬੇਟੀ ਨੂੰ ਬਚਣ' ਲਈ ਮਰਦਾਂ ਦੀ ਰਜਾ ਵਿਚ ਰਾਜ਼ੀ ਰਹਿਣਾ ਪੈਣਾ ਹੈ। ਇਨ੍ਹਾਂ ਧਾਰਨਾਵਾਂ ਰਾਹੀਂ ਮਰਦ ਨੂੰ ਪਰਿਵਾਰ ਦਾ ਪਾਲਣਹਾਰ ਅਤੇ ਲਾਣੇਦਾਰ ਮੰਨ ਲਿਆ ਗਿਆ ਹੈ।

ਜਦੋਂ ਸਮਾਜ ਵਿਚ ਮਰਦ ਨੂੰ ਪ੍ਰਧਾਨ ਮੰਨ ਲਿਆ ਗਿਆ ਹੈ ਤਾਂ ਉਸ ਦੀ ਸ਼ਨਾਖਤ ਹੋਣੀ ਜ਼ਰੂਰੀ ਹੋ ਜਾਂਦੀ ਹੈ। ਜੇ ਬਹੂ ਮੁਸਲਮਾਨਾਂ ਦੀ ਕੁੜੀ ਨੂੰ ਬਣਾਉਣਾ ਹੈ ਅਤੇ ਹੋਣੀ ਹਿੰਦੂਆਂ ਦੀ ਧੀ ਦੀ ਤੈਅ ਕਰਨੀ ਹੈ ਤਾਂ ਮਰਦ ਹੋਣ ਦਾ ਮਤਲਬ ਸਿਰਫ ਹਿੰਦੂ ਹੈ ਜੋ ਇਸੇ ਕਾਰਜ ਰਾਹੀਂ ਧਰਮ ਕਮਾ ਸਕਦਾ ਹੈ। ਉਹ ਆਪਣੀ ਕੁੜੀ ਨੂੰ ਆਪਣੀ ਤੈਅ ਕੀਤੀ ਬਰਾਦਰੀ ਤੱਕ ਮਹਿਦੂਦ ਕਰੇਗਾ ਅਤੇ ਪਰਾਈ ਕੁੜੀ ਨੂੰ ਇਸੇ ਬਰਾਦਰੀ ਦਾ ਹਿੱਸਾ ਬਣਾਉਣ ਲਈ ਯੋਗ ਕਰੇਗਾ। ਦੋਵਾਂ ਹਾਲਾਤ ਵਿਚ ਕੁੜੀਆਂ ਤੋਂ ਸੀਲ ਹੋਣ ਦੀ ਤਵੱਕੋ ਕੀਤੀ ਜਾਂਦੀ ਹੈ। ਸੀਲ ਜ਼ਨਾਨੀ ਨੂੰ ਸਾਊ-ਸੁਸ਼ੀਲ ਕਹਿ ਕੇ ਵਡਿਆਉਣਾ ਸਭਿਅਤਾ ਦੀ ਰੀਤ ਹੈ ਜੋ ਮਰਦਾਂ ਨੇ ਤੈਅ ਕੀਤੀ ਹੈ। ਇਸ ਰੀਤ ਦੀ ਅਲੰਬਰਦਾਰੀ ਸਿਰਫ ਮਰਦ ਹੋਣ ਨਾਲ ਨਹੀਂ, ਸਗੋਂ ਇਸ ਸੋਚ ਦਾ ਧਾਰਨੀ ਹੋਣ ਨਾਲ ਤੈਅ ਹੁੰਦੀ ਹੈ। ਇਸ ਸੋਚ ਦੀ ਵਕਾਲਤ ਔਰਤ ਵੀ ਕਰ ਸਕਦੀ ਹੈ। ਸਮਾਜ ਦੇ ਹਿੱਸੇ ਵਜੋਂ ਉਹ ਮਰਦਾਂ ਦੇ ਗਲਬੇ ਦੀ ਰੱਖਪਾਲ, ਰੱਖਵਾਲ, ਦਰਬਾਨ ਤੋਂ ਲੈ ਕੇ ਅਲੰਬਰਦਾਰ ਤੱਕ ਹੋ ਸਕਦੀ ਹੈ। ਉਹ 'ਪਰਾਈ' ਔਰਤ ਉਤੇ 'ਆਪਣੇ' ਮਰਦਾਂ ਦੇ ਗਲਬੇ ਦੀ ਅਗਵਾਨ ਵੀ ਹੋ ਸਕਦੀ ਹੈ ਅਤੇ 'ਆਪਣੀਆਂ' ਕੁੜੀਆਂ ਨੂੰ ਸੀਲ ਕਰਨ ਦਾ ਹਮਲਾਵਰ ਸੁਰ ਵੀ ਹੋ ਸਕਦੀ ਹੈ। ਮਰਦ ਦੀ ਪ੍ਰਧਾਨਗੀ ਕਾਇਮ ਰੱਖਣ ਲਈ ਔਰਤ ਨੂੰ ਕਿਸੇ ਵੀ ਹੱਦ ਤੱਕ ਜਾਣ ਦੀ ਖੁੱਲ੍ਹ ਹੈ। ਇਸੇ 'ਖੁੱਲ੍ਹ' ਨਾਲ ਮਰਦਾਂ ਦੀ ਸਮਾਜਕ ਹਕੂਮਤ ਮਜ਼ਬੂਤ ਹੁੰਦੀ ਹੈ ਅਤੇ ਔਰਤ ਦਾ 'ਹੁਕਮਰਾਨ' ਹੋਣ ਦਾ ਝੱਸ ਵੀ ਪੂਰਾ ਹੋ ਜਾਂਦਾ ਹੈ।

ਸਮਾਜਕ ਤੋਂ ਬਾਅਦ ਸਿਆਸੀ ਹਕੂਮਤ ਉਤੇ ਮਰਦਾਵਾਂ ਗਲਬਾ ਕਾਇਮ ਰੱਖਣ ਲਈ ਇਨ੍ਹਾਂ ਧਾਰਨਾਵਾਂ ਨੂੰ ਦੇਸ਼ ਭਗਤੀ ਅਤੇ ਦੇਸ਼ ਧਰੋਹ ਨਾਲ ਜੋੜਿਆ ਜਾਂਦਾ ਹੈ। ਇਸ ਤਰ੍ਹਾਂ ਰਾਜ ਅਤੇ ਧਰਮ ਦੀਆਂ ਕਦਰਾਂ-ਕੀਮਤਾਂ ਇੱਕ ਕਰ ਦਿੱਤੀਆਂ ਜਾਂਦੀਆਂ ਹਨ। ਔਰਤ ਉਤੇ ਗਲਬੇ ਰਾਹੀਂ ਸਿਆਸੀ ਹਕੂਮਤ ਮਜ਼ਬੂਤ ਕਰਨ ਦਾ ਮਤਲਬ ਪਰਾਈ ਧਿਰ ਦੀ ਗੁਲਾਮੀ ਜਾਂ ਹਾਰ ਨੂੰ ਪੱਕੇ ਪੈਰੀਂ ਕਰਨਾ ਹੁੰਦਾ ਹੈ। ਸਾਮਰਾਜੀ ਮੁਹਿੰਮਾਂ ਤਹਿਤ ਧਾੜਵੀ ਔਰਤ ਨੂੰ ਲੁੱਟ ਦੀ ਅਹਿਮ ਵਸਤ ਸਮਝਦੇ ਆਏ ਹਨ। ਇਤਿਹਾਸ ਗਵਾਹ ਹੈ ਕਿ ਹਮਲੇ ਹੇਠ ਆਈ ਧਿਰ ਔਰਤ ਨੂੰ ਸਭ ਤੋਂ ਕੀਮਤੀ ਸ਼ੈਅ ਸਮਝ ਕੇ ਦੁਸ਼ਮਣ ਦੇ ਹੱਥ ਆਉਣ ਤੋਂ ਬਚਾਉਣ ਲਈ ਆਪ ਕਤਲ ਕਰਦੀ ਰਹੀ ਹੈ। ਮਾਮਲਾ ਸਾਫ ਹੈ ਕਿ ਧਿਰ ਮਰਦ ਆਪਣੇ-ਆਪ ਨੂੰ ਮੰਨਦੇ ਸਨ ਅਤੇ ਦੋਵੇਂ ਧਿਰਾਂ ਔਰਤ ਨੂੰ ਕੀਮਤੀ ਵਸਤ ਵਜੋਂ ਪ੍ਰਵਾਨ ਕਰਦੀਆਂ ਸਨ। ਸਮਝੌਤਿਆਂ ਵੇਲੇ ਗਾਲਿਬ ਧਿਰ ਨੂੰ ਤੋਹਫ਼ੇ ਵਜੋਂ ਕੁੜੀਆਂ ਦੇ ਰਿਸ਼ਤੇ ਦਿੱਤੇ ਜਾਂਦੇ ਸਨ। ਵੱਖ-ਵੱਖ ਸ਼ਾਹੀ ਘਰਾਣਿਆਂ ਦੀਆਂ ਕੁੜੀਆਂ ਨੂੰ ਮਹਿਲਾਂ ਵਿਚ ਜਿੱਤ ਦੀ ਨਿਸ਼ਾਨੀ ਵਜੋਂ 'ਰਾਣੀਆਂ' ਬਣਾ ਕੇ ਰੱਖਣ ਦੀਆਂ ਕਿੰਨੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਸਿਆਸੀ ਮੁਹਾਵਰੇ ਵਿਚ ਇਤਿਹਾਸ ਦੇ ਹਵਾਲੇ ਨਾਲ 'ਔਰਤਾਂ ਦੀ ਹੁਰਮਤੀ ਕਰਨ' ਵਾਲੀ ਸੱਭਿਅਤਾ ਤੋਂ ਬਦਲੇ ਅਤੇ 'ਸ਼ਰੀਕ ਦੀਆਂ ਔਰਤਾਂ ਨੂੰ ਦੁਸ਼ਮਣ ਤੋਂ ਬਚਾਉਣ' ਦੇ ਮਿਹਣੇ ਮਾਰੇ ਜਾਂਦੇ ਹਨ। ਸਿਆਸਤਦਾਨ ਅਤੇ ਧਰਮ ਪ੍ਰਚਾਰਕ ਇਹ ਦਲੀਲਾਂ ਆਮ ਦਿੰਦੇ ਹਨ ਕਿ 'ਕਿਹੜੇ ਮਜ਼ਹਬ ਦਾ ਧਾੜਵੀ ਕਿਹੜੇ ਧਰਮ ਦੀਆਂ ਕੁੜੀਆਂ ਨੂੰ ਗੋਲੀਆਂ ਬਣਾ ਕੇ ਲੈ ਗਿਆ' ਅਤੇ 'ਕਿਹੜੇ ਧਰਮ ਦੇ ਮਰਦਾਂ ਨੇ ਕਿਹੜੇ ਧਰਮ ਦੀਆਂ ਕੁੜੀਆਂ ਨੂੰ ਕਿਹੜੇ ਧਰਮ ਦੇ ਧਾੜਵੀਆਂ' ਤੋਂ ਬਚਾਇਆ ਸੀ। ਆਧੁਨਿਕ ਦੌਰ ਦੇ ਬੁਨਿਆਦਪ੍ਰਸਤ ਨਸਲੀ ਸਰਬਉਚਤਾ ਦੇ ਨਾਮ ਉਤੇ ਖਾਸ ਕਿਸਮ ਦੀ ਨਸਲ ਪੈਦਾ ਕਰਨ ਦਾ ਅਖਤਿਆਰ ਰਾਖ਼ਵਾਂ ਕਰਨ ਦੀ ਵਕਾਲਤ ਕਰਦੇ ਰਹੇ ਹਨ ਜਿਨ੍ਹਾਂ ਦੀ ਉਘੜਵੀਂ ਮਿਸਾਲ ਹਿਟਲਰ ਹੈ। ਇਸ ਤਰ੍ਹਾਂ ਮਾਮਲਾ ਮਹਿਜ 'ਪਰਾਈ' ਔਰਤ ਉਤੇ ਕਬਜ਼ੇ ਦਾ ਨਹੀਂ ਸਗੋਂ 'ਆਪਣੀ' ਉਤੇ 'ਕਾਠੀ ਪਾਉਣ' ਦਾ ਵੀ ਹੈ। ਮੌਜੂਦਾ ਦੌਰ ਦੇ ਸਿਆਸੀ ਸਲੀਕੇ ਵਿਚ 'ਬਹੂ ਵਸਾਓ ਬੇਟੀ ਬਚਾਓ' ਦਾ ਨਾਅਰਾ ਸਿਆਸੀ ਧਾੜਵੀਆਂ ਦੇ ਪੁਰਾਣੇ ਰੁਝਾਨ ਨੂੰ ਅੱਗੇ ਤੋਰਦਾ ਹੈ।

*'ਬਹੂ ਵਸਾਓ ਬੇਟੀ ਬਚਾਓ' ਦਾ ਬੋਲਾ ਮਰਦ ਦੇ ਮੁਕਾਬਲੇ ਔਰਤ ਨੂੰ ਕਮ-ਅਕਲ ਕਹਿਣ ਦੀ ਰਵਾਇਤੀ ਸੋਚ ਦਾ ਸਮਕਾਲੀ ਮੁਹਾਵਰਾ ਹੈ। ਗਾਂ ਅਤੇ ਬੇਟੀ ਨੂੰ ਇੱਕੋ ਜਿਹਾ ਮੰਨਣ ਦੀਆਂ ਬਹੁਤ ਮਿਸਾਲਾਂ ਇਤਿਹਾਸ ਵਿਚ ਦਰਜ ਹਨ। ਹੁਣ ਇਹ ਗੱਲ ਜ਼ਰਾ ਰਮਜ਼ ਨਾਲ ਕਹਿਣੀ ਪੈਂਦੀ ਹੈ। ਭਾਜਪਾ ਦੀ ਹਰਿਆਣਾ ਸਰਕਾਰ ਨੇ ਗੋਕੇ ਮਾਸ ਉਤੇ ਪਾਬੰਦੀ ਲਗਾਉਣ ਲਈ ਨਵਾਂ ਕਾਨੂੰਨ ਬਣਾਇਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹਰਿਆਣਾ ਵਿਚ ਹੀ 'ਬੇਟੀ ਬਚਾਓ, ਬੇਟੀ ਪੜ੍ਹਾਓ' ਨਾਮ ਦੀ ਯੋਜਨਾ ਸ਼ੁਰੂ ਕੀਤੀ ਹੈ। 'ਬੇਟੀ ਬਚਾਓ, ਬੇਟੀ ਪੜ੍ਹਾਓ', 'ਗੌ ਸੰਰਕਸ਼ਨ ਏਵਮ ਗੌ ਸੰਵਰਧਨ' ਅਤੇ 'ਬਹੂ ਵਸਾਓ ਬੇਟੀ ਬਚਾਓ' ਦੇ ਬੋਲੇ ਲੈਅ ਪੱਖੋਂ ਇੱਕ-ਦੂਜੇ ਨਾਲ ਸਹਿਜ ਸੁਭਾਅ ਮਿਲ ਜਾਂਦੇ ਹਨ। ਇਨ੍ਹਾਂ ਦੀਆਂ ਸੋਚ ਪੱਖੋਂ ਜੜ੍ਹਾਂ ਇੱਕੋ ਥਾਂ ਹਨ।*

ਇਸ ਨਾਅਰੇ ਤੋਂ ਸਾਫ ਹੈ ਕਿ ਹਿੰਦੂ ਔਰਤ ਤਾਂ ਹਿੰਦੂਆਂ ਦੀ ਜਾਇਦਾਦ ਹੈ ਅਤੇ ਮੁਸਲਮਾਨ ਔਰਤ ਉਤੇ ਹਿੰਦੂਆਂ ਦਾ ਕਬਜ਼ਾ 'ਪੁੰਨ' ਅਤੇ 'ਦੇਸ਼ ਭਗਤੀ' ਦਾ ਲਖਾਇਕ ਹੈ। ਮਤਲਬ ਇਹ ਮੁਲਕ ਹਿੰਦੂ ਮਰਦਾਂ ਦੀ ਰਈਅਤ ਹੈ। ਧਰਮ, ਦੇਸ਼ ਭਗਤੀ ਅਤੇ ਗਲਬੇ ਦੇ ਨਾਮ ਉਤੇ ਇਹ ਰੁਝਾਨ ਸਿਰਫ ਸੰਘ ਪਰਿਵਾਰ ਦੀ ਸਿਆਸਤ ਦਾ ਹਿੱਸਾ ਨਹੀਂ, ਸਗੋਂ ਸੰਘ ਪਰਿਵਾਰ ਇਸ ਵਡੇਰੇ ਰੁਝਾਨ ਦਾ ਹਿੱਸਾ ਹੈ। ਇਸ ਰੁਝਾਨ ਤਹਿਤ ਯੋਗ, ਸੰਤਾਨ ਅਤੇ ਕਿਰਦਾਰ ਤੈਅ ਕਰਨਾ ਮਰਦਾਂ ਦੇ ਹਿੱਸੇ ਆਇਆ ਹੈ ਜੋ ਇਸ ਕਾਰਜ ਰਾਹੀਂ ਧਰਮ ਪਾਲਦੇ ਹੋਏ ਮੁਲਕ ਜਾਂ ਕੌਮ ਨੂੰ ਅੱਗੇ ਵਧਾਉਂਦੇ ਹਨ। ਇਸ ਰੁਝਾਨ ਤਹਿਤ ਧਰਮ ਦੇ ਨਾਮ ਉਤੇ ਲਲਕਾਰੇ ਮਾਰੇ ਜਾਂਦੇ ਹਨ ਪਰ ਜਦੋਂ ਇੱਕੋ ਧਰਮ ਦੇ ਦੋ ਪੈਰੋਕਾਰ ਆਪਸ ਵਿਚ ਲੜਦੇ ਹਨ ਤਾਂ ਮੁਹਾਵਰਾ ਇਹੋ ਕਾਇਮ ਰਹਿੰਦਾ ਹੈ। ਉਸ ਵੇਲੇ ਹਵਾਲਾ ਖ਼ਿੱਤੇ, ਸ਼ਰੀਕੇ, ਇੱਜ਼ਤ ਜਾਂ ਖਾਨਦਾਨ ਦਾ ਦਿੱਤਾ ਜਾ ਸਕਦਾ ਹੈ।

'ਬਹੂ ਵਸਾਓ ਬੇਟੀ ਬਚਾਓ' ਦਾ ਬੋਲਾ ਮਰਦ ਦੇ ਮੁਕਾਬਲੇ ਔਰਤ ਨੂੰ ਕਮ-ਅਕਲ ਕਹਿਣ ਦੀ ਰਵਾਇਤੀ ਸੋਚ ਦਾ ਸਮਕਾਲੀ ਮੁਹਾਵਰਾ ਹੈ। ਗਾਂ ਅਤੇ ਬੇਟੀ ਨੂੰ ਇੱਕੋ ਜਿਹਾ ਮੰਨਣ ਦੀਆਂ ਬਹੁਤ ਮਿਸਾਲਾਂ ਇਤਿਹਾਸ ਵਿਚ ਦਰਜ ਹਨ। ਹੁਣ ਇਹ ਗੱਲ ਜ਼ਰਾ ਰਮਜ਼ ਨਾਲ ਕਹਿਣੀ ਪੈਂਦੀ ਹੈ। ਭਾਜਪਾ ਦੀ ਹਰਿਆਣਾ ਸਰਕਾਰ ਨੇ ਗੋਕੇ ਮਾਸ ਉਤੇ ਪਾਬੰਦੀ ਲਗਾਉਣ ਲਈ ਨਵਾਂ ਕਾਨੂੰਨ (ਗੌ ਸੰਰੱਕਸ਼ਨ ਏਵਮ ਗੌ ਸੰਵਰਧਨ ਬਿੱਲ-2015) ਬਣਾਇਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹਰਿਆਣਾ ਵਿਚ ਹੀ 'ਬੇਟੀ ਬਚਾਓ, ਬੇਟੀ ਪੜ੍ਹਾਓ' ਨਾਮ ਦੀ ਯੋਜਨਾ ਸ਼ੁਰੂ ਕੀਤੀ ਹੈ। 'ਬੇਟੀ ਬਚਾਓ, ਬੇਟੀ ਪੜ੍ਹਾਓ', 'ਗੌ ਸੰਰਕਸ਼ਨ ਏਵਮ ਗੌ ਸੰਵਰਧਨ' ਅਤੇ 'ਬਹੂ ਵਸਾਓ ਬੇਟੀ ਬਚਾਓ' ਦੇ ਬੋਲੇ ਲੈਅ ਪੱਖੋਂ ਇੱਕ-ਦੂਜੇ ਨਾਲ ਸਹਿਜ ਸੁਭਾਅ ਮਿਲ ਜਾਂਦੇ ਹਨ। ਇਨ੍ਹਾਂ ਦੀਆਂ ਸੋਚ ਪੱਖੋਂ ਜੜ੍ਹਾਂ ਇੱਕੋ ਥਾਂ ਹਨ। 'ਬਹੂ ਵਸਾਓ ਬੇਟੀ ਬਚਾਓ' ਵਿਚ ਤਰਜੀਹ ਬਦਲ ਜਾਂਦੀ ਹੈ। ਸਰਕਾਰੀ ਯੋਜਨਾਵਾਂ ਵਿਚ 'ਰੱਖਿਆ' ਨੂੰ ਤਰਜੀਹ ਮਿਲੀ ਹੈ ਅਤੇ ਜਥੇਬੰਦਕ ਸੋਚ ਵਿਚ 'ਹਮਲੇ' ਨੂੰ ਪਹਿਲ ਦਿੱਤੀ ਗਈ ਹੈ। ਸਰਕਾਰੀ ਯੋਜਨਾ ਵਿਚ 'ਬੇਟੀ ਨੂੰ ਪੜ੍ਹਾਉਣ' ਦੀ ਪਹਿਲ ਹੈ ਅਤੇ ਜਥੇਬੰਦਕ ਢਾਂਚੇ ਵਿਚ 'ਬਹੂ ਵਸਾਉਣ' ਨੂੰ ਤਰਜੀਹ ਮਿਲੀ ਹੈ। ਪੜ੍ਹਾਈ ਅਤੇ ਰੱਖਿਆ ਦਾ ਖਾਸਾ 'ਬਲਵਾਨ ਹਿੰਦੂ ਮਰਦ' ਦੀ ਰਜਾ ਨੇ ਤੈਅ ਕਰਨਾ ਹੈ। ਇਹ 'ਘਰ ਵਾਪਸੀ' ਜਾਂ 'ਤਿਆਰ ਰਹਿਣ' ਦਾ ਲਲਕਾਰਾ ਜਾਪਦਾ ਹੈ। ਇਹ ਹਰ ਸਮਾਜਕ ਅਦਾਰੇ ਦੀ ਮਜ਼ਬੂਤੀ ਨੂੰ ਦੂਜੀ ਧਿਰ ਦੇ ਹਮਲੇ ਨਾਲ ਜੋੜ ਕੇ ਪਾਲਾਬੰਦੀ ਕਰਨ ਦੀ ਰਵਾਇਤੀ ਜੁਗਤ ਦਾ ਸਮਕਾਲੀ ਮੁਹਾਵਰਾ ਹੈ। ਇਸ ਮੁਹਾਵਰੇ ਤਹਿਤ 'ਆਪਣੇ ਪਰਾਏ' ਦੀ ਪਾਲਾਬੰਦੀ ਇੱਕੋ ਰਹੀ ਹੈ ਅਤੇ ਸਮੇਂ ਸਥਾਨ ਦੇ ਫਰਕ ਨਾਲ ਅਲੰਬਰਦਾਰ ਧਿਰ ਬਦਲ ਜਾਂਦੀ ਹੈ। ਹੁਣ ਗ਼ਜ਼ਨਵੀਆਂ ਅਤੇ ਅਬਦਾਲੀਆਂ ਨੂੰ ਭੰਡਣ ਵਾਲੀ ਸੰਘ ਦੀ ਸਿਆਸਤ ਉਨ੍ਹਾਂ ਦੇ 'ਸੱਚਾ ਪੈਰੋਕਾਰ' ਹੋਣ ਦਾ ਐਲਾਨ ਕਰ ਰਹੀ ਹੈ। ਸਰਕਾਰ 'ਰੱਖਿਆ' ਦੀ ਤਰਜੀਹ ਤੈਅ ਕਰ ਰਹੀ ਹੈ ਅਤੇ ਸੰਘ ਦੀਆਂ ਜਥੇਬੰਦੀਆਂ 'ਲਾਵਾਂ-ਫੇਰਿਆਂ' ਤੇ 'ਘਰ ਵਾਪਸੀ' ਦੇ ਹਥਿਆਰਾਂ ਨਾਲ ਮਰਦਾਂ ਦੀ ਸਰਦਾਰੀ ਦਾ ਹੋਕਾ ਦੇ ਰਹੀਆਂ ਹਨ। ਸਾਡੇ ਮੁਲਕ ਵਿਚ ਇਸ ਮਰਦ ਦਾ ਧਰਮ 'ਹਿੰਦੂ' ਹੈ।

*ਆਮ ਆਦਮੀ ਪਾਰਟੀ (ਆਪ) ਵਿਚ ਪਿਛਲੇ ਕੁਝ ਹਫਤਿਆਂ ਤੋਂ ਘਮਾਸਾਣ ਛਿੜਿਆ ਹੋਇਆ ਹੈ। ਦੋ ਵੱਖ-ਵੱਖ ਕੈਂਪ ਇਕ-ਦੂਜੇ ਦੇ ਆਮਣੋ-ਸਾਹਮਣੇ ਆਣ ਖਲੋਏ ਹਨ। ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਬੰਗਲੌਰ ਵਿਚ 10 ਦਿਨਾਂ ਦੇ ਇਲਾਜ ਤੋਂ ਬਾਅਦ ਦਿੱਲੀ ਪਰਤ ਆਏ ਹਨ, ਪਰ ਇਨ੍ਹਾਂ ਦਸ ਦਿਨਾਂ ਦੌਰਾਨ ਬਹੁਤ ਸਾਰਾ ਪਾਣੀ ਪੁਲਾਂ ਹੇਠੋਂ ਲੰਘ ਚੁੱਕਿਆ ਹੈ। ਦੋ ਸੀਨੀਅਰ ਆਗੂਆਂ- ਪ੍ਰਸ਼ਾਂਤ ਭੂਸ਼ਨ ਅਤੇ ਯੋਗੇਂਦਰ ਯਾਦਵ, ਦੀ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਵਿਚੋਂ ਛੁੱਟੀ ਹੋ ਚੁੱਕੀ ਹੈ। ਪਾਰਟੀ ਅੰਦਰ ਇੰਨੇ ਅਹਿਮ ਫੈਸਲਿਆਂ ਬਾਰੇ ਅਰਵਿੰਦ ਕੇਜਰੀਵਾਲ ਅਜੇ ਤੱਕ ਖਾਮੋਸ਼ ਹਨ ਅਤੇ ਉਨ੍ਹਾਂ ਖਾਮੋਸ਼ ਰਹਿ ਕੇ ਇਕ ਤਰ੍ਹਾਂ ਨਾਲ ਇਨ੍ਹਾਂ ਫੈਸਲਿਆਂ ਬਾਰੇ ਹਾਮੀ ਹੀ ਭਰੀ ਹੈ। ਇਸ ਪ੍ਰਸੰਗ ਵਿਚ ਪ੍ਰਸ਼ਾਂਤ ਭੂਸ਼ਨ ਅਤੇ ਯੋਗੇਂਦਰ ਯਾਦਵ ਵਲੋਂ ਪਾਰਟੀ ਦੇ ਵਾਲੰਟੀਅਰਾਂ ਨੂੰ ਲਿਖੇ ਇਸ ਖੁੱਲ੍ਹੇ ਖਤ ਦੀ ਅਹਿਮੀਅਤ ਵਧ ਜਾਂਦੀ ਹੈ। ਇਹ ਖਤ ਉਨ੍ਹਾਂ ਪਾਰਟੀ ਦੇ ਚਾਰ ਸਾਥੀਆਂ ਵਲੋਂ ਕੀਤੀ ਇਲਜ਼ਾਮ-ਤਰਾਸ਼ੀ ਤੋਂ ਬਾਅਦ ਲਿਖਿਆ ਹੈ। ਇਸ ਵਿਚ ਉਠਾਏ ਮੁੱਦੇ ਵਿਚਾਰਨ ਵਾਲੇ ਹਨ, ਕਿਉਂਕਿ 'ਆਪ' ਦਾ ਜਨਮ ਗੰਧਲੀ ਸਿਆਸਤ ਦਾ ਬਦਲ ਪੈਦਾ ਕਰਨ ਦੇ ਇਰਾਦੇ ਨਾਲ ਹੋਇਆ ਸੀ। ਹੁਣ ਸਵਾਲ ਇਹ ਬਣ ਰਿਹਾ ਹੈ ਕਿ ਪਾਰਟੀ ਨੇ ਦੇਸ ਦੀਆਂ ਹੋਰ ਪਾਰਟੀਆਂ ਵਾਂਗ ਹੀ ਵਿਚਰਨਾ ਹੈ ਜਾਂ ਵੱਖਰੀਆਂ ਪੈੜਾਂ ਪਾਉਣ ਲਈ ਪੈਰ-ਪੈਰ 'ਤੇ ਕੁਰਬਾਨੀ ਕਰਨ ਲਈ ਤਿਆਰ ਰਹਿਣਾ ਹੈ। ਪਾਰਟੀ ਅੰਦਰ ਚੱਲ ਰਹੇ ਇਸ ਘਮਾਸਾਣ ਨੂੰ ਸਮਝਣ ਲਈ ਅਸੀਂ ਪ੍ਰਸ਼ਾਂਤ ਭੂਸ਼ਨ ਅਤੇ ਯੋਗੇਂਦਰ ਯਾਦਵ ਦਾ ਇਹ ਖੁੱਲ੍ਹਾ ਖਤ ਛਾਪ ਰਹੇ ਹਾਂ ਜਿਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

# ਆਮ ਆਦਮੀ ਪਾਰਟੀ ਦੇ ਵਾਲੰਟੀਅਰਾਂ ਦੇ ਨਾਂ ਖੁੱਲ੍ਹਾ ਖ਼ਤ

**ਯੋਗੇਂਦਰ ਯਾਦਵ/ਪ੍ਰਸ਼ਾਂਤ ਭੂਸ਼ਨ**
**ਅਨੁਵਾਦ: ਬੂਟਾ ਸਿੰਘ**

ਸਾਨੂੰ ਪਤਾ ਹੈ ਕਿ ਪਿਛਲੇ ਦਿਨਾਂ ਦੀਆਂ ਘਟਨਾਵਾਂ ਨਾਲ ਦੇਸ ਅਤੇ ਦੁਨੀਆਂ ਭਰ ਦੇ ਸਾਰੇ ਕਾਰਕੁਨਾਂ ਦੇ ਦਿਲ ਨੂੰ ਠੇਸ ਪਹੁੰਚੀ ਹੈ। ਦਿੱਲੀ ਚੋਣਾਂ ਦੀ ਇਤਿਹਾਸਕ ਜਿੱਤ ਨਾਲ ਪੈਦਾ ਹੋਇਆ ਉਤਸ਼ਾਹ ਮੱਠਾ ਪੈ ਰਿਹਾ ਹੈ। ਤੁਹਾਡੇ ਵਾਂਗ ਹੀ ਹਰ ਵਾਲੰਟੀਅਰ ਦੇ ਮਨ ਵਿਚ ਇਹ ਸਵਾਲ ਉਠ ਰਿਹਾ ਹੈ ਕਿ ਬੇਮਿਸਾਲ ਲਹਿਰ ਨੂੰ ਸਮੇਟਣ ਅਤੇ ਅੱਗੇ ਵਧਾਉਣ ਦੀ ਇਸ ਘੜੀ ਇਹ ਖੜੋਤ ਕਿਉਂ? ਕਾਰਕੁਨ ਚਾਹੁੰਦੇ ਹਨ ਕਿ ਸਿਖ਼ਰਲੀ ਲੀਡਰਸ਼ਿਪ ਵਿਚ ਕੋਈ ਟੁੱਟ-ਭੱਜ ਨਾ ਹੋਵੇ। ਜਦੋਂ ਟੀ.ਵੀ. ਅਤੇ ਅਖ਼ਬਾਰਾਂ ਉਪਰ ਪਾਰਟੀ ਦੇ ਚੋਟੀ ਦੇ ਆਗੂਆਂ ਵਿਚਕਾਰ ਮਤਭੇਦ ਦੀਆਂ ਖ਼ਬਰਾਂ ਆਉਂਦੀਆਂ ਹਨ, ਇਲਜ਼ਾਮ-ਤਰਾਸ਼ੀ ਹੁੰਦੀ ਹੈ, ਤਾਂ ਆਮ ਵਾਲੰਟੀਅਰ ਲਾਚਾਰ ਅਤੇ ਅਪਮਾਨਿਤ ਮਹਿਸੂਸ ਕਰਦਾ ਹੈ। ਇਸ ਹਾਲਤ ਵਿਚ ਅਸੀਂ ਵੀ ਡੂੰਘੀ ਪੀੜਾ ਵਿਚ ਹਾਂ।

ਪਾਰਟੀ ਹਿਤ ਅਤੇ ਤੁਹਾਡੀਆਂ ਸਾਰੇ ਕਾਰਕੁਨਾਂ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਅਸੀਂ ਦੋਹਾਂ ਨੇ ਪਿਛਲੇ ਦਸ ਦਿਨਾਂ ਵਿਚ ਆਪਣੇ ਵਲੋਂ ਇਸ ਇਲਜ਼ਾਮਤਰਾਸ਼ੀ ਵਿਚ ਕੁਝ ਨਹੀਂ ਜੋੜਿਆ। ਕੁਝ ਜ਼ਰੂਰੀ ਸਵਾਲਾਂ ਦੇ ਜਵਾਬ ਦਿੱਤੇ, ਪਰ ਆਪਣੇ ਵਲੋਂ ਸਵਾਲ ਨਹੀਂ ਪੁੱਛੇ। ਅਸੀਂ ਕਾਰਕੁਨਾਂ ਅਤੇ ਹਮਾਇਤੀਆਂ ਨੂੰ ਵਾਰ-ਵਾਰ ਪਾਰਟੀ ਵਿਚ ਭਰੋਸਾ ਬਣਾਈ ਰੱਖਣ ਦੀ ਅਪੀਲ ਕੀਤੀ। ਨਿਜੀ ਤੌਰ 'ਤੇ ਸਾਡੀ ਸਾਰਿਆਂ ਦੀ ਸੀਮਾ ਹੁੰਦੀ ਹੈ, ਪਰ ਜਥੇਬੰਦੀ ਵਿਚ ਅਸੀਂ ਇਕ ਦੂਜੇ ਦੀ ਕਮੀ ਨੂੰ ਪੂਰਾ ਕਰ ਲੈਂਦੇ ਹਾਂ। ਇਸ ਲਈ ਜਥੇਬੰਦੀ ਵੱਡੀ ਹੈ ਅਤੇ ਸਾਡੇ ਵਿਚੋਂ ਕਿਸੇ ਵੀ ਬੰਦੇ ਨਾਲੋਂ ਜ਼ਿਆਦਾ ਅਹਿਮ ਹੈ। ਇਸੇ ਸੋਚ ਨਾਲ ਅਸੀਂ ਅੱਜ ਤਕ ਪਾਰਟੀ 'ਚ ਕੰਮ ਕੀਤਾ ਹੈ ਅਤੇ ਅਗਾਂਹ ਵੀ ਕਰਦੇ ਰਹਾਂਗੇ।

ਪਰ ਚਾਰ ਸਾਥੀਆਂ- ਮਨੀਸ਼ ਸਿਸੋਦੀਆ, ਸੰਜੇ ਸਿੰਘ, ਗੋਪਾਲ ਰਾਏ ਅਤੇ ਪੰਕਜ ਗੁਪਤਾ ਦੇ ਜਨਤਕ ਬਿਆਨ ਪਿਛੋਂ ਅਸੀਂ ਇਹ ਖ਼ਾਮੋਸ਼ੀ ਤੋੜਨ ਲਈ ਮਜਬੂਰ ਹਾਂ। ਕੌਮੀ ਕਾਰਜਕਾਰਨੀ ਵਿਚ ਬਹੁਮਤ ਦੀ ਰਾਇ ਦੀ ਤਰਜਮਾਨੀ ਕਰਨ ਵਾਲੇ ਇਸ ਬਿਆਨ ਨੂੰ ਪਾਰਟੀ ਦੇ ਮੀਡੀਆ ਸੈੱਲ ਵਲੋਂ ਰਿਲੀਜ਼ ਕੀਤਾ ਗਿਆ ਅਤੇ ਪਾਰਟੀ ਦੇ ਅਧਿਕਾਰਤ ਫੇਸਬੁਕ ਪੇਜ, ਟਵਿੱਟਰ ਅਤੇ ਵੈੱਬਸਾਈਟ ਉਪਰ ਪਾਇਆ ਗਿਆ। ਅਜਿਹੇ ਹਾਲਾਤ 'ਚ ਜੇ ਅਸੀਂ ਖ਼ਾਮੋਸ਼ ਰਹਿੰਦੇ ਹਾਂ ਤਾਂ ਇਸ ਦਾ ਭਾਵ ਇਹੀ ਲਿਆ ਜਾਵੇਗਾ ਕਿ ਲਾਏ ਦੋਸ਼ਾਂ ਵਿਚ ਕੁਝ ਨਾ ਕੁਝ ਸੱਚਾਈ ਹੈ। ਇਸ ਲਈ ਅਸੀਂ ਤੁਹਾਡੇ ਸਾਹਮਣੇ ਪੂਰਾ ਸੱਚ ਪੇਸ਼ ਕਰਨਾ ਚਾਹੁੰਦੇ ਹਾਂ।

ਅੱਗੇ ਵਧਣ ਤੋਂ ਪਹਿਲਾਂ ਇਕ ਗੱਲ ਸਾਫ਼ ਕਰ ਦੇਈਏ। ਉਪਰੋਕਤ ਬਿਆਨ ਵਿਚ ਸਾਡੇ ਦੋਹਾਂ ਦੇ ਨਾਲ (ਐਡਵੋਕੇਟ) ਸ਼ਾਂਤੀ ਭੂਸ਼ਨ ਨੂੰ ਵੀ ਜੋੜ ਕੇ ਕੁਝ ਇਲਜ਼ਾਮ ਲਗਾਏ ਗਏ ਹਨ। ਜਿਵੇਂ ਸਭ ਨੂੰ ਪਤਾ ਹੈ, ਦਿੱਲੀ ਚੋਣਾਂ ਤੋਂ ਪਹਿਲਾਂ ਸ਼ਾਂਤੀ ਭੂਸ਼ਨ ਨੇ ਕਈ ਅਜਿਹੇ ਬਿਆਨ ਦਿੱਤੇ ਜਿਨ੍ਹਾਂ ਨਾਲ ਪਾਰਟੀ ਦੇ ਅਕਸ ਅਤੇ ਪਾਰਟੀ ਦੀ ਚੋਣ-ਤਿਆਰੀ ਦਾ ਹਰਜਾ ਹੋ ਸਕਦਾ ਸੀ। ਉਨ੍ਹਾਂ ਦੇ ਇਨ੍ਹਾਂ ਬਿਆਨਾਂ ਨਾਲ ਪਾਰਟੀ ਦੇ ਕਾਰਕੁਨਾਂ ਵਿਚ ਨਿਰਾਸ਼ਾ ਅਤੇ ਬੇਚੈਨੀ ਪੈਦਾ ਹੋਈ। ਅਜਿਹੇ ਮੌਕਿਆਂ ਉਪਰ ਅਸੀਂ ਦੋਹਾਂ ਨੇ ਸ਼ਾਂਤੀ ਭੂਸ਼ਨ ਦੇ ਬਿਆਨਾਂ ਨਾਲ ਜਨਤਕ ਤੌਰ 'ਤੇ ਅਸਹਿਮਤੀ ਜ਼ਾਹਰ ਕੀਤੀ ਸੀ, ਕਿਉਂਕਿ ਇਨ੍ਹਾਂ ਮੁੱਦਿਆਂ ਉਪਰ ਸਾਡੇ ਦੋਹਾਂ ਦੀ ਰਾਇ ਸ਼ਾਂਤੀ ਭੂਸ਼ਨ ਨਾਲ ਨਹੀਂ ਮਿਲਦੀ; ਇਸ ਲਈ ਬਿਹਤਰ ਹੋਵੇਗਾ ਕਿ ਉਨ੍ਹਾਂ ਨਾਲ ਜੁੜੇ ਸਵਾਲਾਂ ਦੇ ਜਵਾਬ ਉਨ੍ਹਾਂ ਤੋਂ ਹੀ ਪੁੱਛੇ ਜਾਣ।


ਇਸ ਨਾਲ ਜੁੜੀ ਇਕ ਹੋਰ ਮਿੱਥ ਦਾ ਖੰਡਨ ਕਰਨਾ ਜ਼ਰੂਰੀ ਹੈ। ਪਿਛਲੇ ਦੋ ਹਫ਼ਤਿਆਂ ਵਿਚ ਵਾਰ-ਵਾਰ ਇਹ ਪ੍ਰਚਾਰ ਕੀਤਾ ਗਿਆ ਹੈ ਕਿ ਇਹ ਸਾਰਾ ਰੱਟਾ ਕੌਮੀ ਕਨਵੀਨਰ ਦੇ ਅਹੁਦੇ ਨੂੰ ਲੈ ਕੇ ਹੈ; ਕਿ ਅਰਵਿੰਦ ਭਾਈ ਨੂੰ ਹਟਾ ਕੇ ਯੋਗੇਂਦਰ ਯਾਦਵ ਨੂੰ ਕਨਵੀਨਰ ਬਣਾਉਣ ਦੀ ਸਾਜ਼ਿਸ਼ ਹੋ ਰਹੀ ਹੈ। ਸੱਚ ਇਹ ਹੈ ਕਿ ਅਸੀਂ ਦੋਹਾਂ ਨੇ ਅੱਜ ਤਕ ਕਿਸੇ ਵੀ ਰਸਮੀ ਜਾਂ ਗ਼ੈਰ-ਰਸਮੀ ਮੀਟਿੰਗ ਵਿਚ ਅਜਿਹਾ ਕੋਈ ਜ਼ਿਕਰ ਨਹੀਂ ਕੀਤਾ। ਜਦੋਂ 26 ਜਨਵਰੀ ਦੀ ਮੀਟਿੰਗ ਵਿਚ ਅਰਵਿੰਦ ਭਾਈ ਦੇ ਅਸਤੀਫ਼ੇ ਦਾ ਮਤਾ ਆਇਆ, ਤਾਂ ਅਸੀਂ ਦੋਹਾਂ ਨੇ ਉਨ੍ਹਾਂ ਦੇ ਅਸਤੀਫ਼ੇ ਨੂੰ ਨਾਮਨਜ਼ੂਰ ਕਰਨ ਲਈ ਵੋਟ ਦਿੱਤਾ; ਤੇ ਕੁਝ ਵੀ ਹੋਵੇ, ਕੌਮੀ ਕਨਵੀਨਰ ਦਾ ਅਹੁਦਾ ਨਾ ਤਾਂ ਮੁੱਦਾ ਸੀ, ਨਾ ਅੱਜ ਹੈ।

ਇਹ ਸੱਚ ਜਾਣਨ ਤੋਂ ਬਾਅਦ ਸਾਰੇ ਵਾਲੰਟੀਅਰ ਪੁੱਛਦੇ ਹਨ- 'ਜੇ ਕੌਮੀ ਕਨਵੀਨਰ ਦੇ ਅਹੁਦੇ ਬਾਰੇ ਰੱਟਾ ਨਹੀਂ ਹੈ ਤਾਂ ਆਖ਼ਿਰ ਰੱਟਾ ਕਿਸ ਗੱਲ ਦਾ ਹੈ? ਅਸੀਂ ਜਿੰਨਾ ਸੰਭਵ ਸੀ, ਇਸ ਸਵਾਲ ਬਾਰੇ ਖ਼ਾਮੋਸ਼ੀ ਧਾਰੀ ਰੱਖੀ, ਤਾਂ ਕਿ ਅੰਦਰਲੀ ਗੱਲ ਬਾਹਰ ਨਾ ਜਾਵੇ, ਪਰ ਸਾਨੂੰ ਮਹਿਸੂਸ ਹੁੰਦਾ ਹੈ ਕਿ ਜਦੋਂ ਤਕ ਤੁਹਾਨੂੰ ਇਹ ਪਤਾ ਨਹੀਂ ਲੱਗੇਗਾ, ਉਦੋਂ ਤਕ ਤੁਹਾਡੇ ਮਨ ਵਿਚ ਵੀ ਸ਼ੱਕ ਅਤੇ ਬੇਯਕੀਨੀ ਪੈਦਾ ਹੋ ਸਕਦੀ ਹੈ। ਇਸ ਲਈ ਅਸੀਂ ਹੇਠਾਂ ਉਨ੍ਹਾਂ ਮੁੱਖ ਗੱਲਾਂ ਦਾ ਜ਼ਿਕਰ ਕਰ ਰਹੇ ਹਾਂ ਜਿਨ੍ਹਾਂ ਨੂੰ ਲੈ ਕੇ ਪਿਛਲੇ ਦਸ ਮਹੀਨਿਆਂ ਵਿਚ ਅਰਵਿੰਦ ਭਾਈ ਅਤੇ ਹੋਰ ਕੁਝ ਸਾਥੀਆਂ ਨਾਲ ਸਾਡੇ ਮਤਭੇਦ ਪੈਦਾ ਹੋਏ। ਹੁਣ ਤੁਸੀਂ ਹੀ ਦੱਸਿਓ, ਸਾਨੂੰ ਇਹ ਮੁੱਦੇ ਉਠਾਉਣੇ ਚਾਹੀਦੇ ਸਨ ਜਾਂ ਨਹੀਂ?

1. ਲੋਕ ਸਭਾ ਚੋਣਾਂ ਦੇ ਨਤੀਜੇ ਆਉਂਦੇ ਸਾਰ ਹੀ ਅਰਵਿੰਦ ਭਾਈ ਨੇ ਪ੍ਰਸਤਾਵ ਰੱਖਿਆ ਕਿ ਹੁਣ ਆਪਾਂ ਦੁਬਾਰਾ ਕਾਂਗਰਸ ਤੋਂ ਹਮਾਇਤ ਲੈ ਕੇ ਦਿੱਲੀ ਵਿਚ ਮੁੜ ਸਰਕਾਰ ਬਣਾਈਏ। ਸਮਝਾਉਣ ਦੇ ਤਮਾਮ ਯਤਨਾਂ ਦੇ ਬਾਵਜੂਦ ਉਹ ਅਤੇ ਕੁਝ ਹੋਰ ਸਾਥੀ ਇਸ ਉਪਰ ਅੜੇ ਰਹੇ। ਦਿੱਲੀ ਦੇ ਜ਼ਿਆਦਾਤਰ ਵਿਧਾਇਕਾਂ ਨੇ ਉਨ੍ਹਾਂ ਦੀ ਹਮਾਇਤ ਕੀਤੀ, ਪਰ ਦਿੱਲੀ ਅਤੇ ਪੂਰੇ ਮੁਲਕ ਦੇ ਜਿਨ੍ਹਾਂ ਕਾਰਕੁਨਾਂ ਅਤੇ ਆਗੂਆਂ ਨੂੰ ਇਹ ਪਤਾ ਲੱਗਿਆ, ਉਨ੍ਹਾਂ ਵਿਚੋਂ ਜ਼ਿਆਦਾਤਰ ਨੇ ਇਸ ਦਾ ਵਿਰੋਧ ਕੀਤਾ ਅਤੇ ਪਾਰਟੀ ਛੱਡਣ ਦੀ ਧਮਕੀ ਤਕ ਦਿੱਤੀ। ਪਾਰਟੀ ਨੇ ਹਾਈ ਕੋਰਟ ਵਿਚ ਵਿਧਾਨ ਸਭਾ ਭੰਗ ਕਰਨ ਦੀ ਮੰਗ ਰੱਖੀ ਹੋਈ ਸੀ। ਉਂਝ ਵੀ ਕਾਂਗਰਸ ਲੋਕ ਸਭਾ ਚੋਣਾਂ ਵਿਚ ਲੋਕਾਂ ਵਲੋਂ ਰੱਦ ਕੀਤੀ ਜਾ ਚੁੱਕੀ ਸੀ। ਅਜਿਹੀ ਹਾਲਤ ਵਿਚ ਕਾਂਗਰਸ ਨਾਲ ਗੱਠਜੋੜ, ਪਾਰਟੀ ਦੀ ਸਾਖ ਨੂੰ ਖ਼ਤਮ ਕਰ ਸਕਦਾ ਸੀ। ਅਸੀਂ ਪਾਰਟੀ ਦੇ ਅੰਦਰ ਇਹ ਆਵਾਜ਼ ਉਠਾਈ, ਅਪੀਲ ਵੀ ਕੀਤੀ ਕਿ ਅਜਿਹਾ ਕੋਈ ਵੀ ਫ਼ੈਸਲਾ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀ.ਏ.ਸੀ.) ਅਤੇ ਕੌਮੀ ਕਾਰਜਕਾਰਨੀ ਦੀ ਰਾਇ ਮੁਤਾਬਿਕ ਲਿਆ ਜਾਵੇ, ਪਰ ਲੈਫਟੀਨੈਂਟ ਗਵਰਨਰ ਨੂੰ ਖ਼ਤ ਲਿਖਿਆ ਗਿਆ ਅਤੇ ਸਰਕਾਰ ਬਣਾਉਣ ਦੀ ਕੋਸ਼ਿਸ਼ ਹੋਈ। ਇਹ ਕੋਸ਼ਿਸ਼ ਵਿਧਾਨ ਸਭਾ ਦੇ ਭੰਗ ਹੋਣ ਤੋਂ ਪਹਿਲਾਂ ਨਵੰਬਰ ਮਹੀਨੇ ਤਕ ਚਲਦੀ ਰਹੀ। (ਇਥੇ ਅਤੇ ਇਸ ਖ਼ਤ ਵਿਚ ਕਈ ਹੋਰ ਥਾਈਂ ਅਸੀਂ ਪਾਰਟੀ ਹਿੱਤ ਵਿਚ ਕੁਝ ਗੁਪਤ ਗੱਲਾਂ ਜਨਤਕ ਨਹੀਂ ਕਰ ਰਹੇ) ਅਸੀਂ ਦੋਹਾਂ ਨੇ ਜਥੇਬੰਦੀ ਦੇ ਅੰਦਰ ਹਰ ਮੰਚ ਉਪਰ ਇਸ ਦਾ ਵਿਰੋਧ ਕੀਤਾ ਅਤੇ ਫਿਰ ਇਸ ਸਵਾਲ ਉਪਰ ਬਾਕੀ ਸਾਰਿਆਂ ਨਾਲ ਡੂੰਘੇ ਮਤਭੇਦ ਦੀ ਨੀਂਹ ਰੱਖੀ ਗਈ। ਇਹ ਫ਼ੈਸਲਾ ਅਸੀਂ ਤੁਹਾਡੇ ਉਪਰ ਛੱਡਦੇ ਹਾਂ ਕਿ ਇਹ ਵਿਰੋਧ ਕਰਨਾ ਜਾਇਜ਼ ਸੀ ਜਾਂ ਨਹੀਂ। ਜੇ ਉਸ ਵਕਤ ਪਾਰਟੀ, ਕਾਂਗਰਸ ਦੇ ਨਾਲ ਮਿਲ ਕੇ ਸਰਕਾਰ ਬਣਾ ਲੈਂਦੀ, ਤਾਂ ਕੀ ਅਸੀਂ ਦਿੱਲੀ ਦੇ ਲੋਕਾਂ ਦਾ ਭਰੋਸਾ ਦੁਬਾਰਾ ਜਿੱਤ ਸਕਦੇ?


2. ਲੋਕ ਸਭਾ ਚੋਣਾਂ ਦੇ ਨਤੀਜੇ ਆਉਂਦੇ ਸਾਰ ਹੀ ਸਰਵਸ੍ਰੀ ਮਨੀਸ਼ ਸਿਸੋਦੀਆ, ਸੰਜੇ ਸਿੰਘ ਅਤੇ ਆਸ਼ੂਤੋਸ਼ ਨੇ ਅਜੀਬ ਮੰਗ ਰੱਖਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਪੀ.ਏ.ਸੀ. ਦੇ ਸਾਰੇ ਮੈਂਬਰ ਆਪਣੇ ਅਸਤੀਫ਼ੇ ਅਰਵਿੰਦ ਭਾਈ ਦੇ ਸਪੁਰਦ ਕਰ ਦੇਣ ਤਾਂ ਕਿ ਉਹ ਆਪਣੀ ਸਹੂਲਤ ਅਨੁਸਾਰ ਨਵੀਂ ਪੀ.ਏ.ਸੀ. ਬਣਾ ਸਕਣ। ਕੌਮੀ ਕਾਰਜਕਾਰਨੀ ਨੂੰ ਭੰਗ ਕਰਨ ਦੀ ਮੰਗ ਉੱਠੀ। ਅਸੀਂ ਦੋਹਾਂ ਨੇ ਹੋਰ ਸਾਥੀਆਂ ਨਾਲ ਮਿਲ ਕੇ ਇਸ ਦਾ ਕਰੜਾ ਵਿਰੋਧ ਕੀਤਾ। (ਯੋਗੇਂਦਰ ਵਲੋਂ ਪੀ.ਏ.ਸੀ. ਤੋਂ ਅਸਤੀਫ਼ੇ ਦੀ ਪੇਸ਼ਕਸ਼ ਦਾ ਸਬੰਧ ਇਸੇ ਨਾਲ ਸੀ) ਜੇ ਅਸੀਂ ਅਜਿਹੀਆਂ ਗ਼ੈਰ-ਸੰਵਿਧਾਨਕ ਚਾਲਾਂ ਦਾ ਵਿਰੋਧ ਨਾ ਕਰਦੇ ਤਾਂ ਸਾਡੀ ਪਾਰਟੀ ਅਤੇ ਕਾਂਗਰਸ ਜਾਂ ਬਸਪਾ ਵਰਗੀ ਪਾਰਟੀ ਵਿਚ ਕੀ ਫ਼ਰਕ ਰਹਿ ਜਾਂਦਾ?

3. ਮਹਾਰਾਸ਼ਟਰ, ਝਾਰਖੰਡ ਅਤੇ ਜੰਮੂ ਕਸ਼ਮੀਰ ਵਿਚ ਪਾਰਟੀ ਦੇ ਚੋਣਾਂ ਲੜਨ ਦੇ ਸਵਾਲ ਉਪਰ ਪਾਰਟੀ ਦੀ ਜੂਨ ਮਹੀਨੇ ਹੋਈ ਕੌਮੀ ਕਾਰਜਕਾਰਨੀ ਵਿਚ ਪਾਰਟੀ ਕਾਰਕੁਨਾਂ ਦੀ ਰਾਇ ਜਾਣਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਕਾਰਕੁਨਾਂ ਦੀ ਰਾਇ ਜਾਣਨ ਤੋਂ ਬਾਅਦ ਸਾਡੀ ਅਤੇ ਕੌਮੀ










ਕਾਰਜਕਾਰਨੀ ਦੇ ਬਹੁਮਤ ਦੀ ਰਾਇ ਸੀ ਕਿ ਸੂਬਿਆਂ ਵਿਚ ਚੋਣਾਂ ਲੜਨ ਦਾ ਫ਼ੈਸਲਾ ਸੂਬਾ ਇਕਾਈਆਂ ਦੀ ਸਮਝ ਉਪਰ ਛੱਡ ਦਿੱਤਾ ਜਾਵੇ; ਇਹ ਅਰਵਿੰਦ ਭਾਈ ਨੂੰ ਮਨਜ਼ੂਰ ਨਹੀਂ ਸੀ। ਉਨ੍ਹਾਂ ਕਿਹਾ ਕਿ ਜੇ ਕਿਤੇ ਵੀ ਪਾਰਟੀ ਨੇ ਚੋਣਾਂ ਲੜੀਆਂ, ਤਾਂ ਉਹ ਪ੍ਰਚਾਰ ਕਰਨ ਨਹੀਂ ਜਾਣਗੇ। ਉਨ੍ਹਾਂ ਦੀ ਗੁਜ਼ਾਰਿਸ਼ ਨੂੰ ਸਵੀਕਾਰ ਕਰਦਿਆਂ ਕੌਮੀ ਕਾਰਜਕਾਰਨੀ ਨੂੰ ਫ਼ੈਸਲਾ ਬਦਲਣਾ ਪਿਆ ਅਤੇ ਸੂਬਿਆਂ ਵਿਚ ਚੋਣਾਂ ਨਾ ਲੜਨ ਦਾ ਫ਼ੈਸਲਾ ਹੋਇਆ। ਅੱਜ ਇਹ ਫ਼ੈਸਲਾ ਸਹੀ ਲਗਦਾ ਹੈ, ਉਸ ਨਾਲ ਪਾਰਟੀ ਨੂੰ ਫ਼ਾਇਦਾ ਹੋਇਆ ਹੈ, ਪਰ ਸਵਾਲ ਇਹ ਹੈ ਕਿ ਭਵਿੱਖ ਵਿਚ ਅਜਿਹਾ ਕੋਈ ਵੀ ਫ਼ੈਸਲਾ ਕਿਵੇਂ ਲਿਆ ਜਾਵੇ? ਕੀ ਸਵੈਰਾਜ ਦੇ ਸਿਧਾਂਤ ਵਿਚ ਨਿਹਚਾ ਰੱਖਣ ਵਾਲੀ ਸਾਡੀ ਪਾਰਟੀ ਵਿਚ ਸੂਬਿਆਂ ਦੀ ਖ਼ੁਦਮੁਖਤਿਆਰੀ ਦਾ ਸਵਾਲ ਉਠਾਉਣਾ ਗ਼ਲਤ ਹੈ?

4. ਜੁਲਾਈ ਵਿਚ ਜਦੋਂ ਕਾਂਗਰਸ ਦੇ ਕੁਝ ਮੁਸਲਿਮ ਵਿਧਾਇਕਾਂ ਦੇ ਭਾਜਪਾ ਵਿਚ ਜਾਣ ਦੀ ਅਫ਼ਵਾਹ ਉੱਡੀ ਤਾਂ ਦਿੱਲੀ ਵਿਚ ਮੁਸਲਿਮ ਇਲਾਕਿਆਂ ਵਿਚ ਇਕ ਬਿਨਾਂ ਨਾਂ ਤੋਂ ਫਿਰਕੂ ਅਤੇ ਭੜਕਾਊ ਪੋਸਟਰ ਲੱਗਿਆ। ਪੁਲਿਸ ਨੇ ਇਜ਼ਲਾਮ ਲਾਇਆ ਕਿ ਇਹ ਪੋਸਟਰ ਪਾਰਟੀ ਨੇ ਲਗਵਾਇਆ ਸੀ। ਦਿਲੀਪ ਪਾਂਡੇ ਅਤੇ ਦੋ ਹੋਰ ਵਾਲੰਟੀਅਰਾਂ ਨੂੰ ਕਸੂਰਵਾਰ ਕਰਾਰ ਦੇ ਕੇ ਇਸ ਮਾਮਲੇ ਵਿਚ ਗ੍ਰਿਫ਼ਤਾਰ ਵੀ ਕੀਤਾ ਗਿਆ। ਇਸ ਪੋਸਟਰ ਦੀ ਜ਼ਿੰਮੇਵਾਰੀ ਪਾਰਟੀ ਕਾਰਕੁਨ ਅਮਾਨਉਲਾ ਨੇ ਲਈ ਅਤੇ ਅਰਵਿੰਦ ਭਾਈ ਨੇ ਉਸ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ (ਬਾਅਦ ਵਿਚ ਉਸ ਨੂੰ ਓਖਲਾ ਦਾ ਮੁਖੀ ਅਤੇ ਫਿਰ ਪਾਰਟੀ ਦਾ ਉਮੀਦਵਾਰ ਬਣਾਇਆ ਗਿਆ)। ਯੋਗੇਂਦਰ ਨੇ ਜਨਤਕ ਬਿਆਨ ਦਿੱਤਾ ਕਿ ਅਜਿਹੇ ਪੋਸਟਰ ਆਮ ਆਦਮੀ ਪਾਰਟੀ ਦੀ ਵਿਚਾਰਧਾਰਾ ਦੇ ਖ਼ਿਲਾਫ਼ ਹਨ। ਨਾਲ ਹੀ ਯਕੀਨ ਦਿਵਾਇਆ ਕਿ ਇਸ ਮਾਮਲੇ ਵਿਚ ਗ੍ਰਿਫ਼ਤਾਰ ਸਾਥੀਆਂ ਦਾ ਇਸ ਘਟਨਾ ਨਾਲ ਕੋਈ ਸਬੰਧ ਨਹੀਂ ਹੈ। ਇਕ ਪਾਸੇ ਤਾਂ ਪਾਰਟੀ ਨੇ ਕਿਹਾ ਕਿ ਇਨ੍ਹਾਂ ਪੋਸਟਰਾਂ ਨਾਲ ਸਾਡਾ ਕੋਈ ਲੈਣਾ-ਦੇਣਾ ਨਹੀਂ ਹੈ, ਦੂਜੇ ਪਾਸੇ ਯੋਗੇਂਦਰ ਦੇ ਇਸ ਬਿਆਨ ਨੂੰ ਪਾਰਟੀ ਵਿਰੋਧੀ ਦੱਸ ਕੇ ਉਸ ਖ਼ਿਲਾਫ਼ ਕਾਰਕੁਨਾਂ ਵਿਚ ਜ਼ਹਿਰ ਘੋਲੀ ਗਈ। ਤੁਸੀਂ ਹੀ ਦੱਸੋ, ਅਜਿਹੇ ਮੁੱਦੇ ਉਪਰ ਸਾਨੂੰ ਖ਼ਾਮੋਸ਼ ਰਹਿਣਾ ਚਾਹੀਦਾ ਸੀ?

5. 'ਅਵਾਮ' ਨਾਂ ਦੀ ਜਥੇਬੰਦੀ ਬਣਾਉਣ ਦੇ ਇਲਜ਼ਾਮ ਵਿਚ ਜਦੋਂ ਪਾਰਟੀ ਦੇ ਕਾਰਕੁਨ ਕਰਨ ਸਿੰਘ ਨੂੰ ਦਿੱਲੀ ਇਕਾਈ ਨੇ ਕੱਢ ਦਿੱਤਾ, ਤਾਂ ਕਰਨ ਸਿੰਘ ਨੇ ਇਸ ਫ਼ੈਸਲੇ ਵਿਰੁੱਧ ਕੌਮੀ ਅਨੁਸ਼ਾਸਨ ਕਮੇਟੀ ਅੱਗੇ ਅਪੀਲ ਕੀਤੀ ਜਿਸ ਦੇ ਪ੍ਰਧਾਨ ਪ੍ਰਸ਼ਾਂਤ ਭੂਸ਼ਨ ਹਨ। ਕਰਨ ਸਿੰਘ ਵਿਰੁੱਧ ਪਾਰਟੀ ਵਿਰੋਧੀ ਕਾਰਵਾਈਆਂ ਦਾ ਇਕ ਸਬੂਤ ਇਹ ਸੀ ਕਿ ਉਸ ਨੇ ਪਾਰਟੀ ਵਾਲੰਟੀਅਰਾਂ ਨੂੰ ਐਸ.ਐਮ.ਐਸ. ਭੇਜ ਕੇ ਭਾਜਪਾ ਨਾਲ ਜੁੜਨ ਦਾ ਸੱਦਾ ਦਿੱਤਾ ਸੀ। ਕਰਨ ਸਿੰਘ ਦੀ ਦਲੀਲ ਸੀ ਕਿ ਇਹ ਐਸ.ਐਮ.ਐਸ. ਫਰਜ਼ੀ ਹੈ ਜਿਸ ਨੂੰ ਪਾਰਟੀ ਅਹੁਦੇਦਾਰਾਂ ਨੇ ਉਸ ਨੂੰ ਬਦਨਾਮ ਕਰਨ ਲਈ ਭਿਜਵਾਇਆ ਸੀ। ਅਨੁਸ਼ਾਸਨ ਕਮੇਟੀ ਦਾ ਪ੍ਰਧਾਨ ਹੋਣ ਦੀ ਹੈਸੀਅਤ ਵਿਚ ਪ੍ਰਸ਼ਾਂਤ ਭੂਸ਼ਨ ਨੇ ਇਸ ਮਾਮਲੇ ਦੀ ਡੂੰਘੀ ਛਾਣ-ਬੀਣ ਕਰਨ 'ਤੇ ਜ਼ੋਰ ਦਿੱਤਾ, ਪਰ ਪਾਰਟੀ ਦੇ ਅਹੁਦੇਦਾਰ ਟਾਲ-ਮਟੋਲ ਕਰਦੇ ਰਹੇ। ਆਖ਼ਿਰ ਕਰਨ ਸਿੰਘ ਦੇ ਕਹਿਣ 'ਤੇ ਪੁਲਿਸ ਨੇ ਜਾਂਚ ਕੀਤੀ ਅਤੇ ਐਸ.ਐਮ.ਐਸ. ਵਾਕਈ ਫਰਜ਼ੀ ਨਿਕਲਿਆ। ਪਤਾ ਲੱਗਿਆ ਕਿ ਇਹ ਐਸ.ਐਮ.ਐਸ. ਦੀਪਕ ਚੌਧਰੀ ਨਾਂ ਦੇ ਵਾਲੰਟੀਅਰ ਨੇ ਭਿਜਵਾਇਆ ਸੀ। ਨਿਰਪੱਖ ਜਾਂਚ ਕਰਵਾਉਣ ਦੀ ਵਜ੍ਹਾ ਨਾਲ ਉਲਟਾ ਪ੍ਰਸ਼ਾਂਤ ਭੂਸ਼ਨ ਉਪਰ 'ਅਵਾਮ' ਦੀ ਤਰਫ਼ਦਾਰੀ ਦਾ ਇਲਜ਼ਾਮ ਲਾਇਆ ਗਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਾਅਦ ਵਿਚ 'ਅਵਾਮ', ਪਾਰਟੀ ਵਿਰੋਧੀ ਕਈ ਕਾਰਵਾਈਆਂ ਵਿਚ ਸ਼ਾਮਲ ਰਹੀ, ਪਰ ਤੁਸੀਂ ਹੀ ਦੱਸੋ, ਜੇ ਕੋਈ ਕਾਰਕੁਨ ਅਨੁਸ਼ਾਸਨ ਕਮੇਟੀ ਨੂੰ ਅਪੀਲ ਕਰੇ, ਉਸ ਦੀ ਨਿਰਪੱਖ ਸੁਣਵਾਈ ਹੋਣੀ ਚਾਹੀਦੀ ਹੈ ਜਾਂ ਨਹੀਂ?

6. ਜਦੋਂ ਦਿੱਲੀ ਚੋਣਾਂ ਵਿਚ ਉਮੀਦਵਾਰਾਂ ਤੈਅ ਕੀਤੇ ਜਾਣ ਲੱਗੇ ਤਾਂ ਸਾਡੇ ਦੋਹਾਂ ਕੋਲ ਪਾਰਟੀ ਕਾਰਕੁਨ ਕੁਝ ਉਮੀਦਵਾਰਾਂ ਦੀਆਂ ਗੰਭੀਰ ਸ਼ਿਕਾਇਤਾਂ ਲੈ ਕੇ ਆਉਣ ਲੱਗੇ। ਸ਼ਿਕਾਇਤ ਇਹ ਸੀ ਕਿ ਚੋਣਾਂ ਜਿੱਤਣ ਦੇ ਦਬਾਅ ਹੇਠ ਅਜਿਹੇ ਲੋਕਾਂ ਨੂੰ ਟਿਕਟ ਦਿੱਤੀ ਜਾ ਰਹੀ ਸੀ ਜਿਨ੍ਹਾਂ ਵਿਰੁੱਧ ਸੰਗੀਨ ਇਲਜ਼ਾਮ ਸਨ, ਜਿਨ੍ਹਾਂ ਦਾ ਕਿਰਦਾਰ ਬਾਕੀ ਪਾਰਟੀਆਂ ਦੇ ਆਗੂਆਂ ਤੋਂ ਵੱਖਰਾ ਨਹੀਂ ਸੀ। ਸ਼ਿਕਾਇਤ ਇਹ ਵੀ ਸੀ ਕਿ ਪੁਰਾਣੇ ਵਾਲੰਟੀਅਰਾਂ ਨੂੰ ਦਰਕਿਨਾਰ ਕੀਤਾ ਜਾ ਰਿਹਾ ਸੀ ਅਤੇ ਟਿਕਟ ਦੇ ਬਾਰੇ ਮੁਕਾਮੀ ਕਾਰਕੁਨਾਂ ਦੀ ਬੈਠਕ ਵਿਚ ਧਾਂਦਲੀ ਹੋ ਰਹੀ ਸੀ। ਇਸੇ ਦੇ ਮੱਦੇਨਜ਼ਰ ਅਸੀਂ ਦੋਹਾਂ ਨੇ ਜ਼ੋਰ ਦਿੱਤਾ ਕਿ ਸਾਰੇ ਉਮੀਦਵਾਰਾਂ ਦੇ ਬਾਰੇ ਪੂਰੀ ਜਾਣਕਾਰੀ ਪਹਿਲਾਂ ਪੀ.ਏ.ਸੀ. ਅਤੇ ਫਿਰ ਲੋਕਾਂ ਨੂੰ ਦਿੱਤੀ ਜਾਵੇ। ਅਜਿਹੇ ਉਮੀਦਵਾਰਾਂ ਦੀ ਪੂਰੀ ਜਾਂਚ ਹੋਣੀ ਚਾਹੀਦੀ ਹੈ ਅਤੇ ਅੰਤਿਮ ਫ਼ੈਸਲਾ ਪੀ.ਏ.ਸੀ. ਵਿਚ ਉਸ ਨੇਮ ਅਨੁਸਾਰ ਚਰਚਾ ਕਰਨ ਤੋਂ ਪਿੱਛੋਂ ਕਰਨਾ ਚਾਹੀਦਾ ਹੈ, ਜਿਵੇਂ ਅਸੀਂ ਸੰਵਿਧਾਨ ਵਿਚ ਲਿਖਿਆ ਹੈ। ਕੀ ਅਜਿਹਾ ਕਹਿਣਾ ਸਾਡਾ ਫਰਜ਼ ਨਹੀਂ ਸੀ? ਇਸ ਸੂਰਤ ਵਿਚ ਸਾਡੀ ਗੁਜ਼ਾਰਿਸ਼ ਦਾ ਸਨਮਾਨ ਕਰਨ ਦੀ ਬਜਾਏ ਚੋਣਾਂ ਵਿਚ ਅੜਿੱਕਾ ਡਾਹੁਣ ਦਾ ਇਲਜ਼ਾਮ ਲਾਇਆ ਗਿਆ। ਆਖ਼ਿਰ ਸਾਡੇ ਲਗਾਤਾਰ ਜ਼ੋਰ ਦੇਣ ਦੀ ਵਜ੍ਹਾ ਨਾਲ ਉਮੀਦਵਾਰਾਂ ਬਾਰੇ ਸ਼ਿਕਾਇਤਾਂ ਦੀ ਜਾਂਚ ਲਈ ਕਮੇਟੀ ਬਣੀ। ਫਿਰ ਬਾਰਾਂ ਉਮੀਦਵਾਰਾਂ ਦੀ ਲੋਕਪਾਲ ਦੁਆਰਾ ਜਾਂਚ ਕੀਤੀ ਗਈ, ਦੋ ਦੇ ਟਿਕਟ ਰੱਦ ਹੋਏ, ਚਾਰ ਬੇਕਸੂਰ ਸਾਬਤ ਹੋਏ ਅਤੇ ਬਾਕੀ ਛੇ ਨੂੰ ਸ਼ਰਤਾਂ ਸਹਿਤ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੀ ਆਗਿਆ ਦਿੱਤੀ ਗਈ। ਤੁਸੀਂ ਹੀ ਦੱਸੋ, ਕੀ ਤੁਸੀਂ ਇਸ ਨੂੰ ਪਾਰਟੀ ਦੀ ਮਰਿਯਾਦਾ ਅਤੇ ਸ਼ਾਨ ਬਣਾਈ ਰੱਖਣ ਦਾ ਯਤਨ ਕਹੋਗੇ, ਜਾਂ ਪਾਰਟੀ ਵਿਰੋਧੀ ਕਾਰਵਾਈ?

ਇਨ੍ਹਾਂ ਛੇ ਵੱਡੇ ਮੁੱਦਿਆਂ ਅਤੇ ਅਨੇਕਾਂ ਨਿੱਕੇ-ਨਿੱਕੇ ਸਵਾਲਾਂ ਉਪਰ ਅਸੀਂ ਦੋਹਾਂ ਨੇ ਪਾਰਦਰਸ਼ਤਾ, ਜਮਹੂਰੀਅਤ ਅਤੇ ਸਵੈਰਾਜ ਦੇ ਉਨ੍ਹਾਂ ਸਿਧਾਂਤਾਂ ਨੂੰ ਵਾਰ-ਵਾਰ ਉਠਾਇਆ ਜਿਨ੍ਹਾਂ ਨੂੰ ਲੈ ਕੇ ਸਾਡੀ ਪਾਰਟੀ ਬਣੀ ਸੀ। ਅਸੀਂ ਇਹ ਸਵਾਲ ਪਾਰਟੀ ਦੇ ਅੰਦਰ ਅਤੇ ਢੁੱਕਵੇਂ ਮੰਚ ਉਪਰ ਉਠਾਏ। ਇਸ ਨਾਲ ਕਿਤੇ ਪਾਰਟੀ ਨੂੰ ਨੁਕਸਾਨ ਨਾ ਹੋ ਜਾਵੇ, ਇਸ ਲਈ ਅਸੀਂ ਦਿੱਲੀ ਚੋਣਾਂ ਨੇਪਰੇ ਚੜ੍ਹਨ ਤਕ ਇੰਤਜ਼ਾਰ ਕੀਤਾ ਅਤੇ 26 ਫਰਵਰੀ ਦੀ ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿਚ ਨੋਟ ਦੇ ਜ਼ਰੀਏ ਕੁਝ ਸੁਝਾਅ ਰੱਖੇ। ਸਾਡੇ ਮੁੱਖ ਸੁਝਾਅ ਇਹ ਸਨ:

1. ਪਾਰਟੀ ਵਿਚ ਨੈਤਿਕ ਮੁੱਲਾਂ ਦੀ ਰਾਖੀ ਲਈ ਕਮੇਟੀ ਬਣੇ ਜੋ ਦੋ ਕਰੋੜ ਰੁਪਏ ਵਾਲੇ ਚੈੱਕ ਅਤੇ ਸਾਡੇ ਉਮੀਦਵਾਰ ਵਲੋਂ ਸ਼ਰਾਬ ਵੰਡਣ ਦੇ ਇਲਜ਼ਾਮ ਵਰਗੇ ਮਾਮਲਿਆਂ ਦੀ ਜਾਂਚ ਕਰੇ ਤਾਂ ਕਿ ਅਜਿਹੇ ਇਲਜ਼ਾਮਾਂ ਉਪਰ ਸਾਡੀ ਪਾਰਟੀ ਦਾ ਜਵਾਬ ਵੀ ਬਾਕੀ ਪਾਰਟੀਆਂ ਵਾਂਗ ਗੋਲਮੋਲ ਨਜ਼ਰ ਨਾ ਆਵੇ।

2. ਸੂਬਿਆਂ ਦੇ ਸਿਆਸੀ ਫ਼ੈਸਲੇ ਵਿਕੇਂਦਰੀਕ੍ਰਿਤ ਹੋਣ ਅਤੇ ਘੱਟੋ-ਘੱਟ ਸਥਾਨਕ ਅਦਾਰਿਆਂ ਦੀਆਂ ਚੋਣਾਂ ਦੇ ਫ਼ੈਸਲੇ ਖ਼ੁਦ ਸੂਬਾ ਇਕਾਈਆਂ ਲੈਣ। ਹਰ ਚੀਜ਼ ਦਿੱਲੀ ਤੋਂ ਤੈਅ ਨਾ ਹੋਵੇ।

3. ਪਾਰਟੀ ਦੇ ਜਥੇਬੰਦਕ ਢਾਂਚੇ ਅਤੇ ਅੰਦਰੂਨੀ ਜਮਹੂਰੀਅਤ ਦਾ ਸਤਿਕਾਰ ਕੀਤਾ ਜਾਵੇ ਅਤੇ ਪੀ.ਏ.ਸੀ. ਤੇ ਕੌਮੀ ਕਾਰਜਕਾਰਨੀ ਦੀਆਂ ਮੀਟਿੰਗਾਂ ਬਾਕਾਇਦਾ ਅਤੇ ਨੇਮ ਅਨੁਸਾਰ ਹੋਣ।


4. ਪਾਰਟੀ ਦੇ ਫ਼ੈਸਲਿਆਂ ਵਿਚ ਵਾਲੰਟੀਅਰਾਂ ਦੀ ਆਵਾਜ਼ ਸੁਣਨ ਅਤੇ ਉਨ੍ਹਾਂ ਦਾ ਸਤਿਕਾਰ ਕਰਨ ਦੀ ਲੋੜੀਂਦੀ ਵਿਵਸਥਾ ਕੀਤੀ ਜਾਵੇ।

ਅਸੀਂ ਇਹ ਜਥੇਬੰਦਕ ਮੁੱਦੇ ਚੁੱਕੇ ਅਤੇ ਇਸ ਦੇ ਬਦਲੇ ਸਾਡੇ ਪੱਲੇ ਮਨਘੜਤ ਇਲਜ਼ਾਮ ਪਏ। ਅਸੀਂ ਪਾਰਟੀ ਦੀ ਏਕਤਾ ਅਤੇ ਉਸ ਦੀ ਰੂਹ, ਦੋਹਾਂ ਨੂੰ ਬਚਾਉਣ ਦਾ ਹਰ ਸੰਭਵ ਯਤਨ ਕੀਤਾ ਅਤੇ ਸਾਡੇ ਉਪਰ ਹੀ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਦਾ ਇਲਜ਼ਾਮ ਲਾਇਆ ਗਿਆ। ਇਲਜ਼ਾਮ ਇਹ ਕਿ ਅਸੀਂ ਦੋਵੇਂ ਪਾਰਟੀ ਨੂੰ ਹਰਾਉਣ ਲਈ ਸਾਜ਼ਿਸ਼ ਰਚ ਰਹੇ ਸੀ, ਕਿ ਅਸੀਂ ਪਾਰਟੀ ਦੇ ਖ਼ਿਲਾਫ਼ ਕੂੜ-ਪ੍ਰਚਾਰ ਕਰ ਰਹੇ ਸੀ, ਕਿ ਅਸੀਂ ਕਨਵੀਨਰ ਦਾ ਅਹੁਦਾ ਹਥਿਆਉਣ ਦੀ ਸਾਜ਼ਿਸ਼ ਕਰ ਰਹੇ ਸੀ। ਇਲਜ਼ਾਮ ਇੰਨੇ ਹਾਸੋਹੀਣੇ ਤੇ ਬਚਗਾਨਾ ਹਨ ਕਿ ਇਨ੍ਹਾਂ ਦਾ ਜਵਾਬ

*(ਬਾਕੀ ਸਫਾ 29 'ਤੇ)*

# ਬੰਦ ਹੋਈ ਜਾਂਦੀ ਐ ਬਾਬਿਆਂ ਦੀ ਬੋਲਤੀ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਨਹੀਂ ਜੀ ਨਹੀਂ...ਇਥੇ ਉਨ੍ਹਾਂ ਬਾਬਿਆਂ ਦਾ ਕੋਈ ਕਿੱਸਾ ਜਾਂ 'ਕੱਚਾ ਚਿੱਠਾ' ਨਹੀਂ ਖੋਲ੍ਹਿਆ ਜਾ ਰਿਹਾ ਜਿਹੜੇ ਆਪਣੇ ਸ਼ਰਧਾਲੂ ਪੁਰਸ਼ਾਂ ਜਾਂ 'ਪੁਰਸ਼ਣੀਆਂ' ਦਾ ਆਰਥਿਕ ਤੇ ਸਰੀਰਕ ਸ਼ੋਸ਼ਣ ਕਰਨ ਦੇ ਬਾਵਜੂਦ ਉਨ੍ਹਾਂ ਲਈ 'ਮਹਾਪੁਰਸ਼' ਹੀ ਬਣੇ ਰਹਿੰਦੇ ਨੇ। ਜਿਸ ਦੇਸ਼ ਵਿਚ ਭਾਰੀ ਤਾਦਾਦ ਵਿਚ ਅਕਲ ਦੇ ਅੰਨ੍ਹੇ ਅਤੇ ਲਕੀਰ ਦੇ ਫਕੀਰ ਵਸਦੇ ਹੋਣ, ਉਥੇ ਭਲਾ ਬਾਬਿਆਂ ਦੀ ਬੋਲਤੀ ਬੰਦ ਹੋ ਜਾਣ ਬਾਰੇ ਸੋਚਿਆ ਵੀ ਕਿਵੇਂ ਜਾ ਸਕਦਾ ਹੈ? ਅਜਿਹੀ ਅੰਧ-ਵਿਸ਼ਵਾਸੀ ਜਨਤਾ ਦੀ ਬਦੌਲਤ, ਉਲਟਾ ਬਾਬੇ ਹੀ ਬੋਲਤੀ ਬੰਦ ਕਰਾ ਦੇਣ ਦੇ ਸਮਰੱਥ ਹੁੰਦੇ ਹਨ। ਵੱਡੇ ਤੋਂ ਵੱਡੇ ਨਾਢੂ ਖਾਂ, ਇਥੋਂ ਤੱਕ ਕਿ ਉਹ ਤਾਂ ਸਰਕਾਰ ਨੂੰ ਵੀ ਦਿਨੇ ਤਾਰੇ ਵਿਖਾ ਦੇਣ ਦੀ ਤਾਕਤ ਰੱਖਦੇ ਹਨ। ਸੋ, ਇਸ ਲਿਖਤ ਵਿਚ ਤਾਂ ਉਨ੍ਹਾਂ ਬਾਬਿਆਂ ਦੀ ਤਰਸਯੋਗ ਹਾਲਤ ਦੀਆਂ ਕੁਝ ਝਾਕੀਆਂ ਪੇਸ਼ ਕੀਤੀਆਂ ਜਾ ਰਹੀਆਂ ਨੇ ਜਿਨ੍ਹਾਂ ਬਾਰੇ ਮਰਹੂਮ ਕਵੀਸ਼ਰ ਕਰਨੈਲ ਸਿੰਘ ਰਾਮੂਵਾਲੀਆ ਨੇ ਆਪਣੀ ਇਕ ਲਿਖਤ ਵਿਚ ਇਉਂ ਜ਼ਿਕਰ ਕੀਤਾ ਹੋਇਆ ਹੈ:

ਘਰ ਨੂੰਹ ਨੇ ਸਾਂਭ ਲਿਆ,
ਤੁਰ ਗਈ ਧੀ ਝਾੜ ਕੇ ਪੱਲੇ।
ਪੋਤੇ ਨੇ ਜਨਮ ਲਿਆ,
ਬਾਬਾ ਕਬਰਾਂ ਦੇ ਵੱਲ ਚੱਲੇ।

ਜੀ ਹਾਂ! ਉਨ੍ਹਾਂ ਬਾਬਿਆਂ ਦੀ ਗੱਲ ਹੋਣ ਲੱਗੀ ਹੈ ਜੋ 'ਮੂਲ ਨਾਲੋਂ ਵਿਆਜ ਪਿਆਰਾ' ਕਹਿ-ਕਹਿ ਕੇ, ਪੁੱਤਾਂ ਨਾਲੋਂ ਵੀ ਵੱਧ ਆਪਣੇ ਪੋਤਰਿਆਂ ਨੂੰ ਪਿਆਰ-ਦੁਲਾਰ ਕਰਦੇ ਹਨ ਪਰ ਜਿਉਂ-ਜਿਉਂ ਪੋਤਰਿਆਂ ਨੂੰ 'ਹਵਾ ਲਗਦੀ' ਜਾਂਦੀ ਹੈ, ਉਹ ਫਿਰ ਬਾਬਿਆਂ-ਦਾਦਿਆਂ ਨੂੰ 'ਬੀਤੇ ਜ਼ਮਾਨੇ ਦੇ' ਸਮਝਣ ਲੱਗ ਪੈਂਦੇ ਨੇ। ਚੰਗੇ ਗੁਣਾਂ ਵਾਲੇ ਪਰਿਵਾਰਾਂ ਵਿਚ ਭਾਵੇਂ ਬਾਬੇ ਨੂੰ 'ਰਾਸ਼ਟਰਪਤੀ' ਵਾਂਗ ਘਰ ਦਾ ਮੁਖੀਆ ਸਵੀਕਾਰਿਆ ਜਾਂਦਾ ਹੈ ਪਰ ਅਕਸਰ ਉਸ ਦੇ ਹਾਂ-ਨਾਂਹ ਪੱਖੀ ਹੁੰਗਾਰਿਆਂ ਨੂੰ ਅਣਗੌਲਿਆ ਹੀ ਕਰ ਦਿੱਤਾ ਜਾਂਦਾ ਹੈ। ਨਵੀਆਂ ਪੜ੍ਹਾਈਆਂ ਅਤੇ ਕਿੱਤਾ-ਮੁਖੀ ਕੋਰਸਾਂ ਨਾਲ ਵਾਬਸਤਾ ਹੋਏ ਪੋਤਿਆਂ ਲਈ, ਬਾਬਿਆਂ ਦਾ ਇਹ ਸਵਾਲ 'ਪੁੱਤ ਕੈਥੀ ਜਮਾਤ ਵਿਚ ਪੜ੍ਹਦਾਂ?' ਹਾਸੋ-ਹੀਣਾ ਹੀ ਹੋ ਜਾਂਦਾ ਹੈ। ਦੋਂਹ ਪੀੜ੍ਹੀਆਂ ਦਾ ਫਾਸਲਾ, ਬਾਬਿਆਂ-ਪੋਤਿਆਂ ਦੇ ਰਿਸ਼ਤੇ ਵਿਚ ਦੂਰੀਆਂ ਹੋਰ ਵਧਾਉਂਦਾ ਰਹਿੰਦਾ ਹੈ।

ਬੱਚਿਆਂ ਵਲੋਂ ਕੋਈ-ਕੋਈ ਅਨੋਖੀ ਗੱਲ ਪਿਤਾ ਜਾਂ ਬਾਬੇ ਕੋਲੋਂ ਪੁੱਛ ਲੈਣ ਦੇ ਸਮੇਂ ਹੁਣ ਬਹੁਤ ਦੂਰ ਚਲੇ ਗਏ। ਜਦੋਂ ਤੋਂ ਹਰ ਨਿਆਣੇ-ਸਿਆਣੇ ਦੀ ਜੇਬ ਵਿਚ 'ਗੂਗਲ ਬਾਬਾ' ਆਣ ਪਿਆ ਹੈ, ਉਦੋਂ ਦੀ ਵਿਚਾਰੇ ਬਾਬਿਆਂ-ਦਾਦਿਆਂ ਦੀ ਰਹਿੰਦੀ-ਖੂੰਹਦੀ ਇੱਜ਼ਤ ਵੀ ਜਾਂਦੀ ਲੱਗੀ ਹੈ; ਕਿਉਂਕਿ ਨਵੀਨਤਮ ਜਾਣਕਾਰੀਆਂ ਨਾਲ ਲੈਸ ਗੂਗਲ ਬਾਬਾ, ਡੰਗੋਰੀ ਹੱਥ ਵਿਚ ਫੜੀ ਖਊਂ-ਖਊਂ ਕਰਦੇ ਬਾਬੇ ਨਾਲੋਂ ਹਜ਼ਾਰਾਂ ਲੱਖਾਂ ਗੁਣਾਂ ਵੱਧ ਤੇਜ਼-ਤਰਾਰ ਹੈ। ਮੰਜੇ 'ਤੇ ਬੈਠਾ ਦਾਦਾ-ਬਾਬਾ ਤਾਂ ਚੰਗੀਆਂ ਨਸੀਹਤਾਂ ਹੀ ਦਿੰਦਾ ਰਹਿੰਦਾ ਹੈ, ਪਰ ਗੂਗਲ ਬਾਬਾ ਜੀ ਜਵਾਨੀ ਨੂੰ 'ਚੰਗੀਆਂ ਲੱਗਣ' ਵਾਲੀਆਂ ਚੀਜ਼ਾਂ ਵੀ ਖੁਸ਼ੀ-ਖੁਸ਼ੀ ਪਰੋਸਦਾ ਹੈ। ਅਜਿਹੀ 'ਫੁਰਤੀਲੀ ਸਹੂਲਤ' ਦੇ ਹੁੰਦਿਆਂ-ਸੁੰਦਿਆਂ ਭਲਾ ਕਿਹੜਾ ਪੋਤਰਾ ਬਾਬੇ ਦੀ 'ਤਜਰਬਿਆਂ ਭਰੀ ਚੰਗੇਰ' ਫਰੋਲਣੀ ਪਸੰਦ ਕਰੇਗਾ?

ਦਿਨੋ-ਦਿਨ ਤਿੱਖੀ ਚਾਲੇ ਹੱਥੋਂ ਨਿਕਲਦੇ ਜਾ ਰਹੇ ਜ਼ਮਾਨੇ ਵਿਚ ਆਪਣੀ 'ਸਰਦਾਰੀ' ਬਰਕਰਾਰ ਰੱਖਣ ਜਾਂ ਆਪਣੀ 'ਲੋੜ' ਦਰਸਾਉਣ ਲਈ ਬਜ਼ੁਰਗਾਂ ਵਲੋਂ ਘੜੀ ਹੋਈ ਸਾਖੀ ਸੁਣ ਕੇ ਅੱਗੇ ਚਲਦੇ ਹਾਂ। ਕਹਿੰਦੇ...ਕਿਸੇ ਪਿੰਡ ਦਾ ਕੰਜੂਸ ਜਿਹਾ ਬਜ਼ੁਰਗ ਮੈਲੇ-ਕੁਚੈਲੇ ਕੱਪੜੇ ਪਾਈ ਰੱਖਦਾ ਸੀ। ਉਸ ਦੇ ਪੋਤਰੇ ਦਾ ਵਿਆਹ ਆ ਗਿਆ। ਬਾਬੇ ਨੂੰ ਬਰਾਤੇ ਨਾਲ ਨਾ ਲਿਜਾਣ ਲਈ, ਪੋਤਰੇ ਨੇ ਬਹਾਨਾ ਘੜ ਲਿਆ ਕਿ ਬਰਾਤ ਵਿਚ ਸਾਰੇ ਸੋਹਣੇ ਸੁਨੱਖੇ ਗੱਭਰੂ ਹੀ ਜਾਣਗੇ। ਬੁੱਢਾ-ਠੇਰਾ ਕੋਈ ਨਾਲ ਨਹੀਂ ਜਾਏਗਾ।



ਬਾਬੇ ਨੇ ਵੀ ਜ਼ਮਾਨਾ ਖਾਧਾ ਹੋਇਆ ਸੀ। ਉਸ ਨੂੰ ਅੰਦਰੋਂ-ਅੰਦਰ ਇਹ ਚਿੰਤਾ ਵੀ ਵੱਢ-ਵੱਢ ਖਾਣ ਲੱਗੀ ਕਿ ਖੁਦਾ ਨਾ ਖਾਸਤਾ, ਕੁੜਮਾਂ ਦੇ ਪਿੰਡ ਕਿਸੇ ਗੱਲੋਂ ਸਿਆਣੇ ਦੀ ਕੋਈ ਲੋੜ ਪੈ ਗਈ, ਤਾਂ ਇਹ ਮੁੰਡੀਰ ਕੀ ਕਰੇਗੀ?...ਨਾਲੇ ਵਿਆਹ-ਸ਼ਾਦੀਆਂ ਵਿਚ ਕਈ ਗੁੰਝਲਦਾਰ ਮਸਲੇ ਚਾਣਚੱਕ ਆ ਬਣਦੇ ਨੇ ਜਿਨ੍ਹਾਂ ਦਾ ਹੱਲ ਤਜਰਬੇਕਾਰ ਬਜ਼ੁਰਗਾਂ ਦੇ ਵੱਸ ਦੀ ਹੀ ਗੱਲ ਹੁੰਦੀ ਹੈ। ਸੋ, ਬਾਬੇ ਨੇ ਕਹਿ-ਸੁਣ ਕੇ ਇਹ ਸਕੀਮ ਪ੍ਰਵਾਨ ਕਰਵਾ ਲਈ ਕਿ ਉਸ ਨੂੰ ਸੰਦੂਕ ਵਿਚ ਬੰਦ ਕਰ ਕੇ, ਬਰਾਤ ਨਾਲ ਲਿਜਾਇਆ ਜਾਵੇ। ਇਸ ਤਰ੍ਹਾਂ ਹੀ ਹੋਇਆ। ਗਿਣਤੀ ਦੇ ਕੁੱਲ ਸੌ ਛੈਲ-ਛਬੀਲੇ ਬਣਦੇ-ਫੱਬਦੇ ਬੰਦਿਆਂ ਦੀ ਬਰਾਤ ਵਿਚ ਇਕੋ-ਇਕ ਬਜ਼ੁਰਗ ਬਾਬਾ, ਉਹ ਵੀ ਸੰਦੂਕ ਵਿਚ ਲਕੋਇਆ ਹੋਇਆ।

ਕੁੜੀ ਵਾਲਿਆਂ ਦੇ ਪਿੰਡ ਬਰਾਤ ਢੁੱਕੀ ਤਾਂ ਅੱਗਿਉਂ ਉਨ੍ਹਾਂ ਸ਼ਰਤ ਰੱਖ ਦਿੱਤੀ ਕਿ ਸੌ ਬਰਾਤੀਆਂ ਦੇ ਖਾਣ ਲਈ ਅਸੀਂ ਸੌ ਹੀ ਬੱਕਰਾ ਲਿਆਂਦਾ ਹੈ। ਸੌ ਬੱਕਰੇ ਦਾ ਮੀਟ ਮੁਕਾਓ, ਫਿਰ ਕੁੜੀ ਤੁਹਾਡੇ ਨਾਲ ਤੋਰਾਂਗੇ। ਇਹ ਅਨੋਖਾ ਸਵਾਲ ਸੁਣ ਕੇ ਟੌਹਰਾਂ ਕੱਢੀ ਫਿਰਦੇ ਗਭਰੇਟਾਂ ਦੀ ਤਾਂ ਖਾਨਿਓਂ ਗਈ! ਲੱਗ ਪਏ ਇਕ-ਦੂਜੇ ਦੇ ਮੂੰਹਾਂ ਵੱਲ ਬਿਟਰ-ਬਿਟਰ ਝਾਕਣ!...ਸੌ ਬੱਕਰਿਆਂ ਦਾ ਐਨਾ ਮੀਟ, ਸੌ ਬੰਦਾ ਕਿਵੇਂ ਮੁਕਾ ਸਕੇਗਾ?...ਸੋਚ-ਸੋਚ ਕੇ ਜਦ ਮੁੰਡਿਆਂ ਦੀ ਭੂਤਨੀ ਭੁੱਲ ਗਈ ਤਾਂ ਇਕ ਜਣੇ ਨੂੰ ਫੁਰਨਾ ਫੁਰਿਆ। ਉਸ ਨੇ ਪਰਦਾ ਜਿਹਾ ਕਰ ਕੇ ਸੰਦੂਕ ਦੀ ਤਾਕੀ ਕੋਲ ਖਲੋ ਕੇ ਬਾਬੇ ਨੂੰ ਮਸਲੇ ਦਾ ਹੱਲ ਪੁੱਛਿਆ। ਅੰਦਰੋਂ ਮੱਧਮ ਜਿਹੀ ਆਵਾਜ਼ ਆਈ,

"ਉਏ ਸੌ ਬੱਕਰਾ ਖਾਣ ਦੀ ਹਾਮੀ ਭਰ ਦਿਓ, ਪਰ ਉਨ੍ਹਾਂ ਨੂੰ ਕਹੋ ਕਿ ਪਹਿਲਾਂ ਇਕ ਬੱਕਰਾ ਵੱਢ ਕੇ ਉਹਦਾ ਮੀਟ ਖਵਾਓ। ਇੰਜ ਹੀ ਦੂਜਾ ਬੱਕਰਾ ਵੱਢੋ, ਫਿਰ ਤੀਜਾ ਤੇ ਫਿਰ ਚੌਥਾ...।"

ਗੱਲ ਤਾਂ ਇਹ ਬਿਲਕੁਲ ਦਰੁਸਤ ਹੈ ਕਿ ਬਾਬਿਆਂ ਨੇ ਜ਼ਿੰਦਗੀ ਦੇ ਸਾਰੇ ਉਤਰਾ-ਚੜ੍ਹਾਅ ਦੇਖੇ ਹੁੰਦੇ ਨੇ, ਉਨ੍ਹਾਂ ਨੂੰ ਖਾਨਦਾਨੀ ਮੋਹ ਵੀ ਹੁੰਦਾ ਹੈ। ਉਨ੍ਹਾਂ ਦੀ ਇਹ ਚਾਹਤ ਹਮੇਸ਼ਾ ਬਣੀ ਰਹਿੰਦੀ ਹੈ ਕਿ ਕੋਈ ਉਨ੍ਹਾਂ ਪਾਸੋਂ ਨੇਕ ਸਲਾਹਾਂ ਲੈ ਕੇ, ਆਪਣਾ ਅੱਗਾ ਸਵਾਰ ਲਵੇ। ਇਸੇ ਲਾਲਸਾ ਅਧੀਨ ਉਹ ਅਕਸਰ ਬਿਨ ਮੰਗੀਆਂ ਸਲਾਹਾਂ ਦੇਣ ਦੇ ਦੋਸ਼ੀ ਵੀ ਬਣ ਜਾਂਦੇ ਨੇ। ਇਸ ਸਭ ਕਾਸੇ ਦੇ ਚਲਦਿਆਂ, ਉਮਰਾਂ ਦੇ ਲੰਮੇ ਪਾੜੇ ਕਾਰਨ ਬਾਬੇ ਆਪਣੇ ਪੋਤਰਿਆਂ ਨੂੰ ਬਾਬੇ ਆਦਮ ਦੇ ਜ਼ਮਾਨੇ ਦੇ ਜੀਵ ਹੀ ਲਗਦੇ ਹਨ।

ਕਹਾਵਤ ਹੈ, 'ਭੇਡਾਂ ਤਾਂ ਮਸਤੀਆਂ ਹੀ ਸੀ, ਲੇਲੇ ਵੀ ਮਸਤ ਗਏ!' ਬਚਪਨੇ ਤੋਂ ਜਵਾਨੀ ਦੀਆਂ ਦਹਿਲੀਜ਼ਾਂ ਵੱਲ ਸਰਕਦੇ ਪੋਤਰਿਆਂ ਨੇ ਤਾਂ ਬਾਬਿਆਂ-ਦਾਦਿਆਂ ਨੂੰ ਝੇਡਾਂ ਕਰਨੀਆਂ ਹੀ ਹੋਈਆਂ, ਪਰ ਤੋਤਲੀ ਜ਼ੁਬਾਨ ਬੋਲਦੇ ਨਿੱਕੇ-ਨਿੱਕੇ ਪੋਤਰੇ ਵੀ ਦਾਅ ਲਗਦੇ ਆਪਣੇ ਬਾਬਿਆਂ ਦੀ ਬੋਲਤੀ ਬੰਦ ਕਰਦੇ ਰਹਿੰਦੇ ਹਨ।

ਸਾਡੇ ਇਕ ਜਾਣੂ ਸੱਜਣ ਨੇ ਰਿਟਾਇਰਡ ਗਜ਼ਟਿਡ ਅਫਸਰ। ਉਨ੍ਹਾਂ ਸਾਰੀ ਨੌਕਰੀ ਹੁਕਮ ਚਲਾਉਂਦਿਆਂ ਹੀ ਪੂਰੀ ਕੀਤੀ। ਉਨ੍ਹਾਂ ਦਾ ਸੁਭਾਅ ਹੀ ਕੁਝ ਐਸਾ ਹੈ ਕਿ ਟੱਬਰ ਵਿਚ ਵੀ ਉਨ੍ਹਾਂ ਮੋਹਰੇ ਕੋਈ ਚੂੰ-ਚਰਾਂ ਨਹੀਂ ਕਰ ਸਕਦਾ। ਸੇਵਾ ਮੁਕਤੀ ਤੋਂ ਬਾਅਦ ਹੁਣ ਉਹ ਚਾਅਵਾਂ ਤੇ ਰੀਝਾਂ ਨਾਲ ਪੋਤਰੇ-ਪੋਤਰੀਆਂ ਦੀ ਸੇਵਾ ਵਿਚ ਡਟੇ ਹੋਏ ਹਨ। ਪੁੱਤਰ-ਨੂੰਹਾਂ ਨੌਕਰੀਆਂ ਕਰਦੇ ਹੋਣ ਕਰ ਕੇ ਬਾਬੇ ਤੇ ਬੱਚਿਆਂ ਦਾ ਲਾਡ-ਲਡਿੱਕਾ ਸਾਰਾ ਦਿਨ ਚਲਦਾ ਰਹਿੰਦਾ ਹੈ। ਇਕ ਦਿਨ ਪੰਜ-ਛੇ ਕੁ ਸਾਲ ਦੇ ਪੋਤਰੇ ਨੇ ਖਿਡੌਣਾ ਬੱਸ ਫਰਸ਼ 'ਤੇ ਸੁੱਟ ਕੇ ਤੋੜ ਲਈ। ਤੋੜਦੇ ਸਾਰ ਬਾਬਾ ਜੀ ਦੇ ਖਹਿੜੇ ਪੈ ਗਿਆ ਕਿ ਇਸ ਨੂੰ ਹੁਣੇ ਜੋੜੋ। ਬਾਬੇ ਨੇ ਬੱਸ ਦੇ ਨਿੱਕੇ-ਨਿੱਕੇ ਪਹੀਏ ਚੁੱਕ ਕੇ ਮੁੜ ਫਿੱਟ ਕਰਨੇ ਸ਼ੁਰੂ ਕਰ ਦਿੱਤੇ। ਉਹ ਕਿੰਨਾ ਚਿਰ ਘੌਂਚਲਦੇ ਰਹੇ, ਪਰ ਪਹੀਏ ਫਸਣ ਹੀ ਨਾ। ਉਨ੍ਹਾਂ ਨੇ ਅਦਲ-ਬਦਲ ਕੇ ਪਹੀਏ ਫਿੱਟ ਕਰਨੇ ਚਾਹੇ ਪਰ ਅਸਫਲ। ਸੁਪਰਵਾਈਜ਼ਰਾਂ ਵਾਂਗ ਸਿਰ 'ਤੇ ਨਜ਼ਰਾਂ ਗੱਡੀ ਖੜ੍ਹੇ ਪੋਤਰੇ ਨੂੰ ਇਕਦਮ ਕੋਈ ਫੁਰਨਾ ਫੁਰਿਆ। ਬਾਬੇ ਹੱਥੋਂ ਝੁਟਕੀ ਮਾਰ ਕੇ ਪਹੀਏ ਖੋਹਦਿਆਂ ਉਹ ਝਿੜਕਾਂ ਮਾਰਨ ਵਾਂਗ ਬੋਲਿਆ, "ਓ ਬੁੱਧੂ ਬਾਬੇ, ਆਹ ਦੇਖ ਜ਼ਰਾ...!"

ਸੇਵਾ ਮੁਕਤ ਅਫਸਰ ਬਾਬੇ ਨੂੰ ਭੋਰਾ ਭਰ ਪੋਤਰਾ, ਪਹੀਆਂ ਉਤੇ 'ਐਲ' ਭਾਵ ਲੈਫ਼ਟ (ਖੱਬਾ) ਅਤੇ ਦੂਜੇ ਉਤੇ 'ਆਰ' ਭਾਵ ਰਾਈਟ (ਸੱਜਾ) ਲਿਖਿਆ ਹੋਇਆ ਦਿਖਾ ਕੇ ਕਹਿੰਦਾ, "ਤੁਹਾਨੂੰ 'ਲੈਫ਼ਟ-ਰਾਈਟ' ਲਿਖਿਆ ਦਿਖਾਈ ਨਹੀਂ ਦਿੰਦਾ?"

---

ਭਰ ਸਿਆਲ ਦੀ ਰੁੱਤੇ ਧੁੰਦਾਂ ਬਹੁਤ ਪੈ ਰਹੀਆਂ ਸਨ। ਸਵਖਤੇ ਛੇ ਕੁ ਵਜੇ ਦਾ ਸੈਰ ਨੂੰ ਨਿਕਲਿਆ ਮੈਂ ਵਾਪਸ ਘਰੇ ਮੁੜਿਆ। ਵਿਹੜੇ ਵੜਦੇ ਨੂੰ ਮੈਨੂੰ ਅੰਦਰੋਂ ਆਵਾਜ਼ਾਂ ਸੁਣ ਕੇ ਪਤਾ ਲੱਗ ਗਿਆ ਕਿ ਸਾਡਾ ਸਾਢੇ ਕੁ ਪੰਜ ਸਾਲ ਦਾ ਪੋਤਰਾ ਉਠਿਆ ਹੋਇਆ ਹੈ। ਉਚੀ ਦੇਣੀ ਆਵਾਜ਼ ਮਾਰ ਕੇ ਮੈਂ ਰੋਜ਼ਾਨਾ ਵਾਂਗ ਆਪਣੇ ਪੋਤਰੇ ਨੂੰ ਲਾਡ ਨਾਲ ਬਾਹਰ ਸੱਦਿਆ ਕਿ ਆ ਜਾ ਨੂਰ ਪੁੱਤ, ਪਾਰੀ ਕਰੀਏ। ਜਾਲੀ ਵਾਲੇ ਦਰਵਾਜ਼ੇ ਪਿਛੇ ਉਹ ਅੰਦਰੋਂ ਹੀ ਬੋਲਿਆ, "ਮੈਂ ਨ੍ਹੀਂ ਪਾਰੀ-ਪੂਰੀ ਕਰਨੀ 'ਧਾਡੇ ਨਾਲ....ਗਿੱਲੀ ਦਾੜ੍ਹੀ ਕਰ ਕੇ ਆ ਜਾਂਦੇ ਆ ਰੋਜ਼...!"

ਇਕ ਹੋਰ ਦਿਨ ਤਾਂ ਉਹਨੇ ਮੇਰੀ ਸੱਚੀਮੁੱਚੀ ਬੋਲਤੀ ਬੰਦ ਕਰ ਦਿੱਤੀ! ਸਾਈਕਲ ਦੇ ਮੋਹਰਲੇ ਡੰਡੇ 'ਤੇ ਫਿੱਟ ਕਰਵਾਈ ਨਿੱਕੀ ਕਾਠੀ ਉਤੇ ਉਹਨੂੰ ਬਿਠਾ ਕੇ, ਮੈਂ ਖੇਤੋਂ ਗੰਨੇ ਲੈਣ ਚਲਾ ਗਿਆ। ਕੈਰੀਅਰ ਪਿੱਛੇ ਗੰਨੇ ਬੰਨ੍ਹ ਕੇ ਅਸੀਂ ਘਰ ਨੂੰ ਵਾਪਸ ਆ ਰਹੇ ਸਾਂ। ਇਕ ਤਾਂ ਚਿਰਾਂ ਬਾਅਦ ਸਾਈਕਲ ਚਲਾਇਆ ਹੋਣ ਕਰ ਕੇ ਅਤੇ ਦੂਜਾ ਸਾਡੇ ਘਰ ਨੂੰ ਤਿੱਖੀ ਘਾਟੀ ਚੜ੍ਹਦੀ ਹੋਣ ਕਾਰਨ ਮੈਨੂੰ ਸਾਹ ਚੜ੍ਹ ਗਿਆ। ਘੰਟੀ ਦੀ 'ਟਰਨ ਟਰਨ' ਕਰਨੋਂ ਹਟ ਕੇ, ਉਹ ਮੈਨੂੰ ਕਹਿੰਦਾ, "ਬਾਬਾ ਜੀ, ਤੁਸੀਂ ਥੱਕ'ਗੇ?"

ਪਤਾ ਨਹੀਂ ਕਿਉਂ, ਮੈਂ ਫੋਕੀ ਟੌਹਰ ਜਿਹੀ ਦਿਖਾਉਂਦਿਆਂ ਨਕਲੀ ਜੋਸ਼ ਵਿਚ ਕਹਿ ਬੈਠਾ, "ਨਹੀਂ ਨੂਰ ਮੈਂ ਨ੍ਹੀਂ ਥੱਕਿਆ।" ਟੇਢੀ ਜਿਹੀ ਗਰਦਨ ਕਰ ਕੇ ਮੇਰੇ ਚਿਹਰੇ ਵੱਲ ਦੇਖਦਿਆਂ ਉਹ ਮਖੌਲੀਆ ਅੰਦਾਜ਼ ਵਿਚ ਕਹਿੰਦਾ, "ਜੇ ਥੱਕੇ ਨ੍ਹੀਂ ਤਾਂ 'ਫਾ... ਫਾਅ... ਫ਼ਾਅ... ਹਾਅ' ਕਾਹਨੂੰ ਕਰੀ ਜਾਨੇ ਆਂ ਫ਼ੇ?"


## ਤੰਦੂਰੀਏ ਕੁੱਕ ਦੀ ਲੋੜ ਹੈ

ਸੈਂਟਾ ਕਲੈਰੀਟਾ, ਐਲ ਏ ਏਰੀਆ, ਕੈਲੀਫੋਰਨੀਆ ਵਿਚ ਭਾਰਤੀ ਰੈਸਟੋਰੈਂਟ ਲਈ ਕੁੱਕ ਦੀ ਲੋੜ ਹੈ ਜੋ ਵੱਖ ਵੱਖ ਪੰਜਾਬੀ ਤੇ ਭਾਰਤੀ ਖਾਣੇ ਤਿਆਰ ਕਰ ਸਕਦਾ ਹੋਵੇ।

*ਚੰਗੀ ਤਨਖਾਹ, ਸਿਰਫ ਲੀਗਲ ਵਰਕਰ*

**Cook needed for Indian restaurant at Santa Clarita, LA area CA.**

*Good Salary.*
*Only legal workers.*



Please call
**661-644-3430 or 661-263-2300**

12-14



## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ‘ਅਸਾਈਲਮ ਕੇਸ ਵਾਲਿਆਂ ਲਈ ਭਾਰਤੀ ਵੀਜ਼ੇ ਸਬੰਧੀ ਰਵੱਈਆ ਨਰਮ’

**ਫਰਿਜ਼ਨੋ (ਬਿਊਰੋ):** ਜਿਹੜੇ ਵਿਅਕਤੀ ਅਮਰੀਕਾ ਵਿਚ ਅਸਾਈਲਮ ਕੇਸ ਕਰਕੇ ਪੱਕੇ ਹੋਏ ਹਨ ਅਤੇ ਉਨ੍ਹਾਂ ਦਾ ਕੋਈ ਅਪਰਾਧਕ ਪਿਛੋਕੜ ਨਹੀਂ ਹੈ, ਉਨ੍ਹਾਂ ਲਈ ਭਾਰਤੀ ਵੀਜ਼ੇ



*ਕੌਂਸਲ ਜਨਰਲ (ਐਨ ਸੱਜੇ) ਨਾਲ ਪਾਲ ਸਹੋਤਾ ਅਤੇ ਨੀਟਾ ਮਾਛੀਕੇ (ਵਿਚਕਾਰ)*

ਲਈ ਨਰਮ ਰਵੱਈਆ ਅਪਨਾਇਆ ਜਾਵੇਗਾ। ਇਹ ਵਿਚਾਰ ਪ੍ਰਗਟਾਉਂਦਿਆਂ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਸ੍ਰੀ ਵੈਂਕਟੇਸਨ ਅਸ਼ੋਕ ਨੇ ਕਿਹਾ ਕਿ ਜਿਹੜੇ ਭਾਰਤੀਆਂ ਕੋਲ ਇੰਡੀਅਨ ਪਾਸਪੋਰਟ ਨਹੀਂ ਹਨ, ਉਹ ਆਪਣੇ ਵਲੋਂ ਹਲਫ਼ੀਆ ਬਿਆਨ ਲਾ ਕੇ ਅਮਰੀਕਨ ਪਾਸਪੋਰਟ ਭਾਰਤੀ ਕੌਂਸਲਖਾਨੇ ਨੂੰ ਮੁਹੱਈਆ ਕਰਵਾਉਣ, ਉਨ੍ਹਾਂ ਨੂੰ ਵੀਜ਼ਾ ਮਿਲੇਗਾ।

ਸ੍ਰੀ ਵੈਂਕਟੇਸਨ ਅਸ਼ੋਕ ਦਾ ਲੰਘੇ ਸਨਿਚਰਵਾਰ ਉਨ੍ਹਾਂ ਦੇ ਮਾਣ ਵਿਚ ਕੀਤੇ ਗਏ ਇਕ ਸਮਾਗਮ ਵਿਚ ਬੋਲ ਰਹੇ ਸਨ। ਕੌਂਸਲ ਜਨਰਲ ਦੇ ਮਾਣ ਵਿਚ ਰਾਤ ਦੇ ਖਾਣੇ ਦਾ ਪ੍ਰਬੰਧ ਕੌਂਸਲ ਆਫ ਇੰਡੀਅਨ ਆਰਗੇਨਾਈਜੇਸ਼ਨਜ਼ ਵਲੋਂ ਸੰਸਥਾ ਦੇ ਪ੍ਰਧਾਨ ਪਾਲ ਸਹੋਤਾ ਦੀ ਸਰਪ੍ਰਸਤੀ ਹੇਠ ਸਥਾਨਕ ਪੰਜਾਬੀ ਰੈਸਟੋਰੈਂਟ ਐਲੀਫਿੰਟ ਲੌਜ ਵਿਚ ਕੀਤਾ ਗਿਆ ਸੀ ਜਿਥੇ ਉਨ੍ਹਾਂ ਲੋਕਾਂ ਨਾਲ ਸਵਾਲ-ਜਵਾਬ ਦੌਰਾਨ ਇਹ ਗੱਲ ਆਖੀ। ਸ੍ਰੀ ਅਸ਼ੋਕ ਨੇ ਹਰ ਭਾਰਤੀ ਨਾਗਰਿਕ ਨੂੰ ਓ.ਸੀ.ਆਈ. ਲੈਣ ਲਈ ਪ੍ਰੇਰਿਆ। ਇਸ ਮੌਕੇ ਉਨ੍ਹਾਂ ਦੇਸ਼ ਦੀ ਆਜ਼ਾਦੀ ਲਈ ਪੰਜਾਬੀਆਂ ਵਲੋਂ









ਦਿੱਤੇ ਗਏ ਬਲੀਦਾਨ ਲਈ ਉਨ੍ਹਾਂ ਨੂੰ ਸਜਦਾ ਕੀਤਾ ਅਤੇ ਵਿਦੇਸ਼ਾਂ ਵਿਚ ਸਖਤ ਘਾਲਣਾ ਘਾਲ ਕੇ ਸਫਲ ਹੋਣ ਲਈ ਪੰਜਾਬੀਆਂ ਦੀ ਭਰਵੀਂ ਤਾਰੀਫ ਵੀ ਕੀਤੀ।


ਪਾਲ ਸਹੋਤਾ ਨੇ ਸ੍ਰੀ ਅਸ਼ੋਕ ਵੈਂਕਟੇਸਨ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਕੌਂਸਲ ਜਨਰਲ ਨਾਲ ਸਲਾਹ-ਮਸ਼ਵਰੇ ਪਿਛੋਂ ਫਰਿਜ਼ਨੋ ਏਰੀਏ ‘ਚ ਜਲਦੀ ਹੀ ਇਕ ਵੀਜਾ ਕੈਂਪ ਲਾਇਆ ਜਾਵੇਗਾ। ਡਾ. ਕਪੂਰ ਨੇ ਸੰਖੇਪ ਵਿਚ ਸ੍ਰੀ ਅਸ਼ੋਕ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਇਸ ਮੌਕੇ ਅਮਰੀਕ ਸਿੰਘ ਵਿਰਕ, ਡਾ. ਅਰਜਨ ਸਿੰਘ ਜੋਸਨ, ਕਾਂਗਰਸਮੈਨ ਜਿਮ ਕੋਸਟਾ, ਮੁਨੀਸ਼ ਘਈ ਅਤੇ ਨਿੰਦਰ ਗਿੱਲ ਨੇ ਵੀ ਸੰਬੋਧਨ ਕੀਤਾ। ਮੰਚ ਸੰਚਾਲਨ ਰਿਐਲਟਰ ਜਸਦੀਪ ਸਿੰਘ ਨੇ ਕੀਤਾ। ਚਰਨਜੀਤ ਸਿੰਘ ਬਾਠ, ਗਿੱਲ ਇੰਸ਼ੋਰੈਂਸ ਵਾਲੇ ਅਵਤਾਰ ਗਿੱਲ, ਲਾਖ ਬਰਾੜ, ਦੀਪਾ ਚੌਹਾਨ, ਲਖਵੀਰ ਗਿੱਲ, ਗੋਗੀ ਦੁਸਾਂਝ, ਸੁਰਿੰਦਰ ਨਿੱਝਰ, ਮਨਜੀਤ ਮਕੈਨਿਕ ਤੋਂ ਇਲਾਵਾ ਇੰਡੋ ਅਮੇਰਿਕਨ ਹੈਰੀਟੇਜ ਫੋਰਮ, ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ, ਇੰਡੀਅਨ ਸਟੂਡੈਂਟ ਯੂਨੀਅਨ ਅਤੇ ਹੋਰ ਸੰਸਥਾਵਾਂ ਦੇ ਨੁਮਾਇੰਦੇ ਵੀ ਇਸ ਮੌਕੇ ਹਾਜ਼ਰ ਸਨ।

ਇਸ ਤੋਂ ਪਹਿਲਾਂ ਉਹ ਫਰਿਜ਼ਨੋ ਸਟੇਟ ਯੂਨੀਵਰਸਿਟੀ ਪਹੁੰਚੇ ਜਿਥੇ ਉਨ੍ਹਾਂ ਦਾ ਸੁਆਗਤ ਪੰਜਾਬੀ ਭਾਈਚਾਰੇ ਦੀ ਉਘੀ ਸ਼ਖਸੀਅਤ ਡਾ. ਕਪੂਰ, ਕਾਂਗਰਸਮੈਨ ਜਿਮ ਕੋਸਟਾ, ਯੂਨੀਵਰਸਿਟੀ ਦੇ ਕੁਲਪਤੀ ਜੋਸਵ ਕੈਸਟਰੋ, ਯੂਨੀਵਰਸਿਟੀ ਸਟਾਫ ਅਤੇ ਇੰਡੀਅਨ ਸਟੂਡੈਂਟ ਯੂਨੀਅਨ ਦੇ ਨੌਜਵਾਨ ਕਾਰਕੁਨਾਂ ਨੇ ਕੀਤਾ। ਕੌਂਸਲ ਜਨਰਲ ਸ੍ਰੀ ਅਸ਼ੋਕ ਨੇ ਆਪਣੇ ਭਾਸ਼ਨ ਦੌਰਾਨ ਅਮਰੀਕਾ ਅਤੇ ਭਾਰਤ ਸਬੰਧਾਂ ਵਿਚ ਹੋ ਰਹੀ ਨੇੜਤਾ ਨੂੰ ਲੋਕਤੰਤਰ ਦੇ ਹਿੱਤ ਲਈ ਇੱਕ ਵੱਡਾ ਕਦਮ ਦੱਸਦਿਆਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਭਾਰਤ ਫੇਰੀ ਨੂੰ ਦੋਵਾਂ ਦੇਸ਼ਾਂ ਦੇ ਵਪਾਰਕ ਖੇਤਰਾਂ ਲਈ ਇੱਕ ਅਹਿਮ ਕੜੀ ਆਖਿਆ।


ਕੌਂਸਲ ਜਨਰਲ ਸ੍ਰੀ ਵੈਂਕਟੇਸਨ ਅਸ਼ੋਕ ਨੇ ਫਰਿਜ਼ਨੋ ਦੇ ਉਘੇ ਕਿਸਾਨ ਆਗੂਆਂ ਅਤੇ ਕਾਰੋਬਾਰੀਆਂ ਨਾਲ ਦੁਪਹਿਰ ਦਾ ਖਾਣਾ ਖਾਧਾ। ਇਸ ਮੌਕੇ ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਪੰਜਾਬ ਦੀ ਖੇਤੀਬਾੜੀ ਯੂਨੀਵਰਸਿਟੀ ਨਾਲ ਫਰਿਜ਼ਨੋ ਸਟੇਟ ਯੂਨੀਵਰਸਿਟੀ ਨੂੰ ਜੋੜਿਆ ਜਾਵੇ ਤਾਂ ਜੋ ਦੋਵੇਂ ਦੇਸ਼ ਵਪਾਰਕ ਅਤੇ ਕਿਰਸਾਣੀ ਪੱਖ ਤੋਂ ਇੱਕ ਦੂਜੇ ਦੀ ਤਕਨਾਲੋਜੀ ਦਾ ਲਾਹਾ ਲੈ ਸਕਣ।

# ਵਿਸਮਾਦ ਅਕਾਦਮੀ ਨੇ ਕਰਵਾਇਆ ਬਸੰਤ ਕੀਰਤਨ ਦਰਬਾਰ

**ਸੈਕਰਾਮੈਂਟੋ (ਬਿਊਰੋ):** ਗੁਰੂ ਤੇਗ ਬਹਾਦਰ ਮਿਸ਼ਨ ‘ਸਹਾਰਾ’ ਦੀ ਵਿਸਮਾਦ ਅਕਾਦਮੀ ਵਲੋਂ ਬਸੰਤ ਕੀਰਤਨ ਦਰਬਾਰ ਲੰਘੇ ਦਿਨੀਂ ਕਰਵਾਇਆ ਗਿਆ। ਗੁਰਦੁਆਰਾ ਗੁਰੂ ਨਾਨਕ ਸਤਿ ਸੰਗਤ ਕੈਲੀਫੋਰਨੀਆ ਵਿਚ ਕਰਵਾਏ ਗਏ ਇਸ ਕੀਰਤਨ ਦਰਬਾਰ ਵਿਚ ਵੱਖ ਵੱਖ ਕੀਰਤਨੀ ਜਥਿਆਂ ਨੇ ਗੁਰਬਾਣੀ ਦੇ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।



ਕੀਰਤਨ ਦਰਬਾਰ ਦੌਰਾਨ ਭਾਈ ਹਰਲਵ ਸਿੰਘ ਤੇ ਬੀਬੀ ਪ੍ਰੀਤਵੀਰ ਕੌਰ (ਵਿਸਮਾਦ ਅਕਾਦਮੀ), ਭਾਈ ਤੇਜਿੰਦਰ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ, ਭਾਈ ਮਨਜੀਵ ਸਿੰਘ (ਫਰੀਮਾਂਟ), ਭਾਈ ਆਤਮਜੋਤ ਸਿੰਘ (ਯੂਬਾ ਸਿਟੀ), ਭਾਈ ਵਿਕਰਮ ਸਿੰਘ (ਸੈਨ ਹੋਜ਼ੇ), ਭਾਈ ਫਤਿਹ ਸਿੰਘ (ਸੈਕਰਾਮੈਂਟੋ) ਅਤੇ ਮਿਸ਼ਨ ‘ਸਹਾਰਾ’ ਦੇ ਸੇਵਾਦਾਰ ਭਾਈ ਸੁਰਿੰਦਰਪਾਲ ਸਿੰਘ ਨੇ ਕੀਰਤਨ ਦੀ ਰੁਹਾਨੀਅਤ ਦੀ ਵਿਆਖਿਆ ਕੀਤੀ। ਸਰਬਤ ਦੇ ਭਲੇ ਦੀ ਅਰਦਾਸ ਉਪਰੰਤ ਕੀਰਤਨ ਦਰਬਾਰ ਦੀ ਸਮਾਪਤੀ ਹੋਈ।

# ਇੰਡੋ ਅਮੈਰੀਕਨ ਹੈਰੀਟੇਜ ਐਸੋਸੀਏਸ਼ਨ ਦੀ ਸਰਗਰਮੀਆਂ ਬਾਰੇ ਮੀਟਿੰਗ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰੀਕਨ ਹੈਰੀਟੇਜ ਐਸੋਸੀਏਸ਼ਨ ਦੀ ਕਾਰਜਕਾਰੀ ਦੀ ਮੀਟਿੰਗ ਵਿਚ ਪਿਛਲੇ ਵਰ੍ਹੇ ਹੋਈਆਂ ਸਰਗਰਮੀਆਂ ਦਾ ਲੇਖਾ-ਜੋਖਾ ਕਰਦਿਆਂ, ਅਗਾਮੀ ਸਾਲ ਵਿਚ ਪੰਜਾਬੀ ਭਾਸ਼ਾ ਦੀ ਬਿਹਤਰੀ ਅਤੇ ਪੰਜਾਬੀ



ਭਾਈਚਾਰੇ ਨੂੰ ਦਰਪੇਸ਼ ਮਸਲਿਆਂ ਬਾਰੇ ਸਰਗਰਮੀਆਂ ਨੂੰ ਸਿਦਕਦਿਲੀ ਨਾਲ ਹੋਰ ਤੇਜ ਕਰਨ ਦਾ ਫੈਸਲਾ ਕੀਤਾ ਗਿਆ।

ਐਸੋਸੀਏਸ਼ਨ ਦੇ ਪ੍ਰਧਾਨ ਪ੍ਰਿੰ. ਪ੍ਰੀਤਮ ਸਿੰਘ ਨਾਹਲ ਦੇ ਫਾਰਮ ਹਾਊਸ ਵਿਖੇ ਹੋਈ ਮੀਟਿੰਗ ਵਿਚ ਉਪ ਪ੍ਰਧਾਨ ਸਾਧੂ ਸਿੰਘ ਸੰਘਾ ਤੇ ਖਜ਼ਾਨਚੀ ਮਨਜੀਤ ਕੁਲਾਰ ਨੇ ਪਿਛਲੇ ਵਰ੍ਹੇ ਹੋਏ ਖਰਚਿਆਂ ਦੀ ਰਿਪੋਰਟ ਪੇਸ਼ ਕੀਤੀ ਅਤੇ ਉਨ੍ਹਾਂ ਸਹਿਯੋਗੀਆਂ ਲਈ ਧੰਨਵਾਦੀ ਮਤਾ ਪਾਇਆ ਗਿਆ, ਜੋ ਹਰ ਸਰਗਰਮੀ ਲਈ ਆਪਣੀ ਇਖਲਾਕੀ ਤੇ ਆਰਥਿਕ ਮਦਦ ਦਿੰਦੇ ਆ ਰਹੇ ਹਨ।

ਸੰਸਥਾ ਦੀਆਂ ਸਰਰਮੀਆਂ ਬਾਰੇ ਪੜਚੋਲਵੀਂ ਰਿਪੋਰਟ ਸਾਂਝੀ ਕਰਦਿਆਂ ਸਕੱਤਰ ਸੰਤੋਖ ਮਿਨਹਾਸ ਨੇ ਕਿਹਾ ਕਿ ਪੰਜਾਬੀ ਭਾਈਚਾਰੇ ਨੂੰ ਦਰਪੇਸ਼ ਮਸਲਿਆਂ, ਪੰਜਾਬੀ ਭਾਸ਼ਾ, ਅੰਤਰ-ਸਭਿਆਚਾਰਕ ਸੰਵਾਦ ਅਤੇ ਸਾਂਝਾ ਥੜ੍ਹਾ ਮੁਹਈਆ ਕਰਨ ਵਰਗੇ ਵੱਡੇ ਫੈਸਲੇ ਲੈਣ ਲਈ ਸੰਸਥਾ ਦੀ ਵਧਵੀਂ ਮੀਟਿੰਗ ਬੁਲਾਈ ਜਾਵੇ। ਉਨ੍ਹਾਂ ਮੇਲੇ ਤੇ ਕੈਂਪ ਆਦਿ ਦੀਆਂ ਵੱਡੀਆਂ ਸਰਗਮੀਆਂ ਦੇ ਨਾਲ ਨਾਲ ਮਹੀਨਾਵਾਰ ਚਲੰਤ ਮੁੱਦਿਆਂ ‘ਤੇ ਛੋਟੇ ਸਮਾਗਮ ਕਰਨ ਦੀ ਲੋੜ ‘ਤੇ ਜੋਰ ਦਿੱਤਾ। ਮੀਟਿੰਗ ਵਿਚ ਫੈਸਲਾ ਹੋਇਆ ਕਿ ਆਉਣ ਵਾਲੀਆਂ ਸਰਗਰਮੀਆਂ ਵਿਚ ਔਰਤਾਂ ਤੇ ਬੱਚਿਆਂ ਦੀ ਸ਼ਮੂਲੀਅਤ ਨੂੰ ਵੀ ਯਕੀਨੀ ਬਣਾਇਆ ਜਾਵੇਗਾ। ਮੀਟਿੰਗ ਵਿਚ ਹੈਰੀ ਮਾਨ, ਅਵਤਾਰ ਗੋਂਦਾਰਾ, ਸੁਖਜੀਤ ਭੁੱਲਰ ਅਤੇ ਅਜਮੇਰ ਸਿੰਘ ਨਾਹਲ ਵੀ ਹਾਜਰ ਸਨ।

# ਸੁੰਦਰ ਦਸਤਾਰ ਸਜਾਉਣ ਦਾ ਸਭ ਤੋਂ ਵੱਡਾ ਇਨਾਮੀ ਮੁਕਾਬਲਾ

**ਰਾਹੋਂ (ਬਿਊਰੋ):** ਪੰਜਾਬ ਵਿਚ ਨੌਜਵਾਨ ਪੀੜ੍ਹੀ ਨੂੰ ਸਿੱਖ ਸਭਿਆਚਾਰ ਨਾਲ ਜੋੜੀ ਰੱਖਣ ਅਤੇ ਉਨ੍ਹਾਂ ਵਿਚ ਦਸਤਾਰਾਂ ਸਜਾਉਣ ਦਾ ਚਾਅ ਤੇ ਰੀਝ ਪੈਦਾ ਕਰਨ ਹਿੱਤ ਕਰਵਾਏ ਜਾਂਦੇ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲਿਆਂ ਵਿਚ ਸ਼ਾਇਦ ਇਹ ਸਭ ਤੋਂ ਵੱਡਾ ਇਨਾਮੀ ਮੁਕਾਬਲਾ ਹੋਵੇਗਾ ਜੋ ਰਾਹੋਂ ਨੇੜਲੇ ਪਿੰਡ ਛੋਕਰਾਂ ਵਿਖੇ ਹੋਇਆ। ਇਸ ਵਿਚ ਪਹਿਲਾ ਇਨਾਮ ਇਕ ਲੱਖ ਰੁਪਏ ਦਾ ਮੋਟਰਸਾਈਕਲ ਪਿੰਡ ਭਾਰਟ ਕਲਾਂ ਦੇ ਨੌਜਵਾਨ ਸੁਰਿੰਦਰ ਸਿੰਘ ਨੇ ਜਿੱਤਿਆ। ਇਕੱਤੀ ਹਜ਼ਾਰ ਰੁਪਏ ਦਾ ਦੂਜਾ ਇਨਾਮ ਤਨਵੀਰ ਸਿੰਘ ਅਤੇ ਤੀਜਾ ਇੱਕੀ ਹਜ਼ਾਰ ਰੁਪਏ ਦਾ ਇਨਾਮ ਪਲਵਿੰਦਰ ਸਿੰਘ ਨੂੰ ਦਿੱਤਾ ਗਿਆ। ਇਨ੍ਹਾਂ ਤੋਂ ਇਲਾਵਾ ਮੁਕਾਬਲੇ ਵਿਚ ਭਾਗ ਲੈਣ ਵਾਲੇ ਛੋਟੇ ਬੱਚਿਆਂ ਅਤੇ ਨੌਜਵਾਨਾਂ ਨੂੰ ਮਾਈਕ੍ਰੋਵੇਵ, ਮਿਊਜ਼ਿਕ ਸਿਸਟਮ, ਜੂਸਰ-ਮਿਕਸਰ, ਸੈਮਸੰਗ ਮੋਬਾਈਲ ਫੋਨ ਸੈਟ, ਘੜੀਆਂ, ਪੈਨ, ਮੈਡਲ ਅਤੇ ਹੌਸਲਾ ਵਧਾਉਣ ਲਈ ਨਕਦ ਇਨਾਮ ਵੰਡੇ ਗਏ।

ਲੰਮੇ ਅਰਸੇ ਤੋਂ ਇੰਗਲੈਂਡ ਵਿਚ ਰਹਿੰਦੇ ਪਿੰਡ ਦੇ ਪਰਵਾਸੀ ਗੁਰਸਿੱਖ ਭਾਈ ਅਵਤਾਰ ਸਿੰਘ ਖਾਬੜਾ ਵਲੋਂ ਸਿੱਖ ਮਿਸ਼ਨਰੀ ਕਾਲਜ ਦੇ ਸਥਾਨਕ ਸੇਵਾਦਾਰਾਂ ਦੇ ਸਹਿਯੋਗ ਨਾਲ ਕਰਵਾਏ ਇਸ ਦਸਤਾਰ ਮੁਕਾਬਲੇ ਵਿਚ ਬਤੌਰ ਸਹਾਇਕ ਨਿਰੀਖਿਅਕ ਸੇਵਾ ਨਿਭਾਉਣ ਵਾਲੇ ਬੱਬਰ ਮੈਮੋਰੀਅਲ ਸਕੂਲ ਦੌਲਤਪੁਰ ਦੇ ਅਧਿਆਪਕ ਸ. ਸੁਖਵੀਰ ਸਿੰਘ ਅਟਾਲ ਮਜਾਰਾ ਨੇ ਦੱਸਿਆ ਕਿ ਦਸਤਾਰ ਸਜਾਉਣ ਦੇ ਇਸ ਮੁਕਾਬਲੇ ਵਿਚ ਕੁੱਲ 270 ਬੱਚਿਆਂ ਤੇ ਗੱਭਰੂਆਂ ਨੇ ਹਿੱਸਾ ਲਿਆ। ਇਨ੍ਹਾਂ ਨੂੰ ਉਮਰ ਦੇ ਲਿਹਾਜ਼ ਨਾਲ ਦੋ ਗਰੁਪਾਂ ਵਿਚ ਵੰਡਿਆ ਗਿਆ। ਪੰਦਰਾਂ ਸਾਲ ਤੋਂ ਘੱਟ ਉਮਰ ਵਾਲੇ ਸਾਰੇ ਬੱਚਿਆਂ ਨੂੰ ਇਨਾਮ-ਸਨਮਾਨ ਦਿੱਤੇ ਗਏ।

ਇਕੱਠ ਨੂੰ ਸੰਬੋਧਨ ਕਰਦਿਆਂ ਭਾਈ ਅਵਤਾਰ ਸਿੰਘ ਖਾਬੜਾ ਨੇ ਕਿਹਾ ਕਿ ਉਹ ਧਰਮ ਅਰਥ ਕਾਰਜਾਂ ਦੀ ਸੇਵਾ ਆਪਣੇ ਵਿਤ ਮੁਤਾਬਕ ਕਰਦੇ ਰਹਿੰਦੇ ਹਨ, ਪਰ ਸੁੰਦਰ ਦਸਤਾਰ ਸਜਾਉਣ ਦਾ ਇਹ ਸਮਾਗਮ ਪਹਿਲੀ ਵਾਰ ਇਸ ਕਾਰਨ ਰਚਿਆ ਗਿਆ ਕਿਉਂਕਿ ਦੂਜੇ ਪ੍ਰਾਂਤਾਂ ਦੀ ਬਨਿਸਬਤ ਪੰਜਾਬ ਵਿਚ ਪੱਗਾਂ ਲੋਪ ਹੋ ਰਹੀਆਂ ਹਨ। ਪੰਜਾਬ ਤੋਂ ਬਾਹਰ ਸਾਬਤ ਸੂਰਤ ਨੌਜਵਾਨ ਦਿਖਾਈ ਦਿੰਦੇ ਨੇ, ਪਰ ਪੰਜਾਬ ਵਿਚ ਉਲਟੀ ਗੰਗਾ ਵਗ ਰਹੀ ਪ੍ਰਤੀਤ ਹੁੰਦੀ ਹੈ। ਉਨ੍ਹਾਂ ਅਗਲੇ ਸਾਲ 13 ਮਾਰਚ ਨੂੰ ਵੀ ਅਜਿਹਾ ਹੀ ਪ੍ਰੋਗਰਾਮ ਕਰਵਾਉਣ ਦਾ ਐਲਾਨ ਕੀਤਾ। ਇਸ ਸਮਾਗਮ ਮੌਕੇ ਇਲਾਕੇ ਦੇ ਲੋਕ ਵੱਡੀ ਗਿਣਤੀ ਵਿਚ ਹਾਜ਼ਰ ਸਨ।









S. Amolak Singh Ghakhal

**International/Local Club Teams**

**1st Prize $5100 2nd Prize $3100**

**For More Info., Call:** Jeetu Dhaliwal 209-914-3616, Dev Atwal 209-456-2554
Surjit Nijjar 530-682-9596, TJ Uppal 530-701-5541

**Sponsors:** A&I Trucking, Bhandal Brother Trucking, Davinder Babbar, Dhanna Khalsa, Harnans Trucking, AD Services (Sodi Gill), Tajinder Singh, Vanco Truck & Auto Plaza, Shop-N-Go 2 (Mahjan), Manjit Uppal, Bachittar Singh (Jahant) Sarabjit (Wells Farg) Ranjit Dhaliwal, American Freight (Rimple), White Hawk (Rimple Nijjar), ALR Business Services (Amar Sandhu), Jumbo Logistics, C&A Trans (Sekhon Manteca), Mahal Trucking (Sarabjit Mahal), Ranjit Lathrop (Gurbinder S. Mangat), Bullet Express, Commander Transport, Power Truck Lines, HSD Trucking, Sukh Dhaliwal, Lakha Mahil (L&R), Sukh Bains, Gurnam Singh (Manteca), Sigma Freight, Ekam Trans, Kashmir Thandi & Balhar Ranu, Sac Truck Lines, PS Carrier, Baljinder Singh (Sacto) Jhihaz, Sukhwinder Mahal, Global Allianz (Kapoor), Lakhbir Singh Lakha, Papa Murphys (Charn Kang), Raman Dhaliwal, Major Singh (Livingston), King Sports Club, Lasher Brothers, Baljit Sahota, Sony Singh, Gurpreet Johal, Papu Sangha, Balhar Bajwa, Liquor King, Gill Transports Inc., Amanjit Singh Dulai, Harbinder Janda, Avtar Sahota, Tirath Gakhal, Balwinder S. Mithu, Karnail Sandhu, Sukhdev Singh, Bajinder S. Klair, Sarup Singh Sarai, Mohinder Singh Khinda, Gurmit Singh Sandhu, Sumel Singh Sandhu, Sodi Singh Sidhu, Gurmit Singh Basra, Gurmej Singh Gill, Dr. Jasvir Singh Gill, Amanmeet Singh Sandhu, Lakhbir Singh Lakha, Kashmir Singh Bhola, Jasbir Singh Sodhi, Jatinder S. Pamma, Amarjit S. Tung, Iqbal Singh Gill, Gurlal Pannu, Sandeep Saini, Daljit Singh, Ravdeep Rex Dhatt.

## ਨਿਰਵਿਘਨ ਪ੍ਰਕਾਸ਼ਨ ਦੇ 16ਵੇਂ ਸਾਲ 'ਚ

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

# ਪੰਜਾਬ ਟਾਈਮਜ਼

## 15ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

## ਸਨਿਚਰਵਾਰ, 28 ਮਾਰਚ 2015 ਸਮਾਂ: ਸ਼ਾਮੀ 6:30 ਵਜੇ

**The Cotillion**

360 South Creek Side, Palatine, IL 60074
(Route 14 & 1/2 Block West of 53)

Minimum Contribution $50
Limited Seats, Reserve Your Seat.

ਵੀਡੀਓ ਅਤੇ ਫੋਟੋਗ੍ਰਾਫੀ: ਸਿਆਨ ਵੀਡੀਓ (ਫੋਨ: 734-261-0936)


ਲਖਵਿੰਦਰ ਮਾਵੀ


ਸੁਖਪਾਲ ਗਿੱਲ


ਗਾਇਕ ਜੀਤਾ ਗਿੱਲ

### ਮੁੱਖ ਮਹਿਮਾਨ


ਡਾ. ਭੁਪਿੰਦਰ ਸਿੰਘ ਸੈਣੀ

### ਗਰੈਂਡ ਸਪਾਂਸਰ


ਰਘਬੀਰ ਸਿੰਘ ਘੁੰਨ | ਅਮਰਜੀਤ ਸਿੰਘ ਢੀਂਡਸਾ | ਹਰਜਿੰਦਰ ਸਿੰਘ ਸੰਧੂ | ਗੁਲਜ਼ਾਰ ਸਿੰਘ ਮੁਲਤਾਨੀ | ਹਰਿੰਦਰ ਵਾਲੀਆ | ਮੇਜਰ ਗੁਰਚਰਨ ਸਿੰਘ ਝੱਜ | ਨਿੱਕ ਗਾਖਲ

**ਸਪਾਂਸਰ: ਸ਼ਿਕਾਗੋ:** ਸਵਰਨ ਸਿੰਘ ਸੇਖੋਂ, ਅੰਮ੍ਰਿਤਪਾਲ ਸਿੰਘ ਸੰਘਾ, ਸਰਵਣ ਸਿੰਘ ਸਿੱਧੂ, ਪਰਸਨ ਸਿੰਘ ਮਾਨ, ਸਤਿੰਦਰ ਸਿੰਘ ਸੁਸਾਣਾ, ਜਗਜੀਤ ਸਿੰਘ ਢੀਂਡਸਾ, ਜਗਵਿੰਦਰ ਸਿੰਘ ਭੱਠਲ, ਮਨਜੀਤ ਸਿੰਘ ਧਨੋਆ, ਭੁਪਿੰਦਰ (ਬਿੰਦਾ) ਸਿੰਘ ਢਿੱਲੋਂ, ਸੰਨੀ ਕੁਲਾਰ, ਲਖਵੰਤ ਸਿੰਘ ਕੋਮਲ, ਤਰਲੋਚਨ ਸਿੰਘ ਮੁਲਤਾਨੀ, ਸੰਤੋਖ ਸਿੰਘ, ਸਤਵੰਤ ਸਿੰਘ ਅਟੱਲ, ਅੰਮ੍ਰਿਤਪਾਲ ਗਿੱਲ, ਕਰਨਲ ਨਿਰਮਲ ਸਿੰਘ ਸਿੰਘਾ, ਪਰਮਿੰਦਰ ਸਿੰਘ ਵਾਲੀਆ, ਗੁਰਬਚਨ ਸਿੰਘ, ਗੁਰਮੀਤ ਸਿੰਘ ਬੈਂਸ, ਦਰਸ਼ਨ ਸਿੰਘ ਬਸਰਾਓਂ, ਲਖਵੀਰ ਸਿੰਘ ਸੰਧੂ, ਸਤਨਾਮ ਸਿੰਘ ਔਲਖ, ਹਰਵਿੰਦਰ ਸਿੰਘ ਕੰਗ, ਹਰਦੀਪ ਗਿੱਲ, ਰਘਵਿੰਦਰ ਸਿੰਘ ਮਾਹਲ, ਗੁਰ ਸਿੰਘ ਸਰਕਾਰੀਆ, ਅਮੋਲਕ ਸਿੰਘ ਗਿੱਧਾ, ਜੱਸੀ ਪਰਮਾਰ; ਪਰਵਿੰਦਰ ਸਿੰਘ ਗਿੱਲ (ਹਿਊਸਟਨ), ਹਰਮੇਲ ਸਿੰਘ ਥਿਆੜਾ (ਕੈਨਸਸ); **ਇੰਡੀਆਨਾ:** ਕਮਲਜੀਤ ਵਿਰਕ, ਰਾਣਾ ਵਿਰਕ, ਤੀਰਥ ਅਟਵਾਲ, ਪ੍ਰਿਥਪਾਲ ਸਿੰਘ ਘੋਤੜਾ, ਕਿਰਨਜੀਤ ਸਿੰਘ ਬਾਵਾ, ਪਾਲ ਖਲੀਲ, ਮਨਜਿੰਦਰ ਸਿੰਘ ਸੰਧੂ; **ਮਿਸ਼ੀਗਨ:** ਸੁਖੀ ਨਰਵਾਲ, ਦਵਿੰਦਰ ਗਰੇਵਾਲ, ਮੋਹਨ ਸਿੰਘ ਜੰਡ, ਬਲਬੀਰ ਗਰੇਵਾਲ, ਰਾਜ ਸ਼ੇਰਗਿੱਲ, ਬਾਬ ਖਹਿਰਾ, ਸੁਰਿੰਦਰ ਸਿੰਘ ਕੰਗ, ਮੁਖਤਿਆਰ ਸਿੰਘ ਖਹਿਰਾ, ਲਾਡੀ ਮੁਲਤਾਨੀ, ਬਲਬੀਰ ਸਿੰਘ, ਕੁਲਦੀਪ ਸਿੰਘ; **ਮਿਲਵਾਕੀ:** ਬੇਅੰਤ ਸਿੰਘ ਬੋਪਾਰਾਏ; ਬਰੈਟੀ ਗਿੱਲ, ਸੁਖਦੇਵ ਸਿੰਘ ਖਾਲਸਾ; **ਓਹਾਇਓ:** ਰਛਪਾਲ ਸਿੰਘ ਸਹੋਤਾ, ਇਕਬਾਲ ਸਿੰਘ ਬੋਪਾਰਾਏ, ਗੁਰਿੰਦਰ ਸਿੰਘ ਢਿੱਲੋਂ; **ਨਿਊ ਯਾਰਕ:** ਸੁਰਿੰਦਰ ਸੋਹਲ, ਰਵਿੰਦਰ ਸਹਿਰਾਅ, ਬਿੰਦਰ ਬਿਸਮਿਲ, ਹਰਭਜਨ ਸਿੰਘ, ਭੁਪਿੰਦਰ ਸਿੰਘ ਅਟਵਾਲ; **ਕੈਲੀਫੋਰਨੀਆ:** ਕਸ਼ਮੀਰ ਸਿੰਘ ਧੁੱਗਾ, ਕੁਲਦੀਪ ਸਿੰਘ ਯੂਨੀਅਨ ਸਿਟੀ, ਦਲਵੀਰ ਸਿੰਘ ਪੰਨੂੰ, ਐਸ ਪੀ ਸਿੰਘ, ਪਲਵਿੰਦਰ ਸਿੰਘ ਗੁਰਾਇਆ, ਸਰਬਜੋਤ ਸਿੰਘ ਸਵੱਦੀ, ਕਸ਼ਮੀਰ ਸਿੰਘ ਕਾਂਗਣਾ, ਗਿਆਨ ਸਿੰਘ ਬਿਲਗਾ, ਨੀਟਾ ਮਾਛੀ ਕੇ, ਕੁਲਵੰਤ ਧਾਲੀਆਂ, ਸੁਰਿੰਦਰ ਸਿੰਘ ਮੰਡਾਲੀ, ਸੋਹਨਪ੍ਰੀਤ (ਸੈਮ ਚਾਹਲ), ਦਲਬੀਰ ਸਿੰਘ ਗਿੱਲ, ਹਰਵਿੰਦਰ ਸਿੰਘ ਬਿੱਲਾ।


### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ


ਗੁਰਬਚਨ ਭੁੱਲਰ | ਤਰਲੋਚਨ ਸਿੰਘ | ਐਸ. ਅਸ਼ੋਕ ਭੌਰਾ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਕਾਨਾ ਸਿੰਘ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਦਲਜੀਤ ਅਮੀ | ਮੇਜਰ ਕੁਲਾਰ | ਇਕਬਾਲ ਜੱਬੋਵਾਲ

**Punjab Times**
Ph: 847-359-0746

Published simultaneously from Chicago, California & New York.
*e-mail: punjabtimes1@sbcglobal.net, website: www.punjabtimesusa.com*

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ | ਪ੍ਰੋ. ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ


ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ


ਜਗਦੀਸ਼ਰ ਸਿੰਘ ਕਲੇਰ | ਗੁਰਿੰਦਰ ਸਿੰਘ ਗਿੱਲ | ਸਰਬਜੀਤ ਸਿੰਘ ਥਿਆੜਾ | ਅਜੁਧਿਆ ਸਲਵਾਨ

#### ਵਿਸ਼ੇਸ਼ ਸਹਿਯੋਗੀ



ਡਾ. ਹਰਜਿੰਦਰ ਸਿੰਘ ਖਹਿਰਾ | ਜੈਰਾਮ ਸਿੰਘ (ਨੀਟੂ) ਕਾਹਲੋਂ | ਗੁਰਮੁਖ ਸਿੰਘ ਭੁੱਲਰ | ਸੁਰਿੰਦਰ ਸਿੰਘ ਭਾਟੀਆ | ਇੰਦਰਮੋਹਨ ਸਿੰਘ ਛਾਬੜਾ

### ਮੁੱਖ ਸਪਾਂਸਰ


ਗੁਰਮੇਲ ਸਿੰਘ ਕੰਗ | ਮਿੱਕੀ ਕਾਹਲੋਂ | ਜਗਮੀਤ ਸਿੰਘ (ਰੀਮੈਕਸ) | ਸੁਰਜੀਤ ਸਿੰਘ ਮਾਵੀ | ਅਵਤਾਰ ਸਿੰਘ ਸਪਰਿੰਗਫੀਲਡ | ਗੁਰਦੇਵ ਸਿੰਘ ਜੌੜਾ | ਅਮਰਜੀਤ ਸਿੰਘ ਸੰਧਰ | ਕਰਨ ਗਿੱਲ | ਡਾ. ਸਰਬਜੀਤ ਸਿੰਘ ਭੰਡਾਲ | ਬਲਕਾਰ ਸਿੰਘ ਢਿੱਲੋਂ | ਜਸਵਿੰਦਰ ਸਿੰਘ ਸੰਧੂ | ਕਿਰਪਾਲ ਸਿੰਘ ਰੰਧਾਵਾ | ਭੁਪਿੰਦਰ ਸਿੰਘ ਹੁੰਦਲ


ਅਮਰੀਕ ਸਿੰਘ ਅਮਰ ਕਾਰਪੈਟਸ | ਬਲਵਿੰਦਰ ਸਿੰਘ ਗਿਰਨ | ਦਵਿੰਦਰ ਸਿੰਘ ਰੰਗੀ | ਜਸਵੀਰ ਕੌਰ ਮਾਨ | ਠਾਕਰ ਸਿੰਘ ਬਸਾਤੀ | ਬਲਜੀਤ ਸਿੰਘ ਸਿੱਧੂ | ਅਮਰਦੇਵ ਸਿੰਘ ਬੰਦੇਸਾ | ਜਸਵਿੰਦਰ ਸਿੰਘ ਜੱਸੀ | ਡਾ. ਰਛਪਾਲ ਸਿੰਘ ਬਾਜਵਾ | ਮਤ ਸਿੰਘ ਢਿਲੋਂ | ਵਿਕ ਸਿੰਘ | ਹਰਪ੍ਰੀਤ ਸੰਧੂ ਕੈਲੀਫੋਰਨੀਆ ਫਰੇਟ


ਹਰਪਾਲ ਚੀਮਾ HK Transport Inc., Indiana | ਗਿਆਨਇੰਦਰ ਗਿੰਨੀ | ਦਲਬਾਰਾ ਸਿੰਘ ਮਾਂਗਟ | ਲਾਲੀ ਧਾਲੀਵਾਲ | ਕੁਲਵਿੰਦਰ ਸਿੰਘ ਗਿੱਲ | ਹਰਪ੍ਰੀਤ ਸਿੰਘ ਵਰਲਡ ਵਾਈਡ | ਰਾਜਬੀਰ ਸਿੰਘ ਬੋਪਾਰਾਏ | ਰਾਜ ਸਿਆਨ | ਗੁਰਬਖਸ਼ ਰਾਹੀ | ਬਿਕਰਮਜੀਤ ਸਿੰਘ ਸੇਖੋਂ | ਲਾਲੀ ਸਿੱਧੂ | ਮਨਜੀਤ ਸਿੰਘ ਨਾਗਰਾ


ਬਹਾਦੁਰ ਸਿੰਘ ਸੇਲਮ | ਸਤਵੰਤ ਸਿੰਘ ਨਿੱਜਰ | ਇਕਬਾਲ ਸਿੰਘ ਗਾਖਲ | ਪਲਵਿੰਦਰ ਸਿੰਘ ਗਾਖਲ | ਮੱਖਣ ਸਿੰਘ ਬੈਂਸ | ਨੀਲਮ ਸੈਣੀ | ਬਲਜੀਤ ਜੰਮੂ | ਪ੍ਰੀਤਮ ਸਿੰਘ ਗਰੇਵਾਲ | ਗੁਰਦਾਵਰ ਸਿੰਘ ਮਹੇੜੂ | ਗੁਰਚਰਨ ਸਿੰਘ ਮਾਨ | ਰਛਪਾਲ ਸਿੰਘ ਫਰਵਾਲਾ | ਚਰਨ ਸਿੰਘ ਜੱਜ

**ਸਹਿਯੋਗੀ ਸੰਸਥਾਵਾਂ:** ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ-ਸ਼ਿਕਾਗੋ; ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਮਿਡਵੈਸਟ ਸਪੋਰਟਸ ਕਲੱਬ-ਸ਼ਿਕਾਗੋ; ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਮੀਰੀ ਪੀਰੀ ਸਪੋਰਟਸ ਕਲੱਬ-ਇੰਡੀਅਨਐਪੋਲਿਸ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਫਰਿਜ਼ਨੋ।

# ਮੁਹੱਬਤ ਦਾ ਮਰਕਜ਼

## ਤਹਿਰੀਰ-ਏ-ਤਾਜ ਮਹਿਲ



*ਆਗਰਾ ਵਿਚ ਤਾਜ ਮਹਿਲ ਮੁਗਲ ਸ਼ਹਿਨਸ਼ਾਹ ਸ਼ਾਹ ਜਹਾਨ ਨੇ ਆਪਣੀ ਤੀਜੀ ਬੇਗਮ ਮੁਮਤਾਜ ਮਹਿਲ ਦੀ ਯਾਦ ਵਿਚ ਤਾਮੀਰ ਕਰਵਾਇਆ ਸੀ। ਆਪਣੀ ਹੋਂਦ ਤੋਂ ਲੈ ਕੇ ਹੁਣ ਤੱਕ ਇਹ ਇਮਾਰਤ ਸਦਾ ਚਰਚਾ ਵਿਚ ਰਹੀ ਹੈ। ਅੱਜ ਕੱਲ੍ਹ ਇਸ ਦੀ ਚਰਚਾ ਇਸ ਕਰ ਕੇ ਵੀ ਹੈ ਕਿ ਇਸ ਦੀ ਗਿਣਤੀ ਏਸ਼ੀਆ ਦੀਆਂ ਉਨ੍ਹਾਂ ਤਿੰਨ ਸੈਲਾਨੀ ਥਾਂਵਾਂ ਵਿਚ ਗਿਣਤੀ ਹੁੰਦੀ ਹੈ ਜਿਨ੍ਹਾਂ ਬਾਰੇ ਸੰਸਾਰ ਭਰ ਦੇ ਸੈਲਾਨੀ, ਗੂਗਲ ਸਟਰੀਟ ਵਿਊ ਉਤੇ ਸਭ ਤੋਂ ਵੱਧ ਖੋਜ ਕਰਦੇ ਹਨ। ਸ਼ਾਹ ਜਹਾਨ ਨੇ ਆਪਣੀ ਇਸ ਪਿਆਰੀ ਅਰਜੁਮੰਦ ਬਾਨੋ ਬੇਗ਼ਮ ਨੂੰ ਮੁਮਤਾਜ ਮਹਿਲ ਦਾ ਖਿਤਾਬ ਦਿੱਤਾ ਸੀ ਅਤੇ ਫਿਰ ਉਸ ਦੀ ਮੌਤ ਪਿਛੋਂ ਦੁਨੀਆਂ ਦਾ ਅਜੂਬਾ ਤਾਜ ਮਹਿਲ ਬਣਵਾ ਕੇ ਉਸ ਨੂੰ ਅਮਰ ਕਰ ਦਿੱਤਾ। ਪਿਆਰ ਦੀ ਸ਼ਾਇਰੀ ਵਿਚ ਤਾਜ ਮਹਿਲ ਦਾ ਜ਼ਿਕਰ ਪਤਾ ਨਹੀਂ ਕਿੰਨੀ ਕੁ ਵਾਰ ਹੋਇਆ ਹੈ। ਇਸ ਅਜੂਬੇ ਬਾਰੇ ਕੁਝ ਵੱਖਰੀ ਜਾਣਕਾਰੀ ਇਸ ਲੇਖ ਵਿਚ ਜਗਜੀਤ ਸਿੰਘ ਸੇਖੋਂ ਨੇ ਦਿੱਤੀ ਹੈ। -ਸੰਪਾਦਕ*

ਕਲਾ ਪਰਿਕਰਮਾ

**ਜਗਜੀਤ ਸਿੰਘ ਸੇਖੋਂ**

ਤਾਜ ਮਹਿਲ ਆਪਣੀ ਹੋਂਦ ਤੋਂ ਲੈ ਕੇ ਹੁਣ ਤੱਕ ਸਦਾ ਚਰਚਾ ਵਿਚ ਰਿਹਾ ਹੈ। ਅੱਜ ਕੱਲ੍ਹ ਇਸ ਦੀ ਚਰਚਾ ਇਸ ਕਰ ਕੇ ਵੀ ਹੈ ਕਿ ਇਹ ਏਸ਼ੀਆ ਦੀਆਂ ਉਨ੍ਹਾਂ ਤਿੰਨ ਸੈਲਾਨੀ ਥਾਂਵਾਂ ਵਿਚ ਗਿਣਤੀ ਹੁੰਦੀ ਹੈ ਜਿਨ੍ਹਾਂ ਬਾਰੇ ਸੈਲਾਨੀ ਗੂਗਲ ਉਤੇ ਸਭ ਤੋਂ ਵੱਧ ਖੋਜ ਕਰਦੇ ਹਨ। ਪਹਿਲੇ ਨੰਬਰ 'ਤੇ ਜਪਾਨ ਦਾ ਹੀਰੋਸ਼ੀਮਾ ਆਈਲੈਂਡ ਅਤੇ ਦੂਜੇ ਸਥਾਨ 'ਤੇ ਮਾਊਂਟ ਫੂਜੀ ਆ ਰਿਹਾ ਹੈ। ਗੂਗਲ ਏਸ਼ੀਆ ਪੈਸਿਫਿਕ ਬਲੌਗ ਮੁਤਾਬਕ, ਤਾਜ ਮਹਿਲ 'ਗੂਗਲ ਸਟਰੀਟ ਵਿਊ' ਉਤੇ ਅਜੇ ਪਿਛਲੇ ਸਾਲ ਫਰਵਰੀ ਵਿਚ ਹੀ ਪਾਇਆ ਗਿਆ ਸੀ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਸੈਲਾਨੀ ਇਸ ਸਟਰੀਟ ਉਤੇ ਲਗਾਤਾਰ ਵਿਜ਼ਿਟ ਕਰ ਰਹੇ ਹਨ। ਇਹ ਵਿਜ਼ਿਟ ਕਰਨ ਵਾਲਿਆਂ ਵਿਚ ਸਭ ਤੋਂ ਵੱਧ ਲੋਕ ਸਿੰਘਾਪੁਰ, ਆਸਟਰੇਲੀਆ, ਕੋਰੀਆ, ਫਿਲਪੀਨਜ਼ ਅਤੇ ਮਲੇਸ਼ੀਆ ਤੋਂ ਹਨ। ਗੌਰਤਲਬ ਹੈ ਕਿ 'ਗੂਗਲ ਸਟਰੀਟ ਵਿਊ' ਉਤੇ ਸੰਸਾਰ ਦੀਆਂ ਅਹਿਮ ਸੈਲਾਨੀ ਸ਼ਹਿਰਾਂ, ਥਾਂਵਾਂ ਅਤੇ ਟੂਰ ਨਾਲ ਸਬੰਧਤ ਵੇਰਵੇ ਫੋਟੋਆਂ ਸਹਿਤ ਮੁਹੱਈਆ ਕਰਵਾਏ ਗਏ ਹਨ। ਇਸ ਉਤੇ ਲਗਾਤਾਰ ਨਵੀਆਂ ਫੋਟੋਆਂ ਵੀ ਨਸ਼ਰ ਕੀਤੀਆਂ ਜਾ ਰਹੀਆਂ ਹਨ।

ਤਾਜ ਮਹਿਲ ਮੁਗਲ ਸ਼ਹਿਨਸ਼ਾਹ ਸ਼ਾਹ ਜਹਾਨ ਨੇ ਆਪਣੀ ਤੀਜੀ ਬੇਗ਼ਮ ਮੁਮਤਾਜ ਮਹਿਲ ਦੀ ਯਾਦ ਵਿਚ ਬਣਵਾਇਆ ਸੀ। ਇਹ ਇਮਾਰਤ 1632 ਵਿਚ ਬਣਨੀ ਸ਼ੁਰੂ ਹੋਈ ਸੀ ਅਤੇ ਪੂਰੇ 22 ਵਰ੍ਹਿਆਂ ਬਾਅਦ ਇਹ 1653 ਵਿਚ ਜਾ ਕੇ ਮੁਕੰਮਲ ਹੋਈ। ਇਸ ਇਮਾਰਤ ਲਈ ਤਕਰੀਬਨ 20 ਹਜ਼ਾਰ ਕਾਮਿਆਂ ਨੇ ਆਪਣਾ ਖੂਨ-ਪਸੀਨਾ ਵਹਾਇਆ। ਰਿਕਾਰਡ ਮੁਤਾਬਕ ਇਸ ਇਮਾਰਤ ਦੇ ਮੁੱਖ ਆਰਕੀਟੈਕਟ ਉਸਤਾਦ ਅਹਿਮਦ ਲਾਹੌਰੀ ਸਨ। ਉਨ੍ਹਾਂ ਇਸ ਇਮਾਰਤ ਲਈ ਅਣਗਿਣਤ ਆਰਕੀਟੈਕਟਾਂ ਨਾਲ ਮਸ਼ਵਰੇ ਕੀਤੇ ਅਤੇ ਇਸ ਇਮਾਰਤ ਲਈ ਨਿੱਕੀ-ਨਿੱਕੀ ਗੱਲ ਦਾ ਵੱਧ ਤੋਂ ਵੱਧ ਖਿਆਲ ਰੱਖਿਆ। ਇਸੇ ਦੀ ਬਦੌਲਤ ਇਸ ਇਮਾਰਤ ਅੰਦਰ ਨੱਕਾਸ਼ੀ ਦਾ ਜਿਹੜਾ ਕੰਮ ਇਨ੍ਹਾਂ ਕਾਮਿਆਂ ਨੇ ਰਲ-ਮਿਲ ਕੀਤਾ, ਉਹ ਬੇਜੋੜ ਹੈ; ਆਪਣੀ ਮਿਸਾਲ ਆਪ। ਇਹੀ ਕਾਰੀਗਰੀ ਸੈਲਾਨੀਆਂ ਨੂੰ ਖਿੱਚ ਰਹੀ ਹੈ ਅਤੇ ਦੰਗ ਕਰ ਰਹੀ ਹੈ।



*ਸ਼ਾਹ ਜਹਾਨ ਤੇ ਮੁਮਤਾਜ ਮਹਿਲ ਦਾ ਇਕ ਪਿਆਰ-ਚਿੱਤਰ।*



*ਤਾਜ ਮਹਿਲ ਅੰਦਰ ਕੀਤੀ ਉਮਦਾ ਕਲਾਕਾਰੀ ਦੀ ਇਕ ਝਲਕ।*

ਤਾਜ ਮਹਿਲ ਨੂੰ ਵੇਖਣ ਲਈ ਲੋਕ ਸਾਰਾ ਸਾਲ ਆਗਰਾ (ਉਤਰ ਪ੍ਰਦੇਸ਼) ਦੀਆਂ ਵਹੀਰਾਂ ਘੱਤੀ ਰੱਖਦੇ ਹਨ। ਹਰ ਸਾਲ ਔਸਤਨ 20 ਲੱਖ ਲੋਕ ਇਸ ਇਮਾਰਤ ਦੇ ਦੀਦਾਰ ਕਰਦੇ ਹਨ। ਇਸ ਇਮਾਰਤ ਨੂੰ ਮੁਗਲ ਭਵਨ ਨਿਰਮਾਣ ਕਲਾ ਦਾ ਉਤਮ ਨਮੂਨਾ ਮੰਨਿਆ ਜਾਂਦਾ ਹੈ। ਇਹ ਇਮਾਰਤ ਆਗਰਾ ਵਿਚ ਯਮੁਨਾ ਦਰਿਆ ਦੇ ਕੰਢੇ ਉਤੇ ਵਾਕਿਆ ਹੈ।

ਮੁਮਤਾਜ ਮਹਿਲ ਦੀ ਮੌਤ 17 ਜੂਨ 1631 ਨੂੰ ਹੋ ਗਈ ਸੀ ਅਤੇ ਉਸ ਵਕਤ ਉਸ ਦੀ ਉਮਰ ਮਹਿਜ਼ 40 ਵਰ੍ਹੇ ਸੀ। ਉਹਦਾ ਅਸਲ ਨਾਂ ਅਰਜੁਮੰਦ ਬਾਨੋ ਬੇਗਮ ਸੀ ਤੇ ਉਹਦਾ ਵਿਆਹ 19 ਸਾਲ ਦੀ ਉਮਰ ਵਿਚ ਸ਼ਹਿਜ਼ਾਦਾ ਖੁਰਮ ਜੋ ਬਾਅਦ ਵਿਚ ਸ਼ਹਿਨਸ਼ਾਹ ਸ਼ਾਹ ਜਹਾਨ ਵਜੋਂ ਜਾਣਿਆ ਗਿਆ, ਨਾਲ 10 ਮਈ 1612 ਨੂੰ ਹੋਇਆ ਸੀ। ਸ਼ਾਹ ਜਹਾਨ ਨੇ ਆਪਣੀ ਇਸ ਪਿਆਰੀ ਬੇਗਮ ਨੂੰ ਲਾਡ ਨਾਲ ਮੁਮਤਾਜ ਮਹਿਲ ਦਾ ਖਿਤਾਬ ਦਿੱਤਾ ਸੀ। ਇਸ ਜੋੜੀ ਦੇ ਘਰ 14 ਬੱਚਿਆਂ ਨੇ ਜਨਮ ਲਿਆ ਅਤੇ 14ਵੇਂ ਬੱਚੇ ਗੌਹਰਾ ਬੇਗਮ ਦਾ ਜਨਮ ਮੁਮਤਾਜ ਮਹਿਲ ਲਈ ਜਾਨਲੇਵਾ ਸਾਬਤ ਹੋਇਆ।

## ਸਾਹਿਰ, ਸ਼ਹਿਨਸ਼ਾਹ ਤੇ ਤਾਜ ਮਹਿਲ



ਤਾਜ ਮਹਿਲ ਦੀ ਖੂਬਸੂਰਤੀ ਅਤੇ ਇਸ ਨਾਲ ਜੁੜੀ ਸ਼ਾਹ ਜਹਾਨ ਤੇ ਮੁਮਤਾਜ ਮਹਿਲ ਦੀ ਪਿਆਰ ਕਹਾਣੀ ਭਾਰਤੀ ਸ਼ਾਇਰੀ ਵਿਚ ਵੱਖ-ਵੱਖ ਰੰਗ ਵਿਚ ਪੇਸ਼ ਹੋਈ ਹੈ।

ਲੁਧਿਆਣਾ ਦੇ ਲਾਡਲੇ ਸ਼ਾਇਰ ਸਾਹਿਰ ਲੁਧਿਆਣਵੀ ਨੇ ਵੀ 'ਤਾਜ ਮਹਿਲ' ਅਨੁਵਾਨ ਤਹਿਤ ਨਜ਼ਮ ਦੀ ਰਚਨਾ ਕੀਤੀ ਸੀ। ਇਸ ਨਜ਼ਮ ਦੀਆਂ ਆਖਰੀ ਸਤਰਾਂ ਵਿਚ ਉਹਨੇ ਅਜਿਹਾ ਵਿਅੰਗ-ਬਾਣ ਚਲਾਇਆ ਕਿ ਤਾਜ ਮਹਿਲ ਦੀ ਖੂਬਸੂਰਤੀ ਵਾਂਗ ਨਜ਼ਮ ਦੀਆਂ ਇਹ ਚੰਦ ਸਤਰਾਂ ਵੀ ਅਮਰ ਹੋ ਗਈਆਂ। ਹੁਣ ਜਦੋਂ ਵੀ ਕਿਤੇ ਤਾਜ ਮਹਿਲ ਦਾ ਜ਼ਿਕਰ ਛਿੜਦਾ ਹੈ, ਇਹ ਸਤਰਾਂ ਬਦੋ-ਬਦੀ ਆਣ ਕੇ ਥਾਂ ਮੱਲ ਲੈਂਦੀਆਂ ਹਨ:

ਇਕ ਸ਼ਹਿਨਸ਼ਾਹ ਨੇ ਦੌਲਤ ਦਾ ਸਹਾਰਾ ਲੇ ਕਰ,
ਹਮ ਗਰੀਬੋਂ ਕੀ ਮਹੱਬਤ ਕਾ ਉੜਾਇਆ ਹੈ ਮਜ਼ਾਕ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਮਾਰਚ 2015 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-161



ਤਸਵੀਰ: ਜਨਮੇਜਾ ਸਿੰਘ ਜੌਹਲ

*ਐਸ਼ੋ-ਇਸ਼ਰਤਾਂ ਭੋਗੀਆਂ ਉਮਰ ਸਾਰੀ,*
*ਸ਼ਾਹੂਕਾਰਾਂ ਨੇ ਕਰਦਿਆਂ ਠੱਗੀਆਂ ਜੀ।*
*ਕਰ ਗਏ ਕੂਚ ਅਸਵਾਰ ਮਾਲੂਮ ਹੁੰਦਾ,*
*ਖਾਲੀ ਖੜ੍ਹੇ ਨੇ ਘੋੜੇ ਤੇ ਬੱਘੀਆਂ ਜੀ।*

### ਕੈਪਸ਼ਨ ਮੁਕਾਬਲਾ-159



ਕੱਚੀ ਕੰਧੋਲੀ, ਪਾਂਡੂ ਪੋਚਾ,
ਚਕਾ-ਚੌਂਧ ਵਿਚ ਰੁਲ ਗਏ ਸਾਰੇ।
ਹਾਰਾ, ਹਾਰੀ, ਚਾਟੀ, ਕਾੜ੍ਹਨੀ
ਹੁਣ ਤਾਂ ਨਾਂ ਵੀ ਭੁੱਲ ਗਏ ਸਾਰੇ।
ਚੱਕਲਾ-ਵੇਲਣਾ ਸਾਹ ਜਿਹਾ ਭਰਦੇ
ਦੀਵੇ ਤਾਂ ਹੋ ਗੁੱਲ ਗਏ ਸਾਰੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਕੰਮੀਆਂ ਦੇ ਕੱਚੇ ਘਰ ਦਾ ਨਕਸ਼ਾ
ਮਾਲਵੇ ਦਾ ਅਜੋਕਾ ਪਿੰਡ ਹੈ।
ਕਿਰਤ ਦੀ ਲੁੱਟ ਕਹੀਏ ਜਾਂ ਰੱਬ ਦਾ ਭਾਣਾ
ਖੁਸ਼ਹਾਲੀ ਜਿਥੋਂ ਗਈ ਖਿੰਡ ਹੈ।
ਇੱਕੀਵੀਂ ਸਦੀ ਭਾਵੇਂ ਪਾਵੇ ਬਾਤਾਂ
ਵੱਸਣ ਦੀਆਂ ਮੰਗਲ ਉਤੇ।
ਜਾਪਦੈ ਇੱਦਾਂ ਗਰੀਬਾਂ ਦੇ
ਭਾਗ ਹਾਲੇ ਵੀ ਹਨ ਸੁੱਤੇ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*
*ਫੋਨ: 408-912-3438*

## ਕਾਲਾ ਰੰਗ

*ਮਿੰਨੀ ਕਹਾਣੀ*

ਉਂਜ ਤਾਂ ਦੁਨੀਆਂ 'ਚ ਦੋ ਹੀ ਰੰਗ ਦੇ ਲੋਕ ਵੱਸਦੇ ਹਨ- ਗੋਰੇ ਤੇ ਕਾਲੇ। ਪਰ ਕਾਲੇ ਰੰਗ ਵਾਲਿਆਂ ਨਾਲ ਇਹ ਦੁਨੀਆਂ ਸ਼ੁਰੂ ਤੋਂ ਹੀ ਵਿਤਕਰਾ ਕਰਦੀ ਆਈ ਹੈ। ਦਸਵੀਂ ਜਮਾਤ 'ਚ ਪੜ੍ਹਦੇ ਪ੍ਰਤਾਪ ਨਾਲ ਵੀ ਵਿਤਕਰਾ ਕਰਦਿਆਂ ਉਸ ਦੇ ਹੀ ਭਾਈਚਾਰੇ ਦੇ ਸਾਥੀ ਉਸ ਨੂੰ ਤੰਗ-ਪ੍ਰੇਸ਼ਾਨ ਕਰਿਆ ਕਰਦੇ ਸਨ। ਪ੍ਰਤਾਪ ਰੰਗ ਦਾ ਪੱਕਾ ਸੀ ਪਰ ਦਿਲ ਅਤੇ ਦਿਮਾਗ 'ਚ ਤੰਦਰੁਸਤੀ ਤੇ ਤੇਜ਼ੀ ਬਹੁਤ ਸੀ। ਉਸ ਨੇ ਕਦੇ ਵੀ ਕੋਈ ਗੱਲ ਦਿਲ 'ਤੇ ਨਹੀਂ ਲਾਈ।

ਚਾਰ ਸਾਲ ਪਹਿਲਾਂ ਅਮਰੀਕਾ ਆਏ ਪ੍ਰਤਾਪ ਦੀ ਸੋਚ ਬਹੁਤ ਉਚੀ ਸੀ। ਉਹ ਕਦੇ ਵੀ ਆਪਣੇ ਮਾਂ-ਬਾਪ ਨੂੰ ਨੀਵੇਂ ਥਾਂ ਬੈਠੇ ਨਹੀਂ ਸੀ ਦੇਖਣਾ ਚਾਹੁੰਦਾ। ਇਕ ਦਿਨ ਸਕੂਲ ਤੋਂ ਬਾਅਦ ਇਥੋਂ ਦੇ ਜੰਮੇ ਹੋਏ ਉਸ ਦੇ ਸਾਥੀਆਂ ਨੇ ਉਸ ਨੂੰ ਤੰਗ-ਪ੍ਰੇਸ਼ਾਨ ਕੀਤਾ ਅਤੇ ਗਾਲੀ-ਗਲੋਚ ਉਪਰੰਤ ਕੁੱਟਿਆ-ਮਾਰਿਆ। ਪ੍ਰਤਾਪ ਨੇ ਆਪਣੇ ਨਾਲ ਬੀਤੀ ਹੋਈ ਘਟਨਾ ਆਪਣੇ ਪਿਓ ਨਾਲ ਸਾਂਝੀ ਕੀਤੀ। ਉਸ ਦੇ ਪਿਓ ਨੇ ਹੌਸਲਾ ਦਿੰਦਿਆਂ ਕਿਹਾ, "ਪ੍ਰਤਾਪ, ਦੁਨੀਆਂ 'ਤੇ ਰੰਗ ਰੂਪ ਕੋਈ ਨਹੀਂ ਵੇਖਦਾ, ਸਾਰੇ ਇਨਸਾਨ ਦੀ ਕਾਬਲੀਅਤ ਤੇ ਤਰੱਕੀ ਵੇਖਦੇ ਹਨ।" ਉਸ ਨੇ ਇਸ ਗੱਲ ਨੂੰ ਆਪਣੇ ਨਾਲ ਬੰਨ ਲਿਆ ਤੇ ਤਕਰੀਬਨ ਬਾਰਾਂ ਸਾਲਾਂ ਜਦੋਂ ਉਹ ਆਪਣੇ ਕਾਰੋਬਾਰ ਦੀ ਮੀਟਿੰਗ 'ਤੇ ਗਿਆ ਤਾਂ ਹੱਥ ਵਿਚ ਪਾਣੀ ਦਾ ਗਿਲਾਸ ਲਈ ਖੜ੍ਹਾ ਉਹੀ ਸਾਥੀ ਸੀ ਜੋ ਉਸ ਨੂੰ ਕਦੇ ਤੰਗ-ਪ੍ਰੇਸ਼ਾਨ ਤੇ ਵਿਤਕਰਾ ਕਰਿਆ ਕਰਦਾ ਸੀ।

*-ਹਰਜੋਤ ਗਿੱਲ, ਫਰਿਜ਼ਨੋ, ਫੋਨ: 559-374-4500*

# ਜੀ ਐਚ ਜੀ ਅਕੈਡਮੀ ਨੇ ਕਰਵਾਇਆ ਵਿਰਾਸਤੀ ਖੇਡ ਮੇਲਾ

**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਜੀ ਐਚ ਜੀ ਸੰਗੀਤ ਅਤੇ ਡਾਂਸ ਅਕੈਡਮੀ ਨੇ ਲੰਘੇ ਦਿਨੀਂ ਬਾਲ ਵਿਰਾਸਤੀ ਖੇਡ ਮੇਲਾ ਅਤੇ ਪਰਿਵਾਰਕ ਪਿਕਨਿਕ ਕਰਵਾਈ। ਸਮਾਗਮ ਦੀ ਸ਼ੁਰੂਆਤ ਵਿਚ ਕੁਲਵੰਤ ਸਿੰਘ ਖਹਿਰਾ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

ਮਾਰਚ ਪਾਸਟ ਉਪਰੰਤ ਅਮੈਰਿਕਨ ਰਾਸ਼ਟਰੀ ਗੀਤ ਦਾ ਗਾਇਨ ਹੋਣ ਉਪਰੰਤ ਖੇਡਾਂ ਦੀ ਸ਼ੁਰੂਆਤ ਗਤਕੇ ਨਾਲ ਹੋਈ। ਨਛੱਤਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਕੈਲੀਫੋਰਨੀਆ



ਗਤਕਾ ਦਲ (ਗੁਰਦੁਆਰਾ ਨਾਨਕ ਪ੍ਰਕਾਸ਼) ਦੇ ਬੱਚਿਆਂ ਨੇ ਗਤਕੇ ਦੇ ਪ੍ਰਭਾਵਸ਼ਾਲੀ ਜੌਹਰ ਦਿਖਾਏ। ਮੇਲੇ ਦੌਰਾਨ ਘੋੜਾ ਕਬੱਡੀ, ਰੱਸਾਕਸ਼ੀ, ਵਾਲੀਬਾਲ, ਬਾਂਦਰ ਕੀਲਾ, ਕਬੱਡੀ, ਰੁਮਾਲ ਚੁੱਕਣਾ, ਖੋ-ਖੋ, ਚਾਟੀ ਦੌੜ, ਟਾਵਲ ਦੌੜ, ਤਿੰਨ ਟੰਗੀ ਦੌੜ, ਬੈਕ ਦੌੜ, ਚਮਚਾ ਦੌੜ, ਗੁਬਾਰਾ ਦੌੜ ਤੋਂ ਇਲਾਵਾ ਹੋਰ ਵੀ ਪੁਰਾਤਨ ਅਤੇ ਪੇਂਡੂ ਵਿਰਾਸਤੀ ਖੇਡਾਂ ਕਰਵਾਈਆਂ ਗਈਆਂ। ਪ੍ਰਬੰਧਕਾਂ ਅਨੁਸਾਰ 500 ਤੋਂ ਵੱਧ ਬੱਚਿਆਂ ਨੇ ਇਨ੍ਹਾਂ ਖੇਡਾਂ ਵਿਚ ਹਿੱਸਾ ਲਿਆ। ਬੱਚਿਆਂ ਤੋਂ ਇਲਾਵਾ ਬਾਬਿਆਂ ਨੇ ਵੀ ਰੱਸਾਕਸ਼ੀ ਅਤੇ ਹੋਰ ਖੇਡਾਂ ਨਾਲ ਮੇਲੇ ਨੂੰ ਚਾਰ ਚੰਨ ਲਾਏ। ਮਿਊਜ਼ਿਕਲ ਚੇਅਰ ਦੀ ਆਈਟਮ ਵੀ ਖੂਬ ਰਹੀ।

ਪੁਰਾਤਨ ਖੇਡਾਂ ਵੇਖ ਕੇ ਬਜ਼ੁਰਗ ਇਹ ਕਹਿੰਦੇ ਸੁਣੇ ਗਏ ਕਿ ਬੱਚਿਆਂ ਦੀਆਂ ਖੇਡਾਂ ਅਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਤਾਂ ਬਹੁਤ ਹੀ ਵਧੀਆ ਉਦਮ ਹੈ ਪਰ ਸੱਭਿਆਚਾਰ ਦੇ ਨਾਂ ਤੇ ਮਹਿੰਗੇ ਸ਼ੋਆਂ ਉਪਰ ਖਰਚੇ ਲੱਖਾਂ ਡਾਲਰਾਂ ਦਾ ਨਵੀਂ ਪੀੜ੍ਹੀ ਨੂੰ ਕੋਈ ਵੀ ਫਾਇਦਾ ਨਹੀਂ ਹੋਣ ਵਾਲਾ ਬਲਕਿ ਬੱਚਿਆਂ ਲਈ ਵਿਰਾਸਤੀ ਖੇਡਾਂ ਦਾ ਪ੍ਰਬੰਧਕ ਕਰਨਾ ਅਤੇ ਅਜਿਹੇ ਹੋਰ ਪ੍ਰੋਗਰਾਮਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਮੇਲੇ ਦੌਰਾਨ ਸੁਖਜੋਤ ਸਿੰਘ ਮਾਨ ਦੇ ਢੋਲ ਦੀ ਤਾਲ ਪੰਜਾਬ ਵਿਚ ਪੈ ਰਹੀ ਕਿਸੇ ਛਿੰਵ ਦੇ ਮਾਹੌਲ ਸਿਰਜਦੀ ਰਹੀ। ਮੰਚ ਸੰਚਾਲਨ ਗੁਰਦੀਪ ਸਿੰਘ ਸ਼ੇਰਗਿੱਲ ਨੇ ਕੀਤਾ ਜਦਕਿ ਖੇਡਾਂ ਦੀ ਕੁਮੈਂਟਰੀ ਜਸਪ੍ਰੀਤ ਸਿੱਧੂ ਤੇ ਸੁਖਦੇਵ ਚੀਮਾ ਨੇ ਨੇ ਕੀਤੀ। ਗੁਰਪ੍ਰੀਤ ਧਾਲੀਵਾਲ ਬੱਧਨੀ ਕਲਾਂ, ਏ ਵਨ ਜਿਊਲਰਜ਼ ਤੇ ਸੋਨਾ ਜਿਊਲਰਜ਼ ਨੇ ਇਨਾਮ ਦਿੱਤੇ। ਲੰਗਰ ਦੀ ਸੇਵਾ ਚੀਮਾ ਪਰਿਵਾਰ, ਸੱਗੂ ਪਰਿਵਾਰ, ਨਿਊ ਇੰਡੀਆ ਸਵੀਟਸ ਸਪਾਈਸ ਅਤੇ ਜਸਜੀਤ ਸਿੰਘ, ਜਗਸੀਰ ਸਿੰਘ ਪਰਿਵਾਰਾਂ ਨੇ ਕੀਤੀ। ਜਲੇਬੀਆਂ ਦੀ ਸੇਵਾ ਮਹਿੰਦਰ ਸਿੰਘ ਤੇ ਗੱਬਰ ਸਿੰਘ ਟਰਲਕ ਨੇ ਕੀਤੀ। ਸਮਾਗਮ ਦੀ ਵੀਡੀਓ ਅਤੇ ਫੋਟੋਗ੍ਰਾਫੀ ਮੋਗਾ ਵੀਡੀਓ ਨੇ ਕੀਤੀ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਜੀ ਐਚ ਜੀ ਵਲੋਂ ਸਾਲਾਨਾ ਕੈਂਪ 11 ਜੁਲਾਈ ਤੋਂ 24 ਜੁਲਾਈ ਤੱਕ ਲਗਾਇਆ ਜਾਵੇਗਾ। 25 ਜੁਲਾਈ ਨੂੰ ਅੰਤਰਰਾਸ਼ਟਰੀ ਯੁਵਕ ਮੇਲਾ ਹੋਵੇਗਾ ਅਤੇ ਬੰਦੀਛੋੜ ਦਿਵਸ 18 ਅਕਤੂਬਰ ਨੂੰ ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਮਨਾਇਆ ਜਾਵੇਗਾ।

ਮੇਲੇ ਨੂੰ ਕਾਮਯਾਬ ਕਰਨ ਲਈ ਕੁਲਵੰਤ ਸਿੰਘ ਖਹਿਰਾ, ਪ੍ਰੀਤਮ ਸਿੰਘ ਪਾਸਲਾ, ਜਤਿੰਦਰਪਾਲ ਸਿੰਘ, ਜਗਰੂਪ ਸਿੰਘ, ਗੁਰਦੀਪ ਸਿੰਘ ਸ਼ੇਰਗਿੱਲ, ਉਦੈਦੀਪ ਸਿੰਘ ਸਿੱਧੂ, ਸੁਖਮਿੰਦਰ ਸਰੋਏ, ਪਰਮਜੀਤ ਸਿੰਘ ਧਾਲੀਵਾਲ, ਅਮਨਦੀਪ ਸਿੰਘ, ਗੁਰਮੀਤ ਗਰੇਵਾਲ, ਰਜਿੰਦਰ ਸਿੰਘ, ਹਰਦੀਪ ਕਲੇਰ, ਸ਼ੇਰ ਸਿੰਘ, ਸੁਖਦੇਵ ਸਿੰਘ ਚੀਮਾ, ਬਸੰਤ ਸਿੰਘ ਧਾਲੀਵਾਲ ਅਤੇ ਹੋਰ ਪ੍ਰਬੰਧਕ ਪੱਬਾਂ ਭਾਰ ਹੋਏ ਰਹੇ। ਤਰਨਜੀਤ ਕਲੇਰ, ਸਗਨਦੀਪ ਵੜੈਚ, ਦਲਜੀਤ ਧਾਲੀਵਾਲ, ਕੁਲਵੰਤ ਧਾਲੀਵਾਲ, ਕੁਲਦੀਪ ਨਾਗਰਾ, ਜਤਿੰਦਰ ਕੌਰ ਮਾਹਲ, ਸ਼ੈਲੀ ਧਾਲੀਵਾਲ ਸਮੇਤ ਯੂਥ ਵਿੰਗ ਦੇ ਸੁਖਪ੍ਰੀਤ ਧਾਲੀਵਾਲ, ਬੀਰ ਬਾਸੀ, ਜਸਪ੍ਰੀਤ ਸਿੱਧੂ, ਮਨਵੀਰ ਕੌਰ ਸਿੱਧੂ ਅਤੇ ਹੋਰ ਵਲੰਟੀਅਰਾਂ ਨੇ ਵੀ ਅਹਿਮ ਭੂਮਿਕਾ ਨਿਭਾਈ।

## ਰਾਹੁਲ ਦੀ 'ਜਾਸੂਸੀ' ਤੋਂ ਵਿਵਾਦ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੇ ਕੁਝ ਅਫਸਰਾਂ ਵਲੋਂ ਰਾਹੁਲ ਗਾਂਧੀ ਦੇ ਨਿਵਾਸ 'ਤੇ ਗੇੜਾ ਮਾਰਨ ਤੋਂ ਕਾਂਗਰਸ ਭੜਕ ਉਠੀ ਤੇ ਮੋਦੀ ਸਰਕਾਰ 'ਤੇ ਵਿਰੋਧੀ ਆਗੂਆਂ ਦੀ ਜਾਸੂਸੀ ਕਰਾਉਣ ਦਾ ਦੋਸ਼ ਲਾਇਆ ਜਦਕਿ ਪੁਲਿਸ ਮੁਖੀ ਨੇ ਜਾਸੂਸੀ ਦੇ ਦੋਸ਼ਾਂ ਦਾ ਖੰਡਨ ਕਰਦਿਆਂ ਆਖਿਆ ਕਿ ਅਹਿਮ ਸ਼ਖ਼ਸੀਅਤਾਂ ਨਾਲ ਰਾਬਤਾ ਰੱਖਣ ਦੀ ਇਹ ਆਮ ਕਾਰਵਾਈ ਸੀ। ਕਾਂਗਰਸ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਤੋਂ ਇਸ ਮੁਤੱਲਕ ਸਫ਼ਾਈ ਮੰਗੀ ਹੈ।


M.K. Nijjar DDS
Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

510-794-7058

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*



ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

*ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114*




*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour
All major and minor repairs.

ਤਸੱਲੀਬਖਸ਼ ਕੰਮ
ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਪੰਜਾਬ ਵਿਚ ਖੇਤੀ ਵੀ ਹੁਣ ਜੋਖਮ ਵਾਲਾ ਧੰਦਾ ਬਣਿਆ

**ਬਠਿੰਡਾ:** ਦੇਸ਼ ਦੇ ਅਨਾਜ ਭੰਡਾਰ ਵਿਚ ਸਭ ਤੋਂ ਵੱਧ ਹਿੱਸਾ ਪਾਉਣ ਵਾਲੇ ਪੰਜਾਬ ਦੇ ਕਿਸਾਨਾਂ ਲਈ ਹੁਣ ਇਹ ਧੰਦਾ ਕਾਫੀ ਜੋਖਮ ਵਾਲਾ ਬਣ ਗਿਆ ਹੈ। ਪਿਛਲੇ ਕੁਝ ਸਾਲਾਂ ਵਿਚ ਪੰਜਾਬ ਦੇ ਖੇਤਾਂ ਨੇ ਹੀ ਤਕਰੀਬਨ ਸੱਤ ਹਜ਼ਾਰ ਕਿਸਾਨਾਂ ਤੋਂ ਜ਼ਿੰਦਗੀ ਖੋਹ ਲਈ ਹੈ। ਪੰਜਾਬ ਵਿਚ ਔਸਤਨ ਹਰ ਵਰ੍ਹੇ 250 ਕਿਸਾਨ ਖੇਤਾਂ ਵਿਚ ਕੰਮ ਕਰਦੇ ਸਮੇਂ ਹੀ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਕੋਈ ਕੀਟਨਾਸ਼ਕ ਚੜ੍ਹਨ ਨਾਲ ਮੌਤ ਦੇ ਮੂੰਹ ਜਾ ਪਿਆ ਤੇ ਕਿਸੇ ਨੂੰ ਬਿਜਲੀ ਨੇ ਝਟਕਾ ਦੇ ਦਿੱਤਾ। ਤਕਰੀਬਨ 1100 ਕਿਸਾਨਾਂ ਦੇ ਘਰਾਂ ਵਿਚ ਤਾਂ ਸੱਪਾਂ ਨੇ ਹੀ ਸੱਥਰ ਵਿਛਾ ਦਿੱਤੇ ਹਨ।

ਖੇਤੀ ਹਾਦਸਿਆਂ ਨੇ 7000 ਕਿਸਾਨਾਂ ਤੋਂ ਜ਼ਿੰਦਗੀ ਖੋਹੀ



ਕੇਂਦਰੀ ਸਿਹਤ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਪੰਜਾਬ ਦੇ ਇਕੱਲੇ ਸਰਕਾਰੀ ਹਸਪਤਾਲਾਂ ਵਿਚ ਲੰਘੇ ਚਾਰ ਵਰ੍ਹਿਆਂ ਦੌਰਾਨ (2011 ਤੋਂ 2014 ਤੱਕ) 31 ਕਿਸਾਨਾਂ ਦੀ ਮੌਤ ਹੋਈ ਹੈ, ਜਿਨ੍ਹਾਂ ਨੂੰ ਖੇਤਾਂ ਵਿਚ ਕੰਮ ਕਰਦੇ ਸਮੇਂ ਸੱਪਾਂ ਨੇ ਕੱਟਿਆ ਸੀ। ਸਰਕਾਰੀ ਹਸਪਤਾਲਾਂ ਵਿਚ ਸਾਲ 2013 ਤੇ ਸਾਲ 2014 ਵਿਚ 1512 ਕਿਸਾਨਾਂ ਦੇ ਅਜਿਹੇ ਕੇਸ ਆਏ, ਜਿਨ੍ਹਾਂ ਨੂੰ ਖੇਤਾਂ ਵਿਚ ਸੱਪ ਨੇ ਡੰਗਿਆ ਸੀ। ਇਨ੍ਹਾਂ ਦੋ ਵਰ੍ਹਿਆਂ ਵਿਚ 25 ਕਿਸਾਨਾਂ ਦੀ ਮੌਤ ਸਰਕਾਰੀ ਹਸਪਤਾਲਾਂ ਵਿਚ ਹੋਈ। ਇਕੱਲੇ ਸਰਕਾਰੀ ਹਸਪਤਾਲਾਂ ਵਿਚ ਸੱਪ ਦੇ ਕੱਟੇ ਸਾਲ 2013 ਵਿਚ 791 ਤੇ ਸਾਲ 2014 ਵਿਚ 721 ਕਿਸਾਨ ਆਪਣੇ ਇਲਾਜ ਵਾਸਤੇ ਆਏ। ਇਸ ਤੋਂ ਕਿਤੇ ਵੱਡੀ ਗਿਣਤੀ ਪ੍ਰਾਈਵੇਟ ਡਾਕਟਰਾਂ ਕੋਲ ਇਲਾਜ ਕਰਾਉਣ ਵਾਲੇ ਕਿਸਾਨਾਂ ਦੀ ਹੈ।

ਪੰਜਾਬ ਮੰਡੀ ਬੋਰਡ ਦੇ ਵੇਰਵੇ ਹੈਰਾਨੀਜਨਕ ਹਨ, ਜਿਨ੍ਹਾਂ ਅਨੁਸਾਰ ਸਾਲ 1987 ਤੋਂ 2008 ਤੱਕ ਪੰਜਾਬ ਦੇ ਖੇਤਾਂ ਵਿਚ ਕਿਰਤ ਕਰਦੇ 5097 ਕਿਸਾਨ ਮੌਤ ਦੇ ਮੂੰਹ ਜਾ ਪਏ ਹਨ, ਜਿਨ੍ਹਾਂ ਵਿਚੋਂ 849 ਕਿਸਾਨਾਂ ਨੂੰ ਸੱਪਾਂ ਨੇ ਕੱਟਿਆ ਸੀ। ਇਸ ਸਮੇਂ ਦੌਰਾਨ ਮਾਲਵਾ ਖਿੱਤੇ ਦੇ 3073 ਕਿਸਾਨਾਂ ਦੀ ਮੌਤ ਖੇਤਾਂ ਵਿਚ ਕੰਮ ਕਰਦੇ ਸਮੇਂ ਹੋਈ। ਮੰਡੀ ਬੋਰਡ ਕੋਲ ਸਾਲ 2009 ਤੋਂ ਹੁਣ ਤੱਕ ਹਰ ਵਰ੍ਹੇ ਔਸਤਨ 250 ਕਿਸਾਨਾਂ ਦੀ ਮੌਤ ਦੇ ਕੇਸ ਆ ਰਹੇ ਹਨ। ਮੰਡੀ ਬੋਰਡ ਦੇ ਜਨਰਲ ਮੈਨੇਜਰ (ਮਾਰਕੀਟਿੰਗ) ਸਿਕੰਦਰ ਸਿੰਘ ਦਾ ਕਹਿਣਾ ਹੈ ਕਿ ਖੇਤਾਂ ਵਿਚ ਕੰਮ ਕਰਦੇ ਹਾਦਸਿਆਂ ਦਾ ਸ਼ਿਕਾਰ ਹੋਣ ਵਾਲੇ ਕਿਸਾਨਾਂ ਦੇ ਹਰ ਮਹੀਨੇ ਤਕਰੀਬਨ ਢਾਈ ਸੌ ਕੇਸ ਮਾਰਕੀਟ ਕਮੇਟੀਆਂ ਕੋਲ ਪੁੱਜਦੇ ਹਨ। ਪੰਜਾਬ ਮੰਡੀ ਬੋਰਡ ਵਲੋਂ ਕਿਰਤ ਕਰਦੇ ਕਿਸਾਨ ਤੇ ਮਜ਼ਦੂਰ ਦੀ ਮੌਤ ਹੋਣ ਦੀ ਸੂਰਤ ਵਿਚ ਦੋ ਲੱਖ ਰੁਪਏ ਮੁਆਵਜ਼ਾ ਦਿੱਤਾ ਜਾਂਦਾ ਹੈ।

ਮਿਲੇ ਵੇਰਵਿਆਂ ਅਨੁਸਾਰ ਪੰਜਾਬ ਦੇ ਖੇਤਾਂ ਵਿਚ ਕੰਮ ਕਰਦੇ ਤਕਰੀਬਨ 25 ਹਜ਼ਾਰ ਕਿਸਾਨ ਨਕਾਰਾ ਵੀ ਹੋਏ ਹਨ, ਜਿਨ੍ਹਾਂ ਵਿਚੋਂ ਕਿਸੇ ਨੂੰ ਕਰੰਟ ਲੱਗ ਗਿਆ ਤੇ ਕਿਸੇ ਨੂੰ ਖੇਤੀ ਮਸ਼ੀਨਰੀ ਨੇ ਅੰਗਹੀਣ ਬਣਾ ਦਿੱਤਾ। ਖੇਤਾਂ ਵਿਚ ਲਮਕਦੀਆਂ ਬਿਜਲੀ ਦੀਆਂ ਤਾਰਾਂ ਵੀ ਕਿਸਾਨਾਂ ਦੀ ਜਾਨ ਦਾ ਖੌਅ ਬਣੀਆਂ ਹੋਈਆਂ ਹਨ। ਪੰਜਾਬ ਮੰਡੀ ਬੋਰਡ ਵਲੋਂ ਸ਼ੁਰੂ ਵਿਚ ਖੇਤੀ ਹਾਦਸਿਆਂ ਦਾ ਸ਼ਿਕਾਰ ਹੋਣ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਮੌਤ ਹੋਣ ਦੀ ਸੂਰਤ ਵਿਚ 30 ਹਜ਼ਾਰ ਰੁਪਏ ਮਦਦ ਦਿੱਤੀ ਜਾਂਦੀ ਸੀ। ਸਾਲ 2008 ਤੱਕ ਇਹ ਮਦਦ ਇਕ ਲੱਖ ਰੁਪਏ ਤੱਕ ਮਿਲਦੀ ਰਹੀ ਤੇ ਹੁਣ ਮਦਦ ਦੋ ਲੱਖ ਰੁਪਏ ਕਰ ਦਿੱਤੀ ਗਈ ਹੈ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਦਾ ਪ੍ਰਤੀਕਰਮ ਸੀ ਕਿ ਸੱਪਾਂ ਦੇ ਸਿਰ ਮਿੱਧ ਕੇ ਕਿਸਾਨ ਆਪਣੀ ਜਾਨ ਜੋਖਮ ਵਿਚ ਪਾ ਕੇ ਦੇਸ਼ ਦੇ ਅਨਾਜ ਭੰਡਾਰ ਭਰਦਾ ਹੈ ਪਰ ਫਿਰ ਵੀ ਸਰਕਾਰਾਂ ਨੇ ਕਦੇ ਅੰਨਦਾਤੇ ਦੀ ਬਾਂਹ ਨਹੀਂ ਫੜੀ।

ਉਨ੍ਹਾਂ ਆਖਿਆ ਕਿ ਮੰਡੀ ਬੋਰਡ ਨੂੰ ਹੁਣ ਮ੍ਰਿਤਕ ਕਿਸਾਨਾਂ ਦੇ ਪਰਿਵਾਰਾਂ ਵਾਸਤੇ ਮੁਆਵਜ਼ਾ ਰਾਸ਼ੀ ਵਧਾ ਕੇ ਪੰਜ ਲੱਖ ਰੁਪਏ ਕਰਨੀ ਚਾਹੀਦੀ ਹੈ। ਪੰਜਾਬ ਮੰਡੀ ਬੋਰਡ ਦੇ ਸਕੱਤਰ ਦੀਪਇੰਦਰ ਸਿੰਘ ਦਾ ਕਹਿਣਾ ਹੈ ਕਿ ਬੋਰਡ ਹੁਣ ਖੇਤਾਂ ਤੋਂ ਇਲਾਵਾ ਮਾਰਕੀਟਿੰਗ ਦੌਰਾਨ ਵੀ ਹਾਦਸਿਆਂ ਦਾ ਸ਼ਿਕਾਰ ਹੋਣ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਵਿੱਤੀ ਮਦਦ ਦਿੰਦਾ ਹੈ। ਉਨ੍ਹਾਂ ਆਖਿਆ ਕਿ ਥੋੜ੍ਹਾ ਸਮਾਂ ਪਹਿਲਾਂ ਹੀ ਮੁਆਵਜ਼ਾ ਵਧਾ ਕੇ ਦੋ ਲੱਖ ਰੁਪਏ ਕੀਤਾ ਹੈ।

# ਪੰਜਾਬ ਸਰਕਾਰ ਲਈ ਮਨਮੋਹਨ ਸਿੰਘ ਅਜੇ ਵੀ ਪ੍ਰਧਾਨ ਮੰਤਰੀ!

**ਲੰਬੀ:** ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਿਆਂ ਭਾਵੇਂ ਪੌਣਾ ਸਾਲ ਹੋ ਗਿਆ, ਪਰ ਪੰਜਾਬ ਸਰਕਾਰ ਦੀ ਵੈਬਸਾਈਟ ਉਤੇ ਮੁੱਖ ਪੇਜ ਉਪਰ ਅਪਲੋਡ ਆਨਲਾਈਨ ਟੈਲੀਫੋਨ ਡਾਇਰੈਕਟਰੀ ਮੁਤਾਬਕ ਸਰਕਾਰ ਅਜੇ ਯੂ.ਪੀ.ਏ. ਦੀ ਹੀ ਹੈ। ਇਸ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਦਾ ਨਾਂ ਡਾ. ਮਨਮੋਹਨ ਸਿੰਘ ਹਨ ਤੇ ਅਜੇ ਵੀ ਇਥੇ ਯੋਜਨਾ ਕਮਿਸ਼ਨ ਹੀ ਕੰਮ ਕਰ ਰਿਹਾ ਹੈ ਤੇ ਲੋਕ ਸਭਾ ਦੀ ਸਪੀਕਰ ਮੀਰਾ ਕੁਮਾਰ ਹੀ ਹੈ।



ਇਹ ਵੇਰਵੇ ਆਨਲਾਈਨ ਡਾਇਰੈਕਟਰੀ ਦੇ ਸਫ਼ਾ ਨੰਬਰ 97 ਅਤੇ 98 ਉਪਰ ਦਰਜ ਹਨ। ਇਸ 177 ਸਫ਼ਿਆਂ ਦੀ ਆਨਲਾਈਨ ਟੈਲੀਫੋਨ ਡਾਇਰੈਕਟਰੀ ਮੁਤਾਬਕ ਅੱਜ ਵੀ ਯੋਜਨਾ ਕਮਿਸ਼ਨ ਦੇ ਚੇਅਰਮੈਨ ਡਾ. ਮਨਮੋਹਨ ਸਿੰਘ ਹਨ ਤੇ ਉਪ ਚੇਅਰਮੈਨ ਮੋਨਟੇਕ ਸਿੰਘ ਆਹਲੂਵਾਲੀਆ ਹਨ ਜਦਕਿ ਹਕੀਕੀ ਤੌਰ 'ਤੇ ਸ੍ਰੀ ਮੋਦੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਵਲੋਂ ਯੋਜਨਾ ਕਮਿਸ਼ਨ ਨੂੰ ਭੰਗ ਕਰਕੇ 'ਨੀਤੀ ਆਯੋਗ' ਕਾਇਮ ਕੀਤਾ ਗਿਆ ਹੈ। ਪੰਜਾਬ ਸਰਕਾਰ ਦੀ ਆਨਲਾਈਨ ਦੇ ਨਾਲ-ਨਾਲ 2015 ਦੀ ਪ੍ਰਿੰਟਡ ਡਾਇਰੀ ਵੀ ਅਕਾਲੀ ਸਰਕਾਰ ਦੀ ਭਾਜਪਾ ਨਾਲ ਮਨੋ-ਮਨੀ ਖਟਾਸ ਨੂੰ ਉਜਾਗਰ ਕਰਦੀ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਦੀ 2015 ਸਾਲ ਦੀ ਪ੍ਰਿੰਟਡ ਡਾਇਰੀ ਅੰਦਰਲੀ ਟੈਲੀਫੋਨ ਡਾਇਰੈਕਟਰੀ ਵਿਚ ਵੀ ਖਾਮੀਆਂ ਹਨ। ਇਸ ਦੇ ਸਫਾ 71 ਉਤੇ ਦਰਜ ਜਾਣਕਾਰੀ ਵਿਚ ਨੀਤੀ ਆਯੋਗ ਦਾ ਪੁਰਾਣਾ ਨਾਂ ਯੋਜਨਾ ਕਮਿਸ਼ਨ ਹੀ ਦਰਜ ਹੈ।

ਇਸ ਤੋਂ ਇਲਾਵਾ ਯੋਜਨਾ ਕਮਿਸ਼ਨ ਦੇ ਵੇਰਵਿਆਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਨਾਂ ਤਾਂ ਸਭ ਤੋਂ ਉਪਰ ਲਿਖਿਆ ਗਿਆ ਹੈ ਪਰ ਆਯੋਗ ਦੇ ਚੇਅਰਮੈਨ ਵਜੋਂ ਉਨ੍ਹਾਂ ਦੇ ਨਾਂ ਦਾ ਕੋਈ ਜ਼ਿਕਰ ਹੀ ਨਹੀਂ ਹੈ ਜਦਕਿ ਆਨਲਾਈਨ ਡਾਇਰੈਕਟਰੀ ਵਿਚ ਸਫਾ 97 ਉਤੇ ਯੋਜਨਾ ਕਮਿਸ਼ਨ ਦੇ ਵੇਰਵਿਆਂ ਵਿਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਨਾਂ ਨਾਲ ਬਾਕਾਇਦਾ ਤੌਰ 'ਤੇ ਅੰਗਰੇਜ਼ੀ ਵਿਚ 'ਪ੍ਰਧਾਨ ਮੰਤਰੀ/ਚੇਅਰਮੈਨ' ਦਰਜ ਹੈ।

ਸਰਕਾਰੀ ਸੂਤਰਾਂ ਅਨੁਸਾਰ ਸੂਚਨਾ ਤੇ ਲੋਕ ਸੰਪਰਕ ਵਿਭਾਗ ਵਲੋਂ ਡਿਜ਼ਾਇਨ ਆਨਲਾਈਨ ਡਾਇਰੈਕਟਰੀ ਸਰਕਾਰੀ ਵੈਬਸਾਈਟ ਉਤੇ 20 ਜੂਨ 2013 ਨੂੰ ਅਪਲੋਡ ਕੀਤੀ ਗਈ ਸੀ। ਪੰਜਾਬ ਸਰਕਾਰ ਵਲੋਂ ਲੋਕ ਸੰਪਰਕ ਵਿਭਾਗ ਨੂੰ ਸਮੇਂ ਦਾ ਹਾਣੀ ਬਣਾਉਣ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਵੈਬਸਾਈਟ ਉਤੇ ਦਰਜ ਜਾਣਕਾਰੀ ਪੁਰਾਣੀ ਹੈ।

# ਪੈਰੋਲ ਉਤੇ ਭੱਜੇ ਖਾੜਕੂ ਖਿਲਾਫ ਛੇ ਸਾਲਾਂ ਬਾਅਦ ਕੇਸ ਦਰਜ

**ਮੋਗਾ:** ਤਕਰੀਬਨ ਛੇ ਸਾਲ ਪਹਿਲਾਂ ਪੈਰੋਲ ਉਤੇ ਛੱਡਿਆ ਗਿਆ ਖਾੜਕੂ ਮਲੂਕ ਸਿੰਘ ਅਜੇ ਤੱਕ ਜੇਲ੍ਹ ਨਹੀਂ ਮੁੜਿਆ। ਜੇਲ੍ਹ ਵਿਭਾਗ ਜਾਗ ਪਿਆ ਹੈ ਤੇ ਹੁਣ ਉਸ ਖਿਲਾਫ ਅਪਰਾਧਿਕ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਮੋਗਾ ਦੇ ਐਸ.ਪੀ. (ਡੀ) ਹਰਜੀਤ ਪਨੂੰ ਨੇ ਦੱਸਿਆ ਕਿ ਅੰਮ੍ਰਿਤਸਰ ਜੇਲ੍ਹ ਦੇ ਸੁਪਰਡੈਂਟ ਨੇ ਇਸ ਸਾਲ 12 ਜਨਵਰੀ ਨੂੰ ਐਫ.ਆਈ.ਆਰ. ਦਰਜ ਕਰਨ ਦੀ ਬੇਨਤੀ ਕੀਤੀ ਸੀ, ਜਿਸ ਨੂੰ 28 ਜਨਵਰੀ ਨੂੰ ਧਰਮਕੋਟ ਪੁਲਿਸ ਹਵਾਲੇ ਕਰ ਦਿੱਤਾ ਸੀ। ਧਰਮਕੋਟ ਪੁਲਿਸ ਨੇ ਇਸ ਬਾਬਤ ਕੇਸ ਦਰਜ ਕੀਤਾ ਹੈ।

ਮਲੂਕ ਸਿੰਘ ਨੂੰ 28 ਮਈ 2009 ਨੂੰ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਤੋਂ ਮਹੀਨੇ ਲਈ ਪੈਰੋਲ 'ਤੇ ਰਿਹਾ ਕੀਤਾ ਸੀ। ਉਸ ਨੇ 26 ਜੂਨ 2009 ਨੂੰ ਜੇਲ੍ਹ ਵਿਚ ਹਾਜ਼ਰੀ ਦੇਣੀ ਸੀ ਪਰ ਉਹ ਅਜੇ ਤੱਕ ਨਹੀਂ ਮੁੜਿਆ। ਉਸ ਨੂੰ ਪਹਿਲਾਂ ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿਚ ਰੱਖਿਆ ਗਿਆ ਸੀ ਪਰ ਸੁਰੱਖਿਆ ਕਰਕੇ 29 ਨਵੰਬਰ 2003 ਨੂੰ ਅੰਮ੍ਰਿਤਸਰ ਤਬਦੀਲ ਕਰ ਦਿੱਤਾ ਸੀ। ਜ਼ਿਕਰਯੋਗ ਹੈ ਕਿ ਮਲੂਕ ਸਿੰਘ ਨੇ 1994 ਵਿਚ ਮੋਗਾ ਜ਼ਿਲ੍ਹੇ ਦੇ ਪਿੰਡ ਢੋਲੇਵਾਲ ਦੇ ਇਕ ਪਰਿਵਾਰ ਦੇ ਅੱਠ ਮੈਂਬਰਾਂ ਦਾ ਕਤਲ ਕਰ ਦਿੱਤਾ ਸੀ। ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ ਪਰ 1997 ਵਿਚ ਤਤਕਾਲੀ ਰਾਸ਼ਟਰਪਤੀ ਨੇ ਰਹਿਮ ਦੀ ਅਪੀਲ ਸਵੀਕਾਰ ਕਰਦਿਆਂ ਉਸ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਸੀ।

# ਬਾਦਲਾਂ ਦੀ ਬਿਨਾਂ ਕਾਗਜ਼ਾਂ ਵਾਲੀ ਬੱਸ ਦਾ ਕੱਟਿਆ ਚਲਾਨ

**ਦਸੂਹਾ:** ਸਥਾਨਕ ਪੁਲਿਸ ਨੇ ਬਾਦਲਾਂ ਦੀ ਮਾਲਕੀ ਵਾਲੀ ਮਰਸਡੀਜ਼ ਬੈਂਜ਼ ਬੱਸ ਸਰਵਿਸ ਕੰਪਨੀ ਦੀ ਬੱਸ ਦੇ ਡਰਾਈਵਰ ਕੋਲ ਕਾਗਜ਼ ਪੱਤਰ ਪੂਰੇ ਨਾ ਹੋਣ ਉਤੇ ਬੱਸ ਦਾ ਚਲਾਨ ਕੱਟ ਦਿੱਤਾ। ਜਾਣਕਾਰੀ ਅਨੁਸਾਰ ਏ.ਐਸ.ਪੀ. ਦਰੁਵ ਦਹੀਆ ਨੇ ਹੁਸ਼ਿਆਰਪੁਰ ਰੋਡ ਉਤੇ ਪੈਟ੍ਰੋਲਿੰਗ ਦੌਰਾਨ ਚੰਡੀਗੜ੍ਹ ਤੋਂ ਜੰਮੂ ਜਾ ਰਹੀ ਮਰਸਡੀਜ਼ ਬੈਂਜ਼ ਬੱਸ (ਨੰ. ਪੀ.ਬੀ-03 ਵਾਈ-8300) ਨੂੰ ਸਥਾਨਕ ਸਿਵਲ ਹਸਪਤਾਲ ਨੇੜੇ ਰੋਕ ਕੇ ਡਰਾਈਵਰ ਨੂੰ ਬੱਸ ਦੇ ਕਾਗਜ਼ ਚੈਕ ਕਰਵਾਉਣ ਲਈ ਕਿਹਾ ਪਰ ਡਰਾਈਵਰ ਕੋਲ ਬੱਸ ਦੇ ਰੂਟ ਪਰਮਿਟ, ਜੋ ਤਾਜ ਟਰੈਵਲ ਬਠਿੰਡਾ ਦੇ ਨਾਂ ਉਤੇ ਸੀ, ਤੋਂ ਇਲਾਵਾ ਹੋਰ ਕੋਈ ਦਸਤਾਵੇਜ਼ ਨਹੀਂ ਸਨ।

ਏ.ਐਸ.ਪੀ. ਨੇ ਦੱਸਿਆ ਕਿ ਡਰਾਈਵਰ ਕੋਲ ਬੱਸ ਦੀ ਆਰਸੀ ਤੇ ਲਾਇਸੈਂਸ ਵੀ ਨਹੀਂ ਸੀ ਤੇ ਨਾ ਹੀ ਉਸ ਨੇ ਸੀਟ ਬੈਲਟ ਲਗਾਈ ਹੋਈ ਸੀ। ਇਸ ਮਗਰੋਂ ਏ.ਐਸ.ਪੀ. ਨੇ ਐਸ.ਐਚ.ਓ. ਦਸੂਹਾ ਨੂੰ ਬੱਸ ਜ਼ਬਤ ਕਰਨ ਦੇ ਆਦੇਸ਼ ਦਿੱਤੇ ਪਰ ਐਸ.ਐਚ.ਓ. ਨੇ ਬੱਸ ਦਾ ਸਾਧਾਰਨ ਚਲਾਨ ਕੱਟ ਕੇ ਬੱਸ ਨੂੰ ਛੱਡ ਦਿੱਤਾ। ਸ੍ਰੀ ਦਹੀਆ ਨੇ ਇਸ ਉਤੇ ਐਸ.ਐਚ.ਓ. ਦੀ ਜਵਾਬਤਲਬੀ ਕਰਦਿਆਂ ਬੱਸ ਵਾਪਸ ਥਾਣੇ ਲਿਆ ਕੇ ਖੜ੍ਹੀ ਕਰਨ ਲਈ ਕਿਹਾ। ਐਸ.ਐਚ.ਓ. ਨੇ ਪਠਾਨਕੋਟ ਪਹੁੰਚ ਚੁੱਕੀ ਉਕਤ ਬੱਸ ਨੂੰ ਦਸੂਹਾ ਥਾਣੇ ਲਿਆ ਕੇ ਖੜ੍ਹੀ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਸਿਆਸੀ ਦਬਾਅ ਹੇਠ ਉਨ੍ਹਾਂ ਨੂੰ ਆਪਣੇ ਫਰਜ਼ਾਂ ਤੋਂ ਮੂੰਹ ਮੋੜਨ ਲਈ ਮਜਬੂਰ ਕੀਤਾ ਗਿਆ ਤਾਂ ਉਹ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਣਗੇ। 2011 ਬੈਚ ਦੇ ਆਈ.ਪੀ.ਐਸ. ਅਧਿਕਾਰੀ ਧਰੁਵ ਦਹੀਆ ਦੀ ਪਹਿਲੀ ਜੁਆਇਨਿੰਗ ਲੁਧਿਆਣਾ ਵਿਚ ਸੀ, ਪਰ ਉਥੇ ਨੋ ਪਾਰਕਿੰਗ ਵਿਚ ਲੱਗੀ ਹਾਈਕੋਰਟ ਦੇ ਜੱਜ ਦੀ ਕਾਰ ਦਾ ਚਲਾਨ ਕੱਟਣ ਦੇ ਚਾਰ ਦਿਨ ਮਗਰੋਂ ਉਨ੍ਹਾਂ ਦਾ ਤਬਾਦਲਾ ਦਸੂਹਾ ਕਰ ਦਿੱਤਾ ਗਿਆ ਸੀ।

## ਜਾਖੜ ਦੀ ਅਵੱਗਿਆ ਪਟੀਸ਼ਨ 'ਤੇ ਪੰਜਾਬ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੇ ਸੀਨੀਅਰ ਕਾਂਗਰਸੀ ਆਗੂ ਸੁਨੀਲ ਕੁਮਾਰ ਜਾਖੜ ਵਲੋਂ ਹਾਈਕੋਰਟ ਵਿਚ ਦਾਇਰ ਅਵੱਗਿਆ ਪਟੀਸ਼ਨ 'ਤੇ ਪੰਜਾਬ ਸਰਕਾਰ ਤੇ ਹੋਰਨਾਂ ਨੂੰ ਨੋਟਿਸ ਜਾਰੀ ਹੋ ਗਏ ਹਨ। ਉਨ੍ਹਾਂ ਦੇ ਵਕੀਲ ਸੁਰਿੰਦਰ ਪਾਲ ਸਿੰਘ ਟਿੰਨਾ ਵਲੋਂ ਇਸ ਪਟੀਸ਼ਨ ਰਾਹੀਂ ਰਾਜ ਸਰਕਾਰ ਖਾਸਕਰ ਸਥਾਨਕ ਸਰਕਾਰਾਂ ਵਿਭਾਗ ਦੇ ਸਕੱਤਰ ਅਸ਼ੋਕ ਗੁਪਤਾ ਨੂੰ ਸਿਧੇ ਤੌਰ ਉਤੇ ਜੁਆਬਦੇਹ ਬਣਾਉਂਦਿਆਂ ਪੰਜਾਬ ਵਿਚ ਅੱਗ ਬੁਝਾਊ ਪ੍ਰਬੰਧਾਂ ਬਾਰੇ ਹਾਈਕੋਰਟ ਦੇ ਹੁਕਮਾਂ ਦੀ ਵਾਰ-ਵਾਰ ਅਵੱਗਿਆ ਕਰਨ ਦੇ ਦੋਸ਼ ਲਗਾਏ ਗਏ ਹਨ। ਬੈਂਚ ਵਲੋਂ ਇਸ ਹੱਤਕ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਸਮੂਹ ਜੁਆਬਦੇਹ ਧਿਰਾਂ ਨੂੰ 17 ਜੁਲਾਈ ਲਈ ਨੋਟਿਸ ਜਾਰੀ ਕਰ ਦਿੱਤੇ ਗਏ।

# ਪਤਾਲਪੁਰੀ ਦੇ ਅਸਥਘਾਟ ਦੀ ਕਾਇਆ ਕਲਪ ਵਾਲਾ ਪ੍ਰਾਜੈਕਟ ਬਣਿਆ ਸੁਪਨਾ

**ਕੀਰਤਪੁਰ ਸਾਹਿਬ:** ਇਤਿਹਾਸਕ ਗੁਰਦੁਆਰਾ ਪਤਾਲਪੁਰੀ ਸਾਹਿਬ ਨੂੰ 'ਮਿੰਨੀ ਹਰਿਦੁਆਰ' ਵਰਗਾ ਬਣਾਉਣ ਦਾ ਸੁਪਨਾ 14 ਸਾਲਾ ਬਾਅਦ ਵੀ ਪੂਰਾ ਨਹੀਂ ਹੋ ਸਕਿਆ। ਲੰਮਾ ਸਮਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ 14 ਦਸੰਬਰ 2003 ਵਿਚ ਇਸ਼ਨਾਨਘਾਟ ਤੇ ਅਸਥਘਾਟ ਦੀ ਕਾਇਆ ਕਲਪ ਕਰਨ ਦੀ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਕਾਰ ਸੇਵਾ ਮੁਖੀ ਬਾਬਾ ਲਾਭ ਸਿੰਘ ਹੋਰਾਂ ਨੂੰ ਸੌਂਪੀ ਸੀ ਪਰ ਅਸਥਘਾਟ ਵਿਚ ਆਉਂਦੀ ਤਕਰੀਬਨ ਛੇ ਕਿੱਲੇ ਜ਼ਮੀਨ ਦਾ ਮਾਮਲਾ ਹੱਲ ਨਾ ਹੋਣ ਕਰਕੇ ਕਾਰ ਸੇਵਾ ਬੰਦ ਹੈ।

ਕਾਰ ਸੇਵਾ ਵਾਲੇ ਬਾਬਾ ਲਾਭ ਸਿੰਘ ਨੇ ਕੀਰਤਪੁਰ ਸਾਹਿਬ ਦੇ ਸ਼ਮਸ਼ਾਨਘਾਟ ਤੋਂ ਗੁਰਦੁਆਰਾ ਪਤਾਲਪੁਰੀ ਸਾਹਿਬ ਦੇ ਇਸ਼ਨਾਨਘਾਟ ਤੇ ਅਸਥਘਾਟ ਤੱਕ ਦਰਿਆ ਦੇ ਹਿੱਸੇ ਨੂੰ ਦੋਵੇਂ ਪਾਸੇ ਤੋਂ ਪੱਥਰਾਂ ਦੇ ਬੰਨ੍ਹ ਤੇ ਥੱਲੋਂ ਪੱਕਾ ਕਰਾ ਕੇ ਪੁਲ ਬਣਾਇਆ। ਜਨਾਨਾ ਤੇ ਮਰਦਾਨਾ ਦੋਵੇਂ ਇਸ਼ਨਾਨਘਾਟ ਤੇ ਪੌੜੀਆਂ ਵੀ ਬਣਾਈਆਂ। ਇਥੇ ਪਾਣੀ ਦੀ ਘਾਟ ਦੀ ਸਮੱਸਿਆ ਨੂੰ ਵੇਖਦੇ ਹੋਏ ਸਰੋਵਰ ਦਾ ਵੀ ਨਿਰਮਾਣ ਕਰਵਾਇਆ। ਇਸ ਨੂੰ ਅਸਥਘਾਟ ਤੋਂ ਅੱਗੇ ਸਤਲੁਜ ਦਰਿਆ ਦੇ ਦੋਵੇਂ ਪਾਸੇ ਲੋਹਡ ਖੱਡ ਨਾਲ ਮਿਲਾਉਣ ਲਈ ਚੈਨਲਾਈਜ਼ ਤੇ ਪੱਕਾ ਕਰਨ ਦੀ ਸੇਵਾ ਨਿੱਜੀ ਮਾਲਕਾਂ ਦੀ ਜ਼ਮੀਨ ਦਾ ਰੇੜਕਾ ਹੱਲ ਨਾ ਹੋਣ ਕਾਰਨ ਸਾਲ 2010 ਵਿਚ ਬੰਦ ਕਰ ਦਿੱਤੀ ਗਈ, ਜੋ ਮੁੜ ਸ਼ੁਰੂ ਨਹੀਂ ਹੋ ਸਕੀ। ਅਸਥਘਾਟ ਨਜ਼ਦੀਕ ਨਿੱਜੀ ਮਾਲਕਾਂ ਦੀ ਛੇ ਕਿੱਲੇ ਜ਼ਮੀਨ ਆਉਂਦੀ ਹੈ। ਇਹੀ ਜ਼ਮੀਨ ਸ਼੍ਰੋਮਣੀ ਕਮੇਟੀ ਨੂੰ ਅਧੂਰੀ ਕਾਰ ਸੇਵਾ ਮੁਕੰਮਲ ਕਰਨ ਲਈ ਲੋੜੀਂਦੀ ਹੈ। ਇਸ ਜ਼ਮੀਨ ਦੇ ਚਾਰ ਭਰਾ ਮਾਲਕ ਹਨ। ਇਨ੍ਹਾਂ ਵਿਚੋਂ ਤਿੰਨ ਭਰਾ ਆਪਣੀ 4 ਕਿੱਲੇ 6 ਕਨਾਲ ਜ਼ਮੀਨ ਸ਼੍ਰੋਮਣੀ ਕਮੇਟੀ ਨੂੰ ਦੇਣ ਲਈ ਤਿਆਰ ਹਨ। ਇਸ ਬਾਰੇ ਦੇਹਰਾਦੂਨ ਵਿਖੇ ਰਹਿੰਦੇ ਜ਼ਮੀਨ ਦੇ ਮਾਲਕ ਬਰਜਿੰਦਰਪਾਲ ਸਿੰਘ ਰਾਣਾ ਦਾ ਕਹਿਣਾ ਹੈ ਕਿ ਜੇਕਰ ਸ਼੍ਰੋਮਣੀ ਕਮੇਟੀ ਵਾਜਬ ਮੁੱਲ ਦੇਵੇ ਤਾਂ ਉਹ ਤਿੰਨੇ ਭਰਾ ਜ਼ਮੀਨ ਦੇਣ ਲਈ ਤਿਆਰ ਹਨ। ਦੱਸਿਆ ਜਾ ਰਿਹਾ ਹੈ ਕਿ ਹੁਣ ਤੱਕ ਵਾਜਬ ਮੁੱਲ ਨਾ ਦੇਣ ਕਾਰਨ ਕਮੇਟੀ ਇਹ ਜ਼ਮੀਨ ਪ੍ਰਾਪਤ ਨਹੀਂ ਕਰ ਪਾ ਰਹੀ।

ਜ਼ਮੀਨੀ ਵਿਵਾਦ ਕਾਰਨ ਕਾਰ ਸੇਵਾ ਬੰਦ



ਇਹ ਜ਼ਮੀਨ ਪ੍ਰਾਪਤ ਕਰਨ ਨਾਲ ਅਨੰਦਪੁਰ ਸਾਹਿਬ ਹਾਈਡਲ ਚੈਨਲ ਦਾ ਜਿਹੜਾ ਫਾਲਤੂ ਪਾਣੀ ਨੱਕੀਆਂ ਖੱਡ ਵਿਚ ਸੁੱਟਿਆ ਗਿਆ ਹੈ, ਉਸ ਦਾ ਪਤਾਲਪੁਰੀ ਦੇ ਇਸ਼ਨਾਨਘਾਟ ਤੇ ਅਸਥਘਾਟ ਤੱਕ ਵਹਾਅ ਸਹੀ ਹੋ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਪਿਛਲੇ ਦਿਨੀਂ ਗੁਰਦੁਆਰਾ ਬਾਬਾ ਗੁਰਦਿੱਤਾ ਜੀ ਵਿਖੇ ਮੱਥਾ ਟੇਕਣ ਮਗਰੋਂ ਕਿਹਾ ਸੀ ਕਿ ਇਸ ਜ਼ਮੀਨ ਦਾ ਮਸਲਾ ਛੇਤੀ ਹੱਲ ਕਰ ਲਿਆ ਜਾਵੇਗਾ ਪਰ ਇਸ ਦੇ ਬਾਵਜੂਦ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਇਸ ਬਾਰੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਜ਼ਮੀਨ ਦਾ ਮਸਲਾ ਹੱਲ ਕਰਨ ਲਈ ਜਥੇਦਾਰ ਸੁਖਦੇਵ ਸਿੰਘ ਭੌਰ ਦੀ ਅਗਵਾਈ ਹੇਠ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ। ਇਹ ਕਮੇਟੀ ਹੀ ਜ਼ਮੀਨ ਲੈਣ ਬਾਰੇ ਕੋਈ ਫੈਸਲਾ ਲੈ ਸਕਦੀ ਹੈ। ਉਨ੍ਹਾਂ ਕਿਹਾ ਕਿ ਅਜੇ ਤੱਕ ਇਹ ਮਸਲਾ ਏਜੰਡੇ ਵਿਚ ਨਹੀਂ ਆਇਆ, ਜਦੋਂ ਏਜੰਡੇ ਵਿਚ ਆਏਗਾ, ਉਸ ਮਗਰੋਂ ਇਸ ਉਤੇ ਵਿਚਾਰ ਕੀਤਾ ਜਾ ਸਕਦਾ ਹੈ।

# ਯੂ.ਕੇ. ਚੋਣਾਂ: ਸਿੱਖ ਵੋਟਰਾਂ ਨੇ ਉਲਝਾਈ ਸਿਆਸੀ ਧਿਰਾਂ ਦੀ ਤਾਣੀ

**ਲੰਡਨ:** ਯੂ.ਕੇ. ਦੀਆਂ ਆਮ ਚੋਣਾਂ ਵਿਚ ਇਸ ਵਾਰ ਸਿੱਖ ਵੋਟਰਾਂ ਨੇ ਸਿਆਸੀ ਧਿਰਾਂ ਦੀ ਤਾਣੀ ਉਲਝਾਈ ਹੋਈ ਹੈ। ਵੋਟ ਕਿਸ ਧਿਰ ਨੂੰ ਪਾਈ ਜਾਵੇ, ਇਸ ਬਾਰੇ ਫ਼ਿਲਹਾਲ ਸਿੱਖਾਂ ਦੀ ਕੋਈ ਸਪਸ਼ਟ ਰਾਏ ਸਾਹਮਣੇ ਨਹੀਂ ਆ ਰਹੀ। ਆਮ ਤੌਰ ਉਤੇ ਇਹੋ ਮੰਨਿਆ ਜਾਂਦਾ ਹੈ ਕਿ ਹੋਰ ਘੱਟ-ਗਿਣਤੀਆਂ ਵਾਂਗ ਸਿੱਖ ਵੀ ਲੇਬਰ ਪਾਰਟੀ ਦੇ ਹੱਕ ਵਿਚ ਭੁਗਤਣਗੇ ਪਰ ਇਕ ਤਾਜ਼ਾ ਸਰਵੇਖਣ ਨੇ ਇਸ ਧਾਰਨਾ ਨੂੰ ਗ਼ਲਤ ਸਾਬਤ ਕਰ ਦਿੱਤਾ ਹੈ। ਯੂ.ਕੇ. ਵਿਚ ਸਿੱਖਾਂ ਦੀ ਵੱਡੀ ਵਸੋਂ ਹੋਣ ਕਾਰਨ ਸਿੱਖ ਵੋਟ ਇਥੇ ਕਾਫ਼ੀ ਅਹਿਮੀਅਤ ਰੱਖਦੀ ਹੈ। ਸਾਲ 2011 ਦੀ ਮਰਦਮਸ਼ੁਮਾਰੀ ਮੁਤਾਬਕ ਇੰਗਲੈਂਡ ਵਿਚ ਸਿੱਖਾਂ ਦੀ ਆਬਾਦੀ 4,20,196 ਸੀ ਤੇ ਵੇਲਜ਼ ਵਿਚ ਇਹ ਗਿਣਤੀ 2,962 ਸੀ। ਯੂ.ਕੇ. ਵਿਚ ਸਿੱਖਾਂ ਦਾ ਪਲਾਇਨ ਸਠਵਿਆਂ ਦੌਰਾਨ ਸਭ ਤੋਂ ਵੱਧ ਹੋਇਆ।

ਸਰਵੇਖਣ ਵਿਚ ਉਂਜ 16 ਫ਼ੀਸਦੀ ਸਿੱਖਾਂ ਨੇ ਸੱਤਾ ਧਿਰ ਨੂੰ ਵੋਟ ਪਾਉਣ ਦੀ ਇੱਛਾ ਪ੍ਰਗਟਾਈ ਹੈ। ਦੇਸ਼ ਵਿਚ ਆਮ ਚੋਣਾਂ ਪੰਜ ਸਾਲ ਬਾਅਦ ਆਉਂਦੀ 7 ਮਈ ਨੂੰ ਹੋ ਸਕਦੀਆਂ ਹਨ। ਇਥੋਂ ਦੀਆਂ ਦੋ ਸਭ ਤੋਂ ਵੱਡੀਆਂ ਸਿਆਸੀ ਪਾਰਟੀਆਂ ਕੰਜ਼ਰਵੇਟਿਵ ਪਾਰਟੀ ਤੇ ਲੇਬਰ ਪਾਰਟੀ ਹਨ। ਮੌਜੂਦਾ ਪ੍ਰਧਾਨ ਮੰਤਰੀ ਡੇਵਿਡ ਕੈਮਰੋਨ ਕੰਜ਼ਰਵੇਟਿਵ ਪਾਰਟੀ ਨਾਲ ਸਬੰਧਤ ਹਨ।

ਬੀਤੇ ਦਿਨੀਂ ਵੈਸਟਮਿਨਸਟਰ ਵਿਖੇ ਜਾਰੀ ਹੋਈ '2015 ਬ੍ਰਿਟਿਸ਼ ਸਿੱਖ ਰਿਪੋਰਟ' ਮੁਤਾਬਕ ਇਥੇ ਵੱਸਦੇ 40 ਫ਼ੀਸਦੀ ਸਿੱਖ ਫ਼ਿਲਹਾਲ ਇਹ ਫ਼ੈਸਲਾ ਨਹੀਂ ਕਰ ਸਕੇ ਕਿ ਆਉਣ ਵਾਲੀਆਂ




ਆਮ ਚੋਣਾਂ ਵਿਚ ਉਹ ਕਿਸ ਪਾਰਟੀ ਨੂੰ ਵੋਟ ਦੇਣਗੇ। ਸਿੱਖਾਂ ਦੀ ਰਾਏ ਜਾਣਨ ਲਈ ਹੋਏ ਆਨ ਲਾਈਨ ਸਰਵੇਖਣ ਵਿਚ 10,000 ਤੋਂ ਵੱਧ ਸਿੱਖਾਂ ਨੇ ਹਿੱਸਾ ਲਿਆ।

ਹਿੱਸਾ ਲੈਣ ਵਾਲੇ ਜ਼ਿਆਦਾਤਰ ਸਿੱਖਾਂ ਦੀ ਉਮਰ 20 ਤੋਂ 40 ਵਿਚਕਾਰ ਹੈ। ਸਰਵੇਖਣ ਦਾ ਜਵਾਬ ਦੇਣ ਵਾਲੇ ਸਿੱਖਾਂ ਵਿਚੋਂ 31 ਫ਼ੀਸਦੀ ਨੇ ਲੇਬਰ ਪਾਰਟੀ ਨੂੰ ਵੋਟ ਦੇਣ ਦੀ ਇੱਛਾ ਪ੍ਰਗਟ ਕੀਤੀ ਜਦਕਿ 16 ਫ਼ੀਸਦੀ ਕੰਜ਼ਰਵੇਟਿਵ, 4 ਫ਼ੀਸਦੀ ਨੇ ਗਰੀਨ, 3 ਫ਼ੀਸਦੀ ਨੇ ਯੂ.ਕੇ.ਆਈ.ਪੀ. ਤੇ ਇਕ ਫ਼ੀਸਦੀ ਨੇ ਲਿਬਰਲ ਡੈਮੋਕਰੈਟਿਕ ਪਾਰਟੀ ਨੂੰ ਚੁਣਨ ਦਾ ਇਰਾਦਾ ਦਰਸਾਇਆ। ਬਹੁਤੇ ਸਿੱਖਾਂ ਨੇ ਦੱਸਿਆ ਹੀ ਨਹੀਂ ਕਿ ਉਹ ਕਿਸ ਪਾਰਟੀ ਨੂੰ ਵੋਟ ਪਾਉਣਗੇ। ਇਸ ਰਿਪੋਰਟ ਦੇ ਕਰਤਾ-ਧਰਤਾ ਜਸਵੀਰ ਸਿੰਘ ਨੇ ਨਤੀਜਿਆਂ ਨੂੰ ਪਹਿਲਾਂ ਨਾਲੋਂ ਅਲੱਗ ਦਸਦਿਆਂ ਕਿਹਾ ਕਿ 16 ਫ਼ੀਸਦੀ ਸਿੱਖਾਂ ਦਾ ਕੰਜ਼ਰਵੇਟਿਵ ਵੱਲ ਝੁਕਾਅ ਸੱਚਮੁਚ ਹੈਰਾਨੀਜਨਕ ਹੈ ਕਿਉਂਕਿ ਅਕਸਰ ਇਹੀ ਸੋਚਿਆ ਜਾਂਦਾ ਸੀ ਕਿ ਘੱਟ-ਗਿਣਤੀਆਂ ਦੀ ਮਨਪਸੰਦ ਪਾਰਟੀ ਲੇਬਰ ਹੈ। ਉਨ੍ਹਾਂ ਕਿਹਾ ਕਿ ਇਹ ਨਤੀਜੇ ਦਰਸਾਉਂਦੇ ਹਨ ਕਿ ਸਿੱਖ ਲੀਹ ਤੋਂ ਹਟ ਕੇ ਆਪਣੇ ਬਲਬੂਤੇ ਸਿਆਸੀ ਪਾਰਟੀਆਂ ਨਾਲ ਜੁੜ ਰਹੇ ਹਨ ਤੇ ਅਪਣੇ ਵੋਟ ਇਰਾਦੇ ਬਦਲ ਰਹੇ ਹਨ। ਸਰਵੇਖਣ ਵਿਚ ਹਿੱਸਾ ਲੈਣ ਵਾਲੇ ਡਰਬੀ ਦੇ ਸਿੱਖ ਓਂਕਾਰ ਸਿੰਘ ਨੇ ਕਿਹਾ ਕਿ ਉਹ ਕੰਜ਼ਰਵੇਟਿਵ ਪਾਰਟੀ ਨੂੰ ਵੋਟ ਦੇਣਗੇ ਕਿਉਂਕਿ ਇਸ ਪਾਰਟੀ ਦੀ ਅਗਵਾਈ ਮਜ਼ਬੂਤ ਹੱਥਾਂ ਵਿਚ ਹੈ ਪਰ ਇਥੋਂ ਦੇ ਰਹਿਣ ਵਾਲੇ ਕੀਰਤ ਆਹਲੂਵਾਲੀਆਂ ਨੇ ਕਿਹਾ ਕਿ ਉਹ ਲੇਬਰ ਪਾਰਟੀ ਦੇ ਹੱਕ ਵਿਚ ਹੀ ਭੁਗਤਣਗੇ। ਕੰਜ਼ਰਵੇਟਿਵ ਪਾਰਟੀ ਦੀ ਸੰਸਦ ਮੈਂਬਰ ਪ੍ਰੀਤੀ ਪਟੇਲ ਨੇ ਇਨ੍ਹਾਂ ਨਤੀਜਿਆਂ ਦਾ ਸਵਾਗਤ ਕੀਤਾ ਹੈ।

ਮਾਹਰਾਂ ਮੁਤਾਬਕ ਇਸ ਸਰਵੇਖਣ ਨੂੰ ਸਿਰਫ ਇਕ ਨਮੂਨਾ ਨਹੀਂ ਮੰਨਣਾ ਚਾਹੀਦਾ ਕਿਉਂਕਿ ਇਹ ਸਰਵੇਖਣ ਬਦਲ ਰਹੇ ਸਿੱਖ ਮਨਾਂ ਦੀ ਅਸਲ ਤਸਵੀਰ ਪੇਸ਼ ਕਰਦਾ ਹੈ। 1984 ਵੇਲੇ ਹਰਿਮੰਦਰ ਸਾਹਿਬ ਉਤੇ ਹੋਏ ਹਮਲੇ ਵਿਚ ਬਰਤਾਨੀਆ ਦੀ ਸ਼ਮੂਲੀਅਤ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ 31 ਫ਼ੀਸਦੀ ਸਿੱਖਾਂ ਨੇ ਮੰਗ ਕੀਤੀ ਕਿ ਇਸ ਘਟਨਾਕ੍ਰਮ ਦੀ ਮੁੜ-ਜਾਂਚ ਹੋਣੀ ਚਾਹੀਦੀ ਹੈ। 74 ਫ਼ੀਸਦੀ ਸਿੱਖਾਂ ਨੇ ਇਹ ਵੀ ਮੰਗ ਕੀਤੀ ਕਿ ਮੀਟ ਦੇ ਪੈਕਟਾਂ ਉਪਰ ਇਹ ਲਿਖਿਆ ਹੋਣਾ ਜ਼ਰੂਰੀ ਹੈ ਕਿ ਉਹ ਹਲਾਲ ਹੈ ਜਾਂ ਕੋਸ਼ੇਰ।


## ਪਿੰਡਾਂ ਦੇ ਆਰਥਿਕ ਤੇ ਸਮਾਜਕ ਵਿਕਾਸ ਲਈ ਰਾਸ਼ਟਰਪਤੀ ਵਲੋਂ ਅਨੂਠਾ ਸੁਝਾਅ

**ਚੰਡੀਗੜ੍ਹ:** ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਦੇਸ਼ ਭਰ ਦੀਆਂ ਵਿਦਿਅਕ ਸੰਸਥਾਵਾਂ ਨੂੰ ਆਰਥਿਕ ਤੇ ਸਮਾਜਕ ਵਿਕਾਸ ਲਈ ਪੰਜ-ਪੰਜ ਪਿੰਡਾਂ ਨੂੰ ਅਪਨਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਿਦਿਅਕ ਸੰਸਥਾਵਾਂ ਪਿੰਡਾਂ ਨੂੰ ਨਮੂਨੇ ਦੇ ਪਿੰਡਾਂ ਵਜੋਂ ਵਿਕਸਤ ਕਰਨ ਦੀ ਸਮਰੱਥਾ ਰੱਖਦੀਆਂ ਹਨ ਤੇ ਯੂਨੀਵਰਸਿਟੀਆਂ ਨੂੰ ਇਸ ਲਈ ਰੋਲ ਮਾਡਲ ਵਜੋਂ ਅੱਗੇ ਆਉਣਾ ਚਾਹੀਦਾ ਹੈ।

ਸ੍ਰੀ ਮੁਖਰਜੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ 64ਵੀਂ ਸਾਲਾਨਾ ਕਨਵੋਕੇਸ਼ਨ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ 'ਸਵੱਛ ਭਾਰਤ' ਤੇ 'ਡਿਜੀਟਲ ਇੰਡੀਆ' ਯੋਜਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਵਿਦਿਅਕ ਸੰਸਥਾਵਾਂ ਪਿੰਡਾਂ ਦੇ ਵਿਕਾਸ ਤੋਂ ਅੱਗੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਵੀ ਅੱਗੇ ਆਉਣ ਤੇ ਪਿੰਡਾਂ ਨੂੰ ਸੂਚਨਾ ਤਕਨਾਲੋਜੀ ਨਾਲ ਜੋੜਨ ਦੀ ਜ਼ਿੰਮੇਵਾਰੀ ਵੀ ਆਪਣੇ ਸਿਰ ਲੈਣ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀਆਂ ਇਸ ਲਈ ਪਹਿਲ ਕਰਨ ਤੇ ਬਾਅਦ ਵਿਚ ਦੂਜੇ ਵਿਦਿਅਕ ਅਦਾਰੇ ਵੀ ਮਗਰ-ਮਗਰ ਇਸੇ ਰਾਹ 'ਤੇ ਤੁਰਨ। ਰਾਸ਼ਟਰਪਤੀ ਮੁਖਰਜੀ ਨੇ ਯੂਨੀਵਰਸਿਟੀਆਂ ਨੂੰ ਸਿਲੇਬਸ 21ਵੀਂ ਸਦੀ ਦੇ ਹਾਣ ਦਾ ਬਣਾਉਣ ਦੀ ਸਲਾਹ ਦਿੰਦਿਆਂ ਕਿਹਾ ਕਿ ਇਸ ਵਿਚ ਸਮੇਂ-ਸਮੇਂ ਸਿਰ ਬਦਲਾਅ ਕਰਦੇ ਰਹਿਣਾ ਚਾਹੀਦਾ ਹੈ। ਸ੍ਰੀ ਮੁਖਰਜੀ ਨੇ ਕਿਹਾ ਕਿ ਇੰਡਸਟਰੀ ਨੂੰ ਖੋਜ ਵਿਚ ਭਾਈਵਾਲ ਬਣਾ ਕੇ ਸਨਅਤ ਨੂੰ ਸਿਲੇਬਸ ਵਿਚ ਸ਼ਾਮਲ ਕੀਤਾ ਜਾਵੇ।

## ਭਗਤ ਸਿੰਘ ਦੇ ਜੱਦੀ ਪਿੰਡ ਨੂੰ ਆਦਰਸ਼ ਗ੍ਰਾਮ ਯੋਜਨਾ ਵਜੋਂ ਅਪਨਾਵੇਗਾ ਕੇਂਦਰ

**ਨਵਾਂ ਸ਼ਹਿਰ:** ਭਾਰਤ ਸਰਕਾਰ ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਨੂੰ ਅਪਨਾਇਆ ਜਾਵੇਗਾ ਤੇ ਇਸ ਦਾ 'ਸਾਂਸਦ ਆਦਰਸ਼ ਗ੍ਰਾਮ ਯੋਜਨਾ' ਦੀ ਤਰਜ਼ ਉਤੇ ਸਰਬ ਪੱਖੀ ਵਿਕਾਸ ਕੀਤਾ ਜਾਵੇਗਾ।



ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਮਾਮਲਾ ਵਾਰ-ਵਾਰ ਕੇਂਦਰ ਸਰਕਾਰ ਤੇ ਸੰਸਦ ਵਿਚ ਉਠਾਇਆ। ਹੁਣ ਪਟਿਆਲਾ ਵਿਖੇ ਕਿਸਾਨ ਮੇਲੇ ਵਿਚ ਸ਼ਿਰਕਤ ਕਰਨ ਆਏ ਕੇਂਦਰੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਚੌਧਰੀ ਬਰਿੰਦਰ ਸਿੰਘ ਕੋਲ ਇਹ ਮਾਮਲਾ ਫੇਰ ਉਠਾਏ ਜਾਣ 'ਤੇ ਉਨ੍ਹਾਂ ਖਟਕੜ ਕਲਾਂ ਨੂੰ ਆਦਰਸ਼ ਗਰਾਮ ਵਜੋਂ ਭਾਰਤ ਸਰਕਾਰ ਵਲੋਂ ਅਪਨਾਏ ਜਾਣ ਦੀ ਸਿਧਾਂਤਕ ਸਹਿਮਤੀ ਦਿੰਦਿਆਂ, ਇਸ ਬਾਰੇ ਲੋੜੀਂਦਾ ਐਲਾਨ ਆਉਂਦੇ ਦਿਨਾਂ ਵਿਚ ਕਰਨ ਦਾ ਭਰੋਸਾ ਦਿੱਤਾ। ਇਸ ਤੋਂ ਪਹਿਲਾਂ ਉਨ੍ਹਾਂ ਬੰਗਾ ਵਿਖੇ ਹਲਕਾ ਇੰਚਾਰਜ ਤੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਡਾ. ਸੁਖਵਿੰਦਰ ਕੁਮਾਰ ਸੁੱਖੀ ਨਾਲ ਇਕ ਮੀਟਿੰਗ ਨੂੰ ਵੀ ਸੰਬੋਧਨ ਕੀਤਾ ਜਿਸ ਵਿਚ 23 ਮਾਰਚ ਨੂੰ ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਹੋਣ ਵਾਲੇ ਰਾਜ ਪੱਧਰੀ ਸਮਾਗਮ ਦੀ ਤਿਆਰੀ ਲਈ ਆਗੂਆਂ ਤੇ ਵਰਕਰਾਂ ਦੀਆਂ ਡਿਊਟੀਆਂ ਵੀ ਲਾਈਆਂ ਗਈਆਂ।

DHOL RADIO
WEBSITE - DHOLRADIO.CO
DHOL RADIO
ਪਿੰਡ ਤੋ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL MULTI SERVICES
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਪੰਜਾਬ ਵਿਚ ਉਚੇਰੀ ਸਿੱਖਿਆ ਦਾ ਹੁਣ ਰੱਬ ਰਾਖਾ

**ਚੰਡੀਗੜ੍ਹ:** ਪੰਜਾਬ ਵਿਚ ਉਚੇਰੀ ਸਿੱਖਿਆ ਬਿਲਕੁਲ ਹੇਠਲੇ ਪੱਧਰ ਉਤੇ ਆ ਪਹੁੰਚੀ ਹੈ। ਇਸ ਵੇਲੇ ਵਿਭਾਗ ਵਿਚ 8134 ਹੈਡ ਟੀਚਰਾਂ ਦੀਆਂ ਅਸਾਮੀਆਂ, 1500 ਸੈਂਟਰ ਹੈਡ ਟੀਚਰਾਂ ਤੇ 228 ਬਲਾਕ ਸਿੱਖਿਆ ਅਫਸਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ, ਜਿਨ੍ਹਾਂ ਵਿਚੋਂ 25 ਫੀਸਦੀ ਦੇ ਹਿਸਾਬ ਨਾਲ 2033 ਹੈਡ ਟੀਚਰਾਂ, 375 ਸੈਂਟਰ ਹੈਡ ਟੀਚਰ ਤੇ 57 ਬਲਾਕ ਸਿੱਖਿਆ ਅਫਸਰਾਂ ਦੀਆਂ ਅਸਾਮੀਆਂ ਸਿੱਧੀ ਭਰਤੀ ਲਈ ਖਾਲੀ ਹਨ। ਸੂਬੇ ਦੇ ਤਿੰਨ ਗੌਰਮਿੰਟ ਕਾਲਜ ਬਗੈਰ ਅਧਿਆਪਕਾਂ ਤੋਂ ਚੱਲ ਰਹੇ ਹਨ ਤੇ ਅੱਧੀ ਦਰਜਨ ਕਾਲਜਾਂ ਵਿਚ ਇਕ-ਇਕ ਅਧਿਆਪਕ ਲਾਇਆ ਗਿਆ ਹੈ।




ਪ੍ਰਿੰਸੀਪਲਾਂ ਦੀਆਂ 48 ਅਸਾਮੀਆਂ ਵਿਚੋਂ 20 ਖਾਲੀ ਹਨ। ਚਾਰ ਪ੍ਰਿੰਸੀਪਲਾਂ ਨੂੰ ਤਿੰਨ-ਤਿੰਨ ਕਾਲਜਾਂ ਦਾ ਚਾਰਜ ਦਿੱਤਾ ਹੋਇਆ ਹੈ। ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਦੇ ਪ੍ਰਿੰਸੀਪਲ ਨੇ ਡੀ.ਪੀ.ਆਈ. ਨੂੰ ਪੱਤਰ ਲਿਖ ਕੇ ਇੰਨਾ ਭਾਰ ਚੁੱਕਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਗੌਰਮਿੰਟ ਰਾਜਿੰਦਰਾ ਕਾਲਜ ਬਠਿੰਡਾ ਦੇ ਪ੍ਰਿੰਸੀਪਲ ਵੀ.ਕੇ. ਗੋਇਲ ਕੋਲ ਗੌਰਮਿੰਟ ਕਾਲਜ ਜਲਾਲਾਬਾਦ, ਗੌਰਮਿੰਟ ਕਾਲਜ ਸਰਦਾਰਗੜ੍ਹ, ਗੌਰਮਿੰਟ ਕਾਲਜ ਫਾਜ਼ਿਲਕਾ ਤੇ ਸਟੇਟ ਲਾਇਬ੍ਰੇਰੀ ਬਠਿੰਡਾ ਦਾ ਵਾਧੂ ਚਾਰਜ ਹੈ। ਗੌਰਮਿੰਟ ਕਾਲਜ ਫਰੀਦਕੋਟ ਦੇ ਪ੍ਰਿੰਸੀਪਲ ਏ.ਕੇ. ਵਰਮਾ ਸਰਕਾਰੀ ਸਿੱਖਿਆ ਕਾਲਜ ਤੋਂ ਇਲਾਵਾ ਗੌਰਮਿੰਟ ਕਾਲਜ ਫ਼ਾਜ਼ਿਲਕਾ ਤੇ ਸਰਕਾਰੀ ਕਾਲਜ ਸਰਦੂਲਗੜ੍ਹ ਦਾ ਕੰਮ ਵੀ ਸੰਭਾਲ ਰਹੇ ਹਨ। ਲਾਲਾ ਲਾਜਪਤ ਰਾਏ ਸਰਕਾਰੀ ਕਾਲਜ ਜਗਰਾਉਂ ਦੀ ਪ੍ਰਿੰਸੀਪਲ ਮਨਜਿੰਦਰ ਕੌਰ ਗਰੇਵਾਲ ਗੌਰਮਿੰਟ ਕਾਲਜ ਜ਼ੀਰਾ ਤੇ ਗੌਰਮਿੰਟ ਕਾਲਜ ਢੁਡੀਕੇ ਦਾ ਵਾਧੂ ਕੰਮ ਦੇਖ ਰਹੀ ਹੈ। ਦੋ-ਦੋ ਕਾਲਜਾਂ ਦਾ ਕੰਮ ਚਲਾਉਣ ਵਾਲੇ ਪ੍ਰਿੰਸੀਪਲਾਂ ਦੀ ਗਿਣਤੀ ਵੱਖਰੀ ਹੈ।

ਜਾਣਕਾਰੀ ਮੁਤਾਬਕ ਪ੍ਰਿੰਸੀਪਲਾਂ ਦੀਆਂ 75 ਫੀਸਦੀ ਅਸਾਮੀਆਂ ਪਦ ਉਨਤੀ ਰਾਹੀਂ ਤੇ 25 ਪ੍ਰਤੀਸ਼ਤ ਸਿੱਧੀ ਭਰਤੀ ਰਾਹੀ ਭਰੀਆਂ ਜਾਂਦੀਆਂ ਹਨ। ਪਿਛਲੇ ਡੇਢ ਦਹਾਕੇ ਤੋਂ ਸਿੱਧੀ ਭਰਤੀ ਨਹੀਂ ਕੀਤੀ ਗਈ। ਤਰੱਕੀ ਦੀਆਂ ਪੋਸਟਾਂ ਭਰਨ ਵਾਸਤੇ 23 ਸਤੰਬਰ ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਹੋਈ ਸੀ ਤੇ ਇਸ ਵਿਚ ਸੀਨੀਅਰ ਲੈਕਚਰਾਰਾਂ ਨੂੰ ਪਦ ਉਨਤ ਕਰਕੇ ਪ੍ਰਿੰਸੀਪਲ ਬਣਾ ਦਿੱਤਾ ਗਿਆ ਸੀ। ਛੇ ਮਹੀਨੇ ਪਹਿਲਾਂ ਡੀ.ਪੀ.ਸੀ. ਦੀ ਮੀਟਿੰਗ ਹੋਣ ਦੇ ਬਾਵਜੂਦ ਪ੍ਰਿੰਸੀਪਲ ਵਜੋਂ ਤਰੱਕੀ ਨਹੀਂ ਦਿੱਤੀ ਗਈ ਹੈ। ਪਦ ਉਨਤੀ ਲਈ ਪਿਛਲੇ ਪੰਜ ਸਾਲਾਂ ਦੀਆਂ ਗੁਪਤ ਰਿਪੋਰਟਾਂ ਵਿਚੋਂ ਬਾਰਾਂ ਅੰਕ ਲੈਣੇ ਜ਼ਰੂਰੀ ਕੀਤਾ ਗਿਆ ਹੈ ਤੇ ਜਿਹੜੇ ਸੀਨੀਅਰ ਲੈਕਚਰਾਰਾਂ ਨੂੰ ਪਦ ਉਨਤ ਕੀਤਾ ਗਿਆ ਹੈ ਉਹ ਬਾਰਾਂ ਅੰਕ ਲੈਣ ਦੀ ਸ਼ਰਤ ਪੂਰੀ ਕਰਦੇ ਹਨ। ਸਰਕਾਰੀ ਕਾਲਜਾਂ ਵਿਚ ਅਧਿਆਪਕਾਂ ਦੀਆਂ 1073 ਮਨਜ਼ੂਰਸ਼ੁਦਾ ਆਸਾਮੀਆਂ ਹਨ ਤੇ ਇਨ੍ਹਾਂ ਵਿਚੋਂ 1050 ਖਾਲੀ ਪਈਆਂ ਹਨ। ਅੱਧੀ ਦਰਜਨ ਕਾਲਜ ਅਜਿਹੇ ਹਨ ਜਿਥੇ ਇਕ ਵੀ ਰੈਗੂਲਰ ਅਧਿਆਪਕ ਨਹੀਂ ਹੈ ਤੇ ਗੈਸਟ ਫੈਕਲਟੀ ਨਾਲ ਕੰਮ ਰੇੜ੍ਹਿਆ ਜਾ ਰਿਹਾ ਹੈ। ਇਕ-ਇਕ ਜਾਂ ਦੋ-ਦੋ ਅਧਿਆਪਕਾਂ ਦੀ ਗਿਣਤੀ ਵਾਲੇ ਕਾਲਜਾਂ ਦੀ ਗਿਣਤੀ ਵੀ ਦਸ ਦੇ ਕਰੀਬ ਹੈ। ਜਿਹੜੇ ਅਧਿਆਪਕ ਰੱਖੇ ਵੀ ਗਏ ਹਨ ਉਨ੍ਹਾਂ ਨੂੰ ਟੁੱਟਵੀਂ ਤਨਖਾਹ ਮਿਲ ਰਹੀ ਹੈ।

ਉਚ ਸਿੱਖਿਆ ਵਿਭਾਗ ਦੇ ਰਿਕਾਰਡ ਅਨੁਸਾਰ ਗੌਰਮਿੰਟ ਕਾਲਜ ਕਾਲਾ ਅਫਗਾਨਾ, ਗੌਰਮਿੰਟ ਕਾਲਜ ਨਿਆਲ ਪਾਤੜਾਂ ਤੇ ਗੌਰਮਿੰਟ ਕਾਲਜ ਜ਼ੀਰਾ ਵਿਚ ਇਕ ਵੀ ਰੈਗੂਲਰ ਅਧਿਆਪਕ ਨਹੀਂ ਹੈ ਤੇ ਆਰਜ਼ੀ ਸਟਾਫ ਨਾਲ ਕੰਮ ਚਲਾਇਆ ਜਾ ਰਿਹਾ ਹੈ। ਜਿਨ੍ਹਾਂ ਗੌਰਮਿੰਟ ਕਾਲਜਾਂ ਵਿਚ ਇਕ-ਇਕ ਰੈਗੂਲਰ ਅਧਿਆਪਕ ਹੈ ਉਨ੍ਹਾਂ ਵਿਚ ਸਰਕਾਰੀ ਕਾਲਜ ਜੰਡਿਆਲਾ, ਸਰਕਾਰੀ ਕਾਲਜ ਰੋਡੇ, ਸਰਕਾਰੀ ਕਾਲਜ ਸਿੱਧਸਰ ਤੇ ਸਰਕਾਰੀ ਕਾਲਜ ਢੁਡੀਕੇ ਦਾ ਨਾਂ ਦੱਸਿਆ ਗਿਆ ਹੈ। ਗੌਰਮਿੰਟ ਕਾਲਜ ਫ਼ਾਜ਼ਿਲਕਾ ਤੇ ਗੌਰਮਿੰਟ ਕਾਲਜ ਅਮਰਗੜ੍ਹ ਵਿਚ ਦੋ-ਦੋ ਅਧਿਆਪਕ ਲਾਏ ਗਏ ਹਨ। ਸੂਤਰਾਂ ਅਨੁਸਾਰ ਸਰਕਾਰ ਵਲੋਂ ਵਿਭਾਗੀ ਤਰੱਕੀ ਕਮੇਟੀ ਦੇ ਫੈਸਲੇ ਨੂੰ ਲਾਗੂ ਕਰਨ ਵਿਚ ਢਿਲਮੱਠ ਇਸ ਕਰਕੇ ਕੀਤੀ ਜਾ ਰਹੀ ਹੈ ਕਿਉਂਕਿ ਪੰਜਾਬ ਸਰਕਾਰ ਦੇ ਇਕ ਉਚ ਅਧਿਕਾਰੀ ਦੀ ਪਤਨੀ ਦੀ ਸੀਨੀਅਰਤਾ ਉਪਰ ਚੁੱਕਣ ਲਈ ਅਜੇ ਢੁਕਵਾਂ ਰਾਹ ਨਹੀਂ ਲੱਭ ਰਿਹਾ ਹੈ।

## ਬਠਿੰਡਾ ਵਿਚ ਯੂਨੀਵਰਸਿਟੀਆਂ ਦੀ ਭਰਮਾਰ

**ਬਠਿੰਡਾ:** ਬਠਿੰਡਾ ਜ਼ਿਲ੍ਹੇ ਵਿਚ ਹੁਣ ਅਕਾਲ ਯੂਨੀਵਰਸਿਟੀ ਬਣੇਗੀ ਜੋ ਜ਼ਿਲ੍ਹੇ ਵਿਚ ਬਣਨ ਵਾਲੀ ਪੰਜਵੀਂ ਯੂਨੀਵਰਸਿਟੀ ਹੋਵੇਗੀ। ਇਕੱਲਾ ਤਲਵੰਡੀ ਸਾਬੋ ਹੀ ਅਜਿਹਾ ਕਸਬਾ ਹੈ ਜਿਥੇ ਦੋ ਪ੍ਰਾਈਵੇਟ ਯੂਨੀਵਰਸਿਟੀਆਂ ਬਣ ਗਈਆਂ ਹਨ। ਗੁਰੂ ਕਾਸ਼ੀ ਯੂਨੀਵਰਸਿਟੀ ਪਹਿਲਾਂ ਹੀ ਮੌਜੂਦ ਹੈ ਜਦੋਂ ਕਿ ਪੰਜਾਬ ਕੈਬਨਿਟ ਨੇ ਤਲਵੰਡੀ ਸਾਬੋ ਵਿਚ ਇਕ ਹੋਰ ਅਕਾਲ ਯੂਨੀਵਰਸਿਟੀ ਬਣਾਏ ਜਾਣ ਦੇ ਬਿਲ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਜ਼ਿਲ੍ਹਾ ਬਠਿੰਡਾ ਵਿਚ ਪ੍ਰਾਈਵੇਟ ਸੈਕਟਰ ਦੀਆਂ ਤਿੰਨ ਤੇ ਦੋ ਸਰਕਾਰੀ ਖੇਤਰ ਦੀਆਂ ਯੂਨੀਵਰਸਿਟੀਆਂ ਹਨ। ਕੇਂਦਰ ਸਰਕਾਰ ਨੇ ਸਭ ਤੋਂ ਪਹਿਲਾਂ 27 ਫਰਵਰੀ 2009 ਨੂੰ ਕੇਂਦਰੀ ਯੂਨੀਵਰਸਿਟੀ ਆਫ ਪੰਜਾਬ ਦੀ ਸਥਾਪਨਾ ਕੀਤੀ ਸੀ। ਇਹ 'ਵਰਸਿਟੀ ਹੁਣ ਬਠਿੰਡਾ ਦੀ ਇਕ ਧਾਗਾ ਮਿੱਲ ਵਿਚ ਚੱਲ ਰਹੀ ਹੈ। ਜ਼ਿਲ੍ਹੇ ਵਿਚ ਦੂਜੀ ਆਦੇਸ਼ ਯੂਨੀਵਰਸਿਟੀ ਭੁੱਚੋ ਵਿਖੇ ਸਥਾਪਤ ਕੀਤੀ ਗਈ ਹੈ ਤੇ ਉਸ ਮਗਰੋਂ ਤਲਵੰਡੀ ਸਾਬੋ ਵਿਖੇ ਗੁਰੂ ਕਾਸ਼ੀ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ ਹੈ। ਪੰਜਾਬ ਸਰਕਾਰ ਨੇ ਥੋੜ੍ਹਾ ਸਮਾਂ ਪਹਿਲਾਂ ਹੀ ਬਠਿੰਡਾ ਵਿਚ ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਹੈ।

## ਪੇਸ਼ੀ ਭੁਗਤਣ ਆਏ ਤਿੰਨ ਕੈਦੀ ਫਰਾਰ

**ਤਰਨਤਾਰਨ:** ਇਥੇ ਅਦਾਲਤ ਕੰਪਲੈਕਸ ਵਿਚ ਪੇਸ਼ੀ ਭੁਗਤਣ ਆਏ ਤਿੰਨ ਕੈਦੀ ਹਥਕੜੀਆਂ ਸਮੇਤ ਫਰਾਰ ਹੋ ਗਏ। ਫਰਾਰ ਹਵਾਲਾਤੀਆਂ ਦੀ ਸ਼ਨਾਖਤ ਪ੍ਰਿੰਸ (30) ਵਾਸੀ ਬੰਡਾਲਾ ਤੇ ਬੈਂਕਾ ਵਾਸੀ ਗੁਰਜੰਟ ਸਿੰਘ (22) ਤੇ ਰਾਜਵਿੰਦਰ ਸਿੰਘ (25) ਵਜੋਂ ਹੋਈ ਹੈ। ਇਹ ਹਵਾਲਾਤੀ ਕੇਂਦਰੀ ਜੇਲ੍ਹ ਅੰਮ੍ਰਿਤਸਰ ਤੋਂ ਇਥੇ ਪੇਸ਼ੀ ਲਈ ਲਿਆਂਦੇ ਗਏ ਸਨ। ਦੁਪਹਿਰ ਵੇਲੇ ਗੁਰਜੰਟ ਸਿੰਘ ਤੇ ਉਸ ਦਾ ਸਾਥੀ ਰਾਜਵਿੰਦਰ ਸਿੰਘ ਪੁਲਿਸ ਕਰਮਚਾਰੀ ਸੁਖਦੇਵ ਸਿੰਘ ਨਾਲ ਚਾਹ ਪੀਣ ਲਈ ਢਾਬੇ 'ਤੇ ਗਏ। ਉਥੇ ਉਨ੍ਹਾਂ ਪੁਲਿਸ ਵਾਲੇ ਨੂੰ ਚਾਹ ਵਿਚ ਕੋਈ ਨਸ਼ੇ ਵਾਲੀ ਵਸਤੂ ਦੇ ਦਿੱਤੀ।

ਪੁਲਿਸ ਕਰਮਚਾਰੀ ਜਲਦੀ ਬੇਹੋਸ਼ ਹੋ ਗਿਆ ਤੇ ਉਹ ਹਥਕੜੀਆਂ ਸਮੇਤ ਫਰਾਰ ਹੋ ਗਏ। ਇਕ ਵੱਖਰੀ ਥਾਂ ਤੋਂ ਕੈਦੀ ਪ੍ਰਿੰਸ ਵੀ ਚਾਹ ਵਾਲੇ ਢਾਬੇ ਤੋਂ ਹਥਕੜੀਆਂ ਸਮੇਤ ਫਰਾਰ ਹੋ ਗਿਆ। ਸਬੰਧਤ ਪੁਲਿਸ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

## 1000 ਕਰੋੜ ਨੂੰ ਪਾਰ ਕਰੇਗਾ ਸ਼੍ਰੋਮਣੀ ਕਮੇਟੀ ਦਾ ਬਜਟ

**ਸ੍ਰੀ ਅਨੰਦਪੁਰ ਸਾਹਿਬ (ਬਿਊਰੋ):** ਇਸ ਵਰ੍ਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਜਟ ਇਕ ਹਜ਼ਾਰ ਕਰੋੜ ਤੋਂ ਵਧਣ ਦੀ ਸੰਭਾਵਨਾ ਹੈ। ਪਿਛਲੇ ਵਰ੍ਹੇ ਇਹ ਬਜਟ 886 ਕਰੋੜ ਰੁਪਏ ਦਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵਲੋਂ ਗਠਿਤ ਕੀਤੀ ਗਈ ਬਜਟ ਸਬ ਕਮੇਟੀ ਦੀ ਬੈਠਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਇਕੱਤਰਤਾ ਹਾਲ ਵਿਚ ਹੋਈ, ਜਿਸ ਦੀ ਪ੍ਰਧਾਨਗੀ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਨੇ ਕੀਤੀ।




ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ ਨੇ ਦੱਸਿਆ ਕਿ ਪਿਛਲੇ ਸਾਲ ਸ਼੍ਰੋਮਣੀ ਕਮੇਟੀ ਦਾ ਬਜਟ 886 ਕਰੋੜ ਰੁਪਏ ਦੇ ਕਰੀਬ ਸੀ ਜੋ ਇਸ ਵਾਰ ਇਕ ਹਜ਼ਾਰ ਕਰੋੜ ਤੋਂ ਵਧਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਸਮੂਹ ਗੁਰਦੁਆਰਿਆਂ ਤੇ ਵਿੱਦਿਅਕ ਅਦਾਰਿਆਂ ਦੇ ਸਾਲਾਨਾ ਬਜਟ ਦੀਆਂ ਤਜਵੀਜ਼ਾਂ ਦੀ ਘੋਖ ਕੀਤੀ ਗਈ ਹੈ।

ਬਜਟ ਦੀ ਘੋਖ ਕਰਕੇ ਸਮੁੱਚੀ ਰਿਪੋਰਟ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਦਿੱਤੀ ਜਾਵੇਗੀ। ਇਸ ਮਗਰੋਂ ਉਨ੍ਹਾਂ ਵਲੋਂ ਬਜਟ ਇਜਲਾਸ ਬੁਲਾ ਕੇ ਬਜਟ ਨੂੰ ਪ੍ਰਵਾਨਗੀ ਦੇ ਦਿੱਤੀ ਜਾਵੇਗੀ। ਜਥੇਦਾਰ ਭੌਰ ਨੇ ਕਿਹਾ ਕਿ ਇਸ ਵਾਰ ਬਜਟ ਦੀਆਂ ਤਜਵੀਜ਼ਾਂ ਅਨੁਸਾਰ ਨਵੀਆਂ ਉਸਾਰੀਆਂ ਕਰਨ ਦੀ ਥਾਂ ਪਹਿਲਾਂ ਤੋਂ ਚੱਲ ਰਹੇ ਪ੍ਰਾਜੈਕਟਾਂ ਨੂੰ ਮੁਕੰਮਲ ਕਰਨ ਨੂੰ ਤਰਜੀਹ ਦਿੱਤੀ ਜਾਵੇਗੀ। ਸ਼੍ਰੋਮਣੀ ਕਮੇਟੀ ਅਨੁਸਾਰ ਐਤਕੀਂ ਬਜਟ ਵਿਚ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਪਨਾ ਦਿਵਸ ਸਬੰਧੀ ਮਨਾਏ ਜਾ ਰਹੇ ਸ਼ਤਾਬਦੀ ਸਮਾਗਮਾਂ ਤੇ ਸਾਲ ਭਰ ਚੱਲਣ ਵਾਲੇ ਹੋਰ ਧਾਰਮਿਕ ਸਮਾਗਮਾਂ ਨੂੰ ਮਨਾਉਣ ਲਈ ਦੋ ਕਰੋੜ ਰੁਪਏ ਰਾਖਵੇਂ ਰੱਖੇ ਜਾਣ ਦੀ ਤਜਵੀਜ਼ ਹੈ।

## ਬੰਦੀ ਸਿੰਘਾਂ ਦੀ ਰਿਹਾਈ ਲਈ ਲਾਮਬੰਦੀ

**ਲੁਧਿਆਣਾ:** ਸਜ਼ਾ ਭੁਗਤ ਚੁੱਕੇ ਸਿਆਸੀ ਸਿੱਖ ਬੰਦੀਆਂ ਦੀ ਰਿਹਾਈ ਲਈ ਭੁੱਖ ਹੜਤਾਲ ਉਤੇ ਬੈਠੇ ਬਾਪੂ ਸੂਰਤ ਸਿੰਘ ਖਾਲਸਾ ਦੀ ਹਮਾਇਤ ਵਿਚ ਪੰਥਕ ਜਥੇਬੰਦੀਆਂ ਵਲੋਂ ਬੁਲਾਈ ਗਈ ਹੰਗਾਮੀ ਮੀਟਿੰਗ ਵਿਚ ਸੰਘਰਸ਼ ਨੂੰ ਤੇਜ਼ ਕਰਨ ਲਈ 20 ਮਾਰਚ ਨੂੰ ਫ਼ਤਹਿਗੜ੍ਹ ਸਾਹਿਬ, 24 ਮਾਰਚ ਨੂੰ ਬਠਿੰਡਾ, 25 ਨੂੰ ਮਾਲੇਰਕੋਟਲਾ, 26 ਨੂੰ ਚੰਡੀਗੜ੍ਹ, 28 ਨੂੰ ਜਲੰਧਰ, 30 ਨੂੰ ਅੰਮ੍ਰਿਤਸਰ, 2 ਅਪਰੈਲ ਨੂੰ ਬਰਨਾਲਾ ਤੇ 4 ਅਪਰੈਲ ਨੂੰ ਕਪੂਰਥਲਾ ਵਿਚ ਰੋਸ ਮਾਰਚ ਕੱਢਣ ਦਾ ਫ਼ੈਸਲਾ ਲਿਆ ਗਿਆ। ਇਸ ਮੌਕੇ 15 ਮਾਰਚ ਤੋਂ ਸਿਵਲ ਹਸਪਤਾਲ ਲੁਧਿਆਣਾ ਵਿਚ ਪੰਜ-ਪੰਜ ਸਿੰਘਾਂ ਦੇ ਜਥਿਆਂ ਵਲੋਂ ਲੜੀਵਾਰ ਭੁੱਖ ਹੜਤਾਲ 'ਤੇ ਬੈਠਣ ਦਾ ਐਲਾਨ ਵੀ ਕੀਤਾ ਗਿਆ।

ਪੰਥਕ ਆਗੂਆਂ ਨੇ ਸੰਘਰਸ਼ ਦੇ ਭਵਿੱਖ ਬਾਰੇ ਸਪਸ਼ਟ ਕੀਤਾ ਕਿ ਬਾਪੂ ਸੂਰਤ ਸਿੰਘ ਖ਼ਾਲਸਾ ਦਾ ਇਰਾਦਾ ਦ੍ਰਿੜ੍ਹ ਹੈ ਤੇ ਉਹ ਆਪਣੇ ਮਿਸ਼ਨ ਵਿਚ ਪੂਰੇ ਉਤਰਨ ਲਈ ਡਟੇ ਹੋਏ ਹਨ। ਇਸ ਲਈ ਜਾਂ ਤਾਂ ਸਜ਼ਾ ਭੁਗਤ ਚੁੱਕੇ ਸਿਆਸੀ ਸਿੱਖ ਬੰਦੀਆਂ ਦੀ ਰਿਹਾਈ ਹੋਵੇਗੀ ਜਾਂ ਬਾਪੂ ਖ਼ਾਲਸਾ ਦੀ ਸ਼ਹੀਦੀ ਹੋਵੇਗੀ। ਬਾਪੂ ਖ਼ਾਲਸਾ ਦੀ ਪੁੱਤਰੀ ਬੀਬੀ ਸਰਵਰਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਬਾਪੂ ਦੀ ਸਿੱਖ ਕੌਮ ਲਈ ਹੋਣ ਵਾਲੀ ਸ਼ਹੀਦੀ ਲਈ ਤਿਆਰ ਹੈ।

# ਪੰਜਾਬ ਨੂੰ ਵਿਸ਼ੇਸ਼ ਖੇਤੀ ਜ਼ੋਨ ਐਲਾਨਣ ਦੀ ਕੀਤੀ ਪੈਰਵੀ

**ਚੰਡੀਗੜ੍ਹ:** ਦੇਸ਼ ਦੇ ਮੰਨੇ-ਪ੍ਰਮੰਨੇ ਖੇਤੀ ਵਿਗਿਆਨੀ ਡਾਕਟਰ ਐਮ.ਐਸ. ਸਵਾਮੀਨਾਥਨ ਨੇ ਕਿਹਾ ਹੈ ਕਿ ਪੰਜਾਬ ਨੂੰ ਵਿਸ਼ੇਸ਼ ਖੇਤੀ ਜ਼ੋਨ (ਐਸ.ਏ.ਜ਼ੈਡ.) ਐਲਾਨ ਕੇ ਦੇਸ਼ ਦਾ ਖੁਰਾਕੀ ਪੱਖ ਤੋਂ ਭਵਿੱਖ ਸੁਰੱਖਿਅਤ ਕੀਤਾ ਜਾ ਸਕਦਾ ਹੈ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਸਮਾਗਮ ਵਿਚ ਹਿੱਸਾ ਲੈਣ ਪੁੱਜੇ ਸਵਾਮੀਨਾਥਨ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਖਾਸ ਰਿਆਇਤਾਂ ਦੇ ਕੇ ਬਣਾਏ ਗਏ ਵਿਸ਼ੇਸ਼ ਆਰਥਿਕ ਜ਼ੋਨ (ਐਸ.ਈ.ਜ਼ੈਡ.) ਸਿਰਫ ਰੀਅਲ ਅਸਟੇਟ ਤੱਕ ਸੀਮਤ ਹੋ ਗਏ ਹਨ। ਵਿਵਾਦਤ ਭੂਮੀ ਗ੍ਰਹਿਣ ਕਾਨੂੰਨ ਬਾਰੇ ਉਨ੍ਹਾਂ ਕਿਹਾ ਕਿ ਬਹੁ ਗਿਣਤੀ ਦੇ ਜ਼ੋਰ 'ਤੇ ਕਾਨੂੰਨ ਪਾਸ ਕਰਵਾ ਲੈਣਾ ਮਹੱਤਵਪੂਰਨ ਨਹੀਂ ਹੈ ਬਲਕਿ ਕਿਸਾਨਾਂ ਦੀ ਹਿੱਸੇਦਾਰੀ ਤੇ ਸ਼ਮੂਲੀਅਤ, ਕਿਸਾਨ ਦੀ ਰੋਜ਼ੀ ਰੋਟੀ ਤੇ ਭੂਮੀ ਲੈਣ ਦਾ ਮਕਸਦ ਸਪਸ਼ਟ ਕੀਤੇ ਬਿਨਾਂ ਭੂਮੀ ਗ੍ਰਹਿਣ ਕਰਨਾ ਠੀਕ ਨਹੀਂ ਹੋਵੇਗਾ।



ਐਮ.ਐਸ. ਸਵਾਮੀਨਾਥਨ

ਉਨ੍ਹਾਂ ਕਿਹਾ ਕਿ ਦੇਸ਼ ਨੂੰ ਸਮਝਣਾ ਚਾਹੀਦਾ ਹੈ ਕਿ 90 ਫੀਸਦੀ ਖੁਰਾਕ ਜ਼ਮੀਨ ਤੋਂ ਹੀ ਆਉਣੀ ਹੈ। ਅਨਾਜ ਪੈਦਾਵਾਰ ਵਾਲੀ ਜ਼ਮੀਨ ਹੋਰ ਕੰਮਾਂ ਲਈ ਵਰਤਣ ਮੌਕੇ ਸਾਵਧਾਨੀ ਤੋਂ ਕੰਮ ਲੈਣ ਦੀ ਜ਼ਰੂਰਤ ਹੈ। ਖੇਤੀ ਵਿਗਿਆਨੀ ਨੇ ਪੰਜਾਬ ਨੂੰ ਵਿਸ਼ੇਸ਼ ਖੇਤੀ ਜ਼ੋਨ ਐਲਾਨਣ ਦੀ ਵਕਾਲਤ ਕਰਦਿਆਂ ਕਿਹਾ ਕਿ ਸਿੰਜਾਈ, ਭੂਮੀ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ, ਤਕਨੀਕੀ ਤੇ ਹੋਰ ਪਹਿਲੂਆਂ ਦੀ ਖੋਜ ਬਾਰੇ ਰਾਜ ਨੂੰ ਵਿਸ਼ੇਸ਼ ਪੈਕੇਜ ਦੇਣ ਦੀ ਲੋੜ ਹੈ।

ਸੂਬੇ ਨੂੰ ਕਣਕ-ਝੋਨੇ ਦੇ ਫਸਲੀ ਚੱਕਰ ਨੂੰ ਥੋੜਾ ਤਬਦੀਲੀ ਨਾਲ ਜਾਰੀ ਰੱਖਣਾ ਚਾਹੀਦਾ ਹੈ ਕਿਉਂਕਿ ਜੇਕਰ ਪੰਜਾਬ ਇਸ ਨੂੰ ਛੱਡ ਦੇਵੇਗਾ ਤਾਂ ਦੇਸ਼ ਦੀ ਅਨਾਜ ਸੁਰੱਖਿਆ ਖਤਰੇ ਵਿਚ ਪੈ ਜਾਵੇਗੀ। ਹਰੇ ਇਨਕਲਾਬ ਦੀ ਬਜਾਏ ਹਰ ਸਮੇਂ ਵਾਤਾਵਰਣ ਪੱਖੀ ਤਕਨੀਕਾਂ ਵਿਕਸਤ ਕਰਨ ਤੇ ਰਾਜ ਵਿਚ ਤਿੰਨ ਸਾਲਾ ਫਸਲੀ ਫੇਰਬਦਲ ਅਪਨਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਹਾੜੀ ਦੇ ਸੀਜ਼ਨ ਵਿਚ ਦੋ ਸਾਲ ਲਗਾਤਾਰ ਕਣਕ ਦੀ ਬਿਜਾਈ ਤੋਂ ਬਾਅਦ ਉਸ ਜ਼ਮੀਨ ਉਤੇ ਇਕ ਸਾਲ ਲਈ ਬਰਸੀਮ ਬੀਜਿਆ ਜਾਣਾ ਚਾਹੀਦਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਸਾਉਣੀ ਦੀ ਫਸਲ ਮੌਕੇ ਦੋ ਸਾਲ ਝੋਨੇ ਤੋਂ ਬਾਅਦ ਇਕ ਸਾਲ ਲਈ ਦਾਲਾਂ, ਛੋਲੇ ਜਾਂ ਹੋਰ ਬਦਲਵੀਆਂ ਫ਼ਸਲਾਂ ਲਾਈਆਂ ਜਾਣ। ਅਜਿਹਾ ਕਰਨ ਨਾਲ ਜ਼ਮੀਨ ਦੀ ਉਤਪਾਦਕ ਸ਼ਕਤੀ ਵੀ ਬਣੀ ਰਹੇਗੀ ਤੇ ਦੇਸ਼ ਦੀ ਲੋੜ ਵੀ ਪੂਰੀ ਹੁੰਦੀ ਰਹੇਗੀ।

ਉਤਪਾਦਨ ਲਾਗਤ ਵਿਚ 50 ਫੀਸਦੀ ਮੁਨਾਫਾ ਜੋੜਨ ਦੀ ਸਿਫਾਰਸ਼ ਤੋਂ ਸਰਕਾਰ ਵਲੋਂ ਹੱਥ ਖਿੱਚਣ ਦੇ ਮਾਮਲੇ ਬਾਰੇ ਉਨ੍ਹਾਂ ਕਿਹਾ ਕਿ ਇਹ ਲਾਗੂ ਕੀਤੇ ਜਾਣ ਦੇ ਯੋਗ ਹੈ ਪਰ ਇੱਛਾ ਸ਼ਕਤੀ ਹੋਣੀ ਚਾਹੀਦੀ ਹੈ। ਜੇਕਰ ਸਰਕਾਰ ਕੋਲ ਪੈਸਾ ਘੱਟ ਸੀ ਤਾਂ ਇਸ ਨੂੰ ਪੜਾਅ ਵਾਰ ਲਾਗੂ ਕੀਤਾ ਜਾ ਸਕਦਾ ਹੈ। ਖੇਤੀ ਨੂੰ ਸੰਸਾਰ ਦਾ ਸਭ ਤੋਂ ਜੋਖਮ ਭਰਪੂਰ ਕਿੱਤਾ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਕਦੇ ਜ਼ਿਆਦਾ ਬਰਸਾਤ ਤੇ ਕਦੇ ਸੋਕੇ ਨਾਲ ਪੱਕੀ ਹੋਈ ਫ਼ਸਲ ਬਰਬਾਦ ਹੋ ਜਾਂਦੀ ਹੈ। ਉਨ੍ਹਾਂ ਖੇਤੀ ਨੂੰ ਸਥਾਈ ਮੰਡੀ, ਭਾਅ ਤੇ ਬੀਮੇ ਦੀ ਗਰੰਟੀ ਦੇਣ ਦਾ ਸੁਝਾਅ ਵੀ ਦਿੱਤਾ। ਐਫ.ਸੀ.ਆਈ. ਨੂੰ ਭੰਗ ਕਰਨ ਬਾਰੇ ਉਨ੍ਹਾਂ ਕਿਹਾ ਕਿ ਇਸ ਬਾਰੇ ਦੇਸ਼ ਵਿਚ ਬਹਿਸ ਤੋਂ ਬਾਅਦ ਹੀ ਕੋਈ ਫ਼ੈਸਲਾ ਲਿਆ ਜਾਣਾ ਚਾਹੀਦਾ ਹੈ।

## ਕਿਸਾਨਾਂ ਦੀ ਆਮਦਨ ਵਧਾਉਣ ਦਾ ਤਰੀਕਾ ਸੋਚੇ ਸਰਕਾਰ: ਸਵਾਮੀਨਾਥਨ

ਸਰਕਾਰ ਨੂੰ ਸੌਂਪੀ ਰਿਪੋਰਟ ਦੀਆਂ ਸਿਫਾਰਸ਼ਾਂ ਬਾਰੇ ਸ੍ਰੀ ਸਵਾਮੀਨਾਥਨ ਨੇ ਕਿਹਾ ਕਿ ਇਹ ਉਨ੍ਹਾਂ ਦੀ ਰਿਪੋਰਟ ਨਹੀਂ ਬਲਕਿ ਦੇਸ਼ ਦੇ ਕਿਸਾਨਾਂ ਦੀ ਸਮੂਹਿਕ ਇੱਛਾ ਹੈ ਕਿਉਂਕਿ ਇਸ ਨੂੰ ਦੇਸ਼ ਦੇ ਹਜ਼ਾਰਾਂ ਕਿਸਾਨਾਂ ਨਾਲ ਵਿਚਾਰ ਚਰਚਾ ਕਰਕੇ ਤਿਆਰ ਕੀਤਾ ਗਿਆ ਹੈ। ਦੇਸ਼ ਵਿਚ 60 ਫੀਸਦੀ ਆਬਾਦੀ ਅੱਜ ਵੀ ਖੇਤੀ ਉਤੇ ਨਿਰਭਰ ਹੈ। ਉਨ੍ਹਾਂ ਦੁਹਰਾਇਆ ਕਿ ਕਿਸਾਨ ਬਚੇਗਾ ਤਾਂ ਹੀ ਖੇਤੀ ਬਚੇਗੀ। ਡਾ. ਸਵਾਮੀਨਾਥਨ ਨੇ ਕਿਹਾ ਕਿ ਅਸਲ ਕੰਮ ਕਿਸਾਨਾਂ ਦੀ ਆਮਦਨ ਵਧਾਉਣ ਦਾ ਤਰੀਕਾ ਸੋਚਣਾ ਹੈ। 2050 ਤੱਕ ਦੁੱਗਣੇ ਉਤਪਾਦਨ ਦੀ ਲੋੜ ਪਵੇਗੀ।

*ਕਤਲੇਆਮ 1984*

## ਪ੍ਰੇਮ ਕੌਰ ਨੇ ਆਪਣਾ ਬਿਆਨ ਸਹੀ ਦੱਸਿਆ

**ਨਵੀਂ ਦਿੱਲੀ:** ਸਥਾਨਕ ਅਦਾਲਤ ਵਿਚ ਇਕ 70 ਸਾਲਾ ਮਹਿਲਾ ਨੇ ਇਸ ਤੋਂ ਇਨਕਾਰ ਕੀਤਾ ਕਿ 1984 ਦੇ ਸਿੱਖ ਵਿਰੋਧੀ ਕੇਸ ਵਿਚ ਉਹ ਕਾਂਗਰਸੀ ਆਗੂ ਸੱਜਣ ਕੁਮਾਰ ਵਿਰੁਧ ਸੀ.ਬੀ.ਆਈ. ਦੇ ਕਹੇ ਜਾਂ ਉਸ ਦੇ ਸਿਆਸੀ ਵਿਰੋਧੀਆਂ ਦੇ ਸਿਖਾਉਣ ਉਤੇ ਝੂਠੇ ਬਿਆਨ ਦੇ ਰਹੀ ਹੈ। ਕੇਸ ਵਿਚ ਇਸਤਗਾਸਾ ਗਵਾਹ ਵਜੋਂ ਗਵਾਹੀ ਦਿੰਦਿਆਂ ਪ੍ਰੇਮ ਕੌਰ ਨਾਂ ਦੀ ਇਸ ਔਰਤ ਨੇ ਜ਼ਿਲ੍ਹਾ ਜੱਜ ਰਾਕੇਸ਼ ਸਿਧਾਰਥ ਅੱਗੇ ਦੱਸਿਆ ਕਿ ਇਹ ਕਹਿਣਾ ਗਲਤ ਹੈ ਕਿ ਉਹ ਲੰਮਾ ਸਮਾਂ ਇਸ ਲਈ ਚੁੱਪ ਰਹੀ ਸੀ ਕਿ ਉਸ ਨੂੰ ਦੰਗਿਆਂ ਦੀ ਘਟਨਾ ਜਾਂ ਇਸ ਮਾਮਲੇ ਬਾਰੇ ਜਾਣਕਾਰੀ ਨਹੀਂ ਸੀ। ਉਸ ਨੇ ਕਿਹਾ ਕਿ ਇਹ ਕਹਿਣਾ ਵੀ ਗਲਤ ਹੈ ਕਿ ਉਹ ਸੱਜਣ ਕੁਮਾਰ ਦੇ ਹੋਰ ਸਿਆਸੀ ਵਿਰੋਧੀਆਂ, ਨਿਰਪ੍ਰੀਤ ਕੌਰ ਤੇ ਸੀ.ਬੀ.ਆਈ. ਦੇ ਕਹਿਣ ਉਤੇ ਇਸ ਕਾਂਗਰਸੀ ਆਗੂ ਵਿਰੁਧ ਬਿਆਨ ਦੇ ਰਹੀ ਹੈ। ਸੱਜਣ ਕੁਮਾਰ ਵਲੋਂ ਪੇਸ਼ ਵਕੀਲ ਆਈ.ਯੂ. ਖਾਨ ਵਲੋਂ ਪੁੱਛੇ ਸੁਆਲਾਂ ਦੇ ਜਵਾਬਾਂ ਦੌਰਾਨ ਉਸ ਨੇ ਕਿਹਾ ਕਿ ਇਹ ਕਹਿਣਾ ਗਲਤ ਹੈ ਕਿ ਉਸ ਨੇ ਸੱਜਣ ਤੇ ਹੋਰਾਂ ਖ਼ਿਲਾਫ ਅਦਾਲਤ ਵਿਚ ਗਲਤ ਤੇ ਝੂਠਾ ਬਿਆਨ ਦਿੱਤਾ।

# ਫੱਕਰ ਤੇ ਮਸਤ ਮਲੰਗ ਗਾਇਕ ਏ.ਐਸ. ਕੰਗ




**ਐਸ. ਅਸ਼ੋਕ ਭੌਰਾ**

ਨੈਣ ਨਕਸ਼ ਸਿਰਫ਼ ਤੁਹਾਡੀ ਸੁੰਦਰਤਾ ਨਾਲ ਹੀ ਗਲਵੱਕੜੀ ਪਾਈ ਬੈਠੇ ਹੁੰਦੇ ਹਨ, ਜਦੋਂਕਿ ਕਲਾ ਨਾਲ ਆਤਮਾ ਨੇ ਗਹਿਗੱਚ ਹੋਣਾ ਹੁੰਦਾ ਹੈ। ਸੰਗੀਤ ਦੀ ਦੇਵੀ ਲਤਾ ਮੰਗੇਸ਼ਕਰ ਦੀ ਖ਼ੂਬਸੂਰਤੀ ਕਰ ਕੇ ਹਾਲੇ ਤੱਕ ਕਦੇ ਕੋਈ ਵੀ ਸਵਾਲ ਨਹੀਂ ਪੁੱਛਿਆ ਗਿਆ। ਪੰਜਾਬੀ ਗਾਇਕੀ ਨੂੰ ਪਿਆਰ ਕਰਨ ਵਾਲਿਆਂ ਦਾ ਕਦੇ ਇਸ ਪਾਸੇ ਧਿਆਨ ਹੀ ਨਹੀਂ ਗਿਆ ਕਿ ਮੁਹੰਮਦ ਸਦੀਕ ਦੇ ਚਿਹਰੇ 'ਤੇ ਜਿਹੜੇ ਦਾਗ ਹਨ, ਉਹ ਇਸ ਕਰ ਕੇ ਹਨ ਕਿ ਉਹਦੇ ਨਿੱਕੇ ਹੁੰਦੇ ਦੇ ਫੁੱਲ ਮਾਤਾ ਨਿਕਲ ਆਈ ਸੀ। ਉਂ ਗੁਰਦਾਸ ਮਾਨ ਨੂੰ ਸੁਨੱਖੇ ਹੋਣ ਦਾ ਦੂਹਰਾ ਲਾਭ 'ਪੁੰਨ ਨਾਲੇ ਫਲੀਆਂ' ਵਾਂਗ ਢਲਦੀ ਉਮਰ ਤੱਕ ਵੀ ਮਿਲ ਰਿਹਾ ਹੈ। ਜਿਹੜਾ ਵੀ ਪੰਜਾਬੀ ਗਾਇਕੀ ਅਤੇ ਇਹਦੇ ਅੰਦਰਲੀਆਂ ਕਦਰਾਂ-ਕੀਮਤਾਂ ਨੂੰ ਜਾਣਦਾ ਹੈ, ਉਹਨੂੰ ਪਤਾ ਹੈ ਕਿ ਏ.ਐਸ. (ਅਵਤਾਰ ਸਿੰਘ) ਕੰਗ ਗਵੱਈਆ ਹੈ, ਪਰ ਸੰਭਵ ਹੈ ਕਿ ਭੀੜ ਵਿਚ ਕੋਈ ਉਹਨੂੰ ਪਛਾਣ ਨਾ ਸਕੇ ਕਿ 'ਗਿੱਧਿਆਂ ਦੀ ਰਾਣੀਏ' ਨੀ ਗਿੱਧੇ ਵਿਚ ਆ' ਗਾਉਣ ਵਾਲਾ ਕੰਗ ਇਹੀ ਹੈ। ਕਿਉਂਕਿ ਬਹੁਤਿਆਂ ਨੇ ਉਹਨੂੰ ਸੁਣਿਆ ਤਾਂ ਹੈ, ਪਰ ਵੇਖਿਆ ਨਹੀਂ। ਪੰਜਾਬ ਅੰਦਰ ਉਹ ਪਿਛਲੇ ਕਰੀਬ ਸਾਢੇ ਤਿੰਨ ਦਹਾਕਿਆਂ ਵਿਚ ਸੁਣਿਆ ਤਾਂ ਸਭ ਤੋਂ ਵੱਧ ਗਿਆ ਹੈ, ਪਰ ਸਟੇਜਾਂ ਅਤੇ ਅਖਾੜਿਆਂ ਤੋਂ ਪਰ੍ਹੇ ਰਹਿਣ ਕਰ ਕੇ ਉਹਨੂੰ ਰੱਜ ਕੇ, ਤੇ ਕਈਆਂ ਨੂੰ ਇਕ ਵਾਰ ਵੀ ਦੂਰੋਂ-ਨੇੜਿਓਂ ਤੱਕਣ ਦਾ ਸ਼ਾਇਦ ਸੁਭਾਗ ਪ੍ਰਾਪਤ ਨਾ ਹੋਇਆ ਹੋਵੇ। ਅਜਿਹਾ ਇਸ ਕਰ ਕੇ ਵੀ ਵਾਪਰਦਾ ਰਿਹਾ ਹੈ ਕਿ ਭੂਗੋਲਿਕ ਦੂਰੀ ਰਹੀ ਹੈ। ਉਹ ਵਸਦਾ ਇੰਗਲੈਂਡ ਰਿਹਾ ਹੈ, ਪਰ ਉਹਦੇ ਗੀਤਾਂ ਤੇ ਕਲਾ ਦਾ ਰੈਣ ਬਸੇਰਾ ਕਰੀਬ ਹਰ ਪੰਜਾਬੀ ਦੇ ਧੁਰ ਅੰਦਰ ਬਣਿਆ ਰਿਹਾ ਹੈ। ਕਾਮਰੇਡਾਂ ਤੋਂ ਕੱਟੜਪੰਥੀਆਂ ਤੱਕ 'ਹੁੰਦੇ ਮਾਪਿਆਂ ਨੂੰ ਪੁੱਤਰ ਪਿਆਰੇ', 'ਮੋਢੇ ਉਤੇ ਰੱਖ ਕੈਮਰਾ, ਫੋਟੋ ਖਿੱਚਣੀ ਗੁਆਂਢਣੇ ਤੇਰੀ' ਜਾਂ 'ਲੰਬੜਾਂ ਦੀ ਨੂੰਹ ਨੱਚਦੀ' ਨਾਲ ਉਹ ਉਨ੍ਹਾਂ ਦੀਆਂ ਬੈਠਕਾਂ ਵਿਚ ਹਾਜ਼ਰ ਰਿਹਾ ਹੈ। ਨਿਰਪੱਖ ਹੋ ਕੇ ਕਹਿਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਜੇ ਕਿਸੇ ਪੰਜਾਬੀ ਗਾਇਕ ਦੀ ਕਦੇ ਵੀ ਤੇ ਕਿਸੇ ਪਾਸਿਓਂ ਵੀ ਆਲੋਚਨਾ ਨਹੀਂ ਹੋਈ, ਤਾਂ ਉਹ ਏ.ਐਸ. ਕੰਗ ਹੈ ਅਤੇ 'ਗਿੱਧਿਆਂ ਦੀ ਰਾਣੀਏ' ਤੋਂ 'ਖਾਓ-ਪੀਓ ਐਸ਼ ਕਰੋ' ਤੱਕ ਜੀਹਨੂੰ ਜੀਅ ਭਰ ਕੇ ਸੁਣਿਆ ਹੈ, ਪਿਆਰ ਮਿਲਿਆ ਹੈ ਤਾਂ ਉਹ ਵੀ ਇਹੋ ਗਵੱਈਆ ਹੈ। ਜਿਹੜੇ ਇਹ ਉਲਾਂਭਾ ਦਿੰਦੇ ਰਹੇ ਨੇ ਕਿ 'ਉਹ ਪੰਜਾਬੀ ਗਾਇਕੀ ਵਿਚ ਹੈ ਕੀ ਐ', ਉਹ ਕੰਗ ਨੂੰ ਸੁਣ ਕੇ ਝੱਟ ਕਹਿ ਦਿੰਦੇ ਨੇ- 'ਪੁੱਠੀ ਦੇਖੀ ਰੀਤ ਮੈਂ ਇਸ ਭੈੜੇ ਸੰਸਾਰ ਦੀ, ਇਹ ਮੋਇਆਂ ਨੂੰ ਪੂਜਦੀ' ਹੈ।

ਮੈਨੂੰ ਇਕ ਪੇਂਡੂ ਬਜ਼ੁਰਗ ਦੀ ਗੱਲ ਕਦੇ ਵੀ ਨਹੀਂ ਭੁੱਲੇਗੀ। ਉਹਨੇ ਕਿਤੇ ਕੰਗ ਦੇ ਗੀਤ 'ਖਾਓ-ਪੀਓ ਐਸ਼ ਕਰੋ' ਦੀ ਵੀਡੀਓ ਦੇਖੀ ਹੋਣੀ ਹੈ। ਕਹਿਣ ਲੱਗਾ-"ਜੁਆਨਾ! ਗਾਣਾ ਬਹੁਤ ਆਲ੍ਹਾ ਗਾਇਆ ਕੰਗ ਨੇ। ਪੱਗ ਵੀ ਤੁਰਲੇ ਆਲੀ ਸੋਹਣੀ ਲਗਦੀ ਐ...ਨੱਚਦਾ ਵੀ ਸੋਹਣਾ, ਪਰ ਕੱਦ ਪੱਖੋਂ ਮਾਰ ਖਾ ਗਿਆ।" ਮੈਂ ਹੱਸ ਪਿਆ ਕਿ ਬਾਬਾ ਗੀਤ ਵਿਚਲੇ ਮਾਡਲ ਦੀ ਗੱਲ ਕਰ ਰਿਹਾ ਹੈ। ਉਹਨੂੰ ਮੈਂ ਦੱਸਿਆ, "ਕੰਗ ਛੇ ਫੁੱਟ ਐ। ਜਿਹੜਾ ਤੂੰ ਗੀਤ ਵਿਚ ਵੇਖਿਐ, ਉਹ ਨਹੀਂ ਕੰਗ।" ਅਸਲ ਵਿਚ ਕੰਪਨੀ ਨੇ ਉਹਨੂੰ ਗੀਤ ਵਿਚ ਲਏ ਬਿਨਾਂ ਹੀ ਗੀਤ ਦਾ ਫਿਲਮਾਂਕਣ ਕਰ ਲਿਆ ਸੀ। ਉਂ ਵੀ ਇਹ ਘਟਨਾ ਤਾਂ ਵਾਪਰ ਗਈ ਸੀ ਕਿ ਉਹ ਮਸਤ ਤੇ ਫੱਕਰ ਸੁਭਾਅ ਵਾਲਾ ਹੈ।

ਸਾਲ 1978 ਵਿਚ ਐਚ.ਐਮ.ਵੀ. ਕੰਪਨੀ ਨੇ ਉਹਦੇ ਗੀਤਾਂ ਦਾ ਪੂਰਾ ਐਲ.ਪੀ. ਰਿਕਾਰਡ 'ਗਿੱਧਿਆਂ ਦੀ ਰਾਣੀਏ' ਰਿਲੀਜ਼ ਕੀਤਾ ਸੀ ਤੇ ਹੁਣ ਜਦੋਂ ਪੰਜਾਬੀ ਗਾਇਕੀ ਵਿਚ ਬੜੇ ਮੋੜ-ਘੋੜ ਆ ਚੁੱਕੇ ਹਨ, ਤਜਰਬੇ ਹੋ ਰਹੇ ਹਨ ਤਾਂ ਵੀ ਇਸ ਗੀਤ ਨੂੰ ਸੁਣ ਕੇ ਵੇਖੋ, ਰੂਹ ਤਾਜ਼ੀ ਹੋ ਜਾਵੇਗੀ। ਨਹੀਂ ਲਗਦਾ ਕਿ ਇਹ ਗੀਤ 38 ਸਾਲ ਪਹਿਲਾਂ ਆਏ ਸਨ। ਠੀਕ ਹੈ, ਗੁਰਦਾਸ ਮਾਨ ਨੇ ਵਪਾਰਕ ਨਜ਼ਰੀਏ ਨਾਲ ਦੁਨੀਆਂ ਵਿਚ ਵੱਡੇ ਸ਼ੋਅ ਕੀਤੇ ਹੋਣਗੇ, ਪਰ ਗੀਤ ਸੁਣਨ ਤੇ ਵੱਜਣ ਦੇ ਮਾਮਲੇ ਵਿਚ ਉਹ ਆਪਣੀਆਂ ਮਾਡਰਨ ਬੋਲੀਆਂ ਤੱਕ ਸਭ ਤੋਂ ਅੱਗੇ ਹੈ ਅਤੇ ਇਸ ਲੰਮੇ ਵਕਫੇ ਵਿਚ ਉਹਦਾ ਗ੍ਰਾਫ ਕਿਤੇ ਵੀ ਘਟਦਾ-ਵਧਦਾ ਨਜ਼ਰ



*ਅੱਜ ਵਾਲਾ ਏ.ਐਸ. ਕੰਗ*

ਨਹੀਂ ਆਉਂਦਾ।

ਜਦੋਂ ਮੈਂ ਫਗਵਾੜੇ ਇੰਜੀਨੀਅਰਿੰਗ ਕਰਨ ਲੱਗਾ ਤਾਂ ਨੇੜਲੇ ਪਿੰਡ ਮੇਹਲੀ ਵਿਚ ਕੁਲਦੀਪ ਮਾਣਕ, ਗੁਰਚਰਨ ਪੋਹਲੀ ਤੇ ਏ.ਐਸ. ਕੰਗ ਨੇ ਇਕੱਠਿਆਂ ਆਉਣਾ ਸੀ। ਗੱਲ 1979 ਦੀ ਹੈ। ਉਸ ਦਿਨ ਫਗਵਾੜੇ ਦੀਆਂ ਕਾਲਜ ਪੱਧਰ ਦੀਆਂ ਸਾਰੀਆਂ ਵਿਦਿਅਕ ਸੰਸਥਾਵਾਂ ਇਸ ਤ੍ਰਿਵੈਣੀ ਨੂੰ ਵੇਖਣ ਲਈ ਖਾਲੀ ਹੋ ਗਈਆਂ ਸਨ। ਅਸੀਂ ਵੀ ਤਿੰਨਾਂ ਨੂੰ ਕਾਲਜੋਂ ਭੱਜ ਕੇ ਵੇਖਿਆ।

ਮਾਣਕ ਦੀ ਪੂਰੀ ਚੜ੍ਹਾਈ ਸੀ ਉਨ੍ਹੀਂ ਦਿਨੀਂ। ਪੋਹਲੀ ਫਿਲਮਾਂ ਕਰ ਕੇ ਚਰਚਿਤ ਸੀ। ਕੰਗ ਨੂੰ ਵੇਖ ਕੇ ਲਗਦਾ ਤਾਂ ਸੀ ਜਿਵੇਂ ਲਾਲਿਆਂ ਦਾ ਮੁੰਡਾ ਵਲੈਤੋਂ ਹੋ ਕੇ ਆਇਆ ਹੋਵੇ, ਪਰ ਸੱਚ ਮੰਨਿਓਂ, ਉਦੋਂ ਬਜ਼ੁਰਗਾਂ ਤੇ ਬੀਬੀਆਂ ਅੰਦਰ ਸਭ ਤੋਂ ਵੱਡੀ ਚਾਹਤ ਉਸ ਨੂੰ ਵੇਖਣ ਦੀ ਹੀ ਸੀ। ਉਹਨੇ ਜਦੋਂ 'ਗਿੱਧਿਆਂ ਦੀ ਰਾਣੀਏ' ਗਾਇਆ ਤਾਂ ਤਾਲੀਆਂ ਦਾ ਜਿਵੇਂ ਸਾਉਣ ਵਿਚ ਕਿਤੇ ਨਿਆਣੇ-ਕੁੱਟ ਮੀਂਹ ਪੈਣ ਲੱਗ ਪਿਆ ਹੋਵੇ। ਮੈਂ ਉਦੋਂ ਖ਼ੈਰ ਕੰਗ ਤਾਂ ਨੇੜਿਓਂ ਵੇਖ ਲਿਆ ਸੀ, ਪਰ ਦੋ ਘਟਨਾਵਾਂ ਇਕੋ ਵੇਲੇ ਵਾਪਰ ਜਾਣ ਕਰ ਕੇ ਚੇਤਾ ਕਦੇ ਨਹੀਂ ਭੁੱਲਿਆ। ਪਹਿਲੀ ਗੱਲ ਤਾਂ ਇਹ ਹੋਈ ਕਿ ਜਦੋਂ ਭੀੜ ਵਿਚ ਤਿੰਨਾਂ ਨੂੰ ਨੇੜੇ ਤੋਂ ਵੇਖਣ ਲਈ ਅੱਗੇ ਵਧਿਆ, ਤਾਂ ਤਾੜ ਦੇਣੀ ਇਕ ਪੁਲਿਸ ਵਾਲੇ ਨੇ ਕੰਨ 'ਤੇ ਲੱਫੜ ਜੜ ਦਿੱਤਾ। ਮੈਂ ਉਦੋਂ ਮਸਾਂ ਹੀ ਪੰਤਾਲੀ ਕਿਲੋ ਦਾ ਹੋਵਾਂਗਾ ਤੇ ਉਹ ਸਿਪਾਹੀ ਕੁਇੰਟਲ ਭਾਰਾ। ਪੈਰਾਂ ਤੱਕ ਹਿੱਲ ਹੀ ਨਹੀਂ ਗਿਆ, ਸਗੋਂ ਨੀਲਾ ਹੋਇਆ ਕੰਨ ਵੇਖ ਕੇ ਮਾਂ ਪੁੱਛਦੀ ਰਹੀ- 'ਨਾਲੇ ਕਹਿੰਦੇ ਸਕੂਲਾਂ ਵਿਚ ਹੀ ਮਾਸਟਰ ਕੁੱਟਦੇ ਹੁੰਦੇ ਆ, ਕਾਲਜਾਂ ਵਿਚ ਕੋਈ ਮਾਰਦਾ ਨਹੀਂ।' ਮੈਂ ਮਾਂ ਨੂੰ ਕੀ ਦੱਸਦਾ ਕਿ ਮਾਣਕ ਦੀਆਂ ਤਾਂ ਕੰਨਾਂ 'ਤੇ ਹੱਥ ਰੱਖ ਕੇ ਹੇਕਾਂ ਲਗਦੀਆਂ ਵੇਖੀਆਂ ਸਨ, ਪਰ 'ਗਿੱਧਿਆਂ ਦੀ ਰਾਣੀ' ਚਪੇੜਾਂ ਖਾ ਕੇ ਸੁਣ ਸਕਿਆ ਸਾਂ। ਸਾਲ 2000 ਵਿਚ ਕੰਗ ਦੇ ਘਰੇ ਬਰਮਿੰਘਮ ਲਾਗੇ ਵਾਲਸਲ ਵਿਚ ਜਦੋਂ ਮੈਂ ਉਹਨੂੰ ਇਹ ਘਟਨਾ ਦੱਸੀ ਤਾਂ ਉਹ ਵੀ ਖਿੜ-ਖਿੜਾ ਕੇ ਹੱਸ ਪਿਆ ਸੀ। ਉਸ ਦਿਨ ਥੱਪੜ ਲੱਗਣ ਨਾਲ ਕਮੀਜ਼ ਦੀ ਜੇਬ ਵਿਚੋਂ ਭੁੜਕ ਕੇ ਕਾਲਜ ਦਾ ਆਈਡੈਂਟਿਟੀ ਕਾਰਡ ਵੀ ਹੇਠਾਂ ਜਾ ਪਿਆ ਸੀ। ਉਹ ਦਾ ਤਾਂ ਚਲੋ ਬਹੁਤਾ ਦੁੱਖ ਨਹੀਂ ਸੀ, ਪਰ ਫੀਸ ਦੇ 14 ਰੁਪਏ ਵੀ ਗੁਆ ਲਏ ਸਨ, ਉਦੋਂ ਜਦੋਂ ਫਿਲਮ ਦੇਖਣ ਲਈ ਟਿਕਟ ਵੀ ਅੱਸੀ ਪੈਸੇ ਦੀ ਹੁੰਦੀ ਸੀ।

ਸਾਲ 2000 ਵਿਚ ਜਦੋਂ ਮੈਂ ਫਖ਼ਰ ਜ਼ਮਾਨ ਹੁਰਾਂ ਦੀ ਲੰਡਨ ਵਿਚਲੀ ਵਿਸ਼ਵ ਕਾਨਫਰੰਸ 'ਤੇ ਗਿਆ ਤਾਂ ਉਸ ਕਾਫਲੇ ਵਿਚ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਹਰਭਜਨ ਹਲਵਾਰਵੀ ਵੀ ਸੀ। ਵੀਜ਼ੇ ਦੀ ਸਮੱਸਿਆ ਕਰ ਕੇ ਉਦੋਂ ਮੈਂ ਕਰੀਬ ਅੱਠ ਸਾਲਾਂ ਦੇ ਵਕਫੇ ਪਿਛੋਂ ਇੰਗਲੈਂਡ ਜਾ ਰਿਹਾ ਸਾਂ। ਜਹਾਜ਼ ਵਿਚ ਬੈਠਿਆਂ ਨਾਲ ਦੀ ਸੀਟ 'ਤੇ ਊਂਘਦੇ ਹਲਵਾਰਵੀ ਨੂੰ ਮੈਂ ਪੁੱਛਿਆ-"ਮੈਂ ਗਾਇਕ ਕੰਗ ਨੂੰ ਮਿਲਣ ਜਾਣੈ, ਤੁਸੀਂ ਚੱਲੋਗੇ ਮੇਰੇ ਨਾਲ?" ਜਾਣਨ ਵਾਲੇ ਜਾਣਦੇ ਨੇ, ਜਿਵੇਂ ਉਹਦਾ ਸੁਭਾਅ ਸੀ, ਉਹ ਮੈਨੂੰ ਕਾਮਰੇਡਾਂ ਵਾਲੀ ਬੋਲੀ ਵਿਚ ਝੁੰਬ ਮਾਰ ਕੇ ਪਿਆ-"ਪਹਿਲਾਂ ਤਾਂ ਅਮੀਨ ਮਲਿਕ ਤੇ ਫਖ਼ਰ ਜ਼ਮਾਨ ਹੁਰਾਂ ਪਤਾ ਨੀਂ ਕਾਹਤੋਂ ਤੈਨੂੰ ਵਿਸ਼ਵ ਕਾਨਫਰੰਸ ਵਿਚ ਸੱਦ ਲਿਐ? ਮੈਂ ਇਨ੍ਹਾਂ ਟੁੱਚੇ ਜਿਹੇ ਗਾਇਕਾਂ ਨੂੰ ਟਿੱਚ ਕਰ ਕੇ ਨਹੀਂ ਜਾਣਦਾ। ਜੇ ਇਨ੍ਹਾਂ ਬਾਰੇ ਤੇਰੀ ਖੇਹ-ਸੁਆਹ ਅਖ਼ਬਾਰ ਵਿਚ ਛਾਪ ਦਿੰਨਾਂ ਤਾਂ ਤੂੰ ਮੈਨੂੰ ਵੀ ਨਾਲ ਖਿੱਚਣ ਲੱਗ ਪਿਐਂ।" ਮੇਰਾ ਤਾਂ ਸਫ਼ਰ ਪੈ ਗਿਆ ਖੂਹ-ਖਾਤੇ। ਉਂਜ, ਹਲਵਾਰਵੀ ਦੀ ਇਕ ਗੱਲ ਸਿਫ਼ਤ ਵਾਲੀ ਸੀ ਕਿ ਉਹ ਅਗਲੇ ਪਲ ਹੀ ਠੰਢਾ ਹੋ ਜਾਂਦਾ ਸੀ। ਫਿਰ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਕਹਿਣ ਲੱਗਾ-"ਅਸ਼ੋਕ, ਅੱਛਾ ਤੂੰ ਕੰਗ ਦੀ ਗੱਲ ਕਰਦਾ ਸੀ, ਉਹ ਤਾਂ ਬਹੁਤ ਵਧੀਆ ਗਾਉਂਦੈ। ਬਣਾ ਲਈਂ ਪ੍ਰੋਗਰਾਮ, ਵੇਖ ਲਵਾਂਗੇ। ਚੱਲ ਮਾਰ ਘੰਟੀ, ਮੰਗਾ ਸ਼ਾਟ।"

ਖ਼ੈਰ! ਹਲਵਾਰਵੀ ਤਾਂ ਮੇਰੇ ਨਾਲ ਨਹੀਂ ਗਿਆ, ਪਰ ਮੈਂ ਆਪਣੇ ਇਕ ਰਿਸ਼ਤੇਦਾਰ ਨੂੰ ਨਾਲ ਲੈ ਕੇ ਉਹਦੇ ਘਰ ਵਾਲਸਲ ਗਿਆਰਾਂ ਕੁ ਵਜੇ ਪੁੱਜ ਗਿਆ। ਸਮੋਸਿਆਂ ਨਾਲ ਚਾਹ ਪੀਣ ਤੋਂ ਬਾਅਦ ਕਹਿਣ ਲੱਗਾ-"ਅਸ਼ੋਕ ਘੁੱਟ ਲਾਈਏ, ਕੰਗ ਦੀ ਕੱਢੀ ਵੀ ਹੈਗੀ ਆ ਤੇ ਹੋਰ ਵੀ ਸਾਰੀਆਂ ਪਈਆਂ।" ਮੈਂ ਵੀ ਉਪਰੋਂ-ਉਪਰੋਂ ਨਾਂਹ-ਨੁੱਕਰ ਕਰ ਰਿਹਾ ਸੀ। ਉਹ ਸਿਵਾਸ ਰੀਗਲ ਚੁੱਕ ਲਿਆਇਆ, ਜਾਨੀ ਵਾਕਰ ਬਲੈਕ ਤੇ ਗ੍ਰੀਨ ਵੀ, ਬੇਟਾ ਦੇਸੀ ਚੁੱਕੀ ਆਵੇ। ਦੇਸੀ ਨਾਲ ਕਿਤੇ ਉਖੜ ਨਾ ਜਾਵਾਂ, ਮੈਂ ਕਿਹਾ-"ਚਲੋ ਗ੍ਰੀਨ ਲੇਬਲ ਕਦੇ ਪੀਤੀ ਨਹੀਂ, ਇਹਦਾ ਸੁਆਦ ਦੇਖਦੇ ਹਾਂ।" ਇਕ ਪੈਗ ਲਾ ਕੇ ਮੈਂ ਕੰਗ ਨੂੰ ਪੁੱਛਿਆ-"ਬੇਟੇ ਦਾ ਕੀ ਨਾਂ ਐ?"

ਉਹ ਆਪਣੇ ਸੁਭਾਅ ਮੁਤਾਬਕ ਢਿੱਲਾ ਜਿਹਾ ਮੂੰਹ ਕਰ ਕੇ ਕਹਿਣ ਲੱਗਾ-"ਮਛੰਦਰ।" ਮੈਂ ਹੱਸ ਪਿਆ। ਉਹਨੇ ਮੈਨੂੰ ਸਵਾਲ ਕੀਤਾ-"ਅਸ਼ੋਕ ਸੱਚ ਦੱਸੀਂ, ਤੂੰ ਮਛੰਦਰ ਨਾਂ ਸੁਣ ਕੇ ਹੱਸਿਆ ਕਿਉਂ?"

"ਗੁਰੂ ਗੋਰਖ ਨਾਥ ਦੇ ਗੁਰੂ ਦਾ ਨਾਂ ਮਛੰਦਰ ਸੀ। ਪਹਿਲੀ ਵਾਰ ਪੰਜਾਬੀਆਂ ਵਿਚ ਨਾਂ ਸੁਣਿਆ ਇਹ, ਤੇ ਉਹ ਵੀ ਏ.ਐਸ. ਕੰਗ ਦੇ ਮੁੰਡੇ ਦਾ।"

ਉਦਣ ਉਹ ਮੈਨੂੰ ਆਪਣੇ ਸੁਭਾਅ ਤੋਂ ਪੂਰਾ ਹੀ ਉਲਟ ਲੱਗ ਰਿਹਾ ਸੀ। ਹੌਲੀ ਦੇਣੀ ਬੋਲਿਆ "ਜੱਟ ਤਾਂ ਸੁਹਾਗੇ 'ਤੇ ਮਾਨ ਨੀਂ ਹੁੰਦਾ, ਮੈਂ ਤਾਂ ਵਲੈਤ ਵਿਚ ਆ ਗਿਆਂ। ਕਿਹੜਾ ਗੋਰਖ ਨਾਥ ਤੇ ਕਿਹੜਾ ਉਹਦਾ ਗੁਰੂ ਮਛੰਦਰ।" ਤੇ ਇਹ ਕਹਿੰਦਿਆਂ ਉਹ ਦੂਜਾ ਪੈਗ ਵੀ ਖਿੱਚ ਗਿਆ।

ਸੁਭਾਅ ਪੱਖੋਂ ਮੈਂ ਆਸਾ ਸਿੰਘ ਮਸਤਾਨਾ, ਦੀਦਾਰ ਸੰਧੂ ਅਤੇ ਏ.ਐਸ. ਕੰਗ ਨੂੰ ਇਕੋ ਜਿਹੇ ਮੰਨਦਾ ਹਾਂ। ਇਨ੍ਹਾਂ ਵਿਚੋਂ ਦੋ ਪੀਣ ਦੇ ਸ਼ੌਕੀਨ ਰਹੇ ਹਨ ਤੇ ਮਸਤਾਨਾ ਪਾਨ ਖਾਣ ਦਾ।

ਉਸ ਦਿਨ ਗਿਆ ਤਾਂ ਮੈਂ ਉਹਦੇ ਕੋਲ ਕੁਝ ਪਲਾਂ ਲਈ ਸੀ, ਪਰ ਉਹਨੇ ਮੁਹੱਬਤ ਦਾ ਹੱਥ ਇੰਨਾ ਘੁੱਟ ਕੇ ਫੜੀ ਰੱਖਿਆ ਕਿ ਦੇਰ ਰਾਤ ਉਹ ਆਪ ਮੈਨੂੰ ਵਾਪਸ ਛੱਡਣ ਨਾਲ ਆਇਆ। ਮੇਰੀ ਇਕ ਗੱਲ ਦਾ ਜਵਾਬ ਉਹਨੇ ਬੜਾ ਦਿਲਚਸਪ ਦਿੱਤਾ ਸੀ ਕਿ ਗਾਉਣ ਵਾਲੇ ਐਵੇਂ ਆਕੜਾਂ ਕਰੀ ਫਿਰਦੇ ਹਨ, ਪਹਿਲਾਂ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਦੇ ਸੁਪਨੇ ਵੇਖਦੇ ਹਨ ਤੇ ਜਦੋਂ ਇਹ ਸੱਚ ਹੋ ਜਾਵੇ, ਤਾਂ ਹੱਥ ਮਿਲਾਉਣਾ ਵੀ ਮੁਨਾਸਿਫ਼ ਨਹੀਂ ਸਮਝਦੇ। ਭੁੱਬਣਗੇ ਕੰਜਰ ਕਿਸੇ ਦਿਨ!

ਮੇਰੀ ਜ਼ਿੰਦਗੀ ਦਾ ਇਤਫ਼ਾਕ ਇਹ ਵੀ ਸੀ ਕਿ ਇਸੇ ਕਾਨਫਰੰਸ ਦੌਰਾਨ ਸੰਗੀਤਕਾਰ ਬਲਦੇਵ ਮਸਤਾਨਾ ਦੇ ਕੁਵੈਂਟਰੀ ਸਥਿਤ ਰਿਕਾਰਡਿੰਗ ਸਟੂਡੀਓ ਵਿਚ ਸਨਮਾਨ ਸਮਾਰੋਹ ਮੇਰੇ ਤੇ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਲਈ ਰੱਖਿਆ ਗਿਆ। ਪਹਿਲੀ ਵਾਰ ਮੈਂ ਇਨਕਲਾਬੀ ਸ਼ਾਇਰ ਅਮਰਜੀਤ ਚੰਦਨ ਦੇ ਇਥੇ ਦਰਸ਼ਨ ਕੀਤੇ ਸਨ। ਕੰਗ ਦਾ ਲੰਗੋਟੀਆ ਯਾਰ ਤੇ ਉਹਦੀ ਸਮੁੱਚੀ ਗਾਇਕੀ ਦਾ ਮੁੱਖ ਗੀਤਕਾਰ ਹਰਬੰਸ ਜੰਡੂ ਉਰਫ਼ ਜੰਡੂ ਲਿੱਤਰਾਂਵਾਲਾ ਵੀ ਮਿਲਿਆ। 'ਖਾਓ-ਪੀਓ ਐਸ਼ ਕਰੋ' ਗੀਤ ਦਾ ਰਚਨਹਾਰਾ ਮਰਹੂਮ ਦੇਵ ਜੱਸਲ ਵੀ, ਗਾਇਕ ਸ਼ਿੰਦਾ ਸੁਰੀਲਾ ਵੀ। ਕਰੀਬ ਚਾਰ ਘੰਟੇ ਚੱਲੇ ਇਸ ਕਵੀ ਦਰਬਾਰ ਵਿਚ ਰਚਨਾਵਾਂ ਨਾਲੋਂ ਵੀ ਇਸ ਗੱਲ ਵਿਚ ਖੁਸ਼ ਸਾਂ ਕਿ ਇੰਗਲੈਂਡ ਦੇ ਸਮੁੱਚੇ ਪੰਜਾਬੀ ਸੰਗੀਤ ਖੇਤਰ ਵਿਚ ਮੇਰੇ ਕੀਤੇ ਨਿੱਕੇ-ਮੋਟੇ ਕਾਰਜ ਦਾ ਗੰਭੀਰ ਨੋਟਿਸ ਲਿਆ ਗਿਆ ਸੀ ਤੇ ਇਸੇ ਕਰ ਕੇ ਸਤਿਕਾਰ ਨਾਲ ਝੋਲੀ ਭਰ ਗਈ ਸੀ।

ਸਟੂਡੀਓ ਦੇ ਇਕ ਕਮਰੇ ਵਿਚ ਬਾਅਦ ਵਿਚ ਮੈਂ ਕੰਗ ਤੇ ਜੰਡੂ ਨਾਲ ਲੰਮਾ ਸਮਾਂ ਗੱਲਾਂ ਕੀਤੀਆਂ। ਜਿਵੇਂ ਕੁਲਦੀਪ ਮਾਣਕ ਤੇ ਦੇਵ ਥਰੀਕੇ ਵਾਲੇ ਨੂੰ ਅਤੇ ਮੁਹੰਮਦ ਸਦੀਕ ਤੇ ਮਾਨ ਮਰਾੜਾਂ ਵਾਲੇ ਨੂੰ ਅਲੱਗ ਕਰ ਕੇ ਨਹੀਂ ਵੇਖਿਆ ਜਾ ਸਕਦਾ, ਇਵੇਂ ਕੰਗ ਤੇ ਜੰਡੂ ਦੀ ਜੋੜੀ ਦਾ ਜ਼ਿਕਰ ਵੀ ਤਬਲੇ-ਧਾਮੇ ਵਾਂਗ ਇਕੱਠਿਆਂ ਹੀ ਹੁੰਦਾ ਰਹੇਗਾ; ਇਸ ਕਰ ਕੇ ਮੈਂ ਜੰਡੂ ਨੂੰ ਕਹਿ ਬੈਠਾ-

ਉਹਨੇ ਬਾਰੀ ਚੋਂ ਖਲੋ ਕੇ ਅੱਖ ਮਾਰੀ
ਕੱਢ ਕੇ ਕਲੇਜਾ ਲੈ ਗਈ...

ਤਾਂ ਉਹ ਵੀ ਮੇਰੇ ਨਾਲ ਉਖੜ ਗਿਆ- "ਯਾਰ! ਇਸ ਗੀਤ ਵਿਚ ਬੁਰਾ ਕੀ ਐ, ਅੱਖ ਮਾਰਨਾ ਤਾਂ ਇਕ ਰਮਜ਼ ਐ।"

ਮੈਂ ਬਥੇਰਾ ਕਿਹਾ ਕਿ ਇਹ ਗੀਤ ਮੈਨੂੰ ਚੰਗਾ ਲਗਦੈ, ਸਾਰਾ ਜ਼ੁਬਾਨੀ ਯਾਦ ਐ, ਪਰ ਉਹ ਨਾਰਾਜ਼ ਜਿਹਾ ਹੋ ਕੇ ਕਹੀ ਗਿਆ-"ਹੁੰਦੇ ਮਾਪਿਆਂ ਨੂੰ ਪੁੱਤਰ ਪਿਆਰੇ...ਜ਼ਿੰਦਗੀ ਮੁੱਕਦੀ ਜਾਂਦੀ ਐ...ਸਾਰੀ ਉਮਰ ਗਵਾ ਲਈ ਤੂੰ, ਜਿੰਦੜੀਏ ਕੁਝ ਨਾ ਜਹਾਨ ਵਿਚੋਂ ਖੱਟਿਆ...ਗੀਤ ਵੀ ਮੈਂ ਹੀ ਲਿਖੇ ਹਨ", ਪਰ ਇਸ ਮੁਲਾਕਾਤ ਤੋਂ ਬਾਅਦ ਮੈਨੂੰ ਫਿਰ ਜੰਡੂ ਮਿਲਿਆ ਨਹੀਂ।

ਕੰਗ ਦਾ ਪਿੰਡ ਭਾਵੇਂ ਮੇਰੇ ਜ਼ਿਲ੍ਹੇ (ਨਵਾਂ ਸ਼ਹਿਰ) ਵਿਚ ਹੀ ਕੁਲਥਮ ਹੈ, ਮੰਢਾਲੀ ਸ਼ਰੀਫ਼ ਨੇੜੇ, ਪਰ ਉਹ ਜਦੋਂ ਵੀ ਪੰਜਾਬ ਆਉਂਦਾ ਹੈ, ਆਪਣੀ ਭੈਣ ਦੇ ਪਿੰਡ ਕਲੇਰਾਂ ਹੀ ਠਹਿਰਦਾ ਹੈ। ਕਾਨਫਰੰਸ ਤੋਂ ਅਗਲੇ ਸਾਲ ਉਹ ਆਇਆ ਤਾਂ ਮਾਣਕ ਮੈਨੂੰ ਇਹ ਕਹਿ ਕੇ ਲੈ ਗਿਆ ਕਿ ਇਕ ਵਿਆਹ 'ਤੇ ਨਵਾਂ ਸ਼ਹਿਰ ਲਾਗੇ ਮੁਬਾਰਕਪੁਰ ਚੱਲਣਾ, ਕੰਗ ਵੀ ਆ ਰਿਹੈ।




*ਏ.ਐਸ. ਕੰਗ, ਐਸ. ਅਸ਼ੋਕ ਭੌਰਾ ਤੇ ਜੰਡੂ ਲਿੱਤਰਾਂਵਾਲਾ*

ਉਸ ਦਿਨ ਦੀ ਖਾਸ ਗੱਲ ਇਹ ਸੀ ਕਿ ਉਹਨੂੰ ਮੈਂ ਕਿਸੇ ਵਿਆਹ ਦੀ ਸਟੇਜ 'ਤੇ ਪਹਿਲੀ ਵਾਰ ਗਾਉਂਦਿਆਂ ਦੇਖ ਰਿਹਾ ਸਾਂ। ਉਹਨੂੰ ਗੁਰਦਾਸ ਨਾਲੋਂ ਵੀ ਅੱਗੇ ਇਸ ਕਰ ਕੇ ਕਹਾਂਗਾ ਕਿਉਂਕਿ ਬੀਬੀਆਂ ਉਹਦੇ ਹੱਥ ਤੇ ਮੱਥਾ ਚੁੰਮਣ ਆਈਆਂ। "ਆਹ ਆ ਕੰਗ...ਵੇਖ ਲਵੋ ਬਾਈ ਕੰਗ...ਗਾ ਦੇ ਬਾਈ 'ਗਿੱਧਿਆਂ ਦੀ ਰਾਣੀ'...'ਲੰਬੜਾਂ ਦੀ ਨੂੰਹ' ਵੀ...।" ਲੱਗਿਆ, ਲੋਕ ਜਿਵੇਂ ਕਹਿ ਰਹੇ ਹੋਣ-'ਮਾਈਕਲ ਜੈਕਸ਼ਨ ਭਲਾ ਕੀ ਚੀਜ਼ ਹੁੰਦੈ।'

ਉਹਦੇ ਗੀਤਾਂ ਨੂੰ ਭਾਵੇਂ ਕੇਸਰ ਸਿੰਘ ਨਰੂਲਾ ਨੇ ਸ਼ਿੰਗਾਰਿਆ, ਭਾਵੇਂ ਚਰਨਜੀਤ ਅਹੂਜਾ ਨੇ, ਤੇ ਭਾਵੇਂ ਸੁਖਸ਼ਿੰਦਰ ਸ਼ਿੰਦਾ ਨੇ; ਟਾਟਾ ਦੀਆਂ ਗੱਡੀਆਂ ਵਾਂਗ ਪੰਜਾਬੀਆਂ ਨੇ ਉਹਦਾ ਮੁੱਲ ਪੂਰਾ ਪਾਇਆ।

ਕਲਾ, ਗਾਇਕੀ ਦੀ ਉਹਦੇ ਕੋਲ ਹਾਲੇ ਤੱਕ ਸਿਖਰ ਹੈ ਪਰ ਜ਼ਿੰਦਗੀ ਦਾ ਪੰਧ ਬੁਢਾਪੇ ਵੱਲ ਜਾਣ ਕਰ ਕੇ ਉਹ ਹੁਣ ਸਿੱਖੀ ਸਰੂਪ ਵਿਚ ਆ ਗਿਆ ਹੈ, ਰੱਬ ਦੇ ਨੇੜੇ ਹੋਣ ਲਈ।

ਜਿਵੇਂ ਪਸ਼ੂ, ਪੰਛੀ ਤੇ ਜਾਨਵਰਾਂ 'ਤੇ ਕੋਈ ਵੀ ਝੂਠ ਬੋਲਣ ਦਾ ਇਲਜ਼ਾਮ ਨਹੀਂ ਲਾ ਸਕਦਾ, ਇਵੇਂ ਕੰਗ ਨੂੰ ਪੰਜਾਬੀ ਗਾਇਕੀ ਵਿਚ ਕੋਈ ਉਲਾਂਭਾ ਨਹੀਂ ਦਿੱਤਾ ਜਾ ਸਕਦਾ। ਮਾਣ ਨਾਲ ਕਹਾਂਗਾ-ਤੁਹਾਡਾ ਪਿਆਰਾ ਗਾਇਕ, ਮੇਰਾ ਯਾਰ ਰਿਹੈ।



*ਇੰਗਲੈਂਡ ਦੇ ਪੰਜ ਸਟਾਰ ਗਾਇਕਾਂ- ਪਲਵਿੰਦਰ ਧਾਮੀ, ਏ.ਐਸ. ਕੰਗ, ਬਲਦੇਵ ਮਸਤਾਨਾ, ਬਲਵਿੰਦਰ ਸਫਰੀ ਤੇ ਕੁਮਾਰ ਹੀਰਾ ਨਾਲ ਐਸ. ਅਸ਼ੋਕ ਭੌਰਾ।*

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਘਸੁੰਨ

ਵੇਖ ਰੱਬ ਦਿਆ ਬੰਦਿਆ, ਮੁਲਜ਼ਿਮ ਬਣ ਗਿਆ ਰੱਬ।
ਰੋਜ ਤਾਰੀਖਾਂ ਭੁਗਤਦਾ, ਕਿਵੇਂ ਸਹੇੜੇ ਜੱਭ।
ਦੁਨੀਆਂ ਕਮਲੀ ਹੋ ਗਈ, ਮਾਰੀ ਗਈ ਏ ਮੱਤ,
ਤਾਹੀਓਂ ਇਹਨੇ ਭੰਨ'ਤੇ, ਕੜੇ-ਕਾਨੂੰਨ ਦੇ ਹੱਥ।
ਨਹੀਂ ਸਿਆਣਾ ਬੰਦਿਐ, ਦਾਅਵੇ ਕਰ ਲੈ ਲੱਖ,
ਸ਼ਹਿਦ ਭੁਲੇਖੇ ਮੂਰਖਾ, ਮਹੁਰਾ ਗਿਆ ਏਂ ਚੱਟ।
ਹਰ ਪਾਸੇ ਹੀ ਵੇਖ ਲਓ, ਸਾਧ ਵਿਖਾਉਂਦੇ ਜ਼ੋਰ,
ਸਤਿਸੰਗ ਨਿਰਾ ਫਰੇਬ ਹੈ, ਚੜ੍ਹੀ ਇਸ਼ਕ ਦੀ ਲੋਰ।
ਰੱਬ ਦੀ ਰੱਖਿਆ ਕਰ ਰਹੇ, ਬੰਦੇ ਫੜ੍ਹ ਹਥਿਆਰ,
ਗੋਡਿਆਂ ਹੇਠਾਂ ਲੈ ਲਵੇ, ਹਰ ਆਉਂਦੀ ਸਰਕਾਰ।
ਢੀਠ ਕਟਹਿਰੇ ਨਿੱਤ ਖੜ੍ਹੇ, ਹੋਵੇ ਜੱਜ ਹੈਰਾਨ,
ਦੋਸ਼ ਬਲਾਤਕਾਰ ਦਾ, ਕਹੀ ਜਾਣ ਭਗਵਾਨ।
ਉਚੀ ਵੱਜਣ ਲੱਗ ਪਈ, ਕਲਯੁਗ ਦੀ ਏ ਧੁਨ,
'ਭੌਰੇ' ਅੱਕੇ ਲੋਕ ਨੇ, ਕੱਢੀ ਫਿਰਦੇ ਘਸੁੰਨ।

# ਨਾਨਕ ਜਿਸੁ ਪੂਰਬਿ ਹੋਵੈ ਲਿਖਿਆ ਸੋ ਗੁਰ ਚਰਣੀ ਆਇ ਪਾਇ

ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

ਗੁਰਮਤਿ ਦਰਸ਼ਨ ਵਿਚ ਹਉਮੈ ਨੂੰ ਵੱਡਾ ਰੋਗ ਮੰਨਿਆ ਗਿਆ ਹੈ ਜਿਸ ਤੋਂ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ। ਜਪੁਜੀ ਵਿਚ ਗੁਰੂ ਨਾਨਕ ਸਾਹਿਬ ਨੇ ਹਉਮੈ ਨੂੰ 'ਕੂੜੈ ਪਾਲਿ' ਕਿਹਾ ਹੈ ਜੋ ਮਨੁੱਖ ਅਤੇ ਅਕਾਲ ਪੁਰਖ ਵਿਚ ਵਿੱਥ ਪੈਦਾ ਕਰਦੀ ਹੈ। ਗੁਰੂ ਅਮਰਦਾਸ ਇਸ ਹਉਮੈ ਨੂੰ ਦੁੱਖਾਂ ਦਾ ਕਾਰਨ ਮੰਨਦੇ ਹਨ ਕਿਉਂਕਿ ਹਉਮੈ ਦੇ ਅਧੀਨ ਹੋ ਕੇ ਹੀ ਮਨੁੱਖ ਪਾਪ ਕਮਾਉਂਦਾ ਹੈ ਜਿਸ ਕਾਰਨ ਉਸ ਨੂੰ ਦੁੱਖ ਸਹਿਣੇ ਪੈਂਦੇ ਹਨ। ਗੁਰੂ ਅਮਰਦਾਸ ਕਹਿੰਦੇ ਹਨ ਕਿ ਅਜਿਹੇ ਮਨੁੱਖਾਂ ਦਾ ਜਿਊਣਾ ਲਾਹਨਤ ਭਰਿਆ ਹੈ ਜੋ ਅਕਾਲ ਪੁਰਖ ਦੇ ਨਾਮ ਦਾ ਅਨੰਦ ਬਿਲਕੁਲ ਤਿਆਗ ਦਿੰਦੇ ਹਨ ਅਤੇ ਹਉਮੈ ਦੇ ਵੱਸ ਵਿਚ ਹੋ ਕੇ ਬੁਰੇ ਕਰਮ ਕਰਦੇ ਹਨ। ਅਜਿਹੇ ਮੂਰਖ ਮਨੁੱਖ ਆਪਣੇ ਮਨ ਦੀ ਮੱਤ ਦੇ ਪਿੱਛੇ ਲੱਗ ਕੇ ਮਾਇਆ-ਮੋਹ ਵਿਚ ਫਸੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਸੂਝ-ਬੂਝ ਨਹੀਂ ਹੁੰਦੀ, ਅਗਿਆਨ ਵਿਚ ਸਭ ਕਰਮ ਕਰਦੇ ਹਨ। ਅਜਿਹੇ ਮਨੁੱਖਾਂ ਨੂੰ ਨਾ ਇਸ ਲੋਕ ਵਿਚ ਕੋਈ ਸੁਖ ਮਿਲਦਾ ਹੈ ਅਤੇ ਨਾ ਹੀ ਪਰਲੋਕ ਵਿਚ; ਤੇ ਮਰਨ ਵੇਲੇ ਅਜਿਹੇ ਲੋਕ ਪਛਤਾਵੇ ਵਿਚ ਹੀ ਦੁਨੀਆਂ ਤੋਂ ਰੁਖਸਤ ਹੁੰਦੇ ਹਨ। ਜੇ ਕਿਸੇ 'ਤੇ ਗੁਰੂ ਦੀ ਮਿਹਰ ਹੁੰਦੀ ਹੈ ਤਾਂ ਉਹ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ ਜਿਸ ਨਾਲ ਉਸ ਦੇ ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਸ ਮਨੁੱਖ ਦੇ ਮੱਥੇ 'ਤੇ ਉਸ ਦੇ ਚੰਗੇ ਕਰਮਾਂ ਕਰਕੇ ਧੁਰੋਂ ਲਿਖਿਆ ਹੁੰਦਾ ਹੈ, ਉਹ ਮਨੁੱਖ ਸਤਿਗੁਰੂ ਦੇ ਚਰਨੀਂ ਆ ਲੱਗਦਾ ਹੈ,

ਧ੍ਰਿਗੁ ਤਿਨ੍ਹਾ ਦਾ ਜੀਵਿਆ
ਜੋ ਹਰਿ ਸੁਖੁ ਪਰਹਰਿ ਤਿਆਗਦੇ
ਦੁਖੁ ਹਉਮੈ ਪਾਪ ਕਮਾਇ॥
ਮਨਮੁਖ ਅਗਿਆਨੀ
ਮਾਇਆ ਮੋਹਿ ਵਿਆਪੇ
ਤਿਨ੍ ਬੂਝ ਨ ਕਾਈ ਪਾਇ॥
ਹਲਤਿ ਪਲਤਿ ਓਇ ਸੁਖੁ ਨ ਪਾਵਹਿ
ਅੰਤਿ ਗਏ ਪਛੁਤਾਇ॥
ਗੁਰ ਪਰਸਾਦੀ ਕੋ ਨਾਮੁ ਧਿਆਏ
ਤਿਸੁ ਹਉਮੈ ਵਿਚਹੁ ਜਾਇ॥
ਨਾਨਕ ਜਿਸੁ ਪੂਰਬਿ ਹੋਵੈ ਲਿਖਿਆ
ਸੋ ਗੁਰ ਚਰਣੀ ਆਇ ਪਾਇ॥੧॥
(ਪੰਨਾ ੫੧੧)

ਆਪਣੇ ਮਨ ਪਿੱਛੇ ਲੱਗ ਕੇ ਤੁਰਨ ਵਾਲੇ ਮਨੁੱਖ ਦੀ ਤੁਲਨਾ ਉਲਟੇ ਕੰਵਲ-ਫੁੱਲ ਨਾਲ ਕੀਤੀ ਹੈ, ਇਸ ਵਿਚ ਨਾਮ ਸਿਮਰਨ ਅਤੇ ਭਗਤੀ-ਦੋਵੇਂ ਨਹੀਂ ਹਨ। ਉਹ ਸ਼ਕਤੀ ਭਾਵ ਮਾਇਆ ਦੇ ਅਸਰ ਹੇਠ ਸਾਰੇ ਕਰਮ ਕਰਦਾ ਹੈ, ਕਾਰ-ਵਿਹਾਰ ਕਰਦਾ ਹੈ ਤੇ ਮਾਇਆ ਹੀ ਉਸ ਦੇ ਜੀਵਨ ਦਾ ਅਸਲ ਨਿਸ਼ਾਨਾ ਜਾਂ ਮਕਸਦ ਹੈ। ਅਜਿਹਾ ਆਪ-ਹੁਦਰਾ ਮਨੁੱਖ ਅੰਦਰੋਂ ਭਿੱਜਦਾ ਨਹੀਂ ਅਤੇ ਮੂੰਹ ਤੋਂ ਫਿੱਕੇ ਬੋਲ ਹੀ ਬੋਲਦਾ ਹੈ। ਅਜਿਹੇ ਮਨੁੱਖ ਧਰਮ ਨਾਲ ਨਹੀਂ ਜੁੜਦੇ ਕਿਉਂਕਿ ਉਨ੍ਹਾਂ ਦੇ ਅੰਦਰ ਝੂਠ ਅਰਥਾਤ ਮਾਇਆ ਅਤੇ ਖੁਦਗਰਜ਼ੀ ਹੈ। ਗੁਰੂ ਅਮਰਦਾਸ ਸਾਹਿਬ ਅੱਗੇ ਦੱਸਦੇ ਹਨ ਕਿ ਇਹ ਕਰਤਾ ਪੁਰਖ ਦਾ ਰਚਿਆ ਹੋਇਆ ਖੇਲ ਹੈ ਕਿ ਮਨਮੁਖ ਝੂਠ ਬੋਲ ਬੋਲ ਸੰਸਾਰ-ਸਾਗਰ ਵਿਚ ਡੁੱਬ ਜਾਂਦੇ ਹਨ ਤੇ ਗੁਰੂ ਵੱਲ ਮੂੰਹ ਕਰਕੇ ਤੁਰਨ ਵਾਲੇ ਮਨੁੱਖ ਇਸ ਭਵ-ਸਾਗਰ ਤੋਂ ਪਾਰ ਲੰਘ ਜਾਂਦੇ ਹਨ,

ਮਨਮੁਖੁ ਉਧਾ ਕਉਲੁ ਹੈ
ਨਾ ਤਿਸੁ ਭਗਤਿ ਨ ਨਾਉ॥
ਸਕਤੀ ਅੰਦਰਿ ਵਰਤਦਾ
ਕੂੜੁ ਤਿਸ ਕਾ ਹੈ ਉਪਾਉ॥
ਤਿਸ ਕਾ ਅੰਦਰੁ ਚਿਤੁ ਨ ਭਿਜਈ
ਮੁਖਿ ਫੀਕਾ ਆਲਾਉ॥
ਓਇ ਧਰਮਿ ਰਲਾਏ ਨਾ ਰਲਨ੍ਹਿ
ਓਨਾ ਅੰਦਰਿ ਕੂੜੁ ਸੁਆਉ॥
ਨਾਨਕ ਕਰਤੈ ਬਣਤ ਬਣਾਈ
ਮਨਮੁਖ ਕੂੜੁ ਬੋਲਿ ਬੋਲਿ ਡੁਬੇ
ਗੁਰਮੁਖਿ ਤਰੇ ਜਪਿ ਹਰਿ ਨਾਉ॥੨॥
(ਪੰਨਾ ੫੧੧)

ਅੱਗੇ ਪਉੜੀ ਵਿਚ ਇਸ ਤੱਥ ਨੂੰ ਸਪੱਸ਼ਟ ਕੀਤਾ ਗਿਆ ਹੈ ਕਿ ਜਿਹੜੇ ਮਨੁੱਖ ਇਸ ਗੱਲ ਨੂੰ ਨਹੀਂ ਸਮਝਦੇ ਕਿ ਗੁਰੂ ਦੀ ਕਿਰਪਾ ਰਾਹੀਂ ਕਰਤਾ ਪੁਰਖ ਦਾ ਨਾਮ ਸਿਮਰਨ ਕਰ ਸਕੀਦਾ ਹੈ, ਉਹ ਦੁਨੀਆਂ 'ਤੇ ਜਨਮ ਲੈਂਦੇ ਤੇ ਮਰਦੇ ਰਹਿੰਦੇ ਹਨ। ਜੋ ਮਨੁੱਖ ਸਾਰੀ ਉਮਰ ਗੁਰੂ ਦੇ ਆਖੇ ਨਹੀਂ ਲੱਗਦਾ, ਗੁਰੂ ਦੀ ਸਿੱਖਿਆ 'ਤੇ ਨਹੀਂ ਚੱਲਦਾ, ਉਸ ਨੂੰ ਅੰਤ ਸਮੇਂ ਪਛਤਾਉਣਾ ਪੈਂਦਾ ਹੈ। ਜਦੋਂ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਉਦੋਂ ਮਨੁੱਖ ਦਾ ਗੁਰੂ ਨਾਲ ਮੇਲ ਹੁੰਦਾ ਹੈ ਤੇ ਗੁਰੂ ਦੀ ਸਿੱਖਿਆ 'ਤੇ ਚੱਲਦਿਆਂ ਅੰਦਰੋਂ ਹਉਮੈ ਦੂਰ ਹੁੰਦੀ ਹੈ। ਮਨੁੱਖ ਦੇ ਮਨ 'ਚੋਂ ਮਾਇਆ ਦੀ ਤ੍ਰਿਸ਼ਨਾ ਭੁੱਖ ਉਤਰ ਜਾਂਦੀ ਹੈ ਅਤੇ ਮਨ ਵਿਚ ਸੁਖ-ਅਨੰਦ ਦਾ ਵਾਸਾ ਹੁੰਦਾ ਹੈ। ਇਸ ਤਰ੍ਹਾਂ ਆਪਣੀ ਸੁਰਤਿ ਨੂੰ ਅਕਾਲ ਪੁਰਖ ਵਿਚ ਜੋੜ ਕੇ ਹਿਰਦੇ ਅੰਦਰ ਉਸ ਦੇ ਨਾਮ ਨੂੰ ਸਿਮਰਿਆ ਜਾ ਸਕਦਾ ਹੈ,

ਬਿਨੁ ਬੂਝੇ ਵਡਾ ਫੇਰੁ ਪਇਆ
ਫਿਰਿ ਆਵੈ ਜਾਈ॥
ਸਤਿਗੁਰ ਕੀ ਸੇਵਾ ਨ ਕੀਤੀਆ
ਅੰਤਿ ਗਇਆ ਪਛੁਤਾਈ॥
ਆਪਣੀ ਕਿਰਪਾ ਕਰੇ ਗੁਰੁ ਪਾਈਐ
ਵਿਚਹੁ ਆਪੁ ਗਵਾਈ॥
ਤ੍ਰਿਸਨਾ ਭੁਖ ਵਿਚਹੁ ਉਤਰੈ
ਸੁਖੁ ਵਸੈ ਮਨਿ ਆਈ॥
ਸਦਾ ਸਦਾ ਸਾਲਾਹੀਐ
ਹਿਰਦੈ ਲਿਵ ਲਾਈ॥੮॥ (ਪੰਨਾ ੫੧੧)

ਗੁਰੂ ਦੀ ਸਿੱਖਿਆ 'ਤੇ ਚੱਲਣ ਦੀਆਂ ਬਹੁਤ ਬਰਕਤਾਂ ਹਨ, ਇਸ ਤੱਥ ਦਾ ਬਿਆਨ ਗੁਰੂ ਅਮਰਦਾਸ ਅਗਲੇ ਸਲੋਕ ਵਿਚ ਕਰਦੇ ਹਨ। ਜੋ ਮਨੁੱਖ ਗੁਰੂ ਦੇ ਦੱਸੇ ਰਸਤੇ 'ਤੇ ਚੱਲਦੇ ਹਨ, ਉਨ੍ਹਾਂ ਦਾ ਸਾਰੇ ਸਤਿਕਾਰ ਕਰਦੇ ਹਨ। ਪਰਮਾਤਮਾ ਦੇ ਨਾਮ ਦੀ ਦਾਤ ਗੁਰੂ ਦੀ ਸਿੱਖਿਆ ਵਿਚੋਂ ਪ੍ਰਾਪਤ ਹੁੰਦੀ ਹੈ। ਇਸ ਲਈ ਸਾਰੇ ਉਪਾਵਾਂ ਤੋਂ ਵੱਡਾ ਉਪਾਅ ਇਹ ਹੈ ਕਿ ਪਰਮਾਤਮਾ ਦੇ ਨਾਮ ਦੀ ਦਾਤ ਮਿਲ ਜਾਵੇ, ਨਾਮ ਦਾ ਸਿਮਰਨ ਕਰਨ ਨਾਲ ਹਿਰਦੇ ਨੂੰ ਸੁਖ ਮਿਲਦਾ ਹੈ ਅਤੇ ਮਨ ਵਿਚ ਸ਼ਾਂਤੀ ਦਾ ਨਿਵਾਸ ਹੁੰਦਾ ਹੈ, ਹਿਰਦਾ ਸ਼ਾਂਤ ਹੋ ਜਾਂਦਾ ਹੈ। ਗੁਰੂ ਦੀ ਆਗਿਆ ਅਨੁਸਾਰ ਨਾਮ ਜਪਣ ਵਾਲੇ ਮਨੁੱਖ ਦੀ ਖੁਰਾਕ ਤੇ ਪੁਸ਼ਾਕ ਨਾਮ-ਰੂਪੀ ਅੰਮ੍ਰਿਤ ਹੋ ਜਾਂਦਾ ਹੈ। ਅਜਿਹੇ ਗੁਰੂ-ਵਰੋਸਾਏ ਮਨੁੱਖ ਲਈ ਨਾਮ ਆਦਰ-ਸਤਿਕਾਰ ਬਣ ਜਾਂਦਾ ਹੈ,

ਜਿ ਸਤਿਗੁਰੁ ਸੇਵੇ ਆਪਣਾ
ਤਿਸ ਨੋ ਪੂਜੇ ਸਭੁ ਕੋਇ॥
ਸਭਨਾ ਉਪਾਵਾ ਸਿਰਿ ਉਪਾਉ ਹੈ
ਹਰਿ ਨਾਮੁ ਪਰਾਪਤਿ ਹੋਇ॥
ਅੰਤਰਿ ਸੀਤਲ ਸਾਤਿ ਵਸੈ
ਜਪਿ ਹਿਰਦੈ ਸਦਾ ਸੁਖੁ ਹੋਇ॥
ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨਣਾ
ਨਾਨਕ ਨਾਮੁ ਵਡਾਈ ਹੋਇ॥੧॥
(ਪੰਨਾ ੫੧੧)

ਅਗਲੇ ਸਲੋਕ ਵਿਚ ਮਨ ਨੂੰ ਸੰਬੋਧਨ ਕੀਤਾ ਗਿਆ ਹੈ ਕਿ ਹੇ ਮਨ! ਸਤਿਗੁਰੂ ਦੀ ਸਿੱਖਿਆ ਸੁਣ ਅਤੇ ਉਸ 'ਤੇ ਅਮਲ ਕਰ ਕਿਉਂਕਿ ਗੁਰੂ ਦੀ ਸਿੱਖਿਆ 'ਤੇ ਚੱਲ ਕੇ ਹੀ ਉਸ ਗੁਣਾਂ ਦੇ ਖਜ਼ਾਨੇ ਅਕਾਲ ਪੁਰਖ ਨੂੰ ਪਾ ਸਕੀਦਾ ਹੈ, ਗੁਰੂ ਦੀ ਸਿੱਖਿਆ ਤੋਂ ਹੀ ਉਸ ਨੂੰ ਪਾਉਣ ਦਾ ਰਸਤਾ ਪਤਾ ਲੱਗਦਾ ਹੈ। ਉਹ ਅਕਾਲ ਪੁਰਖ ਜੋ ਮਨੁੱਖ ਨੂੰ ਸਾਰੇ ਸੁੱਖਾਂ ਦੀ ਦਾਤ ਬਖਸ਼ਿਸ਼ ਕਰਦਾ ਹੈ ਜਦੋਂ ਉਸ ਦਾ ਵਾਸਾ ਮਨ ਵਿਚ ਹੁੰਦਾ ਹੈ ਤਾਂ ਮਨ ਵਿਚੋਂ ਹਉਮੈ, ਹੰਕਾਰ ਦੂਰ ਹੋ ਜਾਂਦੇ ਹਨ। ਜਦੋਂ ਉਸ ਦੀ ਮਿਹਰ ਹੁੰਦੀ ਹੈ ਤਾਂ ਸੁਰਤ ਹਰ ਵੇਲੇ ਉਸ ਵਿਚ ਜੁੜੀ ਰਹਿੰਦੀ ਹੈ,

ਏ ਮਨ ਗੁਰ ਕੀ ਸਿਖ ਸੁਣਿ
ਹਰਿ ਪਾਵਹਿ ਗੁਣੀ ਨਿਧਾਨੁ॥
ਹਰਿ ਸੁਖਦਾਤਾ ਮਨਿ ਵਸੈ
ਹਉਮੈ ਜਾਇ ਗੁਮਾਨੁ॥
ਨਾਨਕ ਨਦਰੀ ਪਾਈਐ
ਤਾ ਅਨਦਿਨੁ ਲਾਗੈ ਧਿਆਨੁ॥੨॥
(ਪੰਨਾ ੫੧੧-੧੨)

ਨੌਵੀਂ ਪਉੜੀ ਵਿਚ ਦੱਸਿਆ ਗਿਆ ਹੈ ਕਿ ਜੋ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਚੱਲਦਾ ਹੈ ਉਸ ਦਾ ਜੀਵਨ ਪਵਿੱਤਰ ਹੋ ਜਾਂਦਾ ਹੈ, ਉਸ ਨੂੰ ਸਤ, ਸੰਤੋਖ ਆਦਿ ਗੁਣਾਂ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਹਰ ਥਾਂ ਅਕਾਲ ਪੁਰਖ ਦੀ ਵਿਆਪਕਤਾ ਦਾ ਅਨੁਭਵ ਹੋ ਜਾਂਦਾ ਹੈ। ਉਸ ਦੇ ਅੰਦਰੋਂ ਛਲ/ਕਪਟ ਆਦਿ ਵਿਕਾਰ ਖਤਮ ਹੋ ਜਾਂਦੇ ਹਨ ਅਤੇ ਆਪਣੇ ਮਨ ਨੂੰ ਉਹ ਸਹਿਜ ਵਿਚ ਹੀ ਕਾਬੂ ਕਰ ਲੈਂਦਾ ਹੈ। ਉਸ ਦੇ ਅੰਦਰ ਪਰਮਾਤਮ-ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਅਗਿਆਨ ਦਾ ਅੰਧੇਰਾ ਦੂਰ ਹੋ ਜਾਂਦਾ ਹੈ ਅਤੇ ਉਸ ਨੂੰ ਆਤਮਕ ਅਨੰਦ ਦੀ ਚੇਟਕ ਲੱਗ ਜਾਂਦੀ ਹੈ। ਉਹ ਦਿਨ ਰਾਤ ਪਰਮਾਤਮ ਗੁਣਾਂ ਦਾ ਗਾਇਨ ਕਰਦਾ ਹੈ ਅਤੇ ਇਹ ਰੱਬੀ ਗੁਣ ਉਸ ਦੇ ਅੰਦਰ ਵੀ ਪਰਗਟ ਹੋ ਜਾਂਦੇ ਹਨ। ਉਸ ਦਾ ਇਹ ਵਿਸ਼ਵਾਸ ਦ੍ਰਿੜ ਹੋ ਜਾਂਦਾ ਹੈ ਕਿ ਉਹ ਅਕਾਲ ਪੁਰਖ ਸਭ ਨੂੰ ਦਾਤਾਂ ਦੇਣ ਵਾਲਾ ਹੈ ਅਤੇ ਸਭ ਦਾ ਸਖਾ ਹੈ,

ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ॥
ਅੰਦਰਹੁ ਕਪਟੁ ਵਿਕਾਰੁ ਗਇਆ
ਮਨੁ ਸਹਜੇ ਜਿਤਾ॥
ਤਹ ਜੋਤਿ ਪ੍ਰਗਾਸੁ ਅਨੰਦ ਰਸੁ
ਅਗਿਆਨੁ ਗਵਿਤਾ॥
ਅਨਦਿਨੁ ਹਰਿ ਕੇ ਗੁਣ ਰਵੈ
ਗੁਣ ਪਰਗਟੁ ਕਿਤਾ॥
ਸਭਨਾ ਦਾਤਾ ਏਕੁ ਹੈ
ਇਕੋ ਹਰਿ ਮਿਤਾ॥੯॥ (ਪੰਨਾ ੫੧੨)

ਗੁਰਮਤਿ ਦਰਸ਼ਨ ਵਿਚ ਮਨੁੱਖ ਦੀ ਜਾਤ, ਜਨਮ ਅਤੇ ਇਸਤਰੀ-ਪੁਰਸ਼ ਹੋਣ ਦੇ ਨਾਤੇ ਵੰਡ ਨੂੰ ਨਕਾਰਿਆ ਗਿਆ ਹੈ ਕਿਉਂਕਿ ਸਾਰੇ ਮਨੁੱਖ ਉਸੇ ਇੱਕੋ ਰੱਬੀ ਜੋਤ ਤੋਂ ਪੈਦਾ ਹੋਏ ਹਨ। ਮਨੁੱਖ ਦੀਆਂ ਸਿਰਫ ਦੋ ਹੀ ਕੋਟੀਆਂ ਪ੍ਰਵਾਨ ਕੀਤੀਆਂ ਗਈਆਂ ਹਨ- ਗੁਰਮੁਖਿ ਅਤੇ ਮਨਮੁਖ। ਇਸ ਸਲੋਕ ਵਿਚ ਗੁਰੂ ਅਮਰਦਾਸ ਜੀ ਨੇ ਫਰਮਾਇਆ ਹੈ ਕਿ ਜਨਮ ਜਾਂ ਜਾਤਿ ਕਾਰਨ ਮਨੁੱਖ ਬ੍ਰਾਹਮਣ ਨਹੀਂ ਹੁੰਦਾ; ਬ੍ਰਾਹਮਣ ਉਹ ਹੈ ਜੋ ਅਕਾਲ ਪੁਰਖ ਨੂੰ ਜਾਣਦਾ ਹੈ। ਅਜਿਹਾ ਮਨੁੱਖ ਸਤਿਗੁਰੂ ਦੇ ਦੱਸੇ ਗਿਆਨ ਅਨੁਸਾਰ ਸੱਚ ਅਤੇ ਸੰਜਮ ਵਰਗੇ ਗੁਣਾਂ ਨੂੰ ਆਪਣੇ ਅੰਦਰ ਵਸਾਉਂਦਾ ਹੈ, ਇਨ੍ਹਾਂ ਗੁਣਾਂ ਅਨੁਸਾਰ ਕਰਮ ਕਰਦਾ ਹੈ ਜਿਸ ਕਰਕੇ ਉਸ ਦੇ ਅੰਦਰੋਂ ਹਉਮੈ ਅਤੇ ਇਸ ਤੋਂ ਪੈਦਾ ਹੋਣ ਵਾਲੇ ਰੋਗ ਖਤਮ ਹੋ ਜਾਂਦੇ ਹਨ। ਉਹ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਦਾ ਹੈ, ਇਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਵਸਾਉਂਦਾ ਹੈ, ਇਸ ਰਸਤੇ 'ਤੇ ਚੱਲ ਕੇ ਆਪਣੇ ਅੰਦਰ ਰੱਬੀ ਜੋਤਿ ਦਾ ਅਨੁਭਵ ਕਰਦਾ ਹੈ ਅਤੇ ਰੱਬੀ ਜੋਤਿ ਨਾਲ ਉਸ ਦੀ ਆਤਮਾ ਇੱਕਸੁਰ ਹੋ ਜਾਂਦੀ ਹੈ। ਇਸ ਕਲਿਜੁਗ ਦੇ ਸਮੇਂ ਵਿਚ ਕੋਈ ਵਿਰਲਾ ਮਨੁੱਖ ਹੀ ਐਸਾ ਹੈ ਜਿਸ ਨੇ ਰੱਬੀ ਗਿਆਨ ਰਾਹੀਂ ਆਪਣੇ ਅੰਦਰੋਂ ਹਉਮੈ ਨੂੰ ਦੂਰ ਕਰਕੇ ਪਰਮਾਤਮ-ਜੋਤਿ ਵਿਚ ਮਿਲ ਗਿਆ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਹੜਾ ਮਨੁੱਖ ਦਿਨ ਰਾਤ ਅਕਾਲ ਪੁਰਖ ਦਾ ਸਿਮਰਨ ਕਰਦਾ ਹੈ, ਅਜਿਹੇ ਮਨੁੱਖ ਨੂੰ ਮਿਲ ਕੇ ਸਦਾ ਕਾਇਮ ਰਹਿਣ ਵਾਲੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ,

ਬ੍ਰਹਮੁ ਬਿੰਦੈ ਸੋ ਬ੍ਰਾਹਮਣੁ ਕਹੀਐ
ਜਿ ਅਨਦਿਨੁ ਹਰਿ ਲਿਵ ਲਾਏ॥
ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ
ਹਉਮੈ ਰੋਗੁ ਤਿਸੁ ਜਾਏ॥
ਹਰਿ ਗੁਣ ਗਾਵੈ ਗੁਣ ਸੰਗ੍ਰਹੈ
ਜੋਤੀ ਜੋਤਿ ਮਿਲਾਏ॥
ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮਗਿਆਨੀ
ਜਿ ਹਉਮੈ ਮੇਟਿ ਸਮਾਏ॥
ਨਾਨਕ ਤਿਸ ਨੋ ਮਿਲਿਆ
ਸਦਾ ਸੁਖੁ ਪਾਈਐ
ਜਿ ਅਨਦਿਨੁ ਹਰਿ ਨਾਮੁ ਧਿਆਏ॥੧॥
(ਪੰਨਾ ੫੧੨)

ਗੁਰਮਤਿ ਦਰਸ਼ਨ ਵਿਚ ਪਰਮਾਤਮ-ਜੋਤਿ ਦਾ ਅਨੁਭਵ ਕਰਨ ਵਾਲੇ ਮਨੁੱਖ ਨੂੰ ਸਚਿਆਰ, ਬ੍ਰਹਮਗਿਆਨੀ ਤੇ ਗੁਰਮੁਖਿ ਕਿਹਾ ਗਿਆ ਹੈ। ਗੁਰੂ ਅਮਰਦਾਸ ਸਾਹਿਬ ਨੇ ਦੂਸਰੇ ਸਲੋਕ ਵਿਚ ਗੁਰੂ ਤੋਂ ਬੇਮੁਖ ਹੋ ਕੇ ਚੱਲਣ ਵਾਲੇ ਮਨੁੱਖ ਦੀ ਗੱਲ ਕੀਤੀ ਹੈ। ਮਨਮੁਖ ਦੀ ਵਿਆਖਿਆ ਕਰਦਿਆਂ ਦੱਸਿਆ ਗਿਆ ਹੈ ਕਿ ਅਜਿਹੇ ਮਨੁੱਖ ਦੇ ਮਨ ਅੰਦਰ ਛਲ, ਕਪਟ ਅਤੇ ਧੋਖਾ ਭਰਿਆ ਹੁੰਦਾ ਹੈ, ਉਹ ਗਿਆਨ-ਵਿਹੂਣਾ ਹੁੰਦਾ ਹੈ ਅਤੇ ਆਪਣੀ ਜ਼ੁਬਾਨ ਤੋਂ ਸਦਾ ਝੂਠ ਬੋਲਦਾ ਹੈ। ਮਨਮੁਖ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੁੰਦਾ ਹੈ। ਇਸ ਤਰ੍ਹਾਂ ਦਾ ਧੋਖਾ ਕੀਤਿਆਂ ਅਕਾਲ ਪੁਰਖ ਖੁਸ਼ ਨਹੀਂ ਹੁੰਦਾ ਕਿਉਂਕਿ ਉਹ ਜਾਣੀ-ਜਾਣ ਹੈ ਅਤੇ ਜੋ ਵੀ ਸਾਡੇ ਅੰਦਰ ਅਤੇ ਬਾਹਰ ਵਿਹਾਰ ਹੈ, ਉਸ ਸਾਰੇ ਨੂੰ ਸਹਿਜ ਸੁਭਾਅ ਹੀ ਦੇਖਦਾ ਅਤੇ ਸੁਣਦਾ ਹੈ। ਮਨਮੁਖ ਦਾ ਚੱਲਣ ਇਸ ਕਿਸਮ ਦਾ ਹੈ ਕਿ ਆਪ ਉਹ ਮਾਇਆ ਦੇ ਮੋਹ ਵਿਚ ਗਲਤਾਨ ਰਹਿੰਦਾ ਹੈ ਪਰ ਦੂਸਰਿਆਂ ਨੂੰ ਗਿਆਨ ਵੰਡਦਾ ਫਿਰਦਾ ਹੈ, ਉਪਦੇਸ਼ ਦਿੰਦਾ ਹੈ। ਆਪਣੀ ਅਜਿਹੀ ਕਰਤੂਤ ਕਾਰਨ ਉਹ ਸਦਾ ਦੁੱਖ ਭੋਗਦਾ ਹੈ ਅਤੇ ਜਨਮ-ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਅਜਿਹੇ ਮਨਮੁਖ ਦੇ ਅੰਦਰੋਂ ਭਰਮ, ਤੌਖਲਾ ਕਦੇ ਦੂਰ ਨਹੀਂ ਹੁੰਦਾ। ਜਿਸ ਉਤੇ ਉਸ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਉਸ ਮਨੁੱਖ ਨੂੰ ਉਹ ਗੁਰੂ ਦੀ ਸਿੱਖਿਆ ਸੁਣਾਉਂਦਾ ਹੈ ਭਾਵ ਅਕਾਲ ਪੁਰਖ ਦੀ ਮਿਹਰ ਸਦਕਾ ਮਨੁੱਖ ਦਾ ਗੁਰੂ ਨਾਲ ਮੇਲ ਹੁੰਦਾ ਹੈ ਅਤੇ ਉਹ ਗੁਰੂ ਦੀ ਸਿੱਖਿਆ ਸੁਣ ਕੇ ਉਸ 'ਤੇ ਅਮਲ ਕਰਦਾ ਹੈ। ਅਜਿਹਾ ਮਨੁੱਖ ਅਕਾਲ ਪੁਰਖ ਦੇ ਨਾਮ ਦਾ ਧਿਆਨ ਧਰਦਾ ਹੈ ਅਤੇ ਇਸ ਨਾਮ ਸਦਕਾ ਹੀ ਅੰਤ ਨੂੰ ਜਨਮ-ਮਰਨ ਦੇ ਚੱਕਰ ਤੋਂ ਛੁੱਟ ਜਾਂਦਾ ਹੈ,

ਅੰਤਰਿ ਕਪਟੁ ਮਨਮੁਖ ਅਗਿਆਨੀ
ਰਸਨਾ ਝੂਠੁ ਬੋਲਾਇ॥
ਕਪਟਿ ਕੀਤੈ ਹਰਿ ਪੁਰਖੁ ਨਾ ਭੀਜੈ
ਨਿਤ ਵੇਖੈ ਸੁਣੈ ਸੁਭਾਇ॥
ਦੂਜੈ ਭਾਇ ਜਾਇ ਜਗੁ ਪਰਬੋਧੈ
ਬਿਖੁ ਮਾਇਆ ਮੋਹ ਸੁਆਇ॥
ਇਤੁ ਕਮਾਣੈ ਸਦਾ ਦੁਖੁ ਪਾਵੈ
ਜੰਮੈ ਮਰੈ ਫਿਰਿ ਆਵੈ ਜਾਇ॥
ਸਹਸਾ ਮੂਲਿ ਨ ਚੁਕਈ
ਵਿਚਿ ਵਿਸਟਾ ਪਚੈ ਪਚਾਇ॥
ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ
ਤਿਸੁ ਗੁਰ ਕੀ ਸਿਖ ਸੁਣਾਇ॥
ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ
ਹਰਿ ਨਾਮੋ ਅੰਤਿ ਛਡਾਇ॥੨॥
(ਪੰਨਾ ੫੧੨)

ਗੁਰਮੁਖਿ ਸਦਾ ਹੀ ਅਕਾਲ ਪੁਰਖ ਦੇ ਹੁਕਮ ਨੂੰ ਪਛਾਣਦੇ ਹਨ ਅਤੇ ਉਸ ਦੇ ਹੁਕਮ ਵਿਚ ਹੀ ਕਾਰ ਕਰਦੇ ਹਨ। ਗੁਰੂ ਅਮਰਦਾਸ ਜੀ ਅੱਗੇ ਪਉੜੀ ਵਿਚ ਦੱਸ ਰਹੇ ਹਨ ਕਿ ਅਕਾਲ ਪੁਰਖ ਮਿਹਰ ਕਰਕੇ ਜਿਨ੍ਹਾਂ ਨੂੰ ਆਪਣਾ ਹੁਕਮ ਮਨਾਉਂਦਾ ਹੈ, ਉਹ ਇਸ ਦੁਨੀਆਂ 'ਤੇ ਪੂਰੇ ਹਨ। ਉਹ ਆਪਣੇ ਪੂਰੇ ਗੁਰੂ ਦੇ ਸ਼ਬਦ 'ਤੇ ਵਿਚਾਰ ਕਰਕੇ ਸ਼ਬਦ ਵਿਚ ਆਪਣਾ ਚਿੱਤ ਜੋੜ ਕੇ ਉਸ ਅਕਾਲ ਪੁਰਖ ਦਾ ਸਿਮਰਨ ਕਰਦੇ ਹਨ। ਉਸ ਪਰਮਾਤਮਾ ਦੀ ਬੰਦਗੀ ਤਾਂ ਹੀ ਹੋ ਸਕਦੀ ਹੈ ਜੇ ਸੱਚੇ ਸ਼ਬਦ ਨਾਲ ਪ੍ਰੇਮ ਪਾਈਏ। ਅਕਾਲ ਪੁਰਖ ਦਾ ਮਹਿਲ, ਉਸ ਦਾ ਨਿਵਾਸ ਸਥਾਨ ਉਹ ਮਨੁੱਖ ਹੀ ਪ੍ਰਾਪਤ ਕਰ ਸਕਦੇ ਹਨ ਜਿਨ੍ਹਾਂ ਨੇ ਗੁਰੂ ਦੇ ਸ਼ਬਦ ਰਾਹੀਂ ਆਪਣੇ ਅੰਦਰੋਂ ਹਉਮੈ ਕੱਢ ਦਿੱਤੀ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਅਕਾਲ ਪੁਰਖ ਦੇ ਨਾਮ ਨੂੰ ਆਪਣੇ ਹਿਰਦੇ ਵਿਚ ਵਸਾ ਕੇ, ਨਾਮ ਦਾ ਸਿਮਰਨ ਕਰਕੇ ਉਸ ਨਾਲ ਮਿਲ ਜਾਂਦੇ ਹਨ,

ਜਿਨਾ ਹੁਕਮੁ ਮਨਾਇਓਨੁ
ਤੇ ਪੂਰੇ ਸੰਸਾਰਿ॥
ਸਾਹਿਬੁ ਸੇਵਨ੍ਹਿ ਆਪਣਾ
ਪੂਰੈ ਸਬਦਿ ਵੀਚਾਰਿ॥
ਹਰਿ ਕੀ ਸੇਵਾ ਚਾਕਰੀ
ਸਚੈ ਸਬਦਿ ਪਿਆਰਿ॥
ਹਰਿ ਕਾ ਮਹਲੁ ਤਿਨ੍ਹੀ ਪਾਇਆ
ਜਿਨ੍ ਹਉਮੈ ਵਿਚਹੁ ਮਾਰਿ॥
ਨਾਨਕ ਗੁਰਮੁਖਿ ਮਿਲਿ ਰਹੇ
ਜਪਿ ਹਰਿ ਨਾਮਾ ਉਰਧਾਰਿ॥੧੦॥
(ਪੰਨਾ ੫੧੨)

## ਮਿਲਹੁ ਪਿਆਰੇ ਜੀਆ

ਗੁਰਬਾਣੀ ਗਿਆਨ

**ਗਉੜੀ ਮਹਲਾ ੫**

ਮਿਲਹੁ ਪਿਆਰੇ ਜੀਆ॥
ਪ੍ਰਭ ਕੀਆ ਤੁਮਾਰਾ ਥੀਆ॥੧॥ਰਹਾਉ॥
ਅਨਿਕ ਜਨਮ ਬਹੁ ਜੋਨੀ ਭ੍ਰਮਿਆ
ਬਹੁਰਿ ਬਹੁਰਿ ਦੁਖੁ ਪਾਇਆ॥
ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ
ਦੇਹੁ ਦਰਸੁ ਹਰਿ ਰਾਇਆ॥੧॥
ਸੋਈ ਹੋਆ ਜੋ ਤਿਸੁ ਭਾਣਾ
ਅਵਰੁ ਨ ਕਿਨ ਹੀ ਕੀਤਾ॥
ਤੁਮਰੈ ਭਾਣੈ ਭਰਮਿ ਮੋਹਿ ਮੋਹਿਆ
ਜਾਗਤੁ ਨਾਹੀ ਸੂਤਾ॥੨॥
ਬਿਨਉ ਸੁਨਹੁ ਤੁਮ ਪ੍ਰਾਨਪਤਿ ਪਿਆਰੇ
ਕਿਰਪਾ ਨਿਧਿ ਦਇਆਲਾ॥
ਰਾਖਿ ਲੇਹੁ ਪਿਤਾ ਪ੍ਰਭ ਮੇਰੇ
ਅਨਾਥਹ ਕਰਿ ਪ੍ਰਤਿਪਾਲਾ॥੩॥
ਜਿਸ ਨੋ ਤੁਮਹਿ ਦਿਖਾਇਓ ਦਰਸਨੁ
ਸਾਧਸੰਗਤਿ ਕੈ ਪਾਛੈ॥
ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ
ਸੁਖੁ ਨਾਨਕੁ ਇਹੁ ਬਾਛੈ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਉਸ ਜਗਤ ਪਿਤਾ ਪਰਮਾਤਮਾ ਨੂੰ ਆਵਾਜ਼ ਦੇ ਰਹੇ ਹਨ ਤੇ ਅਰਦਾਸ ਕਰਦੇ ਹਨ- ਮਿਲਹੁ ਪਿਆਰੇ ਜੀਆ, ਹੇ ਸਭ ਸ੍ਰਿਸ਼ਟੀ ਨੂੰ ਪਿਆਰ ਕਰਨ ਵਾਲੇ ਮਿਹਰਵਾਨ ਪਿਤਾ ਜੀਓ! ਹੇ ਪ੍ਰਭੂ! ਮੈਨੂੰ ਮਿਲ; ਪ੍ਰਭ ਕੀਆ ਤੁਮਾਰਾ ਥੀਆ, ਹੇ ਸੰਸਾਰ ਦੇ ਮਾਲਕ ਪ੍ਰਭੂ ਜੀਓ! ਇਸ ਸਾਰੇ ਜਗਤ ਵਿਚ ਸਭ ਤੇਰਾ ਕੀਤਾ ਹੀ ਵਰਤ ਰਿਹਾ ਹੈ, ਇਨ੍ਹਾਂ ਵਿਚਾਰੇ ਜੀਵਾਂ ਦੇ ਵੱਸ ਵਿਚ ਤਾਂ ਕੁਝ ਵੀ ਨਹੀਂ ਹੈ, ਉਹੀ ਹੋ ਰਿਹਾ ਹੈ ਮੇਰੇ ਪ੍ਰਭ ਜੀਓ! ਜੋ ਤੂੰ ਕਰਨਾ ਚਾਹੁੰਦਾ ਹੈਂ।

ਅਨਿਕ ਜਨਮ ਬਹੁ ਜੋਨੀ ਭ੍ਰਮਿਆ
ਬਹੁਰਿ ਬਹੁਰਿ ਦੁਖੁ ਪਾਇਆ॥
ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ
ਦੇਹੁ ਦਰਸੁ ਹਰਿ ਰਾਇਆ॥੧॥

ਹੇ ਮੇਰੇ ਮਿਹਰਵਾਨ ਪ੍ਰਭ ਜੀਓ! ਮਾਇਆ ਦੇ ਭਰਮ ਭੁਲਾਵਿਆਂ ਵਿਚ ਫਸਿਆ ਹੋਇਆ ਜੀਵ ਅਨੇਕਾਂ ਜਨਮ ਲੈਂਦਾ ਹੈ ਤੇ ਜੂਨੀਆਂ ਵਿਚ ਭਟਕਦਾ ਤੁਰਿਆ ਆਉਂਦਾ ਹੈ; ਬਹੁਰਿ ਬਹੁਰਿ ਦੁਖੁ ਪਾਇਆ, ਤੇ ਜਨਮ ਅਤੇ ਮਰਨ ਦੇ ਦੁਖ ਨੂੰ ਮੁੜ-ਮੁੜ ਕੇ ਸਹਾਰ ਰਿਹਾ ਹੈ; ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ, ਸੰਸਾਰ ਨੂੰ ਤਾਰਨ ਵਾਲੇ ਪ੍ਰਭ ਜੀਓ! ਹੁਣ ਤੇਰੀ ਕਿਰਪਾ ਸਦਕਾ ਇਸ ਨੂੰ ਮਨੁੱਖਾ ਸਰੀਰ ਮਿਲਿਆ ਹੈ, ਪ੍ਰਭੂ ਇਸ ਨੂੰ ਦਰਸ਼ਨ ਦੇਹ ਤੇ ਵਿਕਾਰਾਂ ਵਲੋਂ ਰੱਖਿਆ ਕਰ।

ਸੋਈ ਹੋਆ ਜੋ ਤਿਸੁ ਭਾਣਾ
ਅਵਰੁ ਨ ਕਿਨ ਹੀ ਕੀਤਾ॥
ਤੁਮਰੈ ਭਾਣੈ ਭਰਮਿ ਮੋਹਿ ਮੋਹਿਆ
ਜਾਗਤੁ ਨਾਹੀ ਸੂਤਾ॥੨॥

ਹੁਣ ਗੁਰਦੇਵ ਪਿਤਾ ਜੀ ਆਖ ਰਹੇ ਹਨ- ਸੋਈ ਹੋਆ ਜੋ ਤਿਸੁ ਭਾਣਾ, ਹੇ ਭਾਈ! ਇਸ ਜਗਤ ਵਿਚ ਉਹ ਕੁਝ ਹੀ ਹੋ ਰਿਹਾ ਹੈ ਜੋ ਉਸ ਮਾਲਕ ਪ੍ਰਭ ਜੀ ਨੂੰ ਚੰਗਾ ਲਗਦਾ ਹੈ; ਭਾਈ! ਹੋਰ ਕੋਈ ਵੀ ਉਸ ਮਾਲਕ ਦੀ ਰਜ਼ਾ ਦੇ ਉਲਟ ਕੁਝ ਵੀ ਨਹੀਂ ਕਰ ਸਕਦਾ; ਤੁਮਰੈ ਭਾਣੈ ਭਰਮਿ ਮੋਹਿ ਮੋਹਿਆ, ਹੇ ਮੇਰੇ ਪਿਆਰੇ ਪ੍ਰਭ ਜੀਓ! ਤੇਰੀ ਰਜ਼ਾ ਦੇ ਅਨੁਸਾਰ ਹੀ ਇਹ ਜੀਵ ਮੋਹਣੀ ਮਾਇਆ ਦੇ ਮੋਹ ਅਤੇ ਭਟਕਣਾ ਵਿਚ ਫਸਿਆ ਰਹਿੰਦਾ ਹੈ; ਸਦਾ ਮੋਹ ਦੀ ਨੀਂਦ ਵਿਚ ਹੀ ਸੁੱਤਾ ਰਹਿੰਦਾ ਹੈ ਅਤੇ ਇਸ ਨੀਂਦ ਵਿਚੋਂ ਜਾਗਦਾ ਨਹੀਂ।

ਬਿਨਉ ਸੁਨਹੁ ਤੁਮ ਪ੍ਰਾਨਪਤਿ ਪਿਆਰੇ
ਕਿਰਪਾ ਨਿਧਿ ਦਇਆਲਾ॥
ਰਾਖਿ ਲੇਹੁ ਪਿਤਾ ਪ੍ਰਭ ਮੇਰੇ
ਅਨਾਥਹ ਕਰਿ ਪ੍ਰਤਿਪਾਲਾ॥੩॥

ਸਤਿਗੁਰੂ ਪਿਤਾ ਜੀ ਪ੍ਰਭੂ ਅੱਗੇ ਅਰਦਾਸ ਕਰਦੇ ਆਖਦੇ ਹਨ, ਹੇ ਮੇਰੇ ਪ੍ਰਾਣ ਪਤੀ! ਮੇਰੀ ਜਿੰਦ-ਜਾਨ ਦੇ ਸਹਾਰੇ ਪ੍ਰਭ ਜੀਓ; ਤੇ ਕਿਰਪਾਲਤਾ ਦੇ ਭਰੇ ਹੋਏ ਖਜ਼ਾਨੇ ਪ੍ਰਭ ਜੀਓ, ਦਇਆ ਦੇ ਭਰੇ ਹੋਏ ਸਮੁੰਦਰ ਪ੍ਰਭ ਜੀਓ, ਤੂੰ ਮੇਰੀ ਬੇਨਤੀ ਸੁਣ; ਹੇ ਮਿਹਰਵਾਨ ਪਿਤਾ ਜੀਓ! ਜਗਤ ਦੇ ਜੀਵਾਂ ਨੂੰ ਵਿਚਾਰਾਂ ਦੀ ਮਾਰ ਤੋਂ ਬਚਾ ਲੈ; ਹੇ ਪਰਮੇਸ਼ਰ ਪਿਤਾ, ਸਾਡੀ ਅਨਾਥ ਜੀਵਾਂ ਦੀ ਪ੍ਰਤਿਪਾਲਨਾ ਕਰ।

ਜਿਸ ਨੋ ਤੁਮਹਿ ਦਿਖਾਇਓ ਦਰਸਨੁ
ਸਾਧਸੰਗਤਿ ਕੈ ਪਾਛੈ॥
ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ
ਸੁਖੁ ਨਾਨਕੁ ਇਹੁ ਬਾਛੈ॥

ਸ਼ਬਦ ਦੇ ਅਖੀਰ ਵਿਚ ਸਤਿਗੁਰ ਆਖਦੇ ਹਨ- ਜਿਸ ਨੋ ਤੁਮਹਿ ਦਿਖਾਇਓ ਦਰਸਨੁ, ਹੇ ਮੇਰੇ ਮਿਹਰਵਾਨ ਪ੍ਰਭ ਜੀਓ! ਜਿਸ ਵੀ ਜੀਵ ਨੂੰ ਤੂੰ ਦਰਸ਼ਨ ਦਿੱਤਾ ਹੈ, ਸਾਧ ਸੰਗਤਿ ਦੇ ਆਸਰੇ ਨਾਲ ਹੀ ਦਿੱਤਾ ਹੈ ਤੇ ਸਾਧ ਸੰਗਤਿ ਵਿਚ ਬੈਠ ਕੇ ਮਿਲਿਆ ਹੈ; ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ, ਹੇ ਮਿਹਰਾਂ ਦੇ ਮਾਲਕ ਭਗਤ ਵਛਲ ਪ੍ਰਭ ਜੀਓ! ਕ੍ਰਿਪਾ ਕਰ ਕੇ ਮੈਨੂੰ ਭੀ ਆਪਣੇ ਸੰਤ ਜਨਾਂ ਦੇ ਚਰਨਾਂ ਦੀ ਧੂੜੀ ਦਿਓ; ਸੁਖੁ ਨਾਨਕੁ ਇਹੁ ਬਾਛੈ, ਪ੍ਰਭ ਜੀਓ! ਇਹ ਤੇਰਾ ਦਾਸ ਨਾਨਕ ਤੇਰੇ ਦਰ ਤੋਂ ਇਹੋ ਹੀ ਸੁੱਖ ਮੰਗਦਾ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਅੰਮ੍ਰਿਤਾ ਪ੍ਰੀਤਮ-4

# ਇੰਦਰਜੀਤ ਤੋਂ ਬਣਿਆ ਇਮਰੋਜ਼



ਗੁਰਬਚਨ ਸਿੰਘ ਭੁੱਲਰ
ਫੋਨ: 1191-1142502364
bhullargs@gmail.com

ਕੰਦਲਾ ਅਤੇ ਨਵਰਾਜ ਦੀ 'ਨਾਗਮਣੀ ਸ਼ਾਮ' ਤੋਂ ਦੂਰੀ ਉਦੋਂ ਸਾਨੂੰ ਕੁਦਰਤੀ ਲਗਦੀ। ਗੈਰ-ਪੰਜਾਬੀ ਮਾਹੌਲ ਵਾਲੇ ਦਿੱਲੀ ਦੇ ਉਤਲੇ ਤਬਕੇ ਦੇ ਬੱਚਿਆਂ ਦੇ ਸਕੂਲ ਵਿਚ ਪੜ੍ਹ ਕੇ ਉਨ੍ਹਾਂ ਨੂੰ ਪੰਜਾਬੀ ਸਾਹਿਤ ਵਿਚ ਅਤੇ ਅਣਜਾਣੇ-ਓਪਰੇ ਭਾਂਤ-ਸੁਭਾਂਤੇ ਲੇਖਕਾਂ ਵਿਚ ਕੀ ਦਿਲਚਸਪੀ ਹੋ ਸਕਦੀ ਸੀ। ਪਰ ਹੁਣ ਇਹ ਕਹਿਣਾ ਠੀਕ ਹੋਵੇਗਾ ਕਿ ਗੱਲ ਏਨੀ ਹੀ ਨਹੀਂ ਸੀ। ਮਾਤਾ-ਪਿਤਾ ਦੇ ਨਿਖੇੜੇ ਅਤੇ ਪਿਤਾ ਦਾ ਸਥਾਨ ਇਕ ਓਪਰੇ ਬੰਦੇ ਵਲੋਂ ਮੱਲ ਲਏ ਜਾਣ ਨੇ ਉਨ੍ਹਾਂ ਦੇ ਮਨ ਵਿਚ ਦੁਬਿਧਾ, ਰੋਸ, ਗਿਲਾਨੀ ਤੇ ਵਿਰੋਧ ਦੀ ਕੰਡਿਆਲੀ ਭਾਤੀ ਬੀਜ ਦਿੱਤੀ ਜੋ ਹੌਲੀ-ਹੌਲੀ ਵਧ ਕੇ ਸੂਲਾਂ-ਭਰਿਆ ਬਿਰਛ ਬਣ ਖਲੋਤੀ।

ਕੰਦਲਾ ਦਾ ਲਗਾਤਾਰ ਵਧਦਾ ਵਖਰੇਵਾਂ ਅੰਤ ਨੂੰ ਬੱਚਿਆਂ ਕੋਲ ਪਰਦੇਸ ਵਸ ਕੇ ਇਕ ਤਰ੍ਹਾਂ ਨਾਲ ਮੁਕੰਮਲ ਤੋੜ-ਵਿਛੋੜਾ ਬਣ ਗਿਆ। ਸ਼ੈਲੀ ਘਰ ਵਿਚ ਵੀ ਬੇਘਰਾ-ਬੇਗਾਨਾ ਸੀ। ਅੰਮ੍ਰਿਤਾ ਉਦੋਂ ਵੀ ਘਰ-ਪਰਿਵਾਰ ਦੀ ਮਰਯਾਦਾ ਦੀ ਲਕੀਰ ਲੰਘਦੇ ਹੋਣ ਦੀਆਂ ਉਹਦੀਆਂ ਸ਼ਿਕਾਇਤਾਂ ਆਪਣਿਆਂ ਕੋਲ ਕਰਨ ਲਗ ਪਈ ਸੀ। ਉਹ ਉਸੇ ਘਰ ਵਿਚ ਰਹਿੰਦੇ ਜਵਾਨ ਬੇਟੇ ਦੀਆਂ ਹਰਕਤਾਂ ਤੋਂ ਪਰੇਸ਼ਾਨ ਹੋ ਜਾਂਦੀ ਪਰ ਸ਼ਾਇਦ ਅਸੁਖਾਵੇਂ ਜਵਾਬ ਦੇ ਡਰੋਂ ਉਹਨੂੰ ਕੋਈ ਸਵਾਲ ਕਰਨੋਂ ਜਾਂ ਗੱਲ ਕਹਿਣੋਂ ਝਿਜਕਦੀ। ਇਕ ਸ਼ਾਮ ਅਗੇਤੇ ਗਏ ਗੁਰਦੇਵ ਨੇ ਤੇ ਮੈਂ ਉਹਨੂੰ ਉਦਾਸ ਦੇਖ ਕੇ ਖ਼ੈਰ-ਸੁੱਖ ਪੁੱਛੀ ਤਾਂ ਉਹ ਬੋਲੀ, "ਕਈ ਵਾਰ ਮੈਂ ਸ਼ੈਲੀ ਨੂੰ ਲੈ ਕੇ ਪਰੇਸ਼ਾਨ ਹੋ ਜਾਂਦੀ ਹਾਂ।" ਲੱਗਾ, ਉਹ ਕੁਝ ਹੋਰ ਵੀ ਕਹਿਣਾ ਚਾਹੁੰਦੀ ਹੈ ਪਰ ਦੁਚਿੱਤੀ ਵਿਚ ਹੈ। ਆਖ਼ਰ ਬੋਲੀ, "ਭਾਵੇਂ ਜਾ ਕੇ ਦੇਖ ਲਵੋ, ਹੁਣ ਵੀ ਆਪਣਾ ਬੂਹਾ ਬੰਦ ਕਰ ਕੇ ਇਕ ਕੁੜੀ ਨਾਲ ਬੈਠਾ ਹੈ।" ਤਾਂ ਵੀ ਉਹਦਾ ਸਭ ਕੁਝ ਪੁੱਤਰ ਲਈ ਹੀ ਰਿਹਾ। ਇਹਦੇ ਉਲਟ ਅੰਮ੍ਰਿਤਾ ਨਾਲ ਸ਼ੈਲੀ ਦੇ ਰਿਸ਼ਤੇ ਨੂੰ ਮੋਹ ਦੇ ਖਾਨੇ ਵਿਚ ਰੱਖਣਾ ਸ਼ਾਇਦ ਸੰਭਵ ਨਾ ਹੋਵੇ। ਮੋਹ ਦੇ ਰਿਸ਼ਤੇ ਦੀ ਇਹ ਇਕਪਾਸੜਤਾ ਬਹੁਤ ਪਹਿਲਾਂ, ਉਦੋਂ ਹੀ ਬਣ ਤੇ ਪੱਕ ਚੁੱਕੀ ਸੀ ਜਦੋਂ ਬਹੁਤ ਛੋਟੀ ਉਮਰ ਵਿਚ ਸ਼ੈਲੀ ਨੇ ਮਾਂ ਨੂੰ ਬਹੁਤ ਵੱਡਾ ਸਵਾਲ ਪੁੱਛ ਲਿਆ ਸੀ, ਮੰਮੀ, ਕੀ ਮੈਂ ਸਾਹਿਰ ਅੰਕਲ ਦਾ ਬੇਟਾ ਹਾਂ?

ਇਮਰੋਜ਼ ਬਣਿਆ ਇੰਦਰਜੀਤ ਸ਼ਾਮ ਵਿਚ ਸ਼ਾਮਲ ਹੋ ਕੇ ਵੀ ਨਾ-ਸ਼ਾਮਲ ਰਹਿੰਦਾ ਤੇ ਨਾ-ਸ਼ਾਮਲ ਰਹਿੰਦਿਆਂ ਵੀ ਸ਼ਾਮਲ ਹੁੰਦਾ। ਉਹਨੂੰ ਦੇਖਿਆ ਤਾਂ ਮੈਂ ਇਥੇ ਆ ਕੇ ਹੀ, ਅੰਮ੍ਰਿਤਾ ਨਾਲ ਉਸ ਦੇ ਮੇਲ ਦੀਆਂ ਗੱਲਾਂ ਹੋਰ ਲੇਖਕਾਂ-ਪਾਠਕਾਂ ਵਾਂਗ ਬਹੁਤ ਪਹਿਲਾਂ ਤੋਂ ਸੁਣੀਆਂ ਹੋਈਆਂ ਸਨ। ਖ਼ਾਸ ਕਰਕੇ ਜਦੋਂ ਉਹ ਦੋਵੇਂ ਬੰਬਈ ਚਲੇ ਗਏ ਸਨ, ਵਿਰੋਧੀ ਤੇ ਈਰਖਾਲੂ ਪੰਜਾਬੀ ਅਖ਼ਬਾਰਾਂ ਨੇ ਉਨ੍ਹਾਂ ਦੇ ਬੇਨਾਮ ਰਿਸ਼ਤੇ ਦੀ ਜਾਣਕਾਰੀ ਘਰ-ਘਰ ਪੁਜਦੀ ਕਰ ਦਿੱਤੀ ਸੀ ਪਰ ਉਹਦੀ ਕਲਾ ਦਾ ਮੈਂ ਉਸ ਬਾਰੇ ਸੁਣਨ ਤੇ ਉਸ ਨੂੰ ਦੇਖਣ-ਮਿਲਣ ਤੋਂ ਬਹੁਤ ਪਹਿਲਾਂ ਦਾ ਪ੍ਰਸ਼ੰਸਕ ਸੀ। ਮੈਂ ਵਿਦਿਆਰਥੀ ਜੀਵਨ ਤੋਂ ਹੀ ਪੰਜਾਬੀ ਰਸਾਲਿਆਂ ਦੇ ਨਾਲ-ਨਾਲ ਉਰਦੂ ਦੇ ਦੋ ਮਸ਼ਹੂਰ ਰਸਾਲਿਆਂ ਦਾ ਪੱਕਾ ਪਾਠਕ ਸੀ। ਇਕ ਸੀ ਨਿਰੋਲ ਸਾਹਿਤਕ, ਸਗੋਂ ਕਹਾਣੀ-ਮੁਖੀ, 'ਬੀਸਵੀਂ ਸਦੀ' ਜੋ ਦਿੱਲੀ ਦੇ ਦਰਿਆਗੰਜ ਤੋਂ ਨਿਕਲਦਾ ਸੀ ਅਤੇ ਦੂਜਾ ਸੀ ਸਾਹਿਤਕ ਤੇ ਫ਼ਿਲਮੀ 'ਸ਼ਮ੍ਹਾ' ਜੋ ਦਿੱਲੀ ਦੀ ਹੀ ਆਸਿਫ਼ ਅਲੀ ਰੋਡ ਤੋਂ ਛਪਦਾ ਸੀ। 'ਸ਼ਮ੍ਹਾ' ਦੀ ਸਜਾਵਟ ਇੰਦਰਜੀਤ ਨਾਂ ਦਾ ਆਰਟਿਸਟ ਕਰਦਾ ਸੀ। ਸਜਾਵਟ 'ਬੀਸਵੀਂ ਸਦੀ' ਦੀ ਵੀ ਕਿਸੇ ਨੇ ਕੀਤੀ ਹੋਈ ਹੁੰਦੀ, ਪਰ 'ਸ਼ਮ੍ਹਾ' ਦੇ ਇੰਦਰਜੀਤ ਦੇ ਮੁਕਾਬਲੇ ਉਹ ਕੁਝ ਵੀ ਨਹੀਂ ਸੀ ਹੁੰਦੀ। ਉਹਦੀ ਕਲਮ ਦੀ ਨੋਕ ਇਕ ਲਕੀਰ ਖਿਚਦੀ ਅਤੇ ਖ਼ੂਬਸੂਰਤ ਚਿਹਰਾ ਸਾਕਾਰ ਹੋ ਜਾਂਦਾ।

ਉਹ ਕਲਾਕਾਰ ਹੁੰਦਿਆਂ ਵੀ 'ਨਾਗਮਣੀ ਸ਼ਾਮ' ਦਾ ਅੰਗ ਨਹੀਂ ਸੀ ਬਣਦਾ, ਕੰਨੀ ਉਤੇ ਰਹਿੰਦਾ। ਸਮਾਂ ਪਾ ਕੇ ਕਿਨਾਰੇ-ਕਿਨਾਰੇ ਫਿਰਦੇ ਇਮਰੋਜ਼ ਨੂੰ ਦੇਖ ਕੇ ਮੇਰੇ ਮਨ ਵਿਚ ਇਕ ਅਜੀਬ ਅਹਿਸਾਸ ਉਭਰਿਆ। ਮੈਂ ਮਹਿਸੂਸ ਕੀਤਾ, ਉਹ ਹੁਣ ਤੱਕ ਕਲਾ ਦੀ ਵੀ ਕੰਨੀ ਉਤੇ ਚਲਿਆ ਗਿਆ ਹੈ। ਤਦ ਤੱਕ ਮੈਂ ਸੰਸਾਰ ਦੇ ਸਾਹਿਤ, ਚਿਤਰਕਲਾ, ਗਾਇਕੀ, ਸੰਗੀਤ, ਨ੍ਰਿਤਕਲਾ ਆਦਿ ਖੇਤਰਾਂ ਦੇ ਪ੍ਰਤਿਭਾਸ਼ਾਲੀਆਂ ਦੇ ਅਜਿਹੇ ਕਈ ਕਿੱਸੇ ਜਾਣ ਚੁਕਾ ਸਾਂ ਜਿਨ੍ਹਾਂ ਅਨੁਸਾਰ ਦੋ ਪ੍ਰੇਮੀ ਕਿਸੇ ਸਮਾਜਕ ਪ੍ਰਵਾਨਗੀ ਦੀ ਲੋੜ ਸਮਝੇ ਬਿਨਾਂ ਜੀਵਨ-ਸਾਥੀ ਬਣ ਗਏ ਸਨ। ਉਨ੍ਹਾਂ ਦੀ ਸਾਂਝੀ ਵਡਿਆਈ ਇਸ ਗੱਲ ਵਿਚ ਸੀ ਕਿ ਪੂਰੀ ਦੁਨੀਆਂ ਵਿਚੋਂ ਲੱਭ ਕੇ ਚੁਣੇ ਇਸ ਸਾਥ ਨੇ ਦੋਵਾਂ ਦੀ ਕਲਾ ਨੂੰ ਖ਼ੂਬ ਹੁਲਾਰਾ, ਸੱਜਰਾ ਉਤਸ਼ਾਹ ਅਤੇ ਨਵਾਂ ਵੇਗ ਬਖ਼ਸ਼ਿਆ ਸੀ। ਇਥੇ ਮੈਨੂੰ ਗੱਲ ਉਲਟੀ ਦਿਸਦੀ। 'ਸ਼ਮ੍ਹਾ' ਵਾਲਾ ਕਲਾ-ਸਰੂਪ ਇੰਦਰਜੀਤ ਕਿਤਾਬਾਂ ਦੇ, ਖ਼ਾਸ ਕਰਕੇ ਅੰਮ੍ਰਿਤਾ ਦੀਆਂ ਕਿਤਾਬਾਂ ਦੇ ਕਵਰ ਬਣਾਉਣ ਵਾਲਾ ਇਮਰੋਜ਼ ਬਣ ਕੇ ਰਹਿ ਗਿਆ ਸੀ। ਉਨ੍ਹੀਂ ਦਿਨੀਂ ਉਹ ਰੰਗ-ਬਰੰਗੇ ਗਲੇਜ਼ਡ ਪੇਪਰ ਲੈਂਦਾ ਤੇ ਉਨ੍ਹਾਂ ਦੀਆਂ ਹੱਥ ਨਾਲ ਅਘੜ-ਦੁਘੜੀਆਂ ਪਾਤੀਆਂ ਹੋਈਆਂ ਕਾਤਰਾਂ ਚੇਪ ਕੇ ਕਵਰ ਬਣਾ ਦਿੰਦਾ। ਮੇਰੀ 'ਓਪਰਾ ਮਰਦ' ਅਤੇ ਗੁਰਦੇਵ ਦੀ 'ਇਕ ਟੋਟਾ ਔਰਤ' ਦੇ ਕਵਰ ਉਹਨੇ ਇਉਂ ਹੀ ਬਣਾਏ ਸਨ।

ਅਸੀਂ ਹੈਰਾਨ ਹੁੰਦੇ, ਜਿਥੇ ਮਨਚਾਹਿਆ ਜੀਵਨ ਪਾ ਕੇ ਅੰਮ੍ਰਿਤਾ ਦੀ ਕਲਮ ਲੰਮੀਏਂ ਪੁਲਾਂਘੀਂ ਅੱਗੇ ਵਧ ਗਈ ਸੀ, ਉਹੋ ਜੀਵਨ ਪਾ ਕੇ ਇਮਰੋਜ਼ ਦੀ ਕਲਾ ਦਰਸ਼ਕਾਂ ਤੋਂ ਓਝਲ ਹੋ ਗਈ ਸੀ। ਅਜਿਹਾ ਮੌਕਾ ਇਕ ਵਾਰ ਵੀ ਨਹੀਂ ਸੀ ਆਇਆ ਜਦੋਂ ਅੰਮ੍ਰਿਤਾ ਨੇ ਕਿਹਾ ਹੋਵੇ, "ਇਮਰੋਜ਼ ਨੇ ਨਵਾਂ ਚਿਤਰ ਬਣਾਇਆ ਹੈ, ਲਓ ਤੁਹਾਨੂੰ ਦਿਖਾਵਾਂ!"

ਗੱਲਾਂ ਚਲਦੀਆਂ ਵਿਚ ਇਕ ਦਿਨ ਇਮਰੋਜ਼ ਕਹਿੰਦਾ, "ਕਵੀਆਂ ਵਜੋਂ ਮੋਹਨ ਸਿੰਘ ਤੇ ਮਾਜਾ ਵਿਚ ਪਤਾ ਹੈ ਕੀ ਫ਼ਰਕ ਹੈ? ਮਾਜਾ ਲਗਾਤਾਰ ਗਰੋਅ ਕਰ ਰਹੀ ਹੈ, ਮੋਹਨ ਸਿੰਘ ਦੀ ਗਰੋਥ ਰੁਕ ਗਈ।" ਉਹ ਅੰਮ੍ਰਿਤਾ ਨੂੰ ਮਾਜਾ ਆਖਦਾ ਸੀ। ਮੋਹਨ ਸਿੰਘ ਬਾਰੇ ਉਨ੍ਹਾਂ ਦੋਵਾਂ ਦੇ ਮਨ ਵਿਚ ਕਿਤੇ ਧੁਰ ਅੰਦਰ ਇਹ ਅਹਿਸਾਸ ਸੀ ਕਿ ਉਹ ਅੰਮ੍ਰਿਤਾ ਨਾਲੋਂ ਵੱਡਾ ਕਵੀ ਹੈ, ਇਸ ਕਰਕੇ ਉਹ ਅਜਿਹੀਆਂ ਟਿੱਪਣੀਆਂ ਨਾਲ ਤਸੱਲੀ ਮਹਿਸੂਸ ਕਰਦੇ, ਪਰ ਸੱਚ ਇਹ ਹੈ ਕਿ ਮੋਹਨ ਸਿੰਘ ਨੂੰ ਛੁਟਿਆਉਣਾ ਉਨ੍ਹਾਂ ਦੀ ਮਜਬੂਰੀ ਹੋਣ ਕਾਰਨ ਉਸ ਬਾਰੇ ਨਿਰਣਾ ਤਾਂ ਗ਼ਲਤ ਸੀ ਹੀ, ਅੰਮ੍ਰਿਤਾ ਬਾਰੇ ਇਹ ਮੰਨਣਾ ਪਵੇਗਾ ਕਿ ਸਾਹਿਤ ਅਕਾਦਮੀ ਇਨਾਮ ਮਿਲਣ ਮਗਰੋਂ ਉਸ ਦੀ ਕਵਿਤਾ ਵਿਚ ਪਰਤੱਖ ਮੋੜ ਆਇਆ ਅਤੇ ਉਹ ਰੂਪ ਤੇ ਸਾਰ, ਦੋਵਾਂ ਪੱਖਾਂ ਤੋਂ ਆਪਣੀ ਇਨਾਮ ਤੋਂ ਪਹਿਲਾਂ ਦੀ ਕਵਿਤਾ ਨਾਲੋਂ ਸਪੱਸ਼ਟ ਵਿੱਥ ਪਾ ਗਈ।



ਅੰਮ੍ਰਿਤਾ ਅਤੇ ਇਮਰੋਜ਼

ਇਮਰੋਜ਼ ਦੀ ਕਦੀ ਕੋਈ ਨੁਮਾਇਸ਼ ਨਾ ਲੱਗੀ ਤੇ ਕਦੀ ਕਿਸੇ ਕਲਾ-ਪੱਤਰ ਵਿਚ ਚਰਚਾ ਨਾ ਹੋਈ। ਹੌਲੀ-ਹੌਲੀ ਲੋਕ ਉਹਦਾ ਨਾਂ ਵਿਸਰ ਗਏ। ਸਾਡੇ ਸੋਵੀਅਤ ਸੂਚਨਾ ਵਿਭਾਗ ਦੇ ਆਰਟ-ਸੈਕਸ਼ਨ ਵਿਚ ਗਿਆਨ ਨਾਂ ਦਾ ਇਕ ਆਰਟਿਸਟ ਹੁੰਦਾ ਸੀ। ਇਕ ਦਿਨ ਮੈਨੂੰ ਪੁੱਛਣ ਲੱਗਾ, "ਆਪਕਾ ਏਕ ਬਹੁਤ ਅੱਛਾ ਪੰਜਾਬੀ ਆਰਟਿਸਟ ਹੋਤਾ ਥਾ, ਇੰਦਰਜੀਤ, ਕਿਆ ਵੁਹ ਗੁਜ਼ਰ ਗਿਆ? ਵੁਹ ਤੋ ਅਭੀ ਜਵਾਨ ਥਾ!" ਮੈਂ ਕਿਹਾ, "ਸ਼ੁਭ ਸ਼ੁਭ ਬੋਲ ਯਾਰ! ਚੰਗਾ-ਭਲਾ ਹੈ ਸੁੱਖ ਨਾਲ।" ਉਹ ਹੈਰਾਨ ਹੋਇਆ, "ਮਗਰ ਉਸ ਕਾ ਜ਼ਿਕਰ ਤੋ ਕਹੀਂ ਨਹੀਂ ਹੋਤਾ?" ਮੈਂ ਜਵਾਬ ਦਿੱਤਾ, "ਭਾਈ ਹੁਣ ਉਹ ਅੰਮ੍ਰਿਤਾ ਦਾ ਇਮਰੋਜ਼ ਬਣ ਗਿਆ।" ਉਹ ਬੋਲਿਆ, "ਇਸ ਨਾਮ ਸੇ ਭੀ ਕਭੀ ਕੁਛ ਸੁਨਾ ਯਾ ਦੇਖਾ ਨਹੀਂ।" ਮੈਂ ਕੀ ਕਹਿੰਦਾ? ਹੱਸ ਕੇ ਕਿਹਾ, "ਮੈਂ ਤੈਨੂੰ ਅੰਮ੍ਰਿਤਾ ਦੇ ਘਰ ਦਾ ਪਤਾ ਦੇ ਦਿੰਦਾ ਹਾਂ। ਜਾ ਕੇ ਇਮਰੋਜ਼ ਨਾਂ ਦੇ ਇੰਦਰਜੀਤ ਨੂੰ ਮਿਲ-ਦੇਖ ਵੀ ਆ ਤੇ ਉਸ ਤੋਂ ਜੋ ਪੁੱਛ-ਪੜਤਾਲ ਕਰਨੀ ਹੈ, ਉਹ ਵੀ ਕਰ ਆ!"

ਇਕ ਵਾਰ ਤਾਂ ਮੈਨੂੰ ਇਉਂ ਲੱਗਿਆ ਜਿਵੇਂ ਕਵਰ ਬਣਾਉਣ ਪਿੱਛੇ ਵੀ ਇਮਰੋਜ਼ ਦੀ ਕਲਾਕਾਰੀ ਰੁਚੀ ਘੱਟ ਅਤੇ ਮਾਇਕ ਲੋੜ ਵੱਧ ਕੰਮ ਕਰਦੀ ਹੋਵੇ। ਭਾਪਾ ਜੀ ਨੇ ਮੈਨੂੰ ਉਹਦਾ ਬਣਾਇਆ 'ਓਪਰਾ ਮਰਦ' ਦਾ ਕਵਰ ਦਿਖਾਇਆ ਤਾਂ 'ਓਪਰਾ ਮਰਦ' ਦੀ ਥਾਂ 'ਓਪਰਾ ਆਦਮੀ' ਲਿਖਿਆ ਪਿਆ ਸੀ। ਮੈਨੂੰ ਹੈਰਾਨੀ ਹੋਈ, ਉਹਨੂੰ ਮਰਦ ਤੇ ਆਦਮੀ ਦੇ ਫ਼ਰਕ ਦਾ ਵੀ ਪਤਾ ਨਹੀਂ ਸੀ! ਭਾਪਾ ਜੀ ਨੂੰ ਦੱਸਿਆ ਤਾਂ ਉਹ ਮੇਰੇ ਨਾਲ ਇਸ ਗੱਲੋਂ ਤਾਂ ਸਹਿਮਤ ਹੋਏ ਕਿ ਮਰਦ ਦੀ ਥਾਂ ਆਦਮੀ ਨਹੀਂ ਚੱਲ ਸਕਦਾ ਪਰ ਕਹਿੰਦੇ, "ਯਾਰ ਕੋਈ ਤਬਦੀਲੀ ਕਰਵਾਇਆਂ ਉਹ ਬੜੀ ਬੁੜਬੁੜ ਕਰਦਾ ਹੈ।" ਮੈਂ ਕਿਹਾ, "ਭਾਪਾ ਜੀ, ਇਹ ਤਬਦੀਲੀ ਥੋੜ੍ਹੋ ਹੈ, ਇਹ ਤਾਂ ਉਹਦੀ ਗ਼ਲਤੀ ਦੀ ਦਰੁਸਤੀ ਹੈ।" ਫੇਰ ਵੀ ਉਨ੍ਹਾਂ ਨੂੰ ਚੁੱਪ ਜਿਹੇ ਦੇਖ ਕੇ ਮੈਨੂੰ ਇਕ ਰਾਹ ਸੁੱਝ ਪਿਆ। ਮੈਂ ਦੱਸਿਆ, "ਉਹਦੇ ਲਿਖੇ 'ਓਪਰਾ ਆਦਮੀ' ਵਿਚ ਮਰਦ ਦੇ ਤਿੰਨੇ ਅੱਖਰ ਮ, ਰ, ਦ ਹੈ ਨੇ। ਮੈਂ ਆਪਣੇ ਦਫ਼ਤਰ ਦੇ ਆਰਟਿਸਟ ਤੋਂ ਹੂ-ਬਹੂ ਟਰੇਸ ਕਰਵਾ ਕੇ ਮਰਦ ਲਿਖਵਾ ਲਵਾਂਗਾ।" ਜੁਗਤ ਭਾਪਾ ਜੀ ਨੂੰ ਵੀ ਜਚ ਗਈ। ਇਉਂ ਇਮਰੋਜ਼ ਦੇ ਆਦਮੀ ਨੂੰ ਮੈਂ ਮਰਦ ਬਣਾਉਣ ਵਿਚ ਸਫਲ ਹੋ ਗਿਆ।

(ਚਲਦਾ)

# ਐਵਰੈਸਟ ਦੀ ਚੋਟੀ 'ਤੇ ਮੁਹਿੰਦਰ ਸਿੰਘ ਦੇ ਅੰਗ-ਸੰਗ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੇ ਤਾਏ ਦਾ ਪੁੱਤਰ ਹਰਬੰਸ ਸਿੰਘ ਪੰਜ ਦਹਾਕੇ ਪਹਿਲਾਂ ਭਾਰਤੀ ਪਰਬਤਾਰੋਹਨ (ਮਾਊਂਟੇਨੀਰਿੰਗ) ਸੰਸਥਾ, ਉਤਰਕਾਸ਼ੀ ਵਿਚ ਇੰਸਟ੍ਰਕਟਰ ਸੀ। ਉਸ ਦਾ ਇੱਕ ਹੋਣਹਾਰ ਵਿਦਿਆਰਥੀ ਕੌਮਾਂਤਰੀ ਪ੍ਰਸਿੱਧੀ ਵਾਲਾ ਪਰਬਤਾਰੋਹੀ ਹੈ- ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਰਾਜਪੁਰ ਭਾਈਆਂ ਦਾ ਜੰਮਪਲ ਮੁਹਿੰਦਰ ਸਿੰਘ। ਉਸ ਨੇ ਸਿਵਲ ਇੰਜੀਨੀਅਰਿੰਗ ਕਰਨ ਪਿੱਛੋਂ 35 ਸਾਲ ਭਾਰਤ-ਤਿੱਬਤ ਸੀਮਾ ਸੁਰਖਸ਼ਾ ਪੁਲਿਸ ਵਿਚ ਨੌਕਰੀ ਕੀਤੀ ਅਤੇ 25 ਸਾਲ ਹਿਮਾਲਾ ਪਰਬਤ ਦੀਆਂ ਉਚਾਈਆਂ ਗਾਹੀਆਂ, ਯੂਰਪ ਦੀ ਸਭ ਤੋਂ ਉਚੀ ਪਹਾੜੀ ਐਲਪਸ ਵੀ। 1996 ਵਿਚ 29028 ਫੁੱਟ ਉਚੀ ਐਵਰੈਸਟ ਚੋਟੀ ਉਤੇ ਚੀਨ ਵਾਲੇ ਪਾਸਿਓਂ ਚੜ੍ਹਨ ਵਾਲੀ ਟੀਮ ਦਾ ਲੀਡਰ ਵੀ ਉਹੀਓ ਸੀ। ਉਸ ਨੂੰ 1995 ਵਿਚ ਭਾਰਤ-ਮੰਗੋਲੀਆ ਸਭਿਆਚਾਰ ਵਟਾਂਦਰਾ ਪ੍ਰੋਗਰਾਮ ਅਧੀਨ ਭਾਰਤ ਸਰਕਾਰ ਵਲੋਂ 'ਖਾਨ ਗਰਿਡ' ਸਨਮਾਨ ਵੀ ਮਿਲ ਚੁੱਕਿਆ ਹੈ।

ਆਪਣੇ ਸੇਵਾ ਕਾਲ ਵਿਚ ਉਹ ਕਈ ਸਾਲ ਲੇਹ ਲੱਦਾਖ, ਕਰਾਕੋ ਰਾਮ, ਗੜ੍ਹਵਾਲ-ਕਮਾਊਂ ਤੇ ਹਿਮਾਚਲ ਪ੍ਰਦੇਸ਼ ਦੀਆਂ ਟੀਸੀਆਂ ਸਰ ਕਰਨ ਵਾਲੀਆਂ ਟੀਮਾਂ ਦਾ ਲੀਡਰ ਰਹਿ ਚੁੱਕਾ ਹੈ। ਉਸ ਨੇ ਉਤਰਕਾਸ਼ੀ ਤੋਂ ਪਿਛੋਂ 1967 ਵਿਚ ਹਿਮਾਲੀਅਨ ਮਾਊਂਟੇਨੀਅਰਿੰਗ ਸੰਸਥਾ ਦਾਰਜੀਲਿੰਗ ਦਾ ਮੁਢਲਾ ਕੋਰਸ ਕਰਕੇ ਅਤੇ ਆਸਟਰੀਆ ਤੋਂ ਐਡਵਾਂਸ ਸਿਖਲਾਈ ਕੋਰਸ ਕਰਨ ਤੋਂ ਪਿਛੋਂ 1971 ਵਿਚ ਐਲਪਸ (ਯੂਰਪ) ਤੇ 1974 ਵਿਚ ਨੀਲਕੰਠ (ਭਾਰਤ) ਦੀਆਂ ਸਿਖਰਾਂ ਛੂਹੀਆਂ। 7 ਜੂਨ 1973 ਨੂੰ ਟ੍ਰਿਸ਼ੂਲ ਦੀ ਚੋਟੀ ਛੂਹ ਕੇ ਦੁਨੀਆਂ ਵਿਚ ਨਵਾਂ ਰਿਕਾਰਡ ਕਾਇਮ ਕਰਨ ਵਾਲਾ ਵੀ ਉਹੀ ਹੈ।

ਉਸ ਦੀ ਮਾਣਯੋਗ ਦੇਣ ਹੈ, ਜੋਸ਼ੀਮਠ ਵਿਖੇ ਆਉਲੀ ਨਾਂ ਦੇ ਸਥਾਨ ਉਤੇ ਪਰਬਤਾਰੋਹੀ ਸੰਸਥਾ ਸਥਾਪਤ ਕਰਨਾ। ਉਸ ਨੇ ਇਸ ਸੰਸਥਾ ਵਿਚ ਸਿਖਲਾਈ ਅਫਸਰ ਦਾ ਕੰਮ ਕੀਤਾ ਅਤੇ ਪ੍ਰਿੰਸੀਪਲ ਕਮਾਂਡੈਂਟ ਦੀ ਪਦਵੀ ਤੱਕ ਪਹੁੰਚਿਆ। ਭਗੀਰਥ, ਨੰਦਾ ਦੇਵੀ ਤੇ ਬਾਬਾ ਧੂਰਾ ਨਾਂ ਦੀਆਂ ਟੀਸੀਆਂ ਚੜ੍ਹਨ ਸਦਕਾ ਉਸ ਨੂੰ 1993 ਵਿਚ ਕੰਚਨਜੰਗਾ ਸਰ ਕਰਨ ਵਾਲੀ ਭਾਰਤ-ਯੂਕਰੇਨ (ਰੂਸ) ਟੀਮ ਦਾ ਸੰਯੋਜਕ ਅਤੇ ਫੇਰ 21,760 ਫੁੱਟ ਉਚੀ ਜੁਆਨਲੀ ਟੀਸੀ ਉਤੇ ਚੜ੍ਹਨ ਵਾਲੀ ਭਾਰਤ-ਮੰਗੋਲੀਆ ਟੀਮ ਦਾ ਲੀਡਰ ਨਿਯੁਕਤ ਕੀਤਾ ਗਿਆ।



ਮੁਹਿੰਦਰ ਸਿੰਘ

ਡੇਢ ਦਰਜਨ ਦੇ ਕਰੀਬ ਉਤਮ ਸੰਨਦਾਂ-ਸਰਟੀਫਿਕੇਟ ਤੇ ਭਾਰਤ ਸਰਕਾਰ ਵਲੋਂ ਇੰਡੀਆ ਪੁਲਿਸ ਮੈਡਲ ਤੇ ਪੰਜਾਬ ਸਰਕਾਰ ਤੋਂ ਮਹਾਰਾਜਾ ਰਣਜੀਤ ਸਿੰਘ ਸਨਮਾਨ ਪ੍ਰਾਪਤ ਕਰਨ ਵਾਲਾ ਕਮਾਂਡੈਂਟ ਮੁਹਿੰਦਰ ਸਿੰਘ ਪਰਬਤਾਰੋਹਨ ਬਾਰੇ ਪੁਸਤਕਾਂ ਦਾ ਲੇਖਕ ਵੀ ਹੈ। ਅੰਤਰ-ਰਾਸ਼ਟਰੀ ਪੱਧਰ ਉਤੇ ਮਕਬੂਲ ਉਸ ਦੀਆਂ ਅੰਗਰੇਜ਼ੀ ਵਿਚ ਲਿਖੀਆਂ ਪੁਸਤਕਾਂ ਹੁਣ ਪੰਜਾਬੀ ਭਾਸ਼ਾ ਵਿਚ ਵੀ ਮਿਲਦੀਆਂ ਹਨ। 'ਛੁਪੇ ਰਾਹਾਂ ਦੀ ਤਲਾਸ਼' ਤੋਂ ਪਿਛੋਂ 'ਐਵਰੈਸਟ 1996 (ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ) ਦੀ ਘੁੰਡ ਚੁਕਾਈ 11 ਮਾਰਚ ਵਾਲੇ ਦਿਨ ਚੰਡੀਗੜ੍ਹ ਪ੍ਰੈਸ ਕਲੱਬ ਵਿਚ ਹੋਈ ਜਿੱਥੇ ਇੰਡੋ-ਤਿਬਤ ਸੀਮਾ ਸੁਰੱਖਿਆ ਪੁਲਿਸ ਦੇ ਅਧਿਕਾਰੀਆਂ ਨੇ ਬੜੇ ਮਾਣ ਨਾਲ ਸ਼ਿਰਕਤ ਕੀਤੀ। 1996 ਵਾਲੀ ਪ੍ਰਾਪਤੀ ਕਮਾਂਡੈਂਟ ਮੁਹਿੰਦਰ ਸਿੰਘ ਦੀ ਉਚਤਮ ਪ੍ਰਾਪਤੀ ਹੈ। ਦੁਨੀਆਂ ਭਰ ਦੇ ਪਰਬਤਾਰੋਹੀ ਇਸ ਉਤੇ ਪਹੁੰਚਣ ਦੇ ਯਤਨ ਕਰਦੇ ਰਹਿੰਦੇ ਹਨ। ਇਸ ਦੀਆਂ ਬਰਫੀਲੀਆਂ ਉਚਾਈਆਂ ਨੂੰ ਛੂਹਣ ਸਮੇਂ ਇੱਕ ਪੈਰ ਜ਼ਿੰਦਗੀ ਤੇ ਦੂਜਾ ਮੌਤ ਵਿਚ ਧਰ ਕੇ ਤੁਰਨਾ ਪੈਂਦਾ ਹੈ।

ਇਹ ਪੁਸਤਕ ਇਸ ਉਦਮ ਦੀ ਸਾਹਸੂਤ ਕੇ ਮਾਣਨ ਵਾਲੀ ਕਥਾ ਹੈ। ਇਸ ਪੁਸਤਕ ਵਿਚ ਉਨ੍ਹਾਂ ਜਾਂਬਾਜ਼ਾਂ ਦੇ ਹੌਂਸਲੇ ਚਿਤਰੇ ਗਏ ਹਨ। ਮੰਜ਼ਿਲ ਤੇ ਪਹੁੰਚਣ ਦੀਆਂ ਆਸ਼ਾ-ਨਿਰਾਸ਼ਾ ਤੇ ਚਾਵਾਂ ਦਾ ਖੂਬਸੂਰਤ ਵਰਣਨ। ਖਾਸ ਕਰਕੇ ਇਸ ਮੌਕੇ ਬਰਫਬਾਰੀ ਤੇ ਤੂਫਾਨ ਦਾ ਸ਼ਿਕਾਰ ਹੋਏ ਮੁਹਿੰਦਰ ਸਿੰਘ ਦੀ ਟੀਮ ਦੇ ਤਿੰਨ ਸਾਥੀਆਂ ਦਾ ਚਲਾਣਾ। ਮੁਹਿੰਦਰ ਸਿੰਘ ਦੀ ਅਗਵਾਈ ਵਾਲੀ ਇਸ 30 ਮੈਂਬਰੀ ਟੀਮ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਨੇ 22 ਮਾਰਚ 1996 ਨੂੰ ਕਾਠਮੰਡੂ ਲਈ ਵਿਦਾ ਕੀਤਾ ਸੀ। 10 ਮਈ ਨੂੰ ਚੋਟੀ ਦੀ ਸ਼ਿਖਰ ਉਤੇ ਪਹੁੰਚ ਕੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਫੋਨ ਕਰਕੇ ਦੱਸਿਆ ਕਿ ਉਹ ਧਰਤੀ ਦੀ ਉਚੀਆਂ ਸ਼ਿਖਰਾਂ ਤੋਂ ਬੋਲ ਰਹੇ ਹਨ। ਉਨ੍ਹਾਂ ਦੀ ਗੱਲਬਾਤ ਸਮੇਂ ਅਜਿਹੀ ਬਰਫੀਲੀ ਹਨੇਰੀ ਝੁੱਲੀ ਕਿ ਵਾਪਸੀ ਸਫਰ ਦੀਆਂ ਤਿਆਰੀਆਂ ਕਰਕੇ ਪੂਰੇ ਹੋ ਗਏ। ਗੱਲਬਾਤ ਵੀ ਅਧ-ਵਿਚਕਾਰੋ ਕੱਟੀ ਗਈ ਸੀ।

ਸਥਿਤੀ ਅੰਤਾਂ ਦੀ ਨਿਰਾਸ਼ਾਜਨਕ ਸੀ, ਫਿਰ ਵੀ ਮੁਹਿੰਦਰ ਸਿੰਘ ਨੇ ਇੱਕ ਹਫਤੇ ਦੇ ਅੰਦਰ-ਅੰਦਰ ਪੰਜ ਮੈਂਬਰੀ ਨਵੀਂ ਟੀਮ ਤਿਆਰ ਕੀਤੀ ਤੇ ਉਹ ਵੀ ਸਿਖਰ ਉਤੇ ਪਹੁੰਚਣ ਵਿਚ ਸਫਲ ਹੋ ਗਈ। ਇਹ ਯਤਨ ਇਕ ਤਰ੍ਹਾਂ ਨਾਲ ਦੁਨੀਆਂ ਲਈ ਨਵਾਂ ਸੀ। ਹੌਂਸਲਾ ਨਾ ਹਾਰਨ ਦੀ ਵੱਡੀ ਦਾਸਤਾਨ। ਇਸ ਵਾਰੀ ਉਨ੍ਹਾਂ ਨੇ ਨਵੇਂ ਬਣੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਨਾਲ ਆਪਣੀ ਖੁਸ਼ੀ ਸਾਂਝੀ ਕੀਤੀ।

ਜਦੋਂ 78 ਦਿਨਾਂ ਪਿਛੋਂ ਉਨ੍ਹਾਂ ਦੀ ਟੀਮ ਇਨੀ ਵੱਡੀ ਸਫਲਤਾ ਪ੍ਰਾਪਤ ਕਰਕੇ ਵਾਪਸ ਪਰਤੀ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਦੇਵ ਗੌੜਾ ਬਣ ਚੁੱਕਾ ਸੀ। ਖੁਸ਼ਵੰਤ ਸਿੰਘ ਦੇ ਲਿਖਣ ਅਨੁਸਾਰ ਭਾਰਤ ਦੀ ਇਨੀ ਵੱਡੀ ਪ੍ਰਾਪਤੀ ਘੜੀ ਦੀ ਘੜੀ ਦੇਸ਼ ਦੇ ਪ੍ਰਧਾਨ ਮੰਤਰੀਆਂ ਦੀ ਅਦਲਾ-ਬਦਲੀ ਵਿਚ ਰੁਲ ਗਈ। ਪੁਸਤਕ ਦੀ ਘੁੰਡ ਚੁਕਾਈ ਸਮੇਂ ਮੁਹਿੰਦਰ ਸਿੰਘ ਨੇ ਆਪਣੀ ਟੀਮ ਦੇ ਸਮੁੱਚੇ ਉਦਮ ਨੂੰ ਪੇਸ਼ ਕਰਦੀ ਇੱਕ ਡਾਕੂਮੈਂਟਰੀ ਵੀ ਦਿਖਾਈ ਜਿਸ ਵਿਚ ਟੀਮ ਦੇ ਮੈਂਬਰਾਂ ਨੂੰ ਬਿਖੜੇ ਪੈਂਡਿਆਂ ਵਿਚ ਰਸਤੇ ਬਣਾਉਂਦਿਆ ਦਿਖਾਇਆ ਗਿਆ ਹੈ। ਪੁਸਤਕ ਪੜ੍ਹਦਿਆਂ ਪਾਠਕ ਨੂੰ ਇੰਦਾਂ ਜਾਪਦਾ ਹੈ, ਜਿਵੇਂ ਉਹ ਮਹਿੰਦਰ ਸਿੰਘ ਦੀ ਟੀਮ ਦਾ ਮੈਂਬਰ ਹੈ ਤੇ ਉਨ੍ਹਾਂ ਦੇ ਨਾਲ-ਨਾਲ ਤੁਰ ਰਿਹਾ ਹੈ। ਸਾਡਾ ਵਿਚਾਰ ਹੈ ਕਿ ਇਹ ਪੁਸਤਕ ਪੂਰੀ ਨਹੀਂ ਤਾਂ ਇਸ ਦੇ ਕੁੱਝ ਕਾਂਡ ਭਾਰਤੀ ਸਕੂਲਾਂ ਦੇ ਸਲੇਬਸ ਵਿਚ ਜ਼ਰੂਰ ਸ਼ਾਮਲ ਕਰਨੇ ਚਾਹੀਦੇ ਹਨ ਤਾਂ ਕਿ ਅੱਜ ਦੇ ਨੌਜਵਾਨ ਨਸ਼ਿਆਂ ਤੇ ਹੋਰ ਕੁਕਰਮਾ ਤੋਂ ਮੂੰਹ ਮੋੜ ਕੇ ਚੰਗੇ ਪਾਸੇ ਲਗ ਸਕਣ।



ਡਾ. ਜਸਪਾਲ ਸਿੰਘ


ਮੇਰਾ ਭਰਾ ਤੇ ਕਮਾਂਡੈਂਟ ਮੁਹਿੰਦਰ ਸਿੰਘ ਦਾ ਰਹਿ ਚੁੱਕਾ ਉਸਤਾਦ ਹਰਬੰਸ ਸਿੰਘ 5 ਅਪਰੈਲ 2003 ਨੂੰ ਅਕਾਲ ਚਲਾਣਾ ਕਰ ਗਿਆ ਸੀ। ਮੈਨੂੰ ਨਹੀਂ ਪਤਾ ਕਿ ਉਸ ਨੂੰ ਆਪਣੇ ਉਦਮੀ ਵਿਦਿਆਰਥੀ ਦਾ ਚੇਤਾ ਵੀ ਸੀ ਜਾਂ ਨਹੀਂ ਪਰ ਜੇ ਉਹ ਜੀਵਤ ਹੁੰਦਾ ਤਾਂ ਉਹ ਮੁਹਿੰਦਰ ਸਿੰਘ ਦੀਆਂ ਸਫਲਤਾਵਾਂ ਜਾਣ ਕੇ ਸੱਚਮੁੱਚ ਹੀ ਬੜਾ ਖੁਸ਼ ਹੁੰਦਾ। ਮੈਂ ਜਦੋਂ ਵੀ ਅਪਣੇ ਪਿੰਡ ਗਿਆ ਉਸ ਦੀ ਪਤਨੀ ਸਤਿੰਦਰ ਕੌਰ ਤੇ ਬੇਟੇ ਰਿੰਕਾ ਤੇ ਜੀਵਾ ਨੂੰ ਇਹ ਪੁਸਤਕ ਦਿਖਾਵਾਂਗਾ।

**ਡਾ. ਜਸਪਾਲ ਸਿੰਘ ਨੂੰ ਭਾਸ਼ਾ ਪੁਰਸਕਾਰ:** ਕੇਂਦਰੀ ਸਾਹਿਤ ਅਕਾਡਮੀ ਦਾ ਭਾਸ਼ਾ ਪੁਰਸਕਾਰ ਇੱਕ ਵਾਰੀ ਫਿਰ ਪੰਜਾਬੀ ਭਾਸ਼ਾ ਦੀ ਝੋਲੀ ਪੈ ਗਿਆ ਹੈ। ਇਹ ਪੁਰਸਕਾਰ ਹਰ ਸਾਲ 24 ਭਾਸ਼ਾਵਾਂ ਵਿਚੋਂ ਕੇਵਲ ਇਕ ਨੂੰ ਮਿਲਦਾ ਹੈ ਜਿਹੜਾ 2007 ਵਿਚ ਗੁਰਦੇਵ ਸਿੰਘ ਸਿੱਧੂ ਨੂੰ ਮਿਲ ਚੁੱਕਾ ਹੈ। ਇਸ ਵਾਰ ਦਾ ਜੇਤੂ ਪੰਜਾਬੀ ਯੂਨੀਵਰਸਟੀ, ਪਟਿਆਲਾ ਦਾ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਹੈ। ਉਸ ਨੂੰ ਇਹ ਪੁਰਸਕਾਰ ਦੇਣ ਲਈ ਤਾਮਿਲ, ਤੈਲਗੂ, ਹਿੰਦੀ ਅਤੇ ਸੰਸਕ੍ਰਿਤ ਦੇ ਉਨ੍ਹਾਂ ਲਿਖਾਰੀਆਂ ਵਿਚੋਂ ਚੁਣਿਆ ਗਿਆ ਹੈ। ਜਿਹੜੇ ਅੰਤਲੇ ਗੇੜ ਵਿਚ ਉਹਦੇ ਨਾਲ ਸਨ। ਇਹ ਪੰਜਾਬੀ ਭਾਸ਼ਾ ਲਈ ਬੜੀ ਮਾਣ ਵਾਲੀ ਗੱਲ ਹੈ।

**ਅੰਤਿਕਾ:** (ਹਰਿਭਜਨ ਸਿੰਘ)
ਮੈਂ ਚੁੰਮ ਹੀ ਲਿਆ ਜਾ ਕੇ ਲਹਿਰਾਂ ਦਾ ਜੋਬਨ,
ਅਤੇ ਮੇਰੇ ਪੈਰੀਂ ਕਿਨਾਰੇ ਬੜੇ ਨੇ।
ਲਿਆਵੋ ਕੋਈ ਜਾ ਕੇ ਪਰਵਾਨਿਆ ਨੂੰ,
ਮੈਂ ਦੀਵੇ ਤਾਂ ਥਾਂ-ਥਾਂ ਸ਼ਿੰਗਾਰੇ ਬੜੇ ਨੇ।

ਸ਼ਹੀਦ ਭਗਤ ਸਿੰਘ ਦੀ ਕਲਮ ਤੋਂ...

# ਆਜ਼ਾਦੀ ਦੀ ਲੜਾਈ ਵਿਚ ਪੰਜਾਬ ਦਾ ਪਹਿਲਾ ਉਭਾਰ



*ਹਰ ਸਾਲ 23 ਮਾਰਚ ਨੂੰ ਸੰਸਾਰ ਭਰ ਵਿਚ ਜਿਥੇ ਕਿਤੇ ਵੀ ਪੰਜਾਬੀ ਜਾਂ ਭਾਰਤੀ ਵੱਸਦੇ ਹਨ, ਉਨ੍ਹਾਂ ਦੇ ਚੇਤਿਆਂ ਵਿਚ ਸ਼ਹੀਦ ਭਗਤ ਸਿੰਘ ਜ਼ਰੂਰ ਉਭਰਦਾ ਹੈ। 23 ਮਾਰਚ 1931 ਨੂੰ ਅੰਗਰੇਜ਼ ਹਾਕਮਾਂ ਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਲਾ ਦਿੱਤਾ ਸੀ। ਇਨ੍ਹਾਂ ਨੌਜਵਾਨਾਂ ਨੇ ਆਪਣੇ ਸਾਥੀਆਂ ਨਾਲ ਰਲ ਕੇ ਅੰਗਰੇਜ਼ ਹਾਕਮਾਂ ਦੇ ਤਖਤ ਨੂੰ ਤਕੜਾ ਹਲੂਣਾ ਦਿੱਤਾ ਸੀ। ਇਨ੍ਹਾਂ ਵਿਚੋਂ ਭਗਤ ਸਿੰਘ ਇਸ ਕਰ ਕੇ ਵਿਲੱਖਣ ਸੀ ਕਿ ਉਹ ਆਪਣੀਆਂ ਲਿਖਤਾਂ ਰਾਹੀਂ ਵੀ ਲੋਕਾਂ ਨਾਲ ਸੰਵਾਦ ਰਚਾ ਰਿਹਾ ਸੀ। ਐਤਕੀਂ ਪਾਠਕਾਂ ਲਈ ਅਸੀਂ ਭਗਤ ਸਿੰਘ ਦਾ ਪੰਜਾਬ ਦੇ ਹਾਲਾਤ ਬਾਰੇ ਲਿਖਿਆ ਇਹ ਲੇਖ ਛਾਪ ਰਹੇ ਹਾਂ। ਉਰਦੂ ਵਿਚ ਲਿਖਿਆ ਇਹ ਲੇਖ 1931 ਵਿਚ ਲਾਹੌਰ ਦੇ ਅਖ਼ਬਾਰ 'ਪੀਪਲਜ਼' ਤੇ 'ਵੰਦੇ ਮਾਤ੍ਰਮ' ਵਿਚ ਛਪਿਆ ਸੀ। -ਸੰਪਾਦਕ*

ਪੰਜਾਬ ਦੇ ਸਾਬਕਾ ਗਵਰਨਰ ਸਰ ਮਾਈਕਲ ਓਡਵਾਇਰ ਨੇ ਆਪਣੀ ਪੁਸਤਕ 'ਇੰਡੀਆ ਐਜ਼ ਆਈ ਸਾਅ' (ਭਾਰਤ ਵਿਚ ਜਿਵੇਂ ਮੈਂ ਡਿੱਠਾ) ਵਿਚ ਕੌੜੀ ਤੇ ਝੂਠੀ, ਪਰ ਨਾਲ ਹੀ ਬੇਹਦ ਅਹਿਮ ਸੱਚਾਈ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਪੰਜਾਬ ਸਿਆਸੀ ਹਲਚਲਾਂ ਵਿਚ ਸਭ ਤੋਂ ਪਿਛੇ ਹੈ। ਪੰਜਾਬ ਦੇ ਸਿਆਸੀ ਅੰਦੋਲਨਾਂ ਦਾ ਜਿਨ੍ਹਾਂ ਨੂੰ ਥੋੜ੍ਹਾ-ਬਹੁਤ ਗਿਆਨ ਹੈ, ਉਹ ਇਸ ਸੱਚਾਈ ਨੂੰ ਭਲੀ ਪ੍ਰਕਾਰ ਸਮਝ ਸਕਦੇ ਹਨ।

ਅੱਜ ਤੱਕ ਦਾ ਇਤਿਹਾਸ ਫੋਲੀਏ ਤਾਂ ਪਤਾ ਚੱਲਦਾ ਹੈ ਕਿ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਇਸ ਸੂਬੇ ਨੇ ਹੀ ਕੀਤੀਆਂ ਹਨ। ਇਸ ਲਈ ਬੜੀਆਂ ਬੜੀਆਂ ਮੁਸੀਬਤਾਂ ਇਸ ਸੂਬੇ ਦੀ ਜਨਤਾ ਨੂੰ ਸਹਿਣੀਆਂ ਪਈਆਂ ਹਨ। ਸਿਆਸੀ ਤੇ ਧਾਰਮਿਕ ਆਦਿ ਅੰਦੋਲਨਾਂ ਵਿਚ ਪੰਜਾਬ ਦੂਸਰੇ ਸੂਬਿਆਂ ਨਾਲੋਂ ਅੱਗੇ ਰਿਹਾ ਹੈ ਅਤੇ ਦੇਸ਼ ਲਈ ਜਾਨ ਤੇ ਮਾਲ ਦੀ ਕੁਰਬਾਨੀ ਸਭ ਤੋਂ ਵੱਧ ਇਸ ਸੂਬੇ ਦੇ ਲੋਕਾਂ ਨੇ ਕੀਤੀ ਹੈ, ਫਿਰ ਵੀ ਸਾਨੂੰ ਸਿਰ ਝੁਕਾ ਕੇ ਇਹ ਮੰਨਣਾ ਪੈਂਦਾ ਹੈ ਕਿ ਸਿਆਸੀ ਖੇਤਰ ਵਿਚ ਪੰਜਾਬ ਸਭ ਤੋਂ ਪਿੱਛੇ ਹੈ।

ਇਸ ਦਾ ਕਾਰਨ ਇਹ ਹੈ ਕਿ ਸਿਆਸੀ ਅੰਦੋਲਨ ਇਥੋਂ ਦੀ ਜਨਤਾ ਦੇ ਨਿਜੀ ਜੀਵਨ ਦਾ ਜ਼ਰੂਰੀ ਅੰਗ ਨਹੀਂ ਬਣ ਸਕਿਆ। ਸਾਹਿਤਕ ਖੇਤਰ ਵਿਚ ਵੀ ਇਸ ਸੂਬੇ ਨੇ ਕੋਈ ਵਰਣਨਯੋਗ ਥਾਂ ਹਾਸਲ ਨਹੀਂ ਕੀਤੀ। ਬੁੱਧੀਜੀਵੀ ਵਰਗ ਲਈ ਉਸ ਸਮੇਂ ਤੱਕ (ਓਡਵਾਇਰ ਦੀ ਪੁਸਤਕ ਲਿਖਣ ਤੱਕ) ਦੇਸ਼ ਦੀ ਆਜ਼ਾਦੀ ਦਾ ਸਵਾਲ ਸਭ ਤੋਂ ਜ਼ਰੂਰੀ ਅਤੇ ਅਹਿਮ ਨਹੀਂ ਬਣਿਆ ਸੀ। ਇਸੇ ਲਈ ਆਮ ਕਰ ਕੇ ਕਿਹਾ ਜਾਂਦਾ ਹੈ ਕਿ ਇਹ ਸੂਬਾ ਬਹੁਤ ਪਿਛੇ ਹੈ। ਭਾਰਤ ਵਿਚ ਹੋਰ ਵੀ ਬਹੁਤ ਸਾਰੇ ਸੂਬੇ ਹਨ ਜੋ ਪੰਜਾਬ ਤੋਂ ਬਹੁਤ ਪਿਛੇ ਹਨ ਪਰ ਦੁੱਖ ਦੀ ਗੱਲ ਹੈ ਕਿ ਇਹ ਬਦਕਿਸਮਤ ਸੂਬਾ ਅਜਿਹੇ ਦੂਸ਼ਣ ਸਹਿ ਕੇ ਵੀ ਪਿਛੇ ਹੀ ਹੈ।

ਪੰਜਾਬ ਦੀ ਕੋਈ ਵਿਸ਼ੇਸ਼ ਆਪਣੀ ਭਾਸ਼ਾ ਨਹੀਂ। ਭਾਸ਼ਾ ਨਾ ਹੋਣ ਦੇ ਕਾਰਨ ਸਾਹਿਤਕ ਖੇਤਰ ਵਿਚ ਕੋਈ ਤਰੱਕੀ ਨਹੀਂ ਹੋ ਸਕੀ। ਪੜ੍ਹੇ-ਲਿਖੇ ਲੋਕਾਂ ਨੂੰ ਪੱਛਮੀ ਸਾਹਿਤ 'ਤੇ ਹੀ ਨਿਰਭਰ ਰਹਿਣਾ ਪਿਆ। ਦੁੱਖਦਾਈ ਸਿੱਟਾ ਇਹ ਹੋਇਆ ਕਿ ਪੰਜਾਬ ਦਾ ਪੜ੍ਹਿਆ ਲਿਖਿਆ ਵਰਗ ਆਪਣੇ ਸੂਬੇ ਦੀਆਂ ਸਿਆਸੀ ਹਲਚਲਾਂ ਤੋਂ ਅਲੱਗ ਜਿਹਾ ਹੀ ਰਿਹਾ ਹੈ। ਇਸੇ ਕਰ ਕੇ ਪੰਜਾਬ ਵਿਚ ਅਜਿਹੇ ਵਰਕਰ ਗਿਣੇ-ਮਿਥੇ ਹੀ ਹਨ ਜੋ ਆਪਣਾ ਪੂਰਾ ਜੀਵਨ ਰਾਜਨੀਤੀ ਨੂੰ ਹੀ ਦੇ ਸਕਦੇ ਹਨ। ਇਸੇ ਆਧਾਰ 'ਤੇ ਇਸ ਸੂਬੇ 'ਤੇ ਅਜਿਹੇ ਦੋਸ਼ ਲਾਏ ਜਾਂਦੇ ਹਨ। ਆਪਣੇ ਸੂਬੇ ਦੀ ਇਸ ਘਾਟ ਵੱਲ ਸੂਬੇ ਦੇ ਨੇਤਾਵਾਂ ਅਤੇ ਪੁਰਸ਼ ਸਮਾਜ ਦਾ ਧਿਆਨ ਖਿੱਚਣਾ ਹੀ ਇਨ੍ਹਾਂ ਲੇਖਾਂ ਦਾ ਉਦੇਸ਼ ਹੈ।

ਗੁਰੂ ਰਾਮ ਸਿੰਘ ਦੀ ਅਗਵਾਈ ਵਿਚ ਹੋਏ ਕੂਕਾ ਵਿਦਰੋਹ ਤੋਂ ਲੈ ਕੇ ਅੱਜ ਤੱਕ ਜੋ ਅੰਦੋਲਨ ਚੱਲੇ ਅਤੇ ਜਿਸ ਪ੍ਰਕਾਰ ਜਨਤਾ ਵਿਚ ਇਹ ਸੂਝ ਆਈ ਹੈ ਕਿ ਉਹ ਆਜ਼ਾਦੀ ਦੀ ਬਲੀ ਵੇਦੀ 'ਤੇ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਗਏ ਅਤੇ ਜਿਨ੍ਹਾਂ ਲੋਕਾਂ ਨੇ ਪ੍ਰਾਣਾਂ ਦਾ ਬਲੀਦਾਨ ਦਿੱਤਾ, ਉਨ੍ਹਾਂ ਦਾ ਜੀਵਨ, ਚਰਿੱਤਰ ਅਤੇ ਇਤਿਹਾਸ ਹਰ ਇਸਤਰੀ-ਪੁਰਸ਼ ਦਾ ਹੌਸਲਾ ਬੁਲੰਦ ਕਰੇਗਾ ਅਤੇ ਉਹ ਹੋਣ ਵਾਲੇ ਅੰਦੋਲਨਾਂ ਨੂੰ ਵੀ ਅਧਿਐਨ ਅਤੇ ਅਨੁਭਵਾਂ ਦੀ ਰੋਸ਼ਨੀ ਵਿਚ ਚੰਗੀ ਤਰ੍ਹਾਂ ਚਲਾ ਸਕਣਗੇ। ਮੇਰਾ ਇਹ ਉਦੇਸ਼ ਬਿਲਕੁਲ ਨਹੀਂ ਹੈ ਕਿ ਭਵਿੱਖ ਵਿਚ ਵੀ ਠੀਕ ਇਸੇ ਪ੍ਰਕਾਰ ਦੇ ਅੰਦੋਲਨ ਹੀ ਸਫਲ ਹੋ ਸਕਣਗੇ। ਮੇਰਾ ਉਦੇਸ਼ ਤਾਂ ਸਿਰਫ਼ ਇਹ ਹੈ ਕਿ ਜਨਤਾ, ਸ਼ਹੀਦਾਂ ਦੀਆਂ ਕੁਰਬਾਨੀਆਂ ਤੇ ਜੀਵਨ ਭਰ ਦੇਸ਼ ਦੇ ਹੀ ਕੰਮ ਵਿਚ ਲੱਗੇ ਰਹਿਣ ਦੀ ਉਨ੍ਹਾਂ ਦੀਆਂ ਮਿਸਾਲਾਂ ਤੋਂ ਪ੍ਰੇਰਨਾ ਹਾਸਲ ਕਰਨ ਅਤੇ ਉਨ੍ਹਾਂ ਦਾ ਪਾਲਣ ਕਰਨ। ਵਕਤ ਆਉਣ 'ਤੇ ਕਿਸ ਢੰਗ ਨਾਲ ਕੰਮ ਕਰਨਾ ਹੈ, ਇਸ ਦਾ ਫੈਸਲਾ ਕਰਨ ਵਾਲੇ ਦੇਸ਼ ਦੀ ਮੌਜੂਦਾ ਹਾਲਤ ਨੂੰ ਵੇਖਦੇ ਹੋਏ ਖੁਦ ਕਰ ਸਕਦੇ ਹਨ।



ਦੇਸ਼ ਭਗਤਾਂ ਨਾਲ ਸਬੰਧਤ ਦੁਰਲੱਭ ਦਸਤਾਵੇਜ਼ ਲੱਭਣ ਵਾਲੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਖਟਕੜ ਕਲਾਂ ਵਿਚ ਭਗਤ ਸਿੰਘ ਦੀ ਮਾਂ ਵਿਦਿਆਵਤੀ ਨਾਲ।

1907 ਤੋਂ ਪਹਿਲਾਂ ਪੰਜਾਬ ਵਿਚ ਬਿਲਕੁਲ ਹੀ ਖਾਮੋਸ਼ੀ ਸੀ। ਕੂਕਾ ਵਿਦਰੋਹ ਪਿਛੋਂ ਕੋਈ ਅਜਿਹਾ ਰਾਜਸੀ ਅੰਦੋਲਨ ਨਹੀਂ ਉਠਿਆ ਜੋ ਹਾਕਮਾਂ ਦੀ ਨੀਂਦ ਹਰਾਮ ਕਰ ਦਿੰਦਾ। ਸੰਨ 1908 ਵਿਚ ਪੰਜਾਬ ਵਿਚ ਪਹਿਲੀ ਵਾਰ ਕਾਂਗਰਸ ਦਾ ਇਜਲਾਸ ਹੋਇਆ ਪਰ ਉਸ ਸਮੇਂ ਕਾਂਗਰਸ ਦੇ ਕੰਮ ਦਾ ਆਧਾਰ ਹਾਕਮਾਂ ਪ੍ਰਤੀ ਵਫ਼ਾਦਾਰੀ ਪ੍ਰਗਟ ਕਰਨਾ ਸੀ। ਇਸ ਲਈ ਸਿਆਸੀ ਖੇਤਰ ਵਿਚ ਉਸ ਦਾ ਕੋਈ ਵਰਣਨਯੋਗ ਅਸਰ ਨਹੀਂ ਪਿਆ। 1905-06 ਵਿਚ ਬੰਗਾਲ ਦੀ ਵੰਡ ਦੇ ਵਿਰੁਧ ਜੋ ਸ਼ਕਤੀਸ਼ਾਲੀ ਅੰਦੋਲਨ ਉਠ ਖੜ੍ਹਾ ਹੋਇਆ ਸੀ ਅਤੇ ਸਵਦੇਸ਼ੀ ਦੀ ਵਰਤੋਂ ਤੇ ਵਿਦੇਸ਼ੀ ਮਾਲ ਦੀ ਬਾਈਕਾਟ ਦੀ ਜੋ ਹਲਚਲ ਸ਼ੁਰੂ ਹੋਈ, ਇਸ ਦਾ ਪੰਜਾਬ ਦੇ ਉਦਯੋਗਿਕ ਜੀਵਨ ਅਤੇ ਆਮ ਜਨਤਾ 'ਤੇ ਬੜਾ ਭਾਰੀ ਅਸਰ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਇਥੇ ਖੰਡ ਤਿਆਰ ਕਰਨ ਦਾ ਖਿਆਲ ਪੈਦਾ ਹੋਇਆ ਅਤੇ ਇਕ ਦੋ ਮਿੱਲਾਂ ਵੀ ਖੁੱਲ੍ਹ ਗਈਆਂ। ਭਾਵੇਂ ਸੂਬੇ ਦੇ ਸਿਆਸੀ ਜੀਵਨ 'ਤੇ ਇਸ ਦਾ ਕੋਈ ਜ਼ਿਆਦਾ ਅਸਰ ਨਾ ਪਿਆ ਪਰ ਸਰਕਾਰ ਨੇ ਇਸ ਉਦਯੋਗ ਨੂੰ ਤਬਾਹ ਕਰਨ ਲਈ ਗੰਨੇ ਦੀ ਫਸਲ 'ਤੇ ਮਾਮਲਾ ਢਾਈ ਰੁਪਏ ਨੂੰ ਤਿੰਨ ਗੁਣਾ ਵਧਾ ਕੇ ਸਾਢੇ ਸੱਤ ਰੁਪਏ ਕਰ ਦਿੱਤਾ। ਇਸ ਨਾਲ ਕਿਸਾਨ ਇਕਦਮ ਬੌਂਦਲ ਜਿਹੇ ਗਏ।

**ਨਵਾਂ ਕਾਲੋਨੀ ਐਕਟ:** ਦੂਸਰੇ ਪਾਸੇ ਲਾਇਲਪੁਰ ਵਿਚ ਸਰਕਾਰ ਨੇ ਨਵੀਂ ਨਹਿਰ ਖੁਦਵਾ ਕੇ ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ ਆਦਿ ਦੇ ਨਿਵਾਸੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਅਤੇ ਲਾਲਚ ਦੇ ਕੇ ਇਸ ਖੇਤਰ ਵਿਚ ਬੁਲਾ ਲਿਆ ਸੀ। ਇਹ ਲੋਕ ਆਪਣੀ ਪੁਰਾਣੀ ਜ਼ਮੀਨ ਤੇ ਜਾਇਦਾਦ ਛੱਡ ਕੇ ਆਏ ਅਤੇ ਕਈ ਸਾਲ ਤੱਕ ਆਪਣਾ ਖੂਨ ਪਸੀਨਾ ਇਕ ਕਰ ਕੇ ਇਨ੍ਹਾਂ ਜੰਗਲਾਂ ਨੂੰ ਗੁਲਜ਼ਾਰ ਬਣਾ ਦਿੱਤਾ। ਲੇਕਿਨ ਅਜੇ ਉਨ੍ਹਾਂ ਸਾਹ ਵੀ ਨਹੀਂ ਸੀ ਲਿਆ ਕਿ ਨਵਾਂ ਕਾਲੋਨੀ ਐਕਟ ਉਨ੍ਹਾਂ ਦੇ ਸਿਰ 'ਤੇ ਆ ਖੜ੍ਹਾ ਹੋਇਆ। ਇਹ ਐਕਟ ਕੀ ਸੀ? ਕਿਸਾਨਾਂ ਦੀ ਹੋਂਦ ਹੀ ਮਿਟਾ ਦੇਣ ਦਾ ਤਰੀਕਾ ਸੀ। ਇਸ ਐਕਟ ਅਨੁਸਾਰ ਹਰ ਵਿਅਕਤੀ ਦੀ ਨਿੱਜੀ ਜਾਇਦਾਦ ਦਾ ਮਾਲਕ ਸਿਰਫ਼ ਵੱਡਾ ਪੁੱਤਰ ਹੀ ਹੋ ਸਕਦਾ ਸੀ। ਛੋਟੇ ਪੁੱਤਰਾਂ ਲਈ ਕੋਈ ਹਿੱਸਾ ਨਹੀਂ ਰੱਖਿਆ ਗਿਆ ਸੀ। ਵੱਡੇ ਪੁੱਤਰ ਦੇ ਮਰਨ 'ਤੇ ਜ਼ਮੀਨ-ਜਾਇਦਾਦ ਛੋਟੇ ਲੜਕੇ ਨੂੰ ਨਹੀਂ ਮਿਲ ਸਕਦੀ ਸੀ, ਬਲਕਿ ਉਸ 'ਤੇ ਵੀ ਸਰਕਾਰ ਦਾ ਹੱਕ ਹੋ ਜਾਂਦਾ ਸੀ।

ਕੋਈ ਆਦਮੀ ਆਪਣੀ ਜ਼ਮੀਨ 'ਤੇ ਖੜ੍ਹੇ ਦਰੱਖ਼ਤਾਂ ਨੂੰ ਨਹੀਂ ਕੱਟ ਸਕਦਾ ਸੀ। ਉਨ੍ਹਾਂ ਤੋਂ ਉਹ ਇਕ ਦਾਤਣ ਵੀ ਨਹੀਂ ਕੱਟ ਸਕਦਾ ਸੀ। ਜੋ ਜ਼ਮੀਨਾਂ ਉਨ੍ਹਾਂ ਨੂੰ ਮਿਲੀਆਂ ਸਨ, ਉਨ੍ਹਾਂ 'ਤੇ ਉਹ ਸਿਰਫ਼ ਖੇਤੀ ਹੀ ਕਰ ਸਕਦੇ ਸਨ। ਕਿਸੇ ਪ੍ਰਕਾਰ ਦਾ ਮਕਾਨ ਜਾਂ ਝੌਂਪੜੀ, ਇਥੋਂ ਤੱਕ ਕਿ ਪਸ਼ੂਆਂ ਨੂੰ ਪੱਠੇ ਪਾਉਣ ਲਈ ਖੁਰਲੀ ਤੱਕ ਵੀ ਨਹੀਂ ਬਣਾ ਸਕਦੇ ਸਨ। ਕਾਨੂੰਨ ਦਾ ਥੋੜ੍ਹਾ ਜਿਹਾ ਉਲੰਘਣ ਕਰਨ 'ਤੇ 24 ਘੰਟੇ ਦਾ ਨੋਟਿਸ ਦੇ ਕੇ ਅਖੌਤੀ ਅਪਰਾਧੀ ਦੀ ਜ਼ਮੀਨ ਜ਼ਬਤ ਕੀਤੀ ਜਾ ਸਕਦੀ ਸੀ। ਕਿਹਾ ਜਾਂਦਾ ਹੈ ਕਿ ਐਸਾ ਕਾਨੂੰਨ ਬਣਾ ਕੇ ਸਰਕਾਰ ਚਾਹੁੰਦੀ ਸੀ ਕਿ ਥੋੜ੍ਹੇ ਜਿਹੇ ਵਿਦੇਸ਼ੀਆਂ ਨੂੰ ਕੁੱਲ ਜ਼ਮੀਨ ਦਾ ਮਾਲਕ ਬਣਾ ਦਿੱਤਾ ਜਾਵੇ ਤੇ ਹਿੰਦੁਸਤਾਨੀ ਕਾਸ਼ਤਕਾਰ ਉਨ੍ਹਾਂ ਦੇ ਰਹਿਮ 'ਤੇ ਰਹਿਣ। ਸਰਕਾਰ ਇਹ ਵੀ ਚਾਹੁੰਦੀ ਸੀ ਕਿ ਦੂਸਰੇ ਸੂਬਿਆਂ ਵਾਂਗ ਪੰਜਾਬ ਵਿਚ ਵੀ ਵੱਡੇ-ਵੱਡੇ ਜ਼ਿਮੀਂਦਾਰ ਹੋਣ ਅਤੇ ਬਾਕੀ ਬਹੁਤ ਗਰੀਬ ਕਾਸ਼ਤਕਾਰ ਹੋਣ। ਇਸ ਪ੍ਰਕਾਰ ਜਨਤਾ ਦੋ ਵਰਗਾਂ ਵਿਚ ਵੰਡੀ ਜਾਵੇ। ਮਾਲਦਾਰ ਕਦੀ ਵੀ ਕਿਸੇ ਵੀ ਹਾਲਤ ਵਿਚ ਸਰਕਾਰ ਵਿਰੋਧੀਆਂ ਦਾ ਸਾਥ ਦੇਣ ਦਾ ਹੌਸਲਾ ਨਹੀਂ ਕਰ ਸਕਣਗੇ ਅਤੇ ਗਰੀਬ ਕਾਸ਼ਤਕਾਰਾਂ ਜੋ ਦਿਨ-ਰਾਤ ਮਿਹਨਤ ਕਰ ਕੇ ਵੀ ਪੇਟ ਨਹੀਂ ਭਰ ਸਕਣਗੇ, ਨੂੰ ਇਸ ਦਾ ਮੌਕਾ ਹੀ ਨਹੀਂ ਮਿਲੇਗਾ। ਇਸ ਪ੍ਰਕਾਰ ਸਰਕਾਰ ਖੁੱਲ੍ਹੇ ਹੱਥੀਂ ਜੋ ਚਾਹੇਗੀ, ਕਰੇਗੀ।

**ਅਸ਼ਾਂਤੀ ਦੇ ਬੀਜ:** ਉਨ੍ਹੀਂ ਦਿਨੀਂ ਯੂ.ਪੀ. ਅਤੇ ਬਿਹਾਰ ਵਰਗੇ ਸੂਬਿਆਂ ਵਿਚ ਵੀ ਕਿਸਾਨਾਂ ਦੀ ਹਾਲਤ ਐਸੀ ਹੀ ਸੀ, ਪਰ ਪੰਜਾਬ ਦੇ ਲੋਕ ਜਲਦੀ ਹੀ ਸੰਭਲ ਗਏ। ਸਰਕਾਰ ਦੀ ਇਸ ਚਾਲ ਵਿਰੁਧ ਉਨ੍ਹਾਂ ਜ਼ਬਰਦਸਤ ਅੰਦੋਲਨ ਸ਼ੁਰੂ ਕਰ ਦਿੱਤਾ। ਰਾਵਲਪਿੰਡੀ ਵੱਲ ਵੀ ਇਨ੍ਹੀਂ ਦਿਨੀਂ ਨਵਾਂ ਬੰਦੋਬਸਤ ਖਤਮ ਹੋਇਆ ਸੀ ਅਤੇ ਲਗਾਨ ਵਧਾਇਆ ਗਿਆ ਸੀ। ਇਸ ਤਰ੍ਹਾਂ 1907 ਦੇ ਸ਼ੁਰੂ ਵਿਚ ਹੀ ਅਸ਼ਾਂਤੀ ਦੇ ਕੁਝ ਕਾਰਨ ਹਾਜ਼ਰ ਸਨ। ਪੰਜਾਬ ਦੇ ਗਵਰਨਰ ਸਰ ਐਬਿਟਸਨ ਨੇ ਕਿਹਾ ਵੀ ਸੀ ਕਿ ਇਸ ਸਮੇਂ ਭਾਵੇਂ ਪ੍ਰਗਟ ਰੂਪ ਵਿਚ ਤਾਂ ਸ਼ਾਂਤੀ ਹੈ, ਪਰ ਜਨਤਾ ਦੇ ਦਿਲ ਵਿਚ ਅਸੰਤੋਸ਼ ਪੈਦਾ ਹੁੰਦਾ ਜਾ ਰਿਹਾ ਹੈ।

ਇਨ੍ਹੀਂ ਦਿਨੀਂ ਦੇਸ਼ ਭਰ ਵਿਚ ਖਾਮੋਸ਼ੀ ਛਾਈ ਹੋਈ ਸੀ। ਜਨਤਾ 'ਠਹਿਰੋ ਤੇ ਦੇਖੋ' ਦੀ ਹਾਲਤ ਵਿਚ ਸੀ। ਇਹ ਖਾਮੋਸ਼ੀ ਤੂਫ਼ਾਨ ਦੇ ਆਉਣ ਤੋਂ ਪਹਿਲਾਂ ਵਾਲੀ ਸ਼ਾਂਤੀ ਸੀ। ਪੰਜਾਬ ਵਿਚ ਤਾਂ ਐਸੀ ਹਾਲਤ ਸੀ ਕਿ ਅਸ਼ਾਂਤੀ ਦਾ ਪੈਦਾ ਹੋ ਜਾਣਾ ਬਿਲਕੁਲ ਉਚਿਤ ਅਤੇ ਜ਼ਰੂਰੀ ਹੀ ਸੀ।

**1906 ਦਾ ਕਾਂਗਰਸ ਇਜਲਾਸ:** 1906 ਵਿਚ ਕਾਂਗਰਸ ਦਾ ਸਾਲਾਨਾ ਇਜਲਾਸ ਕਲਕੱਤੇ ਵਿਚ ਦਾਦਾਭਾਈ ਨਾਰੋਜੀ ਦੀ ਪ੍ਰਧਾਨਗੀ ਹੇਠ ਹੋਇਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਭਾਸ਼ਣ ਵਿਚ 'ਸਵਰਾਜ' ਸ਼ਬਦ ਦੀ ਵਰਤੋਂ ਕੀਤੀ। ਬ੍ਰਿਟਿਸ਼ ਪਾਰਲੀਮੈਂਟ ਦੇ ਆਪਣੇ ਨਿੱਜੀ ਅਨੁਭਵਾਂ ਦੇ ਆਧਾਰ 'ਤੇ ਖੁਦ ਦਾਦਾਭਾਈ ਨੇ ਕਿਹਾ ਸੀ ਕਿ ਜੇ ਅਸੀਂ ਕੁਝ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਅੰਦਰ ਤਾਕਤ ਪੈਦਾ ਕਰਨੀ ਹੋਵੇਗੀ। ਸਾਨੂੰ ਆਪਣੇ ਭਾਰ ਹੀ ਖੜ੍ਹਾ ਹੋਣਾ ਪਵੇਗਾ। ਪੱਥਰਾਂ ਵਾਂਗ ਗੱਡੀ ਨਜ਼ਰ ਨਾਲ ਵੇਖਦੇ ਰਹਿਣ ਨਾਲ ਹੀ ਕੰਮ ਨਹੀਂ ਚੱਲੇਗਾ।

**ਲਾਲਾ ਲਾਜਪਤ ਰਾਏ:** ਠੀਕ ਇਹੀ ਗੱਲ ਇਕ ਸਾਲ ਪਹਿਲਾਂ ਬਨਾਰਸ ਦੇ ਕਾਂਗਰਸ ਇਜਲਾਸ ਵਿਚ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਨੇ ਕਹੀ ਸੀ। ਲਾਲਾ ਜੀ ਕਾਂਗਰਸ ਦੇ ਪ੍ਰਧਾਨ ਸਵਰਗੀ ਗੋਖਲੇ ਨਾਲ ਵਫਦ ਵਿਚ ਇੰਗਲੈਂਡ ਭੇਜੇ ਗਏ ਸਨ। ਉਥੋਂ ਵਾਪਸ ਆ ਕੇ ਉਨ੍ਹਾਂ ਬਹੁਤ ਹੀ ਗਰਮ ਭਾਸ਼ਣ ਦਿੱਤਾ ਸੀ।

**ਲੋਕਮਾਨਿਆ ਤਿਲਕ:** 1906 ਦੇ ਕਾਂਗਰਸ ਇਜਲਾਸ ਵਿਚ ਲੋਕਮਾਨਿਆ ਤਿਲਕ ਦਾ ਬੋਲਬਾਲਾ ਸੀ। ਨੌਜਵਾਨ ਧੜਾ ਉਨ੍ਹਾਂ ਦੀਆਂ ਖਰੀਆਂ ਤੇ ਸਪਸ਼ਟ ਗੱਲਾਂ ਕਾਰਨ ਉਨ੍ਹਾਂ ਦਾ ਭਗਤ ਬਣ ਗਿਆ ਸੀ। ਉਨ੍ਹਾਂ ਦੀ ਨਿਡਰਤਾ ਕੁਝ ਕਰ ਗੁਜ਼ਰਨ ਦੀ ਭਾਵਨਾ ਅਤੇ ਵੱਡੇ ਤੋਂ ਵੱਡੇ ਕਸ਼ਟ ਸਹਿਣ ਲਈ ਹਮੇਸ਼ਾ ਤਿਆਰ ਰਹਿਣ ਦੇ ਕਾਰਨ ਨੌਜਵਾਨ ਉਨ੍ਹਾਂ ਵੱਲ ਖਿੱਚੇ ਆ ਰਹੇ ਸਨ। ਕਾਂਗਰਸ ਇਜਲਾਸ ਤੋਂ ਇਲਾਵਾ ਕਾਂਗਰਸ ਦੇ ਪੰਡਾਲ ਤੋਂ ਬਾਹਰ ਵੀ ਲੋਕਮਾਨਿਆ ਤਿਲਕ ਦੇ ਅਨੇਕਾਂ ਭਾਸ਼ਣ ਇਸ ਮੌਕੇ 'ਤੇ ਹੋਏ ਸਨ।

**ਸ. ਕਿਸ਼ਨ ਸਿੰਘ ਤੇ ਸ. ਅਜੀਤ ਸਿੰਘ:** ਜੋ ਨੌਜਵਾਨ ਲੋਕਮਾਨਿਆ ਵੱਲ ਖਾਸ ਤੌਰ 'ਤੇ ਖਿੱਚੇ ਗਏ ਸਨ, ਉਨ੍ਹਾਂ ਵਿਚ ਕੁਝ ਪੰਜਾਬੀ ਨੌਜਵਾਨ ਵੀ ਸਨ। ਅਜਿਹੇ ਦੋ ਨੌਜਵਾਨ ਇਸ ਮੌਕੇ 'ਤੇ ਲੋਕਮਾਨਿਆ ਨੂੰ ਮਿਲੇ ਜਿਨ੍ਹਾਂ ਦਾ ਉਤਸ਼ਾਹ ਅਤੇ ਹੌਸਲਾ ਵੇਖ ਕੇ ਉਸ ਨੂੰ ਬਹੁਤ ਖੁਸ਼ੀ ਹੋਈ ਅਤੇ ਪੰਜਾਬ ਵਿਚ ਸਿਆਸੀ ਅੰਦੋਲਨ ਨੂੰ ਤਾਕਤਵਰ ਬਣਾਉਣ ਦੀ ਸਲਾਹ ਦੇ ਕੇ ਲੋਕਮਾਨਿਆ ਨੇ ਉਨ੍ਹਾਂ ਦੋਹਾਂ ਨੌਜਵਾਨਾਂ ਨੂੰ ਵਿਦਾ ਕਰ ਦਿੱਤਾ। ਇਹ ਨੌਜਵਾਨ ਮੇਰੇ ਪਿਤਾ ਸ. ਕਿਸ਼ਨ ਸਿੰਘ ਅਤੇ ਮੇਰੇ ਚਾਚਾ ਸ. ਅਜੀਤ ਸਿੰਘ ਸਨ।

**'ਭਾਰਤ ਮਾਤਾ' ਅਖਬਾਰ ਅਤੇ ਮਹਿਤਾ ਨੰਦ ਕਿਸ਼ੋਰ:** ਸ. ਕਿਸ਼ਨ ਸਿੰਘ ਅਤੇ ਸ. ਅਜੀਤ ਸਿੰਘ ਨੇ ਵਾਪਸ ਲਾਹੌਰ ਆ ਕੇ 'ਭਾਰਤ ਮਾਤਾ' ਨਾਂ ਦਾ ਮਾਸਕ ਪੱਤਰ ਪ੍ਰਕਾਸ਼ਤ ਕਰਨਾ ਸ਼ੁਰੂ ਕਰ ਦਿੱਤਾ ਅਤੇ ਮਾਨਯੋਗ ਮਹਿਤਾ ਨੰਦ ਕਿਸ਼ੋਰ ਨੂੰ ਨਾਲ ਲੈ ਕੇ ਆਪਣੇ ਵਿਚਾਰਾਂ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ। ਇਨ੍ਹਾਂ ਕੋਲ ਨਾ ਧਨ ਸੀ ਅਤੇ ਨਾ ਹੀ ਧਨੀ ਵਰਗ ਨਾਲ ਕੋਈ ਸੰਬੰਧ ਹੀ ਸੀ। ਕਿਸੇ ਫਿਰਕੇ ਦੇ ਨੇਤਾ ਜਾਂ ਮਹੰਤ ਵੀ ਨਹੀਂ ਸਨ। ਸੋ ਪ੍ਰਚਾਰ ਦੇ ਕੰਮ ਲਈ ਜ਼ਰੂਰੀ ਸਭ ਸਾਧਨ ਖੁਦ ਹੀ ਇਕੱਠੇ ਕਰਨੇ ਪੈਂਦੇ। ਇਕ ਦਿਨ ਘੰਟੀ ਵਜਾ ਕੇ ਬਾਜ਼ਾਰ ਵਿਚ ਕੁਝ ਲੋਕਾਂ ਨੂੰ ਇਕੱਠਾ ਕਰ ਲਿਆ ਅਤੇ ਇਸ ਵਿਸ਼ੇ 'ਤੇ ਭਾਸ਼ਣ ਦੇਣ ਲੱਗੇ ਕਿ ਵਿਦੇਸ਼ੀਆਂ ਨੇ ਭਾਰਤੀ ਉਦਯੋਗ ਅਤੇ ਵਪਾਰ ਨੂੰ ਕਿਸ ਪ੍ਰਕਾਰ ਪ੍ਰਭਾਵਿਤ ਕੀਤਾ ਹੈ। ਉਥੇ ਇਹ ਵੀ ਐਲਾਨ ਕਰ ਦਿੱਤਾ ਕਿ ਆਉਂਦੇ ਐਤਵਾਰ ਨੂੰ ਅਹਿਮ ਸਭਾ 'ਭਾਰਤ ਮਾਤਾ' ਦੇ ਦਫ਼ਤਰ ਦੇ ਕੋਲ ਜੋ ਲਾਹੌਰੀ ਅਤੇ ਸ਼ਾਲਾਮਾਰੀ ਦਰਵਾਜ਼ੇ ਦੇ ਵਿਚਕਾਰ ਸਥਿਤ ਹੈ, ਹੋਵੇਗੀ। ਪਹਿਲੀ ਸਭਾ ਪਾਪੜ ਮੰਡੀ ਵਿਚ, ਦੂਜੀ ਲਾਹੌਰੀ ਮੰਡੀ ਵਿਚ ਹੋਈ। ਤੀਸਰੀ ਸਭਾ ਵਿਚ ਭਾਸ਼ਣਾਂ ਤੋਂ ਪਹਿਲਾਂ ਇਕ ਪੰਜਾਬੀ ਨੌਜਵਾਨ ਨੇ ਬੜੇ ਹੀ ਦਿਲਟੁੰਬਵੇਂ ਅਤੇ ਦੇਸ਼ ਭਗਤੀ ਦੀਆਂ ਭਾਵਨਾਵਾਂ ਨਾਲ ਭਰੀ ਹੋਈ ਨਜ਼ਮ ਪੜ੍ਹੀ ਜਿਸ ਦੀ ਸਰੋਤਿਆਂ ਨੇ ਬਹੁਤ ਪ੍ਰਸੰਸਾ ਕੀਤੀ। ਹੁਣ ਇਹ ਨੌਜਵਾਨ ਵੀ ਇਸੇ ਦਲ ਵਿਚ ਸ਼ਾਮਲ ਹੋ ਗਿਆ। ਇਹ ਨੌਜਵਾਨ ਪੰਜਾਬ ਦੇ ਪ੍ਰਸਿੱਧ ਰਾਸ਼ਟਰ ਕਵੀ ਲਾਲਾ ਲਾਲ ਚੰਦ 'ਫ਼ਲਕ' ਸਨ ਜੋ ਅੱਜ ਤੱਕ ਆਪਣੀਆਂ ਉਤਸ਼ਾਹਪੂਰਨ ਕਵਿਤਾਵਾਂ ਨਾਲ ਦੇਸ਼ ਨੂੰ ਜਗਾਉਂਦੇ ਰਹੇ ਹਨ। ਇਸੇ ਹਫ਼ਤੇ ਲਾਲਾ ਪਿੰਡੀਦਾਸ ਅਤੇ ਡਾ. ਈਸ਼ਵਰੀ ਪ੍ਰਸਾਦ ਆਦਿ ਕੁਝ ਹੋਰ ਸੱਜਣਾਂ ਨੇ ਵੀ ਇਸ ਦਲ

*ਪੰਜਾਬ ਦੀ ਕੋਈ ਵਿਸ਼ੇਸ਼ ਆਪਣੀ ਭਾਸ਼ਾ ਨਹੀਂ। ਭਾਸ਼ਾ ਨਾ ਹੋਣ ਦੇ ਕਾਰਨ ਸਾਹਿਤਕ ਖੇਤਰ ਵਿਚ ਕੋਈ ਤਰੱਕੀ ਨਹੀਂ ਹੋ ਸਕੀ। ਪੜ੍ਹੇ-ਲਿਖੇ ਲੋਕਾਂ ਨੂੰ ਪੱਛਮੀ ਸਾਹਿਤ 'ਤੇ ਹੀ ਨਿਰਭਰ ਰਹਿਣਾ ਪਿਆ। ਇਸ ਦਾ ਦੁੱਖਦਾਈ ਸਿੱਟਾ ਇਹ ਹੋਇਆ ਕਿ ਪੰਜਾਬ ਦਾ ਪੜ੍ਹਿਆ ਲਿਖਿਆ ਵਰਗ ਆਪਣੇ ਸੂਬੇ ਦੀਆਂ ਰਾਜਨੀਤਕ ਹਲਚਲਾਂ ਤੋਂ ਅਲੱਗ ਜਿਹਾ ਹੀ ਰਿਹਾ ਹੈ। ਇਸੇ ਕਰ ਕੇ ਪੰਜਾਬ ਵਿਚ ਅਜਿਹੇ ਵਰਕਰ ਗਿਣੇ ਮਿਥੇ ਹੀ ਹਨ ਜੋ ਆਪਣਾ ਪੂਰਾ ਜੀਵਨ ਰਾਜਨੀਤੀ ਨੂੰ ਹੀ ਦੇ ਸਕਦੇ ਹਨ।... ਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਹੋਏ ਕੂਕਾ ਵਿਦਰੋਹ ਤੋਂ ਲੈ ਕੇ ਅੱਜ ਤੱਕ ਜੋ ਅੰਦੋਲਨ ਚੱਲੇ ਅਤੇ ਜਿਸ ਪ੍ਰਕਾਰ ਜਨਤਾ ਵਿਚ ਇਹ ਸੂਝ ਆਈ ਹੈ ਕਿ ਉਹ ਸੁਤੰਤਰਤਾ ਦੀ ਬਲੀ ਵੇਦੀ 'ਤੇ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਗਏ ਅਤੇ ਜਿਨ੍ਹਾਂ ਵਿਅਕਤੀਆਂ ਨੇ ਪ੍ਰਾਣਾਂ ਦਾ ਬਲੀਦਾਨ ਦਿੱਤਾ, ਉਨ੍ਹਾਂ ਦਾ ਜੀਵਨ, ਚਰਿੱਤਰ ਅਤੇ ਇਤਿਹਾਸ ਹਰ ਇਸਤਰੀ ਪੁਰਸ਼ ਦੇ ਹੌਸਲੇ ਨੂੰ ਬੁਲੰਦ ਕਰੇਗਾ।*

ਵਿਚ ਆਉਣ 'ਤੇ 'ਅੰਜੁਮਨ ਮੁਹਿਬਤਾਨੇ ਵਤਨ' ਨਾਂ ਦੀ ਸੰਸਥਾ ਬਣਾਈ ਜੋ ਬਾਅਦ ਵਿਚ 'ਭਾਰਤ ਮਾਤਾ ਸੁਸਾਇਟੀ' ਦੇ ਨਾਂ ਨਾਲ ਪ੍ਰਸਿੱਧ ਹੋਈ।


**ਜੱਟਾਂ ਦੀ ਸਭਾ:** ਇਕ-ਦੋ ਮਹੀਨੇ ਇਸੇ ਤਰ੍ਹਾਂ ਪ੍ਰਚਾਰ ਹੁੰਦਾ ਰਿਹਾ। ਇਕ ਦਿਨ ਲਾਹੌਰ ਅਤੇ ਅੰਮ੍ਰਿਤਸਰ ਖੇਤਰ ਦੇ ਜੱਟ ਕਾਸ਼ਤਕਾਰਾਂ ਨੇ ਲਗਾਨ ਵਧਾਉਣ ਵਿਰੁਧ ਸਭਾ ਕਰਨ ਦਾ ਫੈਸਲਾ ਕੀਤਾ। ਅਜਮੇਰੀ ਦਰਵਾਜ਼ੇ ਦੇ ਬਾਹਰ ਰਤਨ ਚੰਦ ਦੀ ਸਰਾਂ ਵਿਚ ਸਭਾ ਕੀਤੀ ਗਈ, ਪਰ ਜਦ ਜੱਟ ਇਕੱਠੇ ਹੋਏ ਤਾਂ ਡੀ.ਸੀ. ਨੇ ਰਤਨ ਚੰਦ ਦੇ ਲੜਕੇ ਨੂੰ ਬੁਲਾ ਕੇ ਜਾਇਦਾਦ ਜ਼ਬਤ ਕਰ ਲੈਣ ਦੀ ਧਮਕੀ ਦਿੱਤੀ। ਇਸ ਤਰ੍ਹਾਂ ਰਤਨ ਚੰਦ ਦੇ ਲੜਕੇ ਨੇ ਉਥੇ ਇਕੱਠੇ ਹੋਏ ਕਿਸਾਨਾਂ ਨੂੰ ਆਪਣੀ ਸਰਾਂ ਤੋਂ ਬਾਹਰ ਕੱਢ ਦਿੱਤਾ। ਤਦ ਕਿਸਾਨਾਂ ਨੇ ਸ਼ਹਿਰ ਦੇ ਨੇਤਾ ਮੰਨੇ ਜਾਣ ਵਾਲੇ ਲੋਕਾਂ ਨਾਲ ਸੰਪਰਕ ਕੀਤਾ ਪਰ ਉਥੋਂ ਵੀ ਉਨ੍ਹਾਂ ਨੂੰ ਸਾਫ਼ ਜਵਾਬ ਮਿਲ ਗਿਆ। ਮਾਯੂਸ ਹੋ ਕੇ ਵਿਚਾਰੇ ਕਮੇਟੀ ਬਾਗ ਵਿਚ ਜਾ ਬੈਠੇ। ਇੰਨੇ ਵਿਚ ਭਾਰਤ ਮਾਤਾ ਸੁਸਾਇਟੀ ਦੇ ਮੈਂਬਰਾਂ ਨੂੰ ਇਸ ਦੀ ਸੂਚਨਾ ਮਿਲੀ ਅਤੇ ਉਹ ਇਨ੍ਹਾਂ ਲੋਕਾਂ ਨੂੰ ਆਪਣੀ ਥਾਂ 'ਤੇ ਲੈ ਗਏ। ਸੁਸਾਇਟੀ ਕੋਲ ਕਮਰੇ ਤੋਂ ਬਿਨਾਂ ਖੁੱਲ੍ਹਾ ਮੈਦਾਨ ਵੀ ਸੀ। ਇਸ ਮੈਦਾਨ ਵਿਚ ਦਰੀਆਂ ਵਿਛਾ ਕੇ ਸ਼ਾਮਿਆਨਾ ਲਗਵਾ ਦਿੱਤਾ ਗਿਆ ਅਤੇ ਇਕ ਪਾਸੇ ਉਨ੍ਹਾਂ ਕਿਸਾਨਾਂ ਦੇ ਭੋਜਨ ਲਈ ਲੰਗਰ ਦਾ ਪ੍ਰਬੰਧ ਵੀ ਕਰ ਦਿੱਤਾ ਗਿਆ। ਕਿਸਾਨਾਂ ਦਾ ਉਤਸ਼ਾਹ ਇਸ ਨਾਲ ਵਧ ਗਿਆ ਅਤੇ ਫਿਰ ਪੂਰਾ ਇਕ ਹਫ਼ਤਾ ਉਥੇ ਹਰ ਰੋਜ਼ ਸਭਾਵਾਂ ਹੋਈਆਂ ਜਿਨ੍ਹਾਂ ਵਿਚ ਨਿਡਰ ਭਾਸ਼ਨ ਦਿੱਤੇ ਗਏ। ਇਸ ਸਭਾ ਵਿਚ ਆਮ ਕਿਸਾਨਾਂ ਦਾ ਉਤਸ਼ਾਹ ਵੇਖ ਕੇ ਭਾਰਤ ਮਾਤਾ ਸੁਸਾਇਟੀ ਦੇ ਮੈਂਬਰਾਂ ਦੇ ਹੌਸਲੇ ਵੀ ਵਧ ਗਏ। ਇਸ ਦੇ ਬਾਅਦ ਪਿੰਡਾਂ ਦੇ ਦੌਰਿਆਂ ਦਾ ਪ੍ਰੋਗਰਾਮ ਬਣਾਇਆ ਗਿਆ ਜਿਸ ਨਾਲ ਕਿਸਾਨਾਂ ਨੂੰ ਲਗਾਨਬੰਦੀ ਲਈ ਤਿਆਰ ਕੀਤਾ ਜਾ ਸਕੇ। ਇਹ ਸਰਕਾਰ ਦੇ ਵਿਰੁਧ ਯੁੱਧ ਦਾ ਐਲਾਨ ਸੀ ਅਤੇ ਜਨਤਾ ਵਿਚ ਏਨਾ ਜੋਸ਼ ਸੀ ਕਿ ਇਸ ਸੰਘਰਸ਼ ਵਿਚ ਉਹ ਆਪਣਾ ਸਭ ਕੁਝ ਦਾਅ 'ਤੇ ਲਗਾ ਦੇਣ ਲਈ ਹਮੇਸ਼ਾ ਤਿਆਰ ਸੀ।

**ਸੂਫ਼ੀ ਅੰਬਾ ਪ੍ਰਸ਼ਾਦ:** ਠੀਕ ਇਨ੍ਹੀਂ ਦਿਨੀਂ ਹੀ ਭਾਰਤ ਮਾਤਾ ਸੁਸਾਇਟੀ ਵਿਚ ਉਚ ਕੋਟੀ ਦੇ ਦੇਸ਼ ਭਗਤ, ਸਿਆਸੀ ਆਗੂ ਅਤੇ ਲੇਖਕ ਸੂਫ਼ੀ ਅੰਬਾ ਪ੍ਰਸ਼ਾਦ ਸ਼ਾਮਲ ਹੋਏ। ਸੂਫ਼ੀ ਜੀ ਦਾ ਜਨਮ ਸੰਨ 1885 ਵਿਚ ਮੁਰਾਦਾਬਾਦ ਵਿਚ ਹੋਇਆ ਸੀ, ਉਰਦੂ ਦੇ ਪ੍ਰਭਾਵਸ਼ਾਲੀ ਲੇਖਕ ਹਿੰਦੂ-ਮੁਸਲਿਮ ਏਕਤਾ ਦੇ ਪ੍ਰਬਲ ਸਮਰਥਕ ਅਤੇ ਆਜ਼ਾਦੀ ਦੇ ਨਿਡਰ ਪੁਜਾਰੀ ਸਨ। ਉਨ੍ਹਾਂ ਹਫ਼ਤਾਵਾਰ ਅਖ਼ਬਾਰ ਕੱਢਿਆ। ਇਸ ਤੋਂ ਇਕ ਸਾਲ ਬਾਅਦ ਹੀ ਰਾਜ ਵਿਦਰੋਹ ਦੇ ਅਪਰਾਧ ਵਿਚ ਸਵਾ ਦੋ ਸਾਲ ਕੈਦ ਦੀ ਸਜ਼ਾ ਮਿਲੀ। ਸਜ਼ਾ ਕੱਟ ਕੇ ਆਏ ਤਾਂ ਸਾਲ ਅੰਦਰ ਹੀ ਉਨ੍ਹਾਂ ਖਿਲਾਫ਼ ਦੂਜਾ ਮੁਕੱਦਮਾ ਖੜ੍ਹਾ ਕਰ ਦਿੱਤਾ ਗਿਆ। ਇਸ ਵਾਰ ਉਨ੍ਹਾਂ ਨੂੰ 6 ਸਾਲ ਦੀ ਕੈਦ ਹੋਈ। ਉਨ੍ਹੀਂ ਦਿਨੀਂ ਰਾਜ ਵਿਦਰੋਹ ਵਿਚ ਸਜ਼ਾ ਪਾਏ ਹੋਏ ਕੈਦੀਆਂ ਨੂੰ ਬਹੁਤ ਖਤਰਨਾਕ ਸਮਝਿਆ ਜਾਂਦਾ ਸੀ ਅਤੇ ਉਨ੍ਹਾਂ ਨਾਲ ਜੇਲ੍ਹ ਵਿਚ ਵਰਤਾਓ ਵੀ ਬਹੁਤ ਬੁਰਾ ਹੁੰਦਾ ਸੀ। 1906 ਵਿਚ ਉਹ ਜੇਲ੍ਹ ਵਿਚੋਂ ਰਿਹਾ ਹੋਏ ਅਤੇ ਪੰਜਾਬ ਵਿਚ ਸਿਆਸੀ ਜਾਗ੍ਰਿਤੀ ਵੇਖ ਕੇ ਪੰਜਾਬ ਚਲੇ ਆਏ। ਏਥੇ ਆ ਕੇ ਉਹ 'ਹਿੰਦੁਸਤਾਨ' ਸਪਤਾਹਿਕ ਦੇ ਸਹਾਇਕ ਸੰਪਾਦਕ ਬਣਾਏ ਗਏ। ਗਰਮਾ ਗਰਮ ਲੇਖਾਂ ਅਤੇ ਸੰਪਾਦਕੀਆਂ ਵਿਚ ਉਨ੍ਹਾਂ ਦਾ ਨਾਂ ਦਿੱਤੇ ਜਾਣ 'ਤੇ ਅਖ਼ਬਾਰ ਦੇ ਮਾਲਕਾਂ ਨੂੰ ਬੜੀ ਘਬਰਾਹਟ ਰਹਿੰਦੀ ਸੀ। ਇਸ 'ਤੇ ਉਨ੍ਹਾਂ ਨੂੰ ਅਖਬਾਰ ਵਿਚੋਂ ਅਸਤੀਫ਼ਾ ਦੇਣਾ ਪਿਆ। ਸਭ ਤੋਂ ਪਹਿਲਾਂ ਉਹ ਜੱਟਾਂ ਦੀ ਸਭਾ ਵਿਚ ਆਏ ਸਨ ਅਤੇ ਫਿਰ ਉਥੇ ਹੀ ਰਹਿ ਗਏ। ਬਾਅਦ ਵਿਚ ਸ. ਅਜੀਤ ਸਿੰਘ ਨਾਲ ਉਨ੍ਹਾਂ ਦੀ ਐਸੀ ਡੂੰਘੀ ਮਿੱਤਰਤਾ ਹੋ ਗਈ ਕਿ ਇਕ ਦੂਜੇ ਤੋਂ ਅਲੱਗ ਹੋਣਾ ਲਗਭਗ ਅਸੰਭਵ ਹੋ ਗਿਆ।

ਇਨ੍ਹੀਂ ਦਿਨੀਂ ਹੀ ਲਾਇਲਪੁਰ ਵਿਚ ਬਹੁਤ ਵੱਡਾ ਮੇਲਾ ਹੋਣ ਵਾਲਾ ਸੀ। ਇਹ ਮੇਲਾ ਪਸ਼ੂ ਮੰਡੀ ਦੇ ਨਾਂ ਨਾਲ ਪ੍ਰਸਿੱਧ ਸੀ। ਇਸ ਸਾਲ ਜ਼ਿਮੀਂਦਾਰ ਦੇ ਮਾਲਕ ਮੀਆਂ ਸਿਰਾਜੁਦੀਨ ਅਤੇ ਇਕ ਦੋ ਹੋਰ ਸੱਜਣਾਂ ਨੇ ਇਸ ਮੌਕੇ ਰੋਜ਼ਾਨਾ ਇਕ ਸਭਾ ਕਰਨ ਦਾ ਨਿਸ਼ਚਾ ਕੀਤਾ। ਇਸ ਵਿਚ ਨਵੇਂ ਕਾਲੋਨੀ ਐਕਟ ਵਿਰੁਧ ਮਤੇ ਪਾਸ ਕਰਨੇ ਸਨ। ਸਭਾ ਵਿਚ ਭਾਸ਼ਨ ਦੇਣ ਲਈ ਲਾਲਾ ਜੀ ਨੂੰ ਖਾਸ ਰੂਪ ਵਿਚ ਬੁਲਾਇਆ ਗਿਆ ਸੀ। ਭਾਰਤ ਮਾਤਾ ਸੁਸਾਇਟੀ ਦੇ ਮੈਂਬਰ ਗਰਮ ਦਲੀਏ ਸਨ, ਵਿਧਾਨਕ ਰੂਪ ਨਾਲ ਅੰਦੋਲਨ ਚਲਾਉਣ ਦਾ ਵਿਚਾਰ ਰੱਖਣ ਵਾਲੇ ਸੱਜਣ ਥੋੜ੍ਹਾ ਘਬਰਾ ਗਏ। ਭਾਰਤ ਮਾਤਾ ਸੁਸਾਇਟੀ ਵਲੋਂ ਦੋ ਵਰਕਰ ਉਥੇ ਇਸ ਉਦੇਸ਼ ਲਈ ਭੇਜੇ ਗਏ ਕਿ ਉਹ ਉਥੇ ਪਹੁੰਚ ਕੇ ਆਪਣੇ ਅਨੁਕੂਲ ਹਾਲਾਤ ਬਣਾ ਲੈਣ ਜਿਸ ਨਾਲ ਸ. ਅਜੀਤ ਸਿੰਘ ਆਪਣੇ ਦੂਸਰੇ ਸਾਥੀਆਂ ਨਾਲ ਪਹੁੰਚ ਕੇ ਸਫ਼ਲਤਾ ਨਾਲ ਆਪਣਾ ਪ੍ਰਚਾਰ ਕਰ ਸਕਣ।

ਜ਼ਿਮੀਦਾਰ ਸਭਾ ਵਲੋਂ ਜੋ ਪੰਡਾਲ ਲੱਗਾ ਸੀ, ਉਸ ਵਿਚ ਹੀ ਇਕ ਦਿਨ ਭਾਸ਼ਨ ਦੇ ਕੇ ਭਾਰਤ ਮਾਤਾ ਸੁਸਾਇਟੀ ਤੇ ਕਾਰਜਕਰਤਾ ਨੇ ਆਮ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਕਰ ਲਿਆ। ਉਧਰ ਜਿਸ ਦਿਨ ਲਾਲਾ ਜੀ ਲਾਹੌਰ ਤੋਂ ਰਵਾਨਾ ਹੋਏ, ਉਸੇ ਦਿਨ ਸ. ਅਜੀਤ ਸਿੰਘ ਨੇ ਵੀ ਉਥੋਂ ਚਾਲੇ ਪਾ ਦਿੱਤੇ। ਲਾਲਾ ਜੀ ਨੇ ਸਰਦਾਰ ਤੋਂ ਪੁੱਛਿਆ ਕਿ ਤੁਹਾਡਾ ਅਗਲਾ ਪ੍ਰੋਗਰਾਮ ਕੀ ਹੈ? ਆਪਣੇ ਪ੍ਰੋਗਰਾਮ ਦੀ ਸੂਚਨਾ ਵੀ ਲਾਲ ਜੀ ਨੇ ਦਿੱਤੀ ਕਿ ਸਰਕਾਰ ਨੇ ਕਾਲੋਨੀ ਐਕਟ ਵਿਚ ਜੋ ਥੋੜ੍ਹਾ ਜਿਹਾ ਪਰਿਵਰਤਨ ਕਰ ਦਿੱਤਾ ਹੈ, ਇਸ ਲਈ ਸਰਕਾਰ ਦਾ ਧੰਨਵਾਦ ਕਰਦੇ ਹੋਏ ਬਾਕੀ ਕਾਨੂੰਨ ਨੂੰ ਰੱਦ ਕਰਨ ਦੀ ਮੰਗ ਕਰਾਂਗੇ।

ਸਰਦਾਰ ਜੀ ਨੇ ਉਤਰ ਵਿਚ ਕਿਹਾ ਕਿ ਸਾਡਾ ਪ੍ਰੋਗਰਾਮ ਤਾਂ ਇਹ ਹੈ ਕਿ ਜਨਤਾ ਨੂੰ ਲਗਾਨਬੰਦੀ ਲਈ ਤਿਆਰ ਕੀਤਾ ਜਾਵੇ। ਲਾਲ ਜੀ ਸਾਡੇ ਪ੍ਰੋਗਰਾਮ ਵਿਚ ਸਰਕਾਰ ਨੂੰ ਧੰਨਵਾਦ ਕਰਨ ਦੀ ਤਾਂ ਕੋਈ ਥਾਂ ਮਿਲ ਹੀ ਨਹੀਂ ਸਕਦੀ।



ਲਾਲਾ ਜੀ ਅਤੇ ਅਜੀਤ ਸਿੰਘ ਲਾਇਲਪੁਰ ਪਹੁੰਚੇ। ਲਾਲਾ ਜੀ ਦਾ ਵਿਸ਼ਾਲ ਜਲੂਸ ਕੱਢਿਆ ਗਿਆ ਜਿਸ ਕਰ ਕੇ ਲਾਲਾ ਜੀ ਦੋ ਘੰਟੇ ਵਿਚ ਪੰਡਾਲ ਪੁੱਜੇ। ਸਾਡੇ ਲੋਕ ਅਜਿਹੇ ਵੀ ਹਨ ਜੋ ਜਲੂਸ ਵਿਚ ਸ਼ਾਮਲ ਨਾ ਹੋ ਕੇ ਸਿੱਧੇ ਪੰਡਾਲ ਵਿਚ ਹੀ ਪਹੁੰਚ ਗਏ ਅਤੇ ਉਥੇ ਭਾਸ਼ਨ ਸ਼ੁਰੂ ਹੋ ਗਏ ਸਨ। ਇਕ ਦੋ ਛੋਟੇ ਛੋਟੇ ਭਾਸ਼ਨਾਂ ਬਾਅਦ ਸ. ਅਜੀਤ ਸਿੰਘ ਨੇ ਭਾਸ਼ਨ ਦਿੱਤਾ। ਉਨ੍ਹਾਂ ਦੀ ਨਿਡਰ ਭਾਸ਼ਨ ਸ਼ੈਲੀ ਨੇ ਜਨਤਾ ਨੂੰ ਆਪਣਾ ਭਗਤ ਬਣਾ ਦਿੱਤਾ ਅਤੇ ਸਰੋਤੇ ਬੜੇ ਜੋਸ਼ ਵਿਚ ਆ ਚੁੱਕੇ ਸਨ।

ਲਾਇਲਪੁਰ ਦੇ ਡੀ.ਸੀ. ਵੀ ਇਥੇ ਹਾਜ਼ਰ ਸਨ। ਕਾਰਵਾਈ ਵੇਖ ਕੇ ਉਨ੍ਹਾਂ ਇਹ ਸਿੱਟਾ ਕੱਢਿਆ ਕਿ ਇਹ ਸਭਾ ਆਯੋਜਨ ਸਾਜ਼ਿਸ਼ ਸੀ। ਲਾਲਾ ਲਾਜਪਤ ਰਾਏ ਇਨ੍ਹਾਂ ਸਭ ਦੇ ਗੁਰੂ ਹਨ ਅਤੇ ਨੌਜਵਾਨ ਸ. ਅਜੀਤ ਸਿੰਘ ਉਨ੍ਹਾਂ ਦੇ ਚੇਲੇ ਹਨ। ਸਰਕਾਰ ਦਾ ਇਹ ਵਿਚਾਰ ਬਹੁਤ ਦਿਨਾਂ ਤੱਕ ਬਣਿਆ ਰਿਹਾ। ਹੋ ਸਕਦਾ ਹੈ ਕਿ ਲਾਲਾ ਜੀ ਅਤੇ ਸ. ਅਜੀਤ ਸਿੰਘ ਨੂੰ ਨਜ਼ਰਬੰਦ ਕਰਨ ਦਾ ਇਹੀ ਕਾਰਨ ਸੀ।

ਲਾਲ ਜੀ ਦੇ ਭਾਸ਼ਨ ਤੇ ਬਾਅਦ ਸ੍ਰੀ ਬਾਂਕੇ ਦਿਆਲ ਨੇ ਨਜ਼ਮ 'ਪਗੜੀ ਸੰਭਾਲ ਉਏ ਜੱਟਾ' ਪੜ੍ਹੀ ਜੋ ਬਾਅਦ ਵਿਚ ਬਹੁਤ ਹੀ ਪ੍ਰਚੱਲਤ ਹੋ ਗਈ। ਲਾਲਾ ਬਾਂਕੇ ਦਿਆਲ ਪੁਲਿਸ ਵਿਚ ਸਬ ਇੰਸਪੈਕਟਰ ਸਨ ਅਤੇ ਸਰਕਾਰੀ ਨੌਕਰੀ ਛੱਡ ਕੇ ਇਸ ਅੰਦੋਲਨ ਵਿਚ ਸ਼ਾਮਲ ਹੋ ਗਏ ਸਨ। ਇਸ ਦਿਨ ਨਜ਼ਮ ਪੜ੍ਹ ਕੇ ਜਦ ਉਹ ਮੰਚ ਤੋਂ ਉਤਰੇ ਤਾਂ ਭਾਰਤ ਮਾਤਾ ਦਲ ਦੇ ਵਰਕਰਾਂ ਨੇ ਉਨ੍ਹਾਂ ਨੂੰ ਗਲ ਨਾਲ ਲਾ ਲਿਆ।

ਲਾਹੌਰ ਵਿਚ ਹੋਏ ਦੰਗੇ ਦੇ ਬਾਅਦ, ਮਿਉਂਸਪਲ ਬੋਰਡ ਨੇ ਇਹ ਪ੍ਰਸਤਾਵ ਪਾਸ ਕੀਤਾ ਕਿ ਸ਼ਹਿਰ ਵਿਚ ਸਭ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਕਿਹਾ ਜਾਵੇ ਕਿ ਉਹ ਵਿਦਿਆਰਥੀਆਂ ਨੂੰ ਸਿਆਸੀ ਅੰਦੋਲਨਾਂ ਵਿਚ ਹਿੱਸਾ ਲੈਣ ਤੋਂ ਰੋਕਣ ਅਤੇ ਉਨ੍ਹਾਂ ਨੂੰ ਹੋਸਟਲਾਂ ਤੋਂ ਬਾਹਰ ਨਾ ਜਾਣ ਦੇਣ। ਜੋ ਵਿਦਿਆਰਥੀ ਉਨ੍ਹਾਂ ਨਾ ਹੁਕਮ ਨਾ ਮੰਨੇ, ਉਸ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।

ਇਸ ਮਤੇ ਸਬੰਧੀ ਲੋਕਮਾਨਿਆ ਤਿਲਕ ਨੇ ਆਪਣੇ ਮਰਾਠੀ ਪੱਤਰ 'ਕੇਸਰੀ' ਵਿਚ ਜ਼ਬਰਦਸਤ ਲੇਖ ਲਿਖਿਆ ਕਿ ਇਨ੍ਹਾਂ ਦੰਗਿਆਂ ਤੋਂ ਕਿਸ ਨੂੰ ਦੁਖ ਅਤੇ ਖੇਦ ਨਹੀਂ ਹੋਵੇਗਾ? ਕੌਣ ਚਾਹੁੰਦਾ ਹੈ ਕਿ ਨੌਜਵਾਨ ਥੋੜ੍ਹੇ ਹੌਸਲੇ ਤੋਂ ਕੰਮ ਨਾ ਲੈਣ? ਪਰ ਮਿਉਂਸਪਲ ਬੋਰਡ ਦੇ ਇਸ ਫੈਸਲੇ ਦਾ ਕੀ ਭਾਵ ਹੈ। 50 ਸਾਲ ਬਾਅਦ ਅੱਜ ਦੇਸ਼ ਦੇ ਨੌਜਵਾਨਾਂ ਵਿਚ ਥੋੜ੍ਹੀ ਜਿਹੀ ਜਾਗ੍ਰਿਤੀ ਨਜ਼ਰ ਆਈ ਹੈ। ਉਸ ਸਾਧਾਰਨ ਜਿਹੇ ਦੰਗੇ ਦੇ ਕਾਰਨ ਨਸ਼ਟ ਕਰਨ ਦਾ ਮਤਾ ਕਿਉਂ ਕੀਤਾ ਜਾਵੇ? ਅੱਜ ਨੌਜਵਾਨਾਂ ਵਿਚ ਦੇਸ਼ ਭਗਤੀ ਦੀਆਂ ਭਾਵਨਾਵਾਂ ਉਮੜ ਰਹੀਆਂ ਹਨ ਅਤੇ ਉਹ ਸਵਾਧੀਨਤਾ-ਬੇਚੈਨ ਹਨ ਤਾਂ ਉਨ੍ਹਾਂ ਨੂੰ ਪ੍ਰੇਮ ਨਾਲ ਸਮਝਾਉਣਾ ਚਾਹੀਦਾ ਹੈ ਕਿ ਉਹ ਇਸ ਪ੍ਰਕਾਰ ਆਪਣੀ ਸ਼ਕਤੀ ਦਾ ਨਾਸ਼ ਨਾ ਕਰਨ।

ਜਨਤਾ ਜੋਸ਼ ਵਿਚ ਆ ਕੇ ਜਦ ਕੁਝ ਕਰ ਗੁਜ਼ਰਦੀ ਹੈ ਤਾਂ ਗਰਮ ਦਲ ਦੀ ਇਹ ਨੀਤੀ ਹੁੰਦੀ ਸੀ। ਗਰਮ ਦਲ ਦੇ ਨੇਤਾ ਜਾਣਦੇ ਸਨ ਕਿ ਜਨਤਾ ਵਿਚ ਜਾਗ੍ਰਿਤੀ ਹੁੰਦੀ ਹੈ ਤਾਂ ਉਸ ਦੇ ਨਾਲ ਜੋਸ਼ ਅਤੇ ਬੇਚੈਨੀ ਹੋਣੀ ਜ਼ਰੂਰੀ ਹੀ ਹੈ। ਉਹ ਇਹ ਵੀ ਜਾਣਦੇ ਸਨ ਕਿ ਫੂਕਾਂ ਮਾਰ-ਮਾਰ ਕੇ ਪੈਰ ਰੱਖਣ ਵਾਲੇ ਭੱਦਰ ਪੁਰਸ਼ ਆਜ਼ਾਦੀ ਸੰਗਰਾਮ ਵਿਚ ਜ਼ਿਆਦਾ ਦੇਰ ਤਕ ਨਹੀਂ ਟਿਕ ਸਕਦੇ। ਰਾਸ਼ਟਰ ਦੇ ਨਿਰਮਾਤਾ ਤਾਂ ਨੌਜਵਾਨ ਹੀ ਹੋਇਆ ਕਰਦੇ ਹਨ। ਕਿਸੇ ਨੇ ਸੱਚ ਹੀ ਕਿਹਾ ਹੈ: "ਸੁਧਾਰ ਬੁੱਢੇ ਆਦਮੀ ਨਹੀਂ ਕਰ ਸਕਦੇ। ਉਹ ਤਾਂ ਬੁੱਧੀਮਾਨ ਅਤੇ ਸਮਝਦਾਰ ਹੁੰਦੇ ਹਨ। ਸੁਧਾਰ ਤਾਂ ਹੁੰਦੇ ਹਨ ਨੌਜਵਾਨਾਂ ਦੀ ਮਿਹਨਤ, ਹੌਸਲੇ, ਬਲੀਦਾਨ ਅਤੇ ਇਰਾਦੇ ਨਾਲ ਜਿਨ੍ਹਾਂ ਨੂੰ ਭੈਭੀਤ ਹੋਣਾ ਆਉਂਦਾ ਹੀ ਨਹੀਂ ਤੇ ਜੋ ਵਿਚਾਰ ਘੱਟ ਅਤੇ ਅਨੁਭਵ ਜ਼ਿਆਦਾ ਕਰਦੇ ਹਨ।"

ਜਾਪਦਾ ਹੈ ਕਿ ਉਸ ਸਮੇਂ ਇਸ ਪ੍ਰਾਂਤ (ਪੰਜਾਬ) ਦੇ ਯੁਵਕ ਇਨ੍ਹਾਂ ਭਾਵਨਾਵਾਂ ਤੋਂ ਪ੍ਰਭਾਵਿਤ ਹੋ ਕੇ ਹੀ ਆਜ਼ਾਦੀ ਸੰਘਰਸ਼ ਵਿਚ ਕੁੱਦ ਪੈਂਦੇ ਹਨ। ਤਿੰਨ ਮਹੀਨੇ ਪਹਿਲਾਂ ਜਿਥੇ ਬਿਲਕੁਲ ਖਾਮੋਸ਼ੀ ਸੀ, ਉਥੇ ਹੁਣ ਸਵਦੇਸ਼ੀ ਅਤੇ ਸਵਰਾਜ ਦਾ ਅੰਦੋਲਨ ਇੰਨਾ ਬਲਵਾਨ ਹੋ ਗਿਆ ਕਿ ਨੌਕਰਸ਼ਾਹੀ ਘਬਰਾ ਉਠੀ। ਉਧਰ ਲਾਇਲਪੁਰ ਆਦਿ ਜ਼ਿਲ੍ਹਿਆਂ ਵਿਚ ਨਵੇਂ ਕਾਲੋਨੀ ਐਕਟ ਦੇ ਵਿਰੁਧ ਅੰਦੋਲਨ ਚੱਲ ਰਿਹਾ ਸੀ। ਉਥੇ ਕਿਸਾਨਾਂ ਦੀ ਹਮਦਰਦੀ ਵਿਚ ਰੇਲਵੇ ਦੇ ਮਜ਼ਦੂਰਾਂ ਨੇ ਵੀ ਹੜਤਾਲ ਕੀਤੀ ਅਤੇ ਉਨ੍ਹਾਂ ਦੀ ਮਦਦ ਲਈ ਧਨ ਵੀ ਇਕੱਠਾ ਕੀਤਾ ਜਾਣ ਲੱਗਾ। ਸਿੱਟਾ ਇਹ ਹੋਇਆ ਕਿ ਅਪਰੈਲ ਦੇ ਅਖ਼ੀਰ ਤੱਕ ਪੰਜਾਬ ਸਰਕਾਰ ਘਬਰਾ ਉਠੀ। ਪੰਜਾਬ ਦੇ ਉਸ ਸਮੇਂ ਗਵਰਨਰ ਨੇ ਭਾਰਤ ਸਰਕਾਰ ਨੂੰ ਆਪਣੇ ਪੱਤਰ ਵਿਚ ਲਿਖਿਆ ਸੀ- ਸੂਬੇ ਦੇ ਉਤਰੀ ਜ਼ਿਲ੍ਹਿਆਂ ਵਿਚ ਸਿਰਫ਼ ਪੜ੍ਹੇ-ਲਿਖੇ ਤਬਕੇ ਅਤੇ ਉਨ੍ਹਾਂ ਵਿਚ ਵੀ ਖਾਸ ਕਰ ਕੇ ਵਕੀਲ ਅਤੇ ਵਿਦਿਆਰਥੀ ਸਮਾਜ ਤੱਕ ਹੀ ਨਵੇਂ ਵਿਚਾਰ ਸੀਮਤ ਹਨ, ਪਰ "ਸੂਬੇ ਦੇ ਕੇਂਦਰ ਵੱਲ ਵਧਦੇ ਹੀ ਇਹ ਸਪਸ਼ਟ ਨਜ਼ਰ ਆਉਂਦਾ ਹੈ ਕਿ ਅਸੰਤੋਸ਼ ਅਤੇ ਅਸ਼ਾਂਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ।...ਇਨ੍ਹਾਂ ਲੋਕਾਂ ਨੇ ਅੰਦੋਲਨ ਦੇ ਨੇਤਾਵਾਂ ਨੇ ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਚ ਵੀ ਅਸ਼ਾਂਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਫਿਰੋਜ਼ਪੁਰ ਵਿਚ ਉਨ੍ਹਾਂ ਨੂੰ ਖਾਸ ਸਫ਼ਲਤਾ ਮਿਲੀ ਹੈ। ਰਾਵਲਪਿੰਡੀ ਅਤੇ ਲਾਇਲਪੁਰ ਵੱਲ ਵੀ ਬੇਚੈਨੀ ਫੈਲਾਉਣ ਵਿਚ ਕਾਮਯਾਬ ਹੋ ਰਹੇ ਹਨ। ਲਾਹੌਰ ਦਾ ਤਾਂ ਕਹਿਣਾ ਹੀ ਕੀ ਹੈ?" ਪੱਤਰ ਦੇ ਅਖੀਰ ਵਿਚ ਕਿਹਾ ਗਿਆ ਹੈ, ਕੁਝ ਨੇਤਾ ਅੰਗਰੇਜ਼ ਨੂੰ ਦੇਸ਼ ਵਿਚੋਂ ਕੱਢ ਦੇਣ ਦੀਆਂ ਸਾਜ਼ਿਸ਼ਾਂ ਕਰ ਰਹੇ ਹਨ। ਘੱਟ ਤੋਂ ਘੱਟ ਉਹ ਸਾਨੂੰ ਹਕੂਮਤ ਤੋਂ ਹਟਾ ਦੇਣ ਦੀ ਕੋਸ਼ਿਸ਼ ਵਿਚ ਜ਼ਰੂਰ ਹਨ।...ਉਹ ਤਾਂ ਤਾਕਤ ਨਾਲ ਵੀ ਅਜਿਹਾ ਕਰਨਾ ਚਾਹੁੰਦੇ ਹਨ। ਜਨਤਾ ਅਤੇ ਸ਼ਾਸਕ ਵਿਚਕਾਰ ਸਹਿਯੋਗ ਦੁਆਰਾ ਇਸ ਪ੍ਰਕਾਰ ਦਾ ਵਾਤਾਵਰਨ ਪੈਦਾ ਕਰਨ ਲਈ ਗੈਰ-ਜ਼ਿੰਮੇਵਾਰ ਢੰਗ ਨਾਲ ਘਿਰਣਾ ਤੇ ਅੰਗਰੇਜ਼ ਵੱਲ ਦੁਸ਼ਮਣੀ ਪੈਦਾ ਕਰ ਦੇਣਾ ਚਾਹੁੰਦੇ ਹਨ। ਵਰਤਮਾਨ ਹਾਲਤ ਬਹੁਤ ਹੀ ਨਾਜ਼ੁਕ ਹੈ ਅਤੇ ਜਲਦੀ ਹੀ ਸਾਨੂੰ ਕੁਝ ਨਾ ਕੁਝ ਪ੍ਰਬੰਧ ਕਰਨਾ ਚਾਹੀਦਾ ਹੈ।"

# ਆਮ ਆਦਮੀ ਪਾਰਟੀ ਦੇ ਵਾਲੰਟੀਅਰਾਂ ਦੇ ਨਾਂ ਖੁੱਲ੍ਹਾ ਖ਼ਤ

*(ਸਫਾ 14 ਦੀ ਬਾਕੀ)*

ਦੇਣ ਨੂੰ ਵੀ ਜੀ ਨਹੀਂ ਕਰਦਾ। ਇਹ ਵੀ ਲਗਦਾ ਹੈ ਕਿ ਇਨ੍ਹਾਂ ਦਾ ਜਵਾਬ ਦੇਣ ਨਾਲ ਇਨ੍ਹਾਂ ਨੂੰ ਵਾਜਬੀਅਤ ਹੀ ਨਾ ਮਿਲ ਜਾਵੇ। ਫਿਰ ਵੀ, ਕਿਉਂਕਿ ਇਨ੍ਹਾਂ ਨੂੰ ਵਾਰ-ਵਾਰ ਦੁਹਰਾਇਆ ਗਿਆ ਹੈ, ਕੁਝ ਤੱਥਾਂ ਦੀ ਸਫ਼ਾਈ ਦੇਣਾ ਲਾਹੇਵੰਦ ਰਹੇਗਾ ਤਾਂ ਕਿ ਸ਼ੱਕ ਦੀ ਗੁੰਜਾਇਸ਼ ਨਾ ਰਹੇ। (ਖ਼ਤ ਲੰਮਾ ਨਾ ਹੋ ਜਾਵੇ ਇਸ ਲਈ ਅਸੀਂ ਇਥੇ ਸਬੂਤ ਨਹੀਂ ਦੇ ਰਹੇ, ਕੁਝ ਦਸਤਾਵੇਜ਼ ਯੋਗੇਂਦਰ ਦੀ ਫੇਸਬੁਕ www.facebook.com/AapYogendra ਉਪਰ ਮੌਜੂਦ ਹਨ)।

ਇਕ ਦੋਸ਼ ਇਹ ਸੀ ਕਿ ਪ੍ਰਸ਼ਾਂਤ ਭੂਸ਼ਨ ਨੇ ਦਿੱਲੀ ਚੋਣਾਂ ਵਿਚ ਪਾਰਟੀ ਨੂੰ ਹਰਾਉਣ ਦੀ ਵਾਹ ਲਾਈ। ਦਿੱਲੀ ਚੋਣਾਂ ਵਿਚ ਉਮੀਦਵਾਰਾਂ ਦੀ ਚੋਣ ਬਾਰੇ ਜੋ ਸੱਚਾਈ ਉਪਰ ਬਿਆਨ ਕੀਤੀ ਜਾ ਚੁੱਕੀ ਹੈ, ਉਸ ਨੂੰ ਲੈ ਕੇ ਉਹ ਬਹੁਤ ਪ੍ਰੇਸ਼ਾਨ ਸੀ, ਨਹੀਂ ਸੀ ਚਾਹੁੰਦੇ ਕਿ ਪਾਰਟੀ ਅਸੂਲਾਂ ਨਾਲ ਸਮਝੌਤਾ ਕਰ ਕੇ ਚੋਣਾਂ ਜਿੱਤੇ। ਉਨ੍ਹਾਂ ਦਾ ਕਹਿਣਾ ਸੀ ਕਿ ਗ਼ਲਤ ਰਸਤੇ 'ਤੇ ਚੱਲ ਕੇ ਚੋਣਾਂ ਜਿੱਤਣਾ ਆਖ਼ਿਰ ਪਾਰਟੀ ਨੂੰ ਬਰਬਾਦ ਕਰ ਦੇਵੇਗਾ। ਬਿਹਤਰ ਹੋਵੇਗਾ ਕਿ ਪਾਰਟੀ ਸਿਧਾਂਤਾਂ 'ਤੇ ਡਟੀ ਰਹੇ, ਚਾਹੇ ਉਸ ਨੂੰ ਘੱਟ-ਗਿਣਤੀ 'ਚ ਰਹਿਣਾ ਪਵੇ। ਉਸ ਨੂੰ ਇਹ ਵੀ ਡਰ ਸੀ ਕਿ ਜੇ ਪਾਰਟੀ ਨੂੰ ਬਹੁਮਤ ਨਾਲ 2-3 ਸੀਟਾਂ ਵੱਧ-ਘੱਟ ਆ ਗਈਆਂ ਤਾਂ ਉਹ ਜੋੜ-ਤੋੜ ਦੀ ਖੇਡ ਦਾ ਸ਼ਿਕਾਰ ਹੋ ਸਕਦੀ ਹੈ, ਪਾਰਟੀ ਦੇ ਹੀ ਕੁਝ ਸ਼ੱਕੀ ਉਮੀਦਵਾਰ ਬਲੈਕਮੇਲ ਕਰਨ ਦਾ ਯਤਨ ਕਰ ਸਕਦੇ ਹਨ। ਅਜਿਹੀਆਂ ਭਾਵਨਾਵਾਂ ਜ਼ਾਹਿਰ ਕਰਨਾ ਅਤੇ ਪਾਰਟੀ ਨੂੰ ਹਰਾਉਣ ਦੀ ਦੁਆ ਜਾਂ ਕੋਸ਼ਿਸ਼ ਕਰਨਾ, ਇਹ ਉਕਾ ਹੀ ਦੋ ਵੱਖ-ਵੱਖ ਚੀਜ਼ਾਂ ਹਨ। ਯੋਗੇਂਦਰ ਨੇ ਪਾਰਟੀ ਨੂੰ ਕਿਵੇਂ ਨੁਕਸਾਨ ਪਹੁੰਚਾਇਆ, ਇਸ ਦਾ ਕੋਈ ਖ਼ੁਲਾਸਾ ਇਲਜ਼ਾਮ ਵਿਚ ਨਹੀਂ ਕੀਤਾ ਗਿਆ ਹੈ। ਜਿਵੇਂ ਹਰ ਕੋਈ ਜਾਣਦਾ ਹੈ, ਇਨ੍ਹਾਂ ਚੋਣਾਂ ਵਿਚ ਯੋਗੇਂਦਰ ਨੇ 80 ਤੋਂ ਲੈ ਕੇ 100 ਤੱਕ ਜਨਤਕ ਇਕੱਠ ਜਥੇਬੰਦ ਕੀਤੇ। ਨਿੱਤ ਮੀਡੀਆ ਨੂੰ ਮੁਖ਼ਾਤਿਬ ਹੁੰਦੇ ਰਹੇ, ਚੋਣ ਸਰਵੇਖਣ ਕੀਤੇ ਤੇ ਭਵਿੱਖਬਾਣੀਆਂ ਕੀਤੀਆਂ ਅਤੇ ਕਾਰਕੁਨਾਂ ਨੂੰ ਫ਼ੋਨ ਤੇ ਗੂਗਲ ਕਾਲ ਕਰਦੇ ਰਹੇ।

ਇਕ ਹੋਰ ਇਲਜ਼ਾਮ ਇਹ ਹੈ ਕਿ ਪ੍ਰਸ਼ਾਤ ਭੂਸ਼ਨ ਨੇ ਪਾਰਟੀ ਖ਼ਿਲਾਫ਼ ਪ੍ਰੈੱਸ ਕਾਨਫਰੰਸ ਕਰਨ ਦੀ ਧਮਕੀ ਦਿੱਤੀ। ਸੱਚ ਇਹ ਹੈ ਕਿ ਉਮੀਦਵਾਰਾਂ ਦੀ ਚੋਣ ਤੋਂ ਪ੍ਰੇਸ਼ਾਨ ਹੋਏ ਪ੍ਰਸ਼ਾਂਤ ਨੇ ਕਿਹਾ ਸੀ ਕਿ ਜੇ ਪਾਰਟੀ ਉਮੀਦਵਾਰਾਂ ਦੇ ਕਿਰਦਾਰ ਦੀ ਜਾਂਚ ਦਾ ਤਸੱਲੀਬਖ਼ਸ਼ ਪ੍ਰਬੰਧ ਨਹੀਂ ਕਰਦੀ, ਤਾਂ ਉਸ ਨੂੰ ਮਜਬੂਰਨ ਇਸ ਮਾਮਲੇ ਨੂੰ ਜਨਤਕ ਕਰਨਾ ਪਵੇਗਾ। ਉਦੋਂ ਯੋਗੇਂਦਰ ਯਾਦਵ ਸਮੇਤ ਪਾਰਟੀ ਦੇ ਪੰਦਰਾਂ ਸਾਥੀਆਂ ਨੇ ਪ੍ਰਸ਼ਾਂਤ ਦੇ ਘਰ ਤਿੰਨ ਦਿਨ ਮੀਟਿੰਗ ਕੀਤੀ। ਫ਼ੈਸਲਾ ਹੋਇਆ ਕਿ ਸ਼ੱਕੀ ਉਮੀਦਵਾਰਾਂ ਦੀ ਲੋਕਪਾਲ ਵਲੋਂ ਜਾਂਚ ਕੀਤੀ ਜਾਵੇਗੀ ਅਤੇ ਲੋਕਪਾਲ ਦਾ ਫ਼ੈਸਲਾ ਅੰਤਿਮ ਹੋਵੇਗਾ। ਇਹੀ ਹੋਇਆ ਅਤੇ ਲੋਕਪਾਲ ਦਾ ਫ਼ੈਸਲਾ ਆਉਣ 'ਤੇ ਅਸੀਂ ਦੋਹਾਂ ਨੇ ਉਸ ਨੂੰ ਪੂਰੀ ਤਰ੍ਹਾਂ ਮੰਨਿਆ। ਪਾਰਟੀ ਨੂੰ ਤਾਂ ਮਾਣ ਹੋਣਾ ਚਾਹੀਦਾ ਹੈ ਕਿ ਮੁਲਕ ਵਿਚ ਪਹਿਲੀ ਵਾਰ ਕਿਸੇ ਪਾਰਟੀ ਨੇ ਆਜ਼ਾਦ ਪ੍ਰਬੰਧ ਬਣਾ ਕੇ ਆਪਣੇ ਉਮੀਦਵਾਰਾਂ ਦੀ ਛਾਣ-ਬੀਣ ਕੀਤੀ।

ਇਕ ਹੋਰ ਇਲਜ਼ਾਮ ਹੈ ਕਿ ਯੋਗੇਂਦਰ ਨੇ ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਇਕ ਨਾਸ਼ਤਾ ਮਿਲਣੀ ਵਿਚ 'ਦਿ ਹਿੰਦੂ' ਅਖ਼ਬਾਰ ਨੂੰ ਇਹ ਜਾਣਕਾਰੀ ਦਿੱਤੀ ਕਿ ਹਰਿਆਣਾ ਚੋਣਾਂ ਦਾ ਫ਼ੈਸਲਾ ਕਰਦੇ ਵਕਤ ਕੌਮੀ ਕਾਰਜਕਾਰਨੀ ਦੇ ਫ਼ੈਸਲੇ ਦਾ ਸਨਮਾਨ ਨਹੀਂ ਕੀਤਾ ਗਿਆ। ਇਹ ਇਲਜ਼ਾਮ ਇਕ ਔਰਤ ਪੱਤਰਕਾਰ ਨੇ ਟੈਲੀਫ਼ੋਨ ਗੱਲਬਾਤ ਵਿਚ ਲਗਾਇਆ ਜਿਸ ਨੂੰ ਗੁਪਤ ਰੂਪ ਵਿਚ ਰਿਕਾਰਡ ਵੀ ਕੀਤਾ ਗਿਆ, ਪਰ ਇਸ ਕਥਨ ਦੇ ਜਨਤਕ ਹੋਣ ਤੋਂ ਬਾਅਦ ਉਸੇ ਮੀਟਿੰਗ ਵਿਚ ਮੌਜੂਦ ਇਕ ਹੋਰ ਮਸ਼ਹੂਰ ਪੱਤਰਕਾਰ ਐਸ.ਪੀ.ਸਿੰਘ ਨੇ ਲੇਖ ਲਿਖ ਕੇ ਖ਼ੁਲਾਸਾ ਕੀਤਾ ਕਿ ਉਸ ਮੀਟਿੰਗ ਵਿਚ ਯੋਗੇਂਦਰ ਨੇ ਅਜਿਹੀ ਕੋਈ ਗੱਲ ਨਹੀਂ ਕਹੀ। ਉਸ ਨੇ ਸਵਾਲ ਕੀਤਾ ਕਿ ਜੇ ਅਜਿਹੀ ਕੋਈ ਵੀ ਗੱਲ ਦੱਸੀ ਹੁੰਦੀ ਤਾਂ ਬਾਕੀ ਦੇ ਤਿੰਨ ਪੱਤਰਕਾਰ ਜੋ ਉਸ ਨਾਸ਼ਤਾ ਮਿਲਣੀ ਵਿਚ ਮੌਜੂਦ ਸਨ, ਉਨ੍ਹਾਂ ਨੇ ਇਹ ਖ਼ਬਰ ਕਿਉਂ ਨਹੀਂ ਛਾਪੀ? ਉਸ ਦੇ ਲੇਖ ਦਾ ਲਿੰਕ www.caravanmagazine.in/vantage/indian-express-yogendra-yadav.indian-journalism ਹੈ। ਇਲਜ਼ਾਮ ਇਹ ਵੀ ਹੈ ਕਿ ਦਿੱਲੀ ਚੋਣਾਂ ਦੌਰਾਨ ਕੁਝ ਹੋਰ ਸੰਪਾਦਕਾਂ ਨੂੰ ਯੋਗੇਂਦਰ ਨੇ ਪਾਰਟੀ ਵਿਰੋਧੀ ਗੱਲਾਂ ਦੱਸੀਆਂ। ਜੇ ਇਹ ਗੱਲ ਹੈ ਤਾਂ ਉਨ੍ਹਾਂ ਸੰਪਾਦਕਾਂ ਦੇ ਨਾਂ ਨਸ਼ਰ ਕਿਉਂ ਨਹੀਂ ਕੀਤੇ ਗਏ?

ਇਕ ਹੋਰ ਇਲਜ਼ਾਮ ਇਹ ਵੀ ਹੈ ਕਿ ਪ੍ਰਸ਼ਾਤ ਅਤੇ ਯੋਗੇਂਦਰ ਨੇ 'ਅਵਾਮ' ਦੀ ਹਮਾਇਤ ਕੀਤੀ। ਉਪਰ ਦੱਸਿਆ ਜਾ ਚੁੱਕਾ ਹੈ ਕਿ ਪ੍ਰਸ਼ਾਂਤ ਨੇ ਕੌਮੀ ਜ਼ਾਬਤਾ ਕਮੇਟੀ ਦੇ ਪ੍ਰਧਾਨ ਦੀ ਹੈਸੀਅਤ ਵਿਚ 'ਅਵਾਮ' ਦੇ ਕਰਨ ਸਿੰਘ ਦੇ ਮਾਮਲੇ ਵਿਚ ਨਿਰਪੱਖ ਜਾਂਚ ਦੀ ਗੁਜ਼ਾਰਿਸ਼ ਕੀਤੀ। ਇਕ ਜੱਜ ਦੇ ਕੰਮ ਨੂੰ ਅਨੁਸ਼ਾਸਨਹੀਣਤਾ ਕਿਵੇਂ ਕਿਹਾ ਜਾ ਸਕਦਾ ਹੈ? ਯੋਗੇਂਦਰ ਖ਼ਿਲਾਫ਼ ਇਸ ਬਾਰੇ ਕੋਈ ਪੱਕਾ ਸਬੂਤ ਪੇਸ਼ ਨਹੀਂ ਕੀਤਾ ਗਿਆ। ਉਲਟਾ 'ਆਵਾਮ' ਦੇ ਬੰਦਿਆਂ ਨੇ ਈ-ਮੇਲ ਲਿਖ ਕੇ ਯੋਗੇਂਦਰ 'ਤੇ ਦੋਸ਼ ਲਾਏ ਜਿਸ ਦਾ ਜਵਾਬ ਯੋਗੇਂਦਰ ਨੇ ਜਨਤਕ ਤੌਰ 'ਤੇ ਦਿੱਤਾ ਸੀ। ਜਦੋਂ 'ਅਵਾਮ' ਨੇ ਚੋਣਾਂ ਤੋਂ ਹਫ਼ਤਾ ਪਹਿਲਾਂ ਪਾਰਟੀ ਉਪਰ ਫਰਜ਼ੀ ਇਲਜ਼ਾਮ ਲਾਏ ਤਾਂ ਇਨ੍ਹਾਂ ਦਾ ਖੰਡਨ ਕਰਨ ਵਿਚ ਸਭ ਤੋਂ ਅਹਿਮ ਭੂਮਿਕਾ ਯੋਗੇਂਦਰ ਨੇ ਨਿਭਾਈ।

ਫਿਰ ਵੀ ਕਿਉਂਕਿ ਇਹ ਇਲਜ਼ਾਮ ਲਾਏ ਗਏ ਹਨ, ਤਾਂ ਇਨ੍ਹਾਂ ਦੀ ਜਾਂਚ ਜ਼ਰੂਰ ਹੋਣੀ ਚਾਹੀਦੀ ਹੈ। ਪਾਰਟੀ ਦਾ ਸੰਵਿਧਾਨ ਕਹਿੰਦਾ ਹੈ ਕਿ ਕੌਮੀ ਕਾਰਜਕਾਰਨੀ ਦੇ ਮੈਂਬਰਾਂ ਖ਼ਿਲਾਫ਼ ਕਿਸੇ ਵੀ ਇਲਜ਼ਾਮ ਦੀ ਜਾਂਚ ਕੌਮੀ ਲੋਕਪਾਲ ਕਰ ਸਕਦਾ ਹੈ। ਖ਼ੁਦ ਲੋਕਪਾਲ ਨੇ ਚਿੱਠੀ ਲਿਖ ਕੇ ਕਿਹਾ ਹੈ ਕਿ ਉਹ ਅਜਿਹੀ ਕੋਈ ਵੀ ਜਾਂਚ ਕਰਨ ਲਈ ਤਿਆਰ ਹੈ। ਅਸੀਂ ਦੋਵੇਂ ਲੋਕਪਾਲ ਨੂੰ ਅਪੀਲ ਕਰਦੇ ਹਾਂ ਕਿ ਉਹ ਇਨ੍ਹਾਂ ਚਾਰਾਂ ਸਾਥੀਆਂ ਵਲੋਂ ਲਗਾਏ ਇਲਜ਼ਾਮਾਂ ਦੀ ਜਾਂਚ ਕਰੇ। ਜੇ ਲੋਕਪਾਲ ਸਾਨੂੰ ਕਸੂਰਵਾਰ ਕਰਾਰ ਦਿੰਦੇ ਹਨ ਤਾਂ ਉਸ ਵਲੋਂ ਤੈਅ ਕੀਤੀ ਸਜ਼ਾ ਅਸੀਂ ਕਬੂਲ ਕਰਾਂਗੇ, ਪਰ ਸਾਨੂੰ ਇਹ ਸਮਝ ਨਹੀਂ ਆਉਂਦੀ ਕਿ ਪਾਰਟੀ ਸੰਵਿਧਾਨ ਤਹਿਤ ਜਾਂਚ ਕਰਾਉਣ ਦੀ ਥਾਂ ਇਹ ਦੋਸ਼ ਮੀਡੀਆ ਵਿਚ ਕਿਉਂ ਲਗਾਏ ਜਾ ਰਹੇ ਹਨ?

ਸਾਥੀਓ! ਇਹ ਘੜੀ ਪਾਰਟੀ ਲਈ ਸੰਕਟ ਵੀ ਹੈ ਅਤੇ ਮੌਕਾ ਵੀ। ਇੰਨੀ ਵੱਡੀ ਜਿੱਤ ਤੋਂ ਬਾਅਦ ਇਹ ਮੌਕਾ ਹੈ ਖੁੱਲ੍ਹੇ ਮਨ ਨਾਲ ਕੁਝ ਇਤਿਹਾਸਕ ਕੰਮ ਕਰਨ ਦਾ। ਇਹ ਨਿੱਕੇ-ਨਿੱਕੇ ਵਿਵਾਦਾਂ ਅਤੇ ਤੂੰ-ਤੂੰ ਮੈਂ-ਮੈਂ ਵਿਚ ਉਲਝਣ ਦਾ ਵਕਤ ਨਹੀਂ ਹੈ। ਪਿਛਲੇ ਕੁਝ ਦਿਨਾਂ ਦੇ ਵਿਵਾਦ ਨਾਲ ਕੁਝ ਸਵਾਰਥਾਂ ਨੂੰ ਫ਼ਾਇਦਾ ਹੋਇਆ ਹੈ ਅਤੇ ਪਾਰਟੀ ਨੂੰ ਨੁਕਸਾਨ। ਉਸ ਵਿਚੋਂ ਨਿਕਲਣ ਦਾ ਇਹੀ ਸਹੀ ਤਰੀਕਾ ਹੈ ਕਿ ਸਾਰੇ ਤੱਥ ਸਾਰੇ ਕਾਰਕੁਨਾਂ ਸਾਹਮਣੇ ਰੱਖ ਦਿੱਤੇ ਜਾਣ। ਇਹ ਪਾਰਟੀ ਕਾਰਕੁਨਾਂ ਦੇ ਲਹੂ-ਪਸੀਨੇ ਦੀ ਮਿਹਨਤ ਨਾਲ ਬਣੀ ਹੈ। ਆਖ਼ਿਰ ਤੁਸੀਂ ਵਾਲੰਟੀਅਰ ਹੀ ਇਹ ਤੈਅ ਕਰੋਗੇ ਕਿ ਸੱਚ ਕੀ ਹੈ ਤੇ ਝੂਠ ਕੀ। ਆਪਾਂ ਸਾਰੇ ਸਿਆਸਤ 'ਚ ਸੱਚਾਈ ਤੇ ਇਮਾਨਦਾਰੀ ਦਾ ਖ਼ਵਾਬ ਲੈ ਕੇ ਚੱਲੇ ਸੀ। ਤੁਸੀਂ ਹੀ ਫ਼ੈਸਲਾ ਕਰੋ ਕਿ ਕੀ ਅਸੀਂ ਸੱਚਾਈ, ਸਦਾਚਾਰ ਅਤੇ ਸਵੈਰਾਜ ਦੇ ਆਦਰਸ਼ਾਂ ਨਾਲ ਕੋਈ ਸਮਝੌਤਾ ਕੀਤਾ? ਤੁਹਾਡੇ ਫ਼ੈਸਲਾ ਸਿਰ-ਮੱਥੇ ਕਬੂਲ ਹੋਵੇਗਾ।

ਤੁਹਾਡੇ ਸਾਰਿਆਂ ਤਕ ਪੁੱਜਦਾ ਕਰਨ ਲਈ ਅਸੀਂ ਇਹ ਖ਼ਤ ਮੀਡੀਆ ਨੂੰ ਦੇ ਰਹੇ ਹਾਂ। ਸਾਨੂੰ ਉਮੀਦ ਹੈ ਕਿ ਪਾਰਟੀ ਵਿਚਲੀ ਘੱਟ-ਗਿਣਤੀ ਦਾ ਸਤਿਕਾਰ ਕਰਦੇ ਹੋਏ ਇਸ ਖ਼ਤ ਨੂੰ ਵੀ ਉਸੇ ਤਰ੍ਹਾਂ ਪ੍ਰਸਾਰਤ ਕੀਤਾ ਜਾਵੇਗਾ ਜਿਵੇਂ ਚਾਰ ਸਾਥੀਆਂ ਦੇ ਬਿਆਨ ਨੂੰ ਪ੍ਰਸਾਰਤ ਕੀਤਾ ਗਿਆ, ਪਰ ਅਸੀਂ ਮੀਡੀਆ ਵਿਚ ਚੱਲ ਰਹੇ ਇਸ ਵਿਵਾਦ ਨੂੰ ਹੋਰ ਅੱਗੇ ਵਧਾਉਣਾ ਨਹੀਂ ਚਾਹੁੰਦੇ। ਅਸੀਂ ਨਹੀਂ ਚਾਹੁੰਦੇ ਕਿ ਪਾਰਟੀ ਦਾ ਅਕਸ ਵਿਗੜੇ। ਇਸ ਲਈ ਇਹ ਖ਼ਤ ਜਾਰੀ ਕਰਨ ਤੋਂ ਬਾਅਦ ਅਸੀਂ ਫ਼ਿਲਹਾਲ ਖ਼ਾਮੋਸ਼ ਰਹਿਣਾ ਚਾਹਾਂਗੇ। ਅਸੀਂ ਅਪੀਲ ਕਰਦੇ ਹਾਂ ਕਿ ਪਾਰਟੀ ਦੇ ਸਾਰੇ ਸਾਥੀ ਵੀ ਅਗਲੇ ਕੁਝ ਦਿਨ ਇਸ ਮਾਮਲੇ 'ਚ ਖ਼ਾਮੋਸ਼ ਹੀ ਰਹਿਣ ਤਾਂ ਕਿ ਜ਼ਖ਼ਮ ਭਰ ਜਾਣ ਦਾ ਮੌਕਾ ਮਿਲੇ, ਕੁਝ ਹਾਂਪੱਖੀ ਸੋਚਣ ਲਈ ਸਮਾਂ ਮਿਲੇ।

ਦੋਸਤੋ, ਅਰਵਿੰਦ ਭਾਈ ਸਿਹਤਯਾਬੀ ਲਈ ਬੰਗਲੂਰੂ ਵਿਚ ਹਨ। ਸਾਰਿਆਂ ਵਾਂਗ ਸਾਨੂੰ ਵੀ ਉਨ੍ਹਾਂ ਦੀ ਸਿਹਤ ਦਾ ਫ਼ਿਕਰ ਹੈ। ਅੱਜ ਅਰਵਿੰਦ ਭਾਈ ਸਿਰਫ਼ ਪਾਰਟੀ ਦੇ ਨਿਰਵਿਵਾਦ ਆਗੂ ਹੀ ਨਹੀਂ, ਮੁਲਕ ਵਿਚ ਸਾਫ਼-ਸੁਥਰੀ ਸਿਆਸਤ ਦੇ ਪ੍ਰਤੀਕ ਵੀ ਹਨ। ਪਾਰਟੀ ਦੇ ਸਾਰੇ ਕਾਰਕੁਨ ਚਾਹੁੰਦੇ ਹਨ ਕਿ ਉਹ ਪੂਰੀ ਤਰ੍ਹਾਂ ਸਿਹਤਯਾਬ ਹੋ ਕੇ ਦਿੱਲੀ ਅਤੇ ਮੁਲਕ ਦੇ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾ ਸਕਣ। ਸਾਨੂੰ ਭਰੋਸਾ ਹੈ ਕਿ ਵਾਪਸ ਆ ਕੇ ਅਰਵਿੰਦ ਭਾਈ ਪਾਰਟੀ ਵਿਚ ਪੈਦਾ ਹੋਏ ਇਸ ਜਮੂਦ ਦਾ ਕੋਈ ਹੱਲ ਜ਼ਰੂਰ ਕੱਢਣਗੇ ਜਿਸ ਨਾਲ ਪਾਰਟੀ ਦੀ ਏਕਤਾ ਅਤੇ ਰੂਹ, ਦੋਵੇਂ ਬਚੀਆਂ ਰਹਿਣ। ਅਸੀਂ ਦੋਵੇਂ ਤੁਹਾਨੂੰ ਸਾਰਿਆਂ ਨੂੰ ਯਕੀਨ ਦਿਵਾਉਣਾ ਚਾਹੁੰਦੇ ਹਾਂ ਕਿ ਅਸੀਂ ਸਿਧਾਂਤਾਂ ਨਾਲ ਸਮਝੌਤਾ ਕੀਤੇ ਬਗ਼ੈਰ ਪਾਰਟੀ ਨੂੰ ਬਚਾਉਣ ਦੇ ਕਿਸੇ ਵੀ ਯਤਨ ਵਿਚ ਹਰ ਸੰਭਵ ਸਹਿਯੋਗ ਦਿਆਂਗੇ। ਅਸੀਂ ਹੁਣ ਤਕ ਆਪਣੇ ਵਲੋਂ ਸਾਲਸੀ ਦੇ ਹਰ ਯਤਨ ਦਾ ਸਵਾਗਤ ਕੀਤਾ ਹੈ ਅਤੇ ਕਰਦੇ ਰਹਾਂਗੇ। ਕੁਝ ਵੀ ਹੋਵੇ, ਅਸੀਂ ਹਉਮੈ ਨੂੰ ਸੰਕਟ ਦੇ ਹੱਲ 'ਚ ਅੜਿੱਕਾ ਨਹੀਂ ਬਣਨ ਦਿਆਂਗੇ। ਸਾਡੇ ਕੋਲ ਕੋਈ ਅਹੁਦਾ ਰਹਿੰਦਾ ਹੈ ਜਾਂ ਨਹੀਂ, ਇਹ ਮੁੱਦਾ ਹੀ ਨਹੀਂ ਹੈ। ਬਸ ਪਾਰਟੀ ਆਪਣੇ ਸਿਧਾਂਤਾਂ ਅਤੇ ਕਾਰਕੁਨਾਂ ਨਾਲ ਜੁੜੀ ਰਹੇ, ਇਹੀ ਇਕੋ ਇਕ ਸਰੋਕਾਰ ਹੈ। ਅਸੀਂ ਦੋਵੇਂ ਪਾਰਟੀ ਜ਼ਾਬਤੇ ਵਿਚ ਰਹਿ ਕੇ ਪਾਰਟੀ ਲਈ ਕੰਮ ਕਰਦੇ ਰਹਾਂਗੇ।

***-ਤੁਹਾਡੇ***
***ਪ੍ਰਸ਼ਾਂਤ ਭੂਸ਼ਨ ਤੇ ਯੋਗੇਂਦਰ ਯਾਦਵ***

# ਗੇੜੀ ਦੇਸ ਦੀ ਨੇ ਬਹੁਤ ਰੁਆਇਆ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਪੰਜਾਬ ਦੀ ਫੇਰੀ ਤੋਂ ਮੁੜ ਕੇ ਆਏ ਭੂਆ ਦੇ ਪੁੱਤ ਗੁਰਬਖਸ਼ੀਸ਼ ਸਿੰਘ ਗਰੇਵਾਲ ਨਾਲ ਮੇਲੇ ਹੋਏ। ਪੰਜਾਬ ਦੇ ਮੌਜੂਦਾ ਹਾਲਾਤ, ਭਖੀ ਸਿਆਸਤ, ਨਸ਼ਿਆਂ ਦੇ ਹੜ੍ਹ ਅਤੇ ਵਿਆਹ 'ਤੇ ਫੋਕੀ ਟੌਹਰ ਆਦਿ ਮੁੱਦਿਆਂ ਬਾਰੇ ਫਿਰਕਮੰਦੀ ਨਾਲ ਵਿਚਾਰਾਂ ਹੋਈਆਂ। ਬਾਈ ਦੇ ਦੱਸਣ ਮੁਤਾਬਕ ਪੰਜਾਬ ਹੁਣ ਉਹ ਪੰਜਾਬ ਨਹੀਂ ਰਿਹਾ। ਜਿਥੇ ਕਦੇ ਦਾਲ ਦੀ ਕੌਲੀ ਦੀ ਸਾਂਝ ਹੁੰਦੀ ਸੀ, ਅੱਜ ਉਹੀ ਪੰਜਾਬ ਬਿਹਾਰ ਨੂੰ ਵੀ ਪਿੱਛੇ ਛੱਡ ਗਿਆ ਹੈ। ਬਹੁਤਾ ਕਸੂਰ ਸਰਕਾਰਾਂ ਦਾ ਨਹੀਂ। ਭਾਈਚਾਰਕ ਸਾਂਝ ਦਾ ਗਲਾ ਅਸੀਂ ਆਪ ਘੁੱਟਿਆ ਹੈ। ਕਿਸੇ ਵਿਚ ਇੰਨੀ ਹਿੰਮਤ ਨਹੀਂ ਹੁੰਦੀ ਕਿ ਉਹ ਤੁਹਾਡੇ ਏਕੇ ਨੂੰ ਤੋੜ ਦੇਵੇ, ਪਰ ਜਦੋਂ ਕਿਸੇ ਦੀ ਕਮਜ਼ੋਰੀ ਜੱਗ-ਜ਼ਾਹਰ ਹੋ ਜਾਵੇ ਤਾਂ ਦੁਸ਼ਮਣ ਫਾਇਦਾ ਉਠਾ ਹੀ ਜਾਂਦੇ ਹਨ। ਹਰ ਮਾਂ-ਪਿਉ ਦਾ ਇਹੀ ਨਿਸ਼ਾਨਾ ਹੁੰਦਾ ਹੈ ਕਿ ਉਨ੍ਹਾਂ ਦੇ ਧੀ-ਪੁੱਤ ਪੜ੍ਹ-ਲਿਖ ਜਾਣ ਤੇ ਚੰਗੇ ਕਾਰੋਬਾਰ ਲਗ ਜਾਣ। ਕਈ ਮਾਪਿਆਂ ਦੀ ਆਸ ਨੂੰ ਤਾਂ ਬੂਰ ਪੈ ਜਾਂਦਾ ਹੈ ਅਤੇ ਕਈਆਂ ਦੇ ਚਾਵਾਂ ਦਾ ਗਲਾ ਦਾਜ ਦੀ ਮੰਗ ਘੁੱਟ ਜਾਂਦੀ ਹੈ।

ਖੇਤਾਂ ਦੇ ਕੰਮ ਹੁਣ ਹੱਥੀਂ ਕਰਨ ਵਾਲੇ ਰਹੇ ਨਹੀਂ, ਸਭ ਮਸ਼ੀਨਰੀ ਨੇ ਲੈ ਲਏ ਹਨ। ਪੜ੍ਹਿਆ-ਲਿਖਿਆ ਗੱਭਰੂ ਖੇਤੀਂ ਡੱਕਾ ਤੋੜ ਕੇ ਰਾਜ਼ੀ ਨਹੀਂ। ਮਾਪਿਆਂ ਦੇ ਤਾਅਨੇ, ਬੇਰੁਜ਼ਗਾਰੀ ਦੀ ਮਾਰ ਉਹਨੂੰ ਨਸ਼ਿਆਂ ਵੱਲ ਤੋਰ ਦਿੰਦੀ ਹੈ। ਨਸ਼ੇ ਦੀ ਘਾਟ, ਉਹਨੂੰ ਪੈਸਿਆਂ ਲਈ ਲੋਕਾਂ ਅੱਗੇ ਹੱਥ ਅੱਡਣ ਲਈ ਮਜਬੂਰ ਕਰਦੀ ਹੈ। ਜਦੋਂ ਪੈਸਾ ਮੰਗਿਆਂ ਮਿਲਦਾ ਨਹੀਂ, ਫਿਰ ਉਹ ਪੈਸਾ ਖੋਹਣ ਵਾਲਾ ਫਾਰਮੂਲਾ ਅਪਨਾ ਲੈਂਦਾ ਹੈ। ਇਹ ਕਿਸੇ ਇਕ ਨੌਜਵਾਨ ਦੀ ਕਹਾਣੀ ਨਹੀਂ, ਨੱਬੇ ਫੀਸਦੀ ਨੌਜਵਾਨਾਂ ਦਾ ਇਹੋ ਹਾਲ ਹੈ। ਧੀਆਂ ਦੇ ਚਾਅ ਆਪਣੀ ਜਗ੍ਹਾ ਆਸਾਂ ਦਾ ਦੀਵਾ ਬਾਲ ਕੇ ਬੈਠੇ ਹੁੰਦੇ ਹਨ। ਮਾਪੇ ਉਨ੍ਹਾਂ ਨੂੰ ਪੜ੍ਹਾਉਣਾ ਚਾਹੁੰਦੇ ਹਨ ਤੇ ਇਨ੍ਹਾਂ ਵਿਚੋਂ ਕਈ ਵਿਚਾਰੀਆਂ ਪਿੰਡੋਂ ਸ਼ਹਿਰ ਜਾ ਕੇ ਕਈ ਵਾਰ ਆਸ਼ਕਾਂ ਦੀ ਚਾਲ ਵਿਚ ਫਸ ਜਾਂਦੀਆਂ ਹਨ ਤੇ ਉਹ ਕੁਝ ਦਿਨਾਂ ਦੇ ਪਿਆਰ ਲਈ ਮਾਪਿਆਂ ਦੇ ਕਈ ਸਾਲਾਂ ਦੇ ਪਿਆਰ ਨੂੰ ਛੱਡ ਕੇ ਤੁਰ ਜਾਂਦੀਆਂ ਹਨ। ਨੌਜਵਾਨਾਂ ਨੂੰ ਪੜ੍ਹਾਈ ਨਾਲੋਂ ਆਸ਼ਕੀ ਗੇੜੇ ਵਿਚ ਸਮੇਂ ਦੀ ਬਰਬਾਦੀ ਦਾ ਕੋਈ ਫਿਕਰ ਨਹੀਂ ਹੁੰਦਾ। ਘਰੋਂ ਭੱਜ ਕੇ ਵਿਆਹ ਕਰਵਾਉਣਾ, ਫਿਰ ਦੋ-ਚਾਰ ਮਹੀਨੇ ਧੱਕੇ ਖਾ ਕੇ ਮੁੜ ਆਉਣਾ, ਇਹ ਅੱਜ ਦੀ ਪੀੜ੍ਹੀ ਲਈ ਆਮ ਗੱਲ ਹੋ ਗਈ ਹੈ।

ਬਾਈ ਜੀ ਦੇ ਦੱਸਣ ਮੁਤਾਬਕ ਮੁੱਲਾਂਪੁਰ, ਜਗਰਾਉਂ ਤੇ ਰਾਏਕੋਟ ਕਦੇ ਸਾਊ ਤੇ ਸਿਆਣੇ ਇਲਾਕੇ ਗਿਣੇ ਜਾਂਦੇ ਸਨ, ਪਰ ਹੁਣ ਸਭ ਤੋਂ ਵੱਧ ਲੁੱਟ-ਖੋਹ, ਮਾਰ-ਧਾੜ, ਨਸ਼ਾ ਅਤੇ ਫਿਰੌਤੀ ਲੈ ਕੇ ਕਤਲ ਕਰਨੇ ਇਸ ਇਲਾਕੇ ਦੇ ਹਿੱਸੇ ਆ ਗਏ ਹਨ। ਮੁੱਲਾਂਪੁਰ ਤੋਂ ਜਗਰਾਉਂ ਵਾਲੇ ਜੀ.ਟੀ. ਰੋਡ 'ਤੇ 'ਪੰਡੋਰੀ ਨਰਸਿੰਗ ਹੋਮ' ਹੈ। ਡਾਕਟਰ ਬੜਾ ਭਲਾਮਾਣਸ ਹੈ। ਅੱਜ ਵੀ ਉਸ ਦੀ ਫੀਸ ਤੀਹ ਰੁਪਏ ਹੈ, ਲੋੜਵੰਦਾਂ ਦਾ ਮਸੀਹਾ। ਸ਼ਹਿਰ ਤੋਂ ਥੋੜ੍ਹਾ ਦੂਰ ਹੋਣ ਕਰ ਕੇ ਲੋਕ ਪੈਦਲ ਜਾਂ ਆਟੋ ਵਗੈਰਾ 'ਤੇ ਚੜ੍ਹ ਕੇ ਪੁੱਜਦੇ ਹਨ। ਵਾਪਸੀ ਵੇਲੇ ਉਹ ਫਿਰ ਆਟੋ ਦੀ ਉਡੀਕ ਕਰਦੇ ਹਨ। ਉਡੀਕ ਵਿਚ ਖੜ੍ਹੀ ਜਨਾਨੀ ਨੂੰ ਕੋਈ ਆਵਾਜ਼ ਦਿੰਦਾ ਹੈ- "ਆਂਟੀ ਜੀ! ਤੁਸੀਂ ਸ਼ਹਿਰ ਵੱਲ ਜਾਣਾ ਹੈ ਤਾਂ ਆ ਜਾਓ, ਸਾਡੀ ਗੱਡੀ ਵਿਚ ਬੈਠ ਜਾਓ।" ਇਹ ਕਿਸੇ ਮੁਟਿਆਰ ਦੀ ਆਵਾਜ਼ ਹੁੰਦੀ ਹੈ। ਲੋੜਵੰਦ ਜਨਾਨੀ ਗੱਡੀ ਵਿਚ ਬੈਠ ਜਾਂਦੀ ਹੈ ਜੋ ਪਹਿਲਾਂ ਹੀ ਕੁੜੀਆਂ-ਮੁੰਡਿਆਂ ਨਾਲ ਭਰੀ ਹੁੰਦੀ ਹੈ। ਦੋ ਕਿਲੋਮੀਟਰ ਦੇ ਵਿਚ-ਵਿਚ ਜਨਾਨੀ ਨੇ ਜੋ ਸੋਨਾ ਪਾਇਆ ਹੁੰਦਾ ਹੈ, ਗਾਇਬ ਹੋ ਜਾਂਦਾ ਹੈ।...ਜੇ ਕੋਈ ਜਨਾਨੀ ਤੁਰੀ ਜਾ ਰਹੀ ਹੋਵੇ ਤਾਂ ਪਤਾ ਨਹੀਂ ਕਦੋਂ ਕੌਣ ਉਸ ਦੇ ਕੰਨਾਂ ਵਿਚੋਂ ਵਾਲੀਆਂ ਲਾਹ ਕੇ ਲੈ ਜਾਵੇ।...ਪੁਲਿਸ ਦੀ ਕਾਰਗੁਜ਼ਾਰੀ ਬਹੁਤ ਮਾੜੀ ਹੈ।...ਭਿਆਨਕ ਐਕਸੀਡੈਂਟ ਹੁੰਦਾ ਹੈ, ਸਫ਼ਾਰੀ ਗੱਡੀ ਦਾ ਚਾਲਕ ਤੇ ਨਾਲ ਵਾਲਾ ਮਾਰਿਆ ਜਾਂਦਾ ਹੈ, ਪੁਲਿਸ ਆਉਂਦੀ ਹੈ, ਆਪਣਾ ਮੁਢਲਾ ਫਰਜ਼ ਭੁੱਲ ਕੇ ਥਾਣੇਦਾਰ ਸਿਪਾਹੀ ਨੂੰ ਆਖਦਾ ਹੈ- 'ਗੱਡੀ ਚੁੱਕਣ ਤੋਂ ਪਹਿਲਾਂ ਸਟੀਰੀਓ ਕੱਢ ਲਿਓ'। ਪਤਾ ਨਹੀਂ ਮਰਨ ਵਾਲੇ ਦੀ ਜੇਬ ਵੀ ਖਾਲੀ ਕਰ ਦਿੰਦੇ ਹੋਣ!

ਇਹੋ ਜਿਹੇ ਨੇ ਹੁਣ ਆਪਣੇ ਪੰਜਾਬ ਦੇ ਹਾਲਾਤ। ਪਤਾ ਨਹੀਂ ਤੁਸੀਂ ਸਵੇਰ ਦਾ ਨਾਸ਼ਤਾ ਕਰ ਕੇ ਗਏ ਹੋ, ਤਾਂ ਰਾਤ ਦੀ ਰੋਟੀ ਨੂੰ ਘਰ ਸਹੀ-ਸਲਾਮਤ ਮੁੜ ਸਕੋਗੇ ਕਿ ਨਹੀਂ! ਟਰੈਫਿਕ ਦਾ ਬੁਰਾ ਹਾਲ ਹੈ। ਸੂਬਾ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕਦੀ।

ਬਾਈ ਜੀ ਨੇ ਇਕ ਹੋਰ ਗੱਲ ਕੀਤੀ ਜੋ ਰੁਆ ਹੀ ਗਈ...ਉਹ ਕਿਸੇ ਵਿਆਹ ਵਿਚ ਸ਼ਾਮਲ ਹੋਇਆ। ਚੰਗਾ ਮਹਿੰਗਾ ਤੇ ਵੱਡਾ ਮੈਰਿਜ ਪੈਲੇਸ ਸੀ। ਬੜੇ ਲੋਕ ਆਏ ਹੋਏ ਸਨ। ਅਚਾਨਕ ਉਹਦੀ ਨਿਗ੍ਹਾ ਬਾਰਾਂ-ਤੇਰਾਂ ਸਾਲ ਦੇ ਮੁੰਡੇ-ਕੁੜੀ 'ਤੇ ਪਈ ਜੋ ਖਿਲਰਿਆ ਕੂੜਾ-ਕਰਕਟ ਇਕੱਠਾ ਕਰ ਰਹੇ ਸੀ। ਸੁਆਦਲੇ ਖਾਣੇ ਦੀ ਮਹਿਕ ਉਨ੍ਹਾਂ ਦੇ ਬੁੱਲ੍ਹਾਂ 'ਤੇ ਪਾਣੀ ਲਿਆ ਰਹੀ ਸੀ। ਉਹ ਬੁੱਲ੍ਹਾਂ 'ਤੇ ਜੀਭ ਫੇਰ ਰਹੇ ਸਨ। ਬਾਈ ਉਨ੍ਹਾਂ ਕੋਲ ਗਿਆ ਤੇ ਪੁੱਛਿਆ-ਕੌਣ ਹੋ? ਮੁੰਡੇ ਨੇ ਜਵਾਬ ਦਿੱਤਾ-ਸਾਨੂੰ ਭੈਣ-ਭਰਾ ਨੂੰ ਇਸ ਮੈਰਿਜ ਪੈਲੇਸ ਦੇ ਮਾਲਕ ਨੇ ਦੋ ਸੌ ਰੁਪਏ ਦਿਹਾੜੀ 'ਤੇ ਲਿਆਂਦਾ ਹੈ, ਸਵੇਰੇ ਅੱਠ ਵਜੇ ਤੋਂ ਰਾਤੀਂ ਅੱਠ ਵਜੇ ਤੱਕ। ਬੱਚੇ ਦੀ ਗੱਲ ਸੁਣ ਕੇ ਬਾਈ ਦਾ ਮਨ ਭਰ ਆਇਆ, ਪੁਛਿਆ-ਤੇਰਾ ਪਿਤਾ ਕਿਥੇ ਹੈ? ਮੁੰਡੇ ਦਾ ਜਵਾਬ ਸੀ-ਉਹ ਤਾਂ ਮਰ ਗਿਆ। ਤੇਰੀ ਮਾਂ? ਉਹਨੂੰ ਕੈਂਸਰ ਦੀ ਬਿਮਾਰੀ ਹੈ ਤੇ ਉਹ ਘਰ ਹੈ। ਬਾਈ ਬੱਚਿਆਂ ਦੇ ਹਾਲਾਤ ਬੁੱਝ ਗਿਆ ਤੇ ਹੋਰ ਕੁਝ ਨਾ ਪੁੱਛਿਆ। ਜੇਬ ਵਿਚੋਂ ਪੰਜ ਸੌ ਦਾ ਨੋਟ ਕੱਢ ਕੇ ਮੁੰਡੇ ਦੀ ਜੇਬ ਵਿਚ ਪਾ ਦਿੱਤਾ। ਉਸ ਨੇ ਕਈ ਵਾਰ ਨੋਟ ਕੱਢ ਕੇ ਦੇਖਿਆ ਕਿ ਸੱਚੀਂ ਪੰਜ ਸੌ ਦਾ ਨੋਟ ਉਹਦੀ ਜੇਬ ਵਿਚ ਹੈ। ਕੁੜੀ ਦੇ ਮੁੱਖ 'ਤੇ ਆਈ ਰੌਣਕ ਨੇ ਬਾਈ ਦੀਆਂ ਅੱਖਾਂ ਨਮ ਕਰ ਦਿੱਤੀਆਂ। ਉਹਨੇ ਵੇਟਰ ਨੂੰ ਸੱਦ ਕੇ ਉਨ੍ਹਾਂ ਨੂੰ ਰੋਟੀ ਖੁਆ ਦਿੱਤੀ ਤੇ ਸੋਚਿਆ, ਕਾਸ਼! ਸਾਨੂੰ ਸਮਝ ਆ ਜਾਵੇ ਕਿ ਅਸੀਂ ਆਪਣੀਆਂ ਧੀਆਂ-ਭੈਣਾਂ ਨੂੰ ਸਟੇਜਾਂ 'ਤੇ ਨਚਾਉਣ ਨਾਲੋਂ ਆਹ ਮਾਸੂਮਾਂ ਦਾ ਬਚਪਨ ਨਾ ਖੋਹੀਏ ਤੇ ਇਨ੍ਹਾਂ ਨੂੰ ਵੀ ਵਿਦਿਆ ਦਾ ਦਾਨ ਬਖਸ਼ੀਸ਼ੇ; ਪਰ ਲੱਗਦਾ ਨਹੀਂ ਕਿ ਲੋਕ ਇਸ ਪਾਸੇ ਮੁੜਨ ਲਈ ਸੋਚਣਗੇ।

ਵਿਆਹਾਂ 'ਤੇ ਬੇਲੋੜਾ ਖਰਚਾ, ਲੋਕਾਂ ਦੇ ਸਿਰ ਕਰਜ਼ੇ ਦੀ ਪੰਡ ਭਾਰੀ ਕਰੀ ਜਾਂਦਾ ਹੈ। ਲੋਕ ਫੋਕੀ ਟੌਹਰ ਬਣਾਉਣ ਲਈ ਅੱਡੀਆਂ ਚੁੱਕ ਕੇ ਫਾਹਾ ਲੈ ਰਹੇ ਹਨ। ਵੱਡੇ ਸ਼ਹਿਰਾਂ ਦੇ ਲਾਗਲੀਆਂ ਜ਼ਮੀਨਾਂ ਕਰੋੜਾਂ ਦੀਆਂ ਵਿਕ ਗਈਆਂ। ਉਨ੍ਹਾਂ ਦੇ ਮਾਲਕਾਂ ਨੇ ਵੇਚ-ਵੱਟ ਕੇ ਅਗਾਂਹ ਪਿੰਡਾਂ ਵਿਚ ਜ਼ਮੀਨਾਂ ਖਰੀਦ ਲਈਆਂ। ਪੰਜਾਬ ਦੀਆਂ ਸੜਕਾਂ 'ਤੇ ਚਲਦੀਆਂ ਮਹਿੰਗੀਆਂ ਗੱਡੀਆਂ ਮਹਿੰਗੀ ਜ਼ਮੀਨ ਵੇਚ ਕੇ ਹੀ ਖਰੀਦੀਆਂ ਹੋਈਆਂ ਹਨ। ਨਾ-ਸਰਦੇ ਵਾਲਾ ਕਰਜ਼ ਚੁੱਕ ਕੇ ਲੈ ਰਿਹਾ ਹੈ। ਅੱਜ ਕੱਲ੍ਹ ਹਰ ਕੋਈ ਚਾਹੁੰਦਾ ਹੈ ਕਿ ਵਧੀਆ ਕੋਠੀ ਹੋਵੇ ਤੇ ਅੱਗੇ ਵਧੀਆ ਗੱਡੀ ਖੜ੍ਹੀ ਹੋਵੇ। ਕਮਾਈ ਦੇ ਸਾਧਨ ਨਾ ਜ਼ਿਮੀਂਦਾਰ ਪੈਦਾ ਕਰਦਾ ਹੈ, ਨਾ ਸੂਬਾ ਸਰਕਾਰ ਹੀ। ਆਦਮਨ ਨਾਲੋਂ ਵੱਧ ਖਰਚਾ ਹੋਣ ਕਰ ਕੇ ਕਿਸਾਨ ਫਾਹਾ ਲੈਂਦਾ ਹੈ। ਸਿਹਤ ਦੀ ਗੱਲ ਕਰੀਏ ਤਾਂ ਗਰੀਬ ਦੇ ਹੱਥੋਂ ਇਲਾਜ ਨਿਕਲ ਗਿਆ ਹੈ। ਸਿਹਤ ਸਹੂਲਤਾਂ ਤੋਂ ਪੰਜਾਬ ਸਾਧ ਦੇ ਲੋਟੇ ਵਾਂਗ ਮਾਂਜਿਆ ਗਿਆ ਹੈ। ਪੰਜਾਬ ਦਾ ਵਿਕਾਸ ਗੱਲਾਂ ਅਤੇ ਲਿਖਤਾਂ ਨਾਲ ਭਾਵੇਂ ਭਰਿਆ ਹੋਇਆ ਹੋਵੇ, ਪਰ ਵਿਕਾਸ ਕਿਤੇ ਨਜ਼ਰ ਨਹੀਂ ਆਉਂਦਾ।

ਕਿਸੇ ਦੇ ਅਖੰਡ ਪਾਠ ਦਾ ਭੋਗ ਪੈ ਰਿਹਾ ਹੈ। ਲੋਕ ਇਕ ਘੰਟਾ ਵੀ ਬੈਠ ਕੇ ਪਾਠ, ਕਥਾ-ਵਿਚਾਰ ਨਹੀਂ ਸੁਣਦੇ। ਪਕੌੜੇ ਖਾ ਕੇ ਕਿਥੇ ਬੈਠ ਹੁੰਦਾ ਹੈ! ਫਿਰ ਇਕ ਘੰਟੇ ਬਾਅਦ ਰੋਟੀ ਤਿਆਰ ਹੁੰਦੀ ਹੈ। ਅਖੰਡਪਾਠ ਕਰਵਾਉਣ ਵਾਲਾ ਆਏ ਹੋਏ ਸੱਜਣਾਂ ਅੱਗੇ ਹੱਥ ਜੋੜ ਕੇ ਖੜ੍ਹ ਜਾਂਦਾ ਹੈ ਤੇ ਕਹਿੰਦਾ ਹੈ- ਬਾਈ ਜੀ! ਸਾਰੇ ਪ੍ਰਸ਼ਾਦਾ ਛਕ ਕੇ ਜਾਇਓ। ਲੋਕ ਸਮੇਂ ਦੀ ਘਾਟ ਦਾ ਵਾਸਤਾ ਪਾ ਕੇ ਤੁਰ ਜਾਂਦੇ ਹਨ, ਪਰ ਗੇਟ ਅੱਗੇ ਮੰਗਤਿਆਂ ਦੇ ਇਕੱਠ ਨੂੰ ਬਗੈਰ ਕੁਝ ਦਿੱਤਿਆਂ ਭਜਾ ਦਿੱਤਾ ਜਾਂਦਾ ਹੈ।...ਕਿਉਂ ਅਸੀਂ ਰੱਜਿਆਂ ਨੂੰ ਰਜਾ ਰਹੇ ਹਾਂ? ਕਿਉਂ ਨਹੀਂ ਲੋੜਵੰਦਾਂ ਦੇ ਮੂੰਹ ਭੋਜਨ ਪਾਉਂਦੇ? ਭੋਜਨ ਦੀ ਬੇਕਦਰੀ ਜਿੰਨੀ ਮੈਰਿਜ ਪੈਲੇਸਾਂ ਵਿਚ ਹੁੰਦੀ ਹੈ, ਉਸ ਭੋਜਨ ਨਾਲ ਤਾਂ ਲੱਖਾਂ ਲੋੜਵੰਦਾਂ ਦਾ ਢਿੱਡ ਭਰਿਆ ਜਾ ਸਕਦਾ ਹੈ। ਵਿਆਹ ਵਾਲਾ ਸਾਰਾ ਪ੍ਰਬੰਧ ਮੈਰਿਜ ਪੈਲੇਸ ਵਿਚ ਹੁੰਦਾ ਹੈ ਤੇ ਘਰੋਂ ਮੰਗਤੇ ਭੁੱਖੇ ਹੀ ਮੁੜੀ ਜਾਂਦੇ ਹਨ। ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਮੰਗਤੇ ਵਸਦੇ-ਰਸਦੇ ਘਰਾਂ ਵਿਚ ਹੀ ਆਉਂਦੇ ਹਨ ਤੇ ਭੁੱਖਾ ਬੰਦਾ ਜ਼ਿੰਦਰਾ ਤੋੜਨ ਲੱਗਿਆਂ ਨਹੀਂ ਦੇਖਦਾ ਹੁੰਦਾ।

ਅਮਰੀਕਾ ਤੋਂ ਇਕ ਸੱਜਣ ਮਿੱਤਰ ਆਪਣੇ ਮੁੰਡੇ ਦਾ ਵਿਆਹ ਕਰਨ ਪੰਜਾਬ ਗਿਆ। ਕਈ ਕੁੜੀਆਂ ਦੇਖੀਆਂ, ਕਿਤੇ ਗੱਲ ਨਾ ਬਣੀ। ਕੀ ਕਾਰਨ ਹੋ ਸਕਦਾ ਸੀ ਭਲਾ? ਪਤਾ ਲੱਗਿਆ, ਮੁੰਡਾ ਵਿਕਾਊ ਕੀਤਾ ਹੋਇਆ ਸੀ। ਕੋਈ ਚਾਲੀ ਲੱਖ ਦਿੰਦਾ ਸੀ, ਕੋਈ ਪੰਜਾਹ; ਪਰ ਮੁੰਡੇ ਵਾਲੇ ਸੱਠ ਲੱਖ 'ਤੇ ਅੜੇ ਹੋਏ ਸਨ। ਮੁੰਡੇ ਦੇ ਪਿਉ ਤੋਂ ਪਤਾ ਕੀਤਾ ਕਿ ਇੰਜ ਕਿਉਂ ਕਰਦੇ ਹੋ? ਉਹ ਅੱਗਿਉਂ ਬੋਲਿਆ-ਕੁੜੀ ਦੀ ਕੀ ਗਾਰੰਟੀ, ਉਥੇ ਜਾ ਕੇ ਮੁੰਡੇ ਨੂੰ ਨਹੀਂ ਛੱਡੇਗੀ! ਜੇ ਅਸੀਂ ਸੱਠ ਲੱਖ ਲਿਆ ਹੋਊ ਤਾਂ ਇਹਦੇ ਮਾਪੇ ਵੀ ਕਹਿਣਗੇ ਕਿ ਕੁੜੀਏ ਦੇਖੀਂ, ਸਾਡੀ ਰਕਮ ਨਾ ਰੋੜ੍ਹ ਦੇਈਂ। ਜੇ ਕੁੜੀ ਨਹੀਂ ਭੱਜੇਗੀ ਤਾਂ ਮੁੰਡਾ ਇਨ੍ਹਾਂ ਪੈਸਿਆਂ ਦਾ ਉਥੇ ਘਰ ਖਰੀਦ ਲਵੇਗਾ। ਕੁੜੀ ਦੇ ਮਾਪੇ ਰੁਪਏ ਇਸ ਕਰ ਕੇ ਦਿੰਦੇ ਹਨ ਕਿ ਕੁੜੀ ਜਾਊਗੀ, ਮਗਰੇ ਅਸੀਂ ਚਾਰ ਜੀਅ ਜਾਣ ਵਾਲੇ ਬਣਾਂਗੇ। ਇਸ ਤਰ੍ਹਾਂ ਦੀਆਂ ਕਹਾਣੀਆਂ ਅੱਜ ਪੰਜਾਬ ਵਿਚ ਆਮ ਹਨ।

ਕਿਸੇ ਰਿਸ਼ਤੇਦਾਰ ਮਿੱਤਰ ਦੇ ਘਰ ਚਲੇ ਜਾਓ, ਹਰ ਘਰ ਕਿਸੇ ਨਾ ਕਿਸੇ ਡੇਰੇ ਨਾਲ ਜੁੜਿਆ ਹੈ। ਆਹ ਫਲਾਣੇ ਬਾਬਾ ਜੀ ਨੇ, ਤੇ ਆਹ ਫਲਾਣੇ। ਕੁੜੀ-ਮੁੰਡੇ ਦਾ ਰਿਸ਼ਤਾ ਕਰਨ ਲੱਗਿਆਂ ਵੀ ਇਕ-ਦੂਜੇ ਨੂੰ ਪੁੱਛਿਆ ਜਾਂਦਾ ਹੈ, ਤੁਸੀਂ ਜੀ ਕਿਹੜੇ ਡੇਰੇ ਜਾਂਦੇ ਹੋ? ਜਿੰਨਾ ਹਨ੍ਹੇਰ ਪੰਜਾਬ ਵਿਚ ਡੇਰੇ ਵਾਲਿਆਂ ਨੇ ਪਾਇਆ ਹੈ, ਪੁੱਛੋ ਕੁਝ ਨਾ। ਲੋਕ ਟਰਾਲੀਆਂ ਭਰ-ਭਰ ਤੁਰੀ ਜਾਂਦੇ ਹਨ, ਜਿਵੇਂ ਭਗਵਾਨ ਗੁਆਚ ਗਿਆ ਹੋਵੇ। ਪਿਉ ਸ਼ਰਾਬ ਪੀਈ ਜਾਂਦਾ ਹੈ, ਪੁੱਤ ਚਿੱਟੇ ਦਾ ਨਸ਼ਾ ਕਰੀ ਜਾਂਦਾ ਹੈ, ਮਾਂ ਸਾਧ ਦੇ ਗੋਡੇ ਘੁੱਟੀ ਜਾਂਦੀ ਹੈ, 'ਸਾਡੇ ਘਰੋਂ ਨਸ਼ਾ ਦੂਰ ਕਰੋ' ਤੇ ਸਾਧ ਬੀਬੀ ਤੋਂ ਪੈਸੇ ਲੁੱਟੀ ਜਾਂਦਾ ਹੈ। ਰਹਿੰਦੀ-ਖੂੰਹਦੀ ਕਮਾਈ ਆੜ੍ਹਤੀਏ ਦੀ ਲਾਲ ਬਹੀ ਹੜੱਪੀ ਜਾਂਦੀ ਹੈ। ਪਰਦੇਸੀਆਂ ਨੂੰ ਮਗਰਲਿਆਂ ਦਾ ਹੇਰਵਾ ਮਾਰੀ ਜਾਂਦਾ ਹੈ। ਮਗਰਲੇ ਕਹੀ ਜਾਂਦੇ ਹਨ, ਤੁਸੀਂ ਰੁਪਏ ਭੇਜੋ, ਇਥੇ ਸਭ ਕੁਝ ਠੀਕ-ਠਾਕ ਹੈ।

ਇਕ ਵਿਆਹ ਦੇਖਣ ਦਾ ਮੌਕਾ ਮਿਲਿਆ। ਕੁੜੀ ਮੁੰਡਾ ਇਕੱਠੇ ਐਮ.ਏ. ਕਰਦੇ ਸਨ। ਦੋਵਾਂ ਵਿਚਕਾਰ ਪਿਆਰ ਹੋ ਗਿਆ। ਗੱਲ ਵਿਆਹ ਤੱਕ ਅੱਪੜ ਗਈ। ਮੁੰਡਾ ਗੁਰਸਿੱਖ ਸੀ। ਕੁੜੀ ਨੂੰ ਵੀ ਤਿਆਰ ਕਰ ਲਿਆ ਕਿ ਉਹ ਵੀ ਅੰਮ੍ਰਿਤ ਛਕ ਲਵੇਗੀ। ਮਾਪਿਆਂ ਦਾ ਇਕਲੌਤਾ ਪੁੱਤ ਤੇ ਦੂਜੇ ਪਾਸੇ ਕੁੜੀ ਦੇ ਦੋ ਭਰਾ। ਕਹਿੰਦੇ, ਅਸੀਂ ਭੈਣ ਦਾ ਵਿਆਹ ਧੂਮ-ਧਾਮ ਨਾਲ ਕਰਨਾ ਹੈ, ਤੇ ਮੁੰਡੇ ਵਾਲੇ ਵੀ ਇੰਜ ਹੀ ਆਖਣ; ਪਰ ਮੁੰਡੇ-ਕੁੜੀ ਨੇ ਸਾਦੇ ਵਿਆਹ ਨੂੰ ਪਹਿਲ ਦਿੱਤੀ। ਪੰਦਰਾਂ ਲੱਖ ਕੁੜੀ ਨੇ ਦਾਜ ਦਾ ਲਿਆਂਦਾ ਤੇ ਮੁੰਡੇ ਨੇ ਮਾਪਿਆਂ ਤੋਂ ਵਿਆਹ ਦਾ ਕੁੱਲ ਖਰਚਾ ਦਸ ਲੱਖ ਲੈ ਲਿਆ। ਦੋਵਾਂ ਨੇ ਪੱਚੀ ਲੱਖ ਬੈਂਕ ਵਿਚ ਜਮ੍ਹਾਂ ਕਰਵਾ ਦਿੱਤਾ, ਗੁਰਦੁਆਰੇ ਮਾਪਿਆਂ ਦੀ ਮੌਜੂਦਗੀ ਵਿਚ ਵਿਆਹ ਕਰਵਾ ਲਿਆ। ਪਿੰਡ ਵਿਚ ਚਾਰ ਦਿਨ ਗੱਲਾਂ ਹੋਈਆਂ ਕਿ ਹੁਣ ਖੁਆਉਣ ਦੀ ਵਾਰੀ ਨਿੱਕਾ ਕੱਤ ਗਏ, ਪਰ ਮਗਰੋਂ ਸਾਰੇ ਕਹਿਣ-ਆਹ ਤਾਂ ਬਹੁਤ ਵਧੀਆ ਹੋਇਆ...ਸਾਨੂੰ ਵੀ ਇਸੇ ਤਰ੍ਹਾਂ ਕਰਨਾ ਚਾਹੀਦਾ ਹੈ।

ਪੰਜਾਬ ਦਾ ਇਹ ਹਾਲ ਤੁਹਾਡੇ ਨਾਲ ਸਾਂਝਾ ਕੀਤਾ ਹੈ। ਪਾਠਕ ਸਹਿਮਤ ਹੋਣ ਜਾਂ ਅਸਹਿਮਤ ਪਰ ਪੰਜਾਬ ਦੇ ਹਾਲਾਤ ਬਹੁਤੇ ਚੰਗੇ ਨਹੀਂ। ਜਿੰਨਾ ਦੁੱਖ ਸਾਨੂੰ ਇਥੇ ਪਰਦੇਸੀਆਂ ਨੂੰ ਪੰਜਾਬ ਦਾ ਹੈ, ਇੰਨਾ ਹੀ ਦੁੱਖ ਉਥੇ ਵਾਲੇ ਸਮਝਣ ਤਾਂ ਸ਼ਾਇਦ ਹਵਾ ਦਾ ਠੰਢਾ ਬੁੱਲਾ ਸਾਡੇ ਤਪਦੇ ਹਿਰਦਿਆਂ ਨੂੰ ਸ਼ਾਂਤ ਕਰ ਜਾਵੇ!

#

## ਕਾਵਿ-ਕਿਆਰੀ

### ਦੋ ਗਜ਼ਲਾਂ

(1)
ਮੇਰੀ ਹਿੱਕ ਵਿਚ ਮਾਰਨ ਖਾਤਰ ਉਸ ਦੇ ਹੱਥ ਵਿਚ ਖੰਜਰ ਹੈ।
ਕਮ ਅਕਲੇ ਨੂੰ ਕਿਹੜਾ ਦੱਸੇ, ਕੀ ਕੁਝ ਮੇਰੇ ਅੰਦਰ ਹੈ।
ਵਿਚ ਅਯੁੱਧਿਆ ਮਸਜਿਦ ਢਾਹ ਕੇ, ਬਾਬਰ ਬੇਘਰ ਕਰ ਦਿੱਤਾ,
ਤੀਨ ਲੋਕ ਦੇ ਮਾਲਕ ਖਾਤਰ, ਜਿਸ ਥਾਂ ਬਣਨਾ ਮੰਦਰ ਹੈ।
ਕਿਹੜੇ ਵੇਲੇ ਚੰਨ ਚੜ੍ਹਦਾ ਤੇ ਟੁੱਟਦੇ ਤਾਰੇ ਕਿੰਜ ਵੇਖਾਂ,
ਸੰਗ ਮਰ-ਮਰ ਦੀ ਧਰਤੀ ਉਤੇ ਕੰਕਰੀਟ ਦਾ ਅੰਬਰ ਹੈ।
ਪੜ੍ਹੀ ਪੜ੍ਹਾਈ ਕੰਮ ਨਾ ਆਈ, ਹੱਥ ਵਿਚ 'ਕੱਲੀਆਂ ਠੀਕਰੀਆਂ,
ਗਿਆਨ ਧਿਆਨ ਦੇ ਨਾਂ 'ਤੇ ਤਣਿਆ, ਕਿਨਾ ਅਜਬ ਅਡੰਬਰ ਹੈ।
ਬਾਹੂਬਲ ਹੀ ਪਰਖ ਰਿਹਾ ਸੀ, ਧੀ ਦੇ ਵਰ ਲਈ ਰਾਜਾ ਵੀ,
ਕਰੇ ਮੁਨਾਦੀ ਧਰਮੀ ਬਾਬਲ, ਓਦਾਂ ਕਹੇ ਸਵੰਬਰ ਹੈ।
ਦਿੱਲੀਏ ਤੇਰੇ ਨੱਕ ਦੇ ਥੱਲੇ, ਅਗਨੀ ਤਾਂਡਵ ਹੋਇਆ ਸੀ,
ਅਜੇ ਚੁਰਾਸੀ ਸੇਕ ਮਾਰਦਾ, ਲਾਟੋ ਲਾਟ ਨਵੰਬਰ ਹੈ।
ਰਿੱਛਾਂ ਵਾਂਗ ਨਚਾਵੇ ਸਾਨੂੰ, ਕੁਰਸੀ ਦਾ ਕਿਰਦਾਰ ਹਮੇਸ਼,
ਇਸ 'ਤੇ ਕਾਬਜ਼ ਹਰ ਯੁਗ ਅੰਦਰ ਸ਼ਾਤਰ ਬੜਾ ਕਲੰਦਰ ਹੈ।

*-ਗੁਰਭਜਨ ਗਿੱਲ*

(2)
ਇਹ ਅਜੀਬ ਜਿਹੀ ਘਟਨਾ, ਮੇਰੇ ਨਾਲ ਘਟ ਗਈ।
ਖਵਰੇ ਕਿਹੜੀ ਆਸ 'ਤੇ, ਜ਼ਿੰਦਗੀ ਕੱਟ ਗਈ।
ਮੈਂ ਆਪਣੀ ਬੁੱਕਲ ਵਿਚ, ਰੁੱਖ ਲਕੋ ਨਹੀਂ ਸਕਿਆ,
ਕੰਬਲੀ ਸੀ ਇਕ ਕੋਲ ਉਹ ਵੀ ਥਾਂ ਥਾਂ ਤੋਂ ਫਟ ਗਈ।
ਬਥੇਰਾ ਭੁਲਾ ਕੇ ਦੇਖਿਆ, ਤੇਰੇ ਕੜਵੇ ਬੋਲਾਂ ਨੂੰ,
ਪਰ ਆਖਰੀ ਸਾਹ ਤੱਕ, ਨਾ ਬੋਲਾਂ ਦੀ ਸੱਟ ਗਈ।
ਅਚਾਨਕ ਮੇਰਾ ਹੰਝੂ ਜਦ, ਤੇਲ ਵਿਚ ਰਲ ਗਿਆ,
ਬੁਝਦੇ ਜਾਂਦੇ ਦੀਵੇ ਦੀ, ਅੰਬਰਾਂ ਤੱਕ ਲਟ ਗਈ।
ਵੇਖ ਕੇ ਤਬਾਹੀ ਦੇ ਤੂਫਾਨ, ਸਾਹਵੇਂ ਆਵਾਮ ਦੇ,
ਇਹ ਜ਼ਿੰਦੜੀ ਹੈ 'ਸੈਂਪਲੇ' ਪਹਾੜ ਵਾਂਗੂ ਡੱਟ ਗਈ।

*-ਨਾਇਬ ਸਿੰਘ 'ਸੈਂਪਲੇ' ਫੋਨ: 91-98724-05203*

# ਪੰਦਰਵੀਂ ਵਰ੍ਹੇਗੰਢ ਮੁਬਾਰਕ

## ਸੰਪਾਦਕ ਦੀ ਡਾਕ

**ਪਿਆਰੇ ਅਮੋਲਕ ਸਿੰਘ,**

ਤੁਹਾਨੂੰ, ਪੰਜਾਬ ਟਾਈਮਜ਼ ਦੇ ਸਟਾਫ, ਸਥਾਈ ਲੇਖਕਾਂ, ਕਾਲਮ ਨਵੀਸਾਂ ਅਤੇ ਸਮਰਥਕਾਂ ਨੂੰ ਅਖਬਾਰ ਦੀ 15ਵੀਂ ਵਰ੍ਹੇਗੰਢ ਬਹੁਤ ਬਹੁਤ ਮੁਬਾਰਕ। ਅਦਾਰਾ ਪੰਜਾਬ ਟਾਈਮਜ਼ ਇਸ ਵੇਲੇ ਭਰ ਜੋਬਨ ਵਿਚ ਹੈ ਅਤੇ ਉਤਰੀ ਅਮਰੀਕਾ ਦੇ ਪੰਜਾਬੀ ਪਾਠਕਾਂ ਨੂੰ ਸਾਹਿਤ, ਪੰਜਾਬੀ ਸਭਿਆਚਾਰ, ਰਾਜਨੀਤੀ ਅਤੇ ਲੋਕਧਾਰਾ ਨਾਲ ਜੋੜਨ ਲਈ ਜੋ ਹੀਲੇ ਕਰ ਰਿਹਾ ਹੈ, ਉਹ ਆਪਣੇ-ਆਪ ਵਿਚ ਵਿਲੱਖਣ ਹੈ। ਸ਼ਾਇਦ ਇਸੇ ਕਰਕੇ ਅਮਰੀਕਾ ਵਿਚ ਪੰਜਾਬੀ ਪਾਠਕਾਂ ਦੀ ਇਹ ਬਿਨਾ ਸ਼ਕ ਪਹਿਲੀ ਪਸੰਦ ਹੈ। ਮੇਰੀ ਤਾਂ ਰਾਏ ਇਹ ਹੈ ਕਿ ਬਾਹਰਲੇ ਮੁਲਕਾਂ ਵਿਚ ਸ਼ਾਇਦ ਇਹ ਸਭ ਤੋਂ ਵਧੀਆ ਪੰਜਾਬੀ ਹਫਤਾਵਾਰੀ ਅਖਬਾਰ ਹੈ। ਇਸ ਅਖਬਾਰ ਨੇ ਪੱਤਰਕਾਰੀ ਦੇ ਜੋ ਮਿਆਰ ਕਾਇਮ ਕੀਤੇ ਹਨ, ਉਹ ਆਪਣੇ ਆਪ ਵਿਚ ਵਡੀ ਪ੍ਰਾਪਤੀ ਹੈ। ਸੰਨ 2000 ਵਿਚ ਸ਼ਿਕਾਗੋ ਤੋਂ ਇਕ ਛੋਟੇ ਜਿਹੇ ਪਰਚੇ ਤੋਂ ਅਰੰਭ ਹੋ ਕੇ ਸੀਮਤ ਮਾਲੀ ਸਾਧਨਾਂ ਨਾਲ ਇਸ਼ਾਇਤ ਅਤੇ ਪਾਠਕਾਂ ਦੀ ਪਸੰਦ ਬਣਨ ਤਕ ਦਾ ਸਫਰ ਇਕ ਵਡਾ ਹਾਸਲ ਹੈ, ਇਸ ਲਈ ਤੁਸੀਂ ਵਧਾਈ ਦੇ ਪਾਤਰ ਹੋ।

ਪੰਜਾਬ ਟਾਈਮਜ਼ ਮੈਂ ਜਦੋਂ ਵੀ ਪੜ੍ਹਦਾ ਹਾਂ ਤਾਂ ਮੇਰੇ ਸਾਹਮਣੇ ਇਸ ਦੇ ਸੰਪਾਦਕ (ਅਮੋਲਕ ਸਿੰਘ ਜੰਮੂ) ਦੀ ਸ਼ਕਲ ਆ ਜਾਂਦੀ ਹੈ ਜੋ ਇਕ ਐਸੇ ਇਨਸਾਨ ਦੀ ਮਾਨਸਿਕ ਤੇ ਆਤਮਿਕ ਸ਼ਕਤੀ ਦੀ ਮਿਸਾਲ ਹੈ ਜਿਸ ਨੇ ਲਾਇਲਾਜ ਰੋਗ ਦਾ ਸਾਹਮਣਾ ਕਰਦਿਆਂ ਆਪਣੀਆਂ ਸਾਰੀਆਂ ਸਰੀਰਕ ਮੁਸ਼ਕਿਲਾਂ ਦੇ ਬਾਵਜੂਦ ਕਾਮਯਾਬੀ ਦੀ ਸਿਖਰ ਵਲ ਲਗਾਤਾਰ ਕਦਮ ਵਧਾਇਆ ਹੈ। ਸੰਪਾਦਕ ਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਇਹ ਸਾਬਤ ਕਰ ਦਿਤਾ ਹੈ ਕਿ ਉਹੀ ਲੋਕ ਨਵੀਆਂ ਸ਼ਿਖਰਾਂ ਛੋਹੰਦੇ ਹਨ, ਜੋ ਲਗਾਤਾਰ ਤੁਰਦੇ ਹਨ ਅਤੇ ਜਿਨ੍ਹਾਂ ਦੀ ਸੇਧ ਉਸਾਰੂ ਅਤੇ ਸਾਰਥਕ ਹੁੰਦੀ ਹੈ। ਇਸ ਵਕਤ ਜਿਸ ਮੰਜਿਲ ਉਤੇ ਪੰਜਾਬ ਟਾਈਮਜ਼ ਪਹੁੰਚ ਚੁਕਾ ਹੈ, ਉਹ ਜਿਥੇ ਆਪ ਸਭ ਦੀ ਪ੍ਰਾਪਤੀ ਹੈ, ਉਥੇ ਚੁਣੌਤੀ ਵੀ ਹੈ। ਉਤਰੀ ਅਮਰੀਕਾ ਦੇ ਭਾਈਚਾਰੇ ਲਈ ਤੁਹਾਡਾ ਅਦਾਰਾ ਤੇ ਤੁਹਾਡੀ ਹਸਤੀ ਪ੍ਰੇਰਣਾ ਦਾ ਸ੍ਰੋਤ ਹੈ।

ਪੰਜਾਬ ਟਾਈਮਜ਼ ਦੇ ਕਾਲਮਨਵੀਸਾਂ ਵਿਚ ਦਲਜੀਤ ਅਮੀ, ਬੂਟਾ ਸਿੰਘ ਤੇ ਜਤਿੰਦਰ ਪੰਨੂ ਦੀ ਸ਼ਮੂਲੀਅਤ ਨੇ ਰਾਜਨੀਤਿਕ ਤੇ ਸਿਧਾਂਤਕ ਟਿਪਣੀਕਾਰਾਂ ਦਾ ਇਕ ਉਚਾ ਮਿਆਰ ਕਾਇਮ ਕੀਤਾ ਹੈ। ਇਨ੍ਹਾਂ ਪੱਤਰਕਾਰਾਂ ਵਿਚ ਕਿਸੇ ਘਟਨਾ ਨੂੰ ਸੰਕਲਪ ਵਿਚ ਬਦਲ ਕੇ ਪੇਸ਼ ਕਰਨ ਦੀ ਸਾਰਥਕ ਸਮਰਥਾ ਹੈ ਜਿਸ ਦੀ ਪਾਠਕ ਕਦਰ ਵੀ ਕਰਦੇ ਹਨ। ਸਾਹਿਤ ਦੇ ਖੇਤਰ ਵਿਚ ਹੋਰਨਾਂ ਤੋਂ ਇਲਾਵਾ ਗੁਰਬਚਨ ਸਿੰਘ ਭੁੱਲਰ, ਵਰਿਆਮ ਸਿੰਘ ਸੰਧੂ, ਕਾਨਾ ਸਿੰਘ, ਸੁਰਿੰਦਰ ਸੋਹਲ, ਰਵਿੰਦਰ ਸਹਿਰਾਅ ਅਤੇ ਦਵਿੰਦਰ ਗੋਰਾਇਆ ਵਰਗੇ ਲੇਖਕ ਇਸ ਦਾ ਸ਼ਿੰਗਾਰ ਹਨ। ਧਰਮ ਦੇ ਖੇਤਰ ਵਿਚ ਡਾ. ਗੁਰਨਾਮ ਕੌਰ, ਪ੍ਰੋ. ਹਰਪਾਲ ਸਿੰਘ ਅਤੇ ਬੀਬੀ ਸੁਰਜੀਤ ਕੌਰ ਦਾ ਵਿਲੱਖਣ ਮੁਕਾਮ ਹੈ। ਇਨ੍ਹਾਂ ਦੀਆਂ ਲਿਖਤਾਂ ਗੁਰਬਾਣੀ ਗਿਆਨ ਦਾ ਵਡਮੁੱਲਾ ਸ੍ਰੋਤ ਹਨ। ਡਾ. ਹਰਪਾਲ ਸਿੰਘ ਪਨੂੰ ਆਪਣੀ ਨਿਵੇਕਲੀ ਲਿਖਣ ਸ਼ੈਲੀ ਰਾਹੀਂ ਲੋਹੇ ਨੂੰ ਚੁੰਬਕ ਦੇ ਖਿਚਣ ਵਾਂਗ ਪਾਠਕ ਨੂੰ ਖਿਚਦਾ ਹੈ। ਜਿਸ ਤਰ੍ਹਾਂ ਡਾ. ਪੰਨੂ ਨੇ ਵੱਖ ਵੱਖ ਮਸਲਿਆਂ ਅਤੇ ਲਹਿਰਾਂ ਬਾਰੇ ਲੇਖ ਦਿਲਚਸਪ ਬਣਾ ਕੇ ਲਿਖੇ ਹਨ, ਉਸ ਨਾਲ ਪਾਠਕ ਜਦੋਂ ਇਕ ਵਾਰ ਲੇਖ ਪੜ੍ਹਨਾ ਅਰੰਭ ਕਰਦਾ ਹੈ ਤਾਂ ਖਤਮ ਕਰ ਕੇ ਹੀ ਰੁਕਦਾ ਹੈ। ਤਰਲੋਚਨ ਸਿੰਘ ਦੁਪਾਲਪੁਰ, ਐਸ ਅਸ਼ੋਕ ਭੌਰਾ ਅਤੇ ਮੇਜਰ ਕੁਲਾਰ ਦਾ ਆਪਣਾ ਇਕ ਪਾਠਕ ਵਰਗ ਹੈ ਜੋ ਉਨ੍ਹਾਂ ਦੀਆਂ ਲਿਖਤਾਂ ਨੂੰ ਬੇਸਬਰੀ ਨਾਲ ਉਡੀਕਦਾ ਹੈ। ਗੁਰਦਿਆਲ ਸਿੰਘ ਬਲ ਦੀਆਂ ਲਿਖਤਾਂ ਵਿਚੋਂ ਉਸ ਦੀ ਬੌਧਿਕ ਸਮਰੱਥਾ ਸਾਫ ਝਲਕਦੀ ਹੈ। ਗੁਲਜ਼ਾਰ ਸਿੰਘ ਸੰਧੂ ਅਤੇ ਪ੍ਰਿੰਸੀਪਲ ਸਰਵਣ ਸਿੰਘ ਵੀ ਕਿਸੇ ਗੱਲੋਂ ਘੱਟ ਨਹੀਂ ਹਨ।

ਬਲਜੀਤ ਬਾਸੀ ਹਰ ਹਫਤੇ ਆਪਣੇ ਕਾਲਮ 'ਸ਼ਬਦ ਝਰੋਖਾ' ਵਿਚ ਜਿਸ ਤਰ੍ਹਾਂ ਸ਼ਬਦਾਂ ਦੀਆਂ ਪਰਤਾਂ ਫੋਲਦਾ ਹੈ, ਉਹ ਕਾਬਿਲੇ-ਤਾਰੀਫ ਹੈ। ਮੈਂ ਸਮਝਦਾ ਹਾਂ ਕਿ ਜਿੰਨੇ ਲੇਖਕ ਤੇ ਕਾਲਮਨਵੀਸ ਪੰਜਾਬ ਟਾਈਮਜ਼ ਨਾਲ ਪੱਕੇ ਜੁੜੇ ਹੋਏ ਹਨ, ਉਨੇ ਸ਼ਾਇਦ ਕਿਸੇ ਵੀ ਹੋਰ ਪੰਜਾਬੀ ਹਫਤਾਵਾਰੀ ਪਰਚੇ ਨਾਲ ਨਹੀਂ ਜੁੜੇ ਹੋਣਗੇ। ਕਾਮਨਾ ਹੈ ਕਿ ਸਾਡਾ ਇਹ ਹਰਮਨ ਪਿਆਰਾ ਅਖਬਾਰ ਜਿੰਮੇਵਾਰ ਪੱਤਰਕਾਰੀ ਦੇ ਅਸੂਲਾਂ 'ਤੇ ਅਡੋਲ ਚਲਦਾ ਰਹੇ।

*-ਪ੍ਰਿੰ. ਨਿਰੰਜਨ ਸਿੰਘ ਢੇਸੀ*
*(ਰਿਟਾਇਰਡ)*
*ਫੋਨ: 317-471-9404*




# ਮੀਂਹ ਜਾਵੇ, ਅਨ੍ਹੇਰੀ ਜਾਵੇ

*ਸੰਤ ਸਿੰਘ ਸੇਖੋਂ ਪੰਜਾਬੀ ਦਾ ਸਰਬਾਂਗੀ ਰਚਨਾਕਾਰ ਸੀ। ਸਾਹਿਤ ਜਗਤ ਵਿਚ ਉਹਦਾ ਨਾਂ ਭਾਵੇਂ ਸਾਹਿਤ ਆਲੋਚਕ ਕਰ ਕੇ ਵਧੇਰੇ ਪ੍ਰਸਿੱਧ ਹੈ, ਪਰ ਉਹਨੇ ਮੌਲਿਕ ਰਚਨਾਕਾਰੀ ਵਿਚ ਵੀ ਆਪਣੀ ਪ੍ਰਤਿਭਾ ਦੇ ਝੰਡੇ ਗੱਡੇ ਅਤੇ ਕਹਾਣੀ, ਨਾਵਲ ਤੇ ਨਾਟਕ ਦੇ ਖੇਤਰ ਵਿਚ ਕਈ ਮਿਸਾਲੀ ਰਚਨਾਵਾਂ ਦਿੱਤੀਆਂ। ਉਹਦੀ ਕਹਾਣੀ 'ਪੇਮੀ ਦੇ ਨਿਆਣੇ' ਨੂੰ ਤਾਂ ਸੰਸਾਰ ਪੱਧਰ ਦੀ ਰਚਨਾ ਮੰਨਿਆ ਜਾਂਦਾ ਹੈ। 'ਮੀਂਹ ਜਾਵੇ, ਅਨ੍ਹੇਰੀ ਜਾਵੇ' ਵਿਚ ਉਹਨੇ ਪਿੰਡ ਦਾ ਜਿਹੜਾ ਮਾਹੌਲ ਸਿਰਜਿਆ ਹੈ, ਉਹ ਬੜਾ ਸਜੀਵ ਹੈ। ਇਸ ਕਹਾਣੀ ਦੇ ਪਾਤਰ ਆਲੇ-ਦੁਆਲੇ ਘੁੰਮਦੇ ਜਿਉੜੇ ਹੀ ਜਾਪਦੇ ਹਨ। -ਸੰਪਾਦਕ*

**ਸੰਤ ਸਿੰਘ ਸੇਖੋਂ**

ਜਦੋਂ ਦਾ ਮੰਗਲ ਸਿੰਘ ਫੌਜ ਵਿਚ ਭਰਤੀ ਹੋ ਗਿਆ ਸੀ, ਬਸੰਤ ਕੌਰ ਨੂੰ ਮੱਝ ਲਈ ਪੱਠੇ ਖੇਤੋਂ ਆਪ ਲਿਆਉਣੇ ਪੈ ਗਏ ਸਨ। ਪਿਛਲੇ ਛੇ ਮਹੀਨਿਆਂ ਵਿਚ ਦੋ ਬਰਸਾਤ ਦੇ ਸਨ, ਜਦੋਂ ਬੰਜਰਾਂ ਵਿਚ ਘਾਹ ਇਤਨਾ ਉਗਿਆ ਹੋਇਆ ਸੀ ਕਿ ਮੱਝਾਂ ਨੂੰ ਚਾਰ ਕੇ ਲਿਆਉਣ ਤੋਂ ਪਿਛੋਂ ਬਹੁਤਾ ਤੂੜੀ ਪੱਠਾ ਪਾਉਣ ਦੀ ਲੋੜ ਨਹੀਂ ਸੀ ਤੇ ਬਸੰਤ ਕੌਰ ਦੀ ਮੱਝ, ਜੋ ਦੁੱਧੋਂ ਨੱਸ ਚੁੱਕੀ ਸੀ, ਨੂੰ ਤਾਂ ਬੰਜਰਾਂ ਵਿਚ ਚਰਨ ਤੋਂ ਬਿਨਾਂ ਹੋਰ ਕੁਝ ਪਾਇਆ ਵੀ ਨਹੀਂ ਸੀ ਜਾਂਦਾ। ਚਾਰ ਇਸ ਨੂੰ ਵਾਗੀ ਮੁੰਡਾ ਲੈ ਆਉਂਦਾ ਸੀ ਜਿਸ ਨੂੰ ਦੋ ਰੁਪਏ ਮਹੀਨਾ ਦਿੱਤੇ ਜਾਂਦੇ ਸਨ, ਪਰ ਪਿਛਲੇ ਦੋ ਮਹੀਨਿਆਂ ਤੋਂ ਜਦੋਂ ਦੀ ਮੱਝ ਸੂ ਪਈ ਸੀ ਅਤੇ ਸਿਆਲ ਦੀ ਰੁੱਤ ਆ ਰਹੀ ਸੀ, ਇਸ ਨੂੰ ਮੱਕੀ ਦੇ ਪੱਠੇ ਪਾਉਣੇ ਬਹੁਤ ਜ਼ਰੂਰੀ ਹੋ ਗਏ ਸਨ ਜੋ ਵਟਾਈ ਉਤੇ ਦਿੱਤੇ ਖੇਤਾਂ ਵਿਚੋਂ ਬਸੰਤ ਕੌਰ ਨੂੰ ਆਪ ਲਿਆਉਣੇ ਪੈਂਦੇ ਸਨ।

ਬਸੰਤ ਕੌਰ ਦੀ ਸੱਸ, ਬੁੱਢੀ ਮਹਾਂ ਕੌਰ ਨੂੰ ਅੱਖਾਂ ਤੋਂ ਥੋੜ੍ਹਾ ਦਿਸਦਾ ਸੀ ਤੇ ਸ਼ਾਇਦ ਇਸੇ ਕਰ ਕੇ ਉਸ ਨੂੰ ਬਸੰਤ ਕੌਰ ਦੇ ਬਾਹਰ ਖੇਤ ਵਿਚੋਂ ਇਕੱਲੀ ਪੱਠੇ ਲੈਣ ਜਾਣ ਉਤੇ ਬਹੁਤ ਧੁੜਕੂ ਲਗਿਆ ਰਹਿੰਦਾ ਸੀ। ਜੇ ਉਸ ਦੀਆਂ ਅੱਖਾਂ ਦੀ ਜੋਤ ਠੀਕ ਹੁੰਦੀ ਤਾਂ ਉਹ ਸ਼ਾਇਦ ਘਰ ਤੋਂ ਲੈ ਕੇ ਖੇਤ ਤੱਕ ਬਸੰਤ ਕੌਰ ਦੇ ਰਾਹ ਦੀ ਰਾਖੀ ਕਰ ਸਕਦੀ, ਪਰ ਹੁਣ ਤਾਂ ਉਸ ਨੂੰ ਚੁੱਲ੍ਹੇ ਚੌਂਕੇ ਵਿਚ ਪਈਆਂ ਚੀਜ਼ਾਂ ਵੀ ਘੱਟ ਹੀ ਦਿਸਦੀਆਂ ਸਨ।

"ਪੁੱਤ, ਜ਼ਮਾਨਾ ਬੜਾ ਭੈੜਾ ਆ ਗਿਆ ਏ। ਆਪਣੀ ਪਤ ਆਪੇ ਸੰਭਾਲਣ ਦੀਓ ਈ ਐ", ਉਹ ਬਸੰਤ ਕੌਰ ਨੂੰ ਤਾੜਨਾ ਕਰਦੀ।

"ਕੋਈ ਫਿਕਰ ਨਾ ਕਰ ਬੇਬੇ। ਕੋਈ ਜੰਮਿਆ ਨੀ ਅੱਖ ਚੱਕ ਕੇ ਦੇਖਣ ਵਾਲਾ ਮੈਨੂੰ", ਬਸੰਤ ਕੌਰ ਦਿਲਜਮੀ ਨਾਲ ਉਤਰ ਦਿੰਦੀ।

"ਆਹੋ ਪੁੱਤ, ਆਪਣਾ ਮਨ ਚੰਗਾ ਹੋਵੇ ਤਾਂ ਕਿਸੇ ਦੀ ਕੀ ਮਜਾਲ ਐ।"

ਬਸੰਤ ਕੌਰ ਦਾ ਮਨ ਹਾਲੀ ਤੱਕ ਠੀਕ ਹੀ ਚੰਗਾ ਸੀ, ਪਰ ਜਾਗੀਰਦਾਰ ਹਰਦਿਆਲ ਸਿੰਘ ਦੇ ਪੁੱਤਰ ਗੁਰਦੇਵ ਸਿੰਘ ਦਾ ਮਨ ਚੰਗਾ ਨਹੀਂ ਸੀ। ਪਿਛਲੇ ਪੰਦਰਾਂ ਕੁ ਦਿਨਾਂ ਤੋਂ ਜਦੋਂ ਤੋਂ ਉਸ ਨੂੰ ਬਸੰਤ ਕੌਰ ਦੇ ਪੱਠਿਆਂ ਨੂੰ ਜਾਣ ਦੇ ਰਾਹ ਅਤੇ ਵੇਲੇ ਦਾ ਪੱਕ ਹੋ ਚੁਕਿਆ ਸੀ, ਉਹ ਰੋਜ਼ ਬਸੰਤ ਕੌਰ ਨੂੰ ਅੱਗੇ-ਪਿਛੇ ਰਾਹ ਵਿਚ ਮਿਲਦਾ ਅਤੇ ਖੰਘੂਰਾ ਮਾਰ ਕੇ ਲੰਘਦਾ ਸੀ। ਬਸੰਤ ਕੌਰ ਦਾ ਮਨ ਭਾਵੇਂ ਸਾਫ ਸੀ, ਉਸ ਨੂੰ ਗੁਰਦੇਵ ਸਿੰਘ ਦੇ ਇਸ ਤਰ੍ਹਾਂ ਰੋਜ਼ ਉਸ ਨੂੰ ਰਾਹ ਵਿਚ ਟੱਕਰਨ ਅਤੇ ਖੰਘੂਰਾ ਮਾਰਨ ਤੋਂ ਕੋਈ ਏਡਾ ਰੋਸ ਨਹੀਂ ਸੀ ਚੜ੍ਹਦਾ। ਇਸ ਨਾਲ ਸਗੋਂ ਉਸ ਦੇ ਮਨ ਵਿਚ ਇਕ ਤਰ੍ਹਾਂ ਦਾ ਅਭਿਮਾਨ ਜਿਹਾ ਉਪਜਦਾ ਸੀ। ਉਸ ਦਾ ਮਨ ਅੰਦਰੋ-ਅੰਦਰ ਗੁਰਦੇਵ ਸਿੰਘ ਦੀ ਇਸ ਵਿਅਰਥ ਚੇਸ਼ਟਾ ਉਤੇ ਮੁਸਕਰਾਂਦਾ ਸੀ, ਇਕ ਤੈਰਾਕ ਵਾਕਰ ਜਿਸ ਨੂੰ ਨਦੀ ਦੀ ਲਹਿਰ ਦੇ ਚੜ੍ਹਾਉ ਤੋਂ ਸਗੋਂ ਆਪਣੀ ਸ਼ਕਤੀ ਉਤੇ ਮਾਣ ਉਪਜਦਾ ਹੈ। ਬਸੰਤ ਕੌਰ ਉਸ ਦੇ ਅਤੇ ਉਸ ਦੇ ਖੰਘੂਰੇ ਦੇ ਪਾਸੋਂ ਅਡੋਲ ਲੰਘ ਕੇ ਹਰ ਰੋਜ਼ ਇਕ ਤਰ੍ਹਾਂ ਦੇ ਜਿੱਤ ਭਾਵ ਨਾਲ ਘਰ ਆਉਂਦੀ ਸੀ।

---

ਮੰਗਲ ਸਿੰਘ ਆਪਣੀ ਮਾਂ ਮਹਾਂ ਕੌਰ ਅਤੇ ਪਤਨੀ ਬਸੰਤ ਕੌਰ ਦੀ ਮਰਜ਼ੀ ਦੇ ਉਲਟ ਫੌਜ ਵਿਚ ਭਰਤੀ ਹੋਇਆ ਸੀ। ਭਰਤੀ ਨਾ ਹੁੰਦਾ ਤਾਂ ਕੀ ਕਰਦਾ? ਫਸਲਾਂ ਦੇ ਭਾਅ ਭਾਵੇਂ ਚੋਖੇ ਚੜ੍ਹੇ ਹੋਏ ਸਨ, ਫਿਰ ਵੀ ਪੰਝੀ ਕੱਚੇ ਵਿਘੇ ਭੋਇੰ ਵਿਚੋਂ ਉਹ ਕੀ ਕਮਾ ਸਕਦਾ ਸੀ? ਮਿੱਟੀ ਨਾਲ ਮਿੱਟੀ ਹੋ ਕੇ ਕੰਮ ਤਾਂ ਭਾਵੇਂ ਉਹ ਕਰਦਾ ਸੀ, ਪਰ ਉਹ ਅਤਿ ਗਰੀਬੀ ਦਾ ਜੀਵਨ ਜੋ ਇਸ ਮਿੱਟੀ ਵਿਚੋਂ ਪ੍ਰਾਪਤ ਹੋ ਸਕਦਾ ਸੀ, ਉਸ ਨੂੰ ਸੰਤੁਸ਼ਟ ਨਹੀਂ ਸੀ ਕਰ ਸਕਿਆ। ਪਿਛਲੇ ਚਾਰ ਵਰ੍ਹਿਆਂ ਵਿਚ ਉਸ ਦੇ ਸਿਰ ਹਜ਼ਾਰ ਦੇ ਕਰੀਬ ਕਰਜ਼ਾ ਹੋ ਗਿਆ ਸੀ। ਤੇ ਜੇ ਉਹ ਇਸੇ ਤਰ੍ਹਾਂ ਚਲਦਾ ਰਹਿੰਦਾ ਤਾਂ ਹੋਰ ਪੰਜਾਂ ਕੁ ਸਾਲਾਂ ਵਿਚ ਉਸ ਨੂੰ ਪਿਉ-ਦਾਦੇ ਦੀ ਭੋਇੰ ਤੋਂ ਵੀ ਹੱਥ ਧੋਣੇ ਪੈਣੇ ਸਨ। ਸੋ ਹਾਰ ਹੁੱਟ ਕੇ ਉਹ ਫੌਜ ਵਿਚ ਭਰਤੀ ਜਾ ਹੋਇਆ ਸੀ। ਉਸ ਨਾਲ ਉਸ ਦਾ ਕਰਜ਼ੇ ਦਾ ਭਾਰ ਵੀ ਹੌਲਾ ਹੋ ਗਿਆ ਸੀ। ਢੱਗੇ-ਢਾਂਡੇ ਵੇਚ ਕੇ ਉਸ ਨੇ ਕਰਜ਼ੇ ਵਿਚੋਂ ਪੰਜ ਸੌ ਉਤਾਰ ਵੀ ਦਿੱਤਾ ਸੀ।

ਪਰ ਘਰ ਵਿਚ ਭੋਇੰ ਤੋਂ ਵੀ ਵਧੇਰੇ ਦੌਲਤ ਸੀ ਬਸੰਤ ਕੌਰ, ਜਿਸ ਦਾ ਬੁੱਢੀ ਮਹਾਂ ਕੌਰ ਨੂੰ ਬਹੁਤ ਫਿਕਰ ਸੀ। ਜੇ ਮਹਾਂ ਕੌਰ ਦੀਆਂ ਅੱਖਾਂ ਠੀਕ ਹੁੰਦੀਆਂ ਤਾਂ ਉਸ ਨੂੰ ਏਡਾ ਫ਼ਿਕਰ ਨਾ ਹੁੰਦਾ, ਪਰ ਹੁਣ ਤਾਂ ਉਹ ਬਸੰਤ ਕੌਰ ਨੂੰ ਜਾਣੋਂ ਬਿਲਕੁਲ ਹੀ ਉਘਾੜ ਪਈ ਵਸਤ ਸਮਝਦੀ ਸੀ। ਉਹ ਅਗਲੇ ਪੰਜ ਸਾਲ ਕਿਸਮਤ ਨੂੰ ਪਰਤਿਆਉਣ ਲਈ ਤਿਆਰ ਸੀ। ਉਹ ਹੋਰ ਗਰੀਬੀ ਵਿਚ ਜੀ ਲੈਣ ਨੂੰ ਤਿਆਰ ਸੀ, ਜੇ ਮੰਗਲ ਸਿੰਘ ਘਰ ਰਹਿ ਕੇ ਬਸੰਤ ਕੌਰ ਦੀ ਰਾਖੀ ਰੱਖੇ, ਪਰ ਮੰਗਲ ਸਿੰਘ ਨਹੀਂ ਸੀ ਮੰਨਿਆ।

ਬਸੰਤ ਕੌਰ ਨੇ ਵੀ ਅੱਖਾਂ ਕਈ ਦਿਨ ਹੰਝੂਆਂ ਵਿਚ ਡੁਬਾਈ ਰੱਖੀਆਂ ਸਨ, ਜਦੋਂ ਮੰਗਲ ਸਿੰਘ ਭਰਤੀ ਹੋ ਕੇ ਘਰੋਂ ਚਲਿਆ ਗਿਆ ਸੀ; ਪਰ ਦੋ ਕੁ ਮਹੀਨੇ ਬਾਅਦ ਉਸ ਦੇ ਪੰਜਾਹ ਰੁਪਏ ਮਨੀਆਰਡਰ ਰਾਹੀਂ ਆ ਗਏ ਸਨ ਜਿਨ੍ਹਾਂ ਵਿਚੋਂ ਵੀਹਾਂ ਕੁ ਦੇ ਮਹਾਂ ਕੌਰ ਨੇ ਬਸੰਤ ਕੌਰ ਨੂੰ ਅਤੇ ਉਸ ਦੀ ਸਾਲ ਕੁ ਦੀ ਧੀ ਨੂੰ ਸਿਆਲ ਆਉਂਦਾ ਦੇਖ ਕੇ ਮੋਟੇ ਕੱਪੜੇ ਸੰਵਾ ਦਿੱਤੇ ਸਨ ਤੇ ਇਕ ਸੂਟ ਜ਼ਰਾ ਪਤਲੇ ਕਪੜੇ ਦਾ ਬਸੰਤ ਕੌਰ ਨੇ ਆਪਣੀ ਪਸੰਦ ਦਾ ਵੀ ਸੰਵਾ ਲਿਆ ਸੀ ਤੇ ਹੋਰ ਵੀਹਾਂ ਕੁ ਦੇ ਖਲ-ਵੜੇਵੇਂ ਆਦਿ ਮੱਝ ਲਈ ਆ ਗਏ ਸਨ ਜਿਨ੍ਹਾਂ ਸਦਕਾ ਘਰ ਵਿਚ ਘਿਉ ਦਾ ਪੀਪਾ ਰੋਜ਼-ਬਰੋਜ਼ ਭਰਦਾ ਜਾ ਰਹਿਆ ਸੀ।

ਜਦੋਂ ਗੁਰਦੇਵ ਸਿੰਘ ਅਤੇ ਬਸੰਤ ਕੌਰ ਨੂੰ ਰਾਹ ਵਿਚ ਟੱਕਰਦਿਆਂ ਪੰਦਰਾਂ ਕੁ ਦਿਨ ਲੰਘ ਗਏ ਤਾਂ ਬਸੰਤ ਕੌਰ ਨੂੰ ਮਹਿਸੂਸ ਹੋਣ ਲੱਗਿਆ ਕਿ ਉਸ ਦੇ ਕੱਪੜੇ ਭਾਵੇਂ ਇਹ ਉਸ ਨੇ ਦੋ-ਤਿੰਨ ਵਾਰੀ ਹੀ ਧੋਤੇ ਸਨ, ਕੁਝ ਵਧੇਰੇ ਹੀ ਉਦਾਸ ਪੈ ਗਏ ਸਨ। ਸੋ, ਸੋਲ੍ਹਵੇਂ ਕੁ ਦਿਨ ਉਸ ਨੇ ਆਪਣਾ ਸੂਟ ਬਦਲ ਲਿਆ।

ਇਸ ਦਿਨ ਉਹ ਨ੍ਹਾਤੀ ਵੀ ਜ਼ਰਾ ਵਧੇਰੇ ਸ਼ੌਕ ਨਾਲ ਸੀ। ਤੇ ਜਦੋਂ ਉਹ ਖੇਤ ਨੂੰ ਜਾ ਰਹੀ ਸੀ ਤਾਂ ਉਸ ਦੇ ਮਨ ਨੇ ਉਸ ਨੂੰ ਮਖੌਲ ਜਿਹੇ ਨਾਲ ਆਖਿਆ ਸੀ, ਅੱਜ ਗੁਰਦੇਵ ਸਿੰਘ ਦੇ ਸੰਘ ਵਿਚੋਂ ਖੰਘੂਰਾ ਨਹੀਂ, ਹਉਕਾ ਨਿਕਲੇਗਾ।

ਤੇ ਹੋਇਆ ਵੀ ਕੁਝ ਇਸੇ ਤਰ੍ਹਾਂ। ਜਦੋਂ ਗੁਰਦੇਵ ਸਿੰਘ ਅਤੇ ਬਸੰਤ ਕੌਰ ਰਾਹ ਵਿਚ ਮਿਲੇ ਤਾਂ ਗੁਰਦੇਵ ਸਿੰਘ ਨੇ ਖੰਘੂਰਾ ਕੋਈ ਨਾ ਮਾਰਿਆ। ਕੁਝ ਹੌਸਲਾ ਕਰ ਕੇ ਉਹ ਬੋਲਿਆ, "ਬਸੰਤ ਕੌਰੇ, ਅੱਜ ਕਿਧਰੇ ਮੰਗਲ ਸਿਹੁੰ ਤਾਂ ਨਹੀਂ ਆਇਆ?"

"ਨਹੀਂ ਜੀ", ਬਸੰਤ ਕੌਰ ਨੇ ਸ਼ਰਮਾਂਦੀ-ਸ਼ਰਮਾਂਦੀ ਨੇ ਜਵਾਬ ਦਿੱਤਾ।

"ਤਾਂ ਫੇਰ ਕੱਲ੍ਹ ਆਉਣਾ ਹੋਊ।"

ਬਸੰਤ ਕੌਰ ਉਸੇ ਧੀਮੀ 'ਵਾਜ ਅਤੇ ਨੀਵੀਆਂ ਅੱਖਾਂ ਨਾਲ ਜਵਾਬ ਦੇ ਕੇ ਲੰਘ ਗਈ।

ਇਸ ਤੋਂ ਤੀਜੇ ਕੁ ਦਿਨ ਗੁਰਦੇਵ ਸਿੰਘ ਐਨ ਉਸ ਵੇਲੇ ਬਸੰਤ ਕੌਰ ਕੋਲ ਖੇਤ ਵਿਚ ਆ ਗਿਆ ਜਦੋਂ ਉਹ ਪੱਠੇ ਵੱਢ ਕੇ ਭਰੀ ਚੁੱਕਣ ਦੀ ਸਲਾਹ ਕਰ ਰਹੀ ਸੀ। ਬਿਨਾਂ ਬੁਲਾਏ ਹੀ ਗੁਰਦੇਵ ਸਿੰਘ ਨੇ ਆ ਕੇ ਪੱਠਿਆਂ ਦੀ ਭਰੀ ਬਸੰਤ ਕੌਰ ਦੇ ਸਿਰ ਉਤੇ ਚੁਕਾ ਦਿੱਤੀ। ਬਸੰਤ ਕੌਰ ਦਾ ਲਹੂ ਜਾਣੋਂ ਉਸ ਦੀਆਂ ਨਾੜੀਆਂ ਵਿਚ ਜੰਮ ਗਿਆ। ਉਹ ਬੋਲੀ-ਚਾਲੀ ਕੁਝ ਨਾ ਅਤੇ ਪੱਠੇ ਚੁੱਕ ਕੇ ਘਰ ਨੂੰ ਆ ਗਈ।

ਘਰ ਆਉਂਦੀ ਨੂੰ ਉਹੋ ਹੀ ਮਹਾਂ ਕੌਰ ਦੀ ਨਿੱਤ ਦਿਹਾੜੀ ਵਾਲੀ ਤਾੜਨਾ ਹੋਈ-"ਦੇਖੀਂ ਪੁੱਤ, ਕਿਸੇ ਦੇ ਝਾਂਸੇ ਵਿਚ ਆ ਕੇ ਘਰ ਨੂੰ ਲਾਜ ਨਾ ਲਵਾ ਦੇਈਂ। ਸਾਡੇ ਪਿੰਡ ਦਾ ਰਵੱਈਆ ਕੁਝ ਚੰਗਾ ਨ੍ਹੀਂ। ਤੇ ਇਹ ਜਾਗੀਰਦਾਰਾਂ ਦਾ ਮੁੰਡਾ ਤਾਂ ਕਿਸੇ ਦੇ ਸਾਧਣ ਦਾ ਹੈ ਨ੍ਹੀਂ।"

ਬਸੰਤ ਕੌਰ ਦੇ ਇਹ ਗੱਲ ਖਾਨੇ ਤਾਂ ਲੱਗੀ, ਪਰ ਉਹ ਆਪਣੇ ਆਪ ਨੂੰ ਕੁੜੱਕੀ ਵਿਚ ਫਸੀ ਮਹਿਸੂਸ ਕਰ ਰਹੀ ਸੀ। ਜੇ ਰੱਬ ਇਸ ਮੁੰਡੇ ਨੂੰ ਆਪ ਹੀ ਸੁਮੱਤ ਦੇਵੇ ਤਾਂ ਚੰਗਾ ਏ, ਉਸ ਨੇ ਸੋਚਿਆ। ਉਸ ਨੇ ਪੰਜ ਪੈਸੇ ਦੇ ਪਤਾਸੇ ਸੁੱਖੇ, ਜੇ ਕੱਲ੍ਹ ਤੋਂ ਗੁਰਦੇਵ ਸਿੰਘ ਉਸ ਦਾ ਪਿੱਛਾ ਛੱਡ ਦੇਵੇ। ਮਹਾਂ ਕੌਰ ਦੀ ਉਸ ਨੇ ਅੱਗੇ ਵਾਂਗ ਹੀ ਦ੍ਰਿੜ੍ਹਤਾ ਭਰੇ ਉਤਰ ਨਾਲ ਤਸੱਲੀ ਕਰਵਾ ਦਿੱਤੀ।

ਪਰ ਕੱਪੜੇ-ਲੱਤੇ ਦੀ ਚੌਂਫ਼ ਬਸੰਤ ਕੌਰ ਦੀ ਕੋਈ ਨਾ ਘਟੀ। ਦੂਜੇ ਨਹੀਂ ਤਾਂ ਤੀਜੇ ਦਿਨ ਤਾਂ ਉਹ ਜ਼ਰੂਰ ਸੂਟ ਬਦਲਦੀ।

ਇਕ ਦਿਨ ਤਾਂ ਇਕ ਗੁਆਂਢਣ ਨੇ ਆਖ ਹੀ ਦਿੱਤਾ, "ਕੁੜੇ...ਪੱਠਿਆਂ ਨੂੰ ਚੱਲੀ ਐਂ ਕਿ ਤੀਆਂ 'ਤੇ।" ਪਰ ਬਸੰਤ ਕੌਰ ਨੇ ਹੱਸ ਕੇ ਗੱਲ ਟਾਲ ਦਿੱਤੀ।

ਫਿਰ ਵੀ ਬਸੰਤ ਕੌਰ ਆਪਣੇ ਪੱਠਿਆਂ ਨੂੰ ਜਾਣ ਦੇ ਵੇਲੇ ਵਿਚ ਥੋੜ੍ਹੇ ਬਹੁਤ ਮਿੰਟਾਂ ਦੀ ਬਦਲੀ ਜ਼ਰੂਰ ਨਿੱਤ ਕਰ ਦਿੰਦੀ। ਤੇ ਇਸ ਤਰ੍ਹਾਂ ਕਈ ਵਾਰੀ ਗੁਰਦੇਵ ਸਿੰਘ ਉਸ ਨੂੰ ਭਰੀ ਚੁਕਾਉਣ ਵੇਲੇ ਨਾ ਮਿਲ ਸਕਦਾ। ਉਨ੍ਹਾਂ ਦੀ ਅੱਗੇ ਪਿਛੇ ਰਾਹ ਵਿਚ ਹੀ ਟੱਕਰ ਹੋ ਜਾਂਦੀ।

ਪੰਦਰਾਂ ਵੀਹ ਦਿਨ ਇਸ ਤਰ੍ਹਾਂ ਜਿਉਂ-ਤਿਉਂ ਕਰ ਕੇ ਲੰਘ ਗਏ ਤਾਂ ਮੰਗਲ ਸਿੰਘ ਦੀ ਚਿੱਠੀ ਆ ਗਈ ਕਿ ਉਹ ਹੋਰ ਪੰਦਰਾਂ ਕੁ ਦਿਨ ਤੱਕ ਮਹੀਨੇ ਦੀ ਛੁੱਟੀ ਆਵੇਗਾ। ਮਹਾਂ ਕੌਰ ਦੀ ਤਾਂ ਜਾਨ ਵਿਚ ਜਾਨ ਪੈ ਗਈ। ਬਸੰਤ ਕੌਰ ਦੇ ਭਾਵਾਂ ਨੂੰ ਵੀ ਸੁਭਾਵਕੀ ਹਿਲੂਣਾ ਆ ਗਿਆ। ਉਸ ਦੇ ਦਿਨ ਰਾਤ ਉਡੀਕ ਵਿਚ ਲੰਘਣ ਲਗੇ ਤੇ ਗੁਰਦੇਵ ਸਿੰਘ ਦੇ ਲਛਣਾਂ ਤੋਂ ਵੀ ਉਸ ਦਾ ਮਨ ਕੁਝ ਖਿਝਣ ਜਿਹਾ ਲੱਗ ਪਿਆ। ਦੋ ਚਾਰ ਵਾਰੀ ਤਾਂ ਉਸ ਨੇ ਗੁਰਦੇਵ ਸਿੰਘ ਪਾਸੋਂ ਭਰੀ ਚੁਕਾਉਣ ਤੋਂ ਨਾਂਹ ਵੀ ਕਰ ਦਿੱਤੀ।

ਇਕ ਦਿਨ ਜਦੋਂ ਗੁਰਦੇਵ ਸਿੰਘ ਨੇ ਉਸ ਨੂੰ ਭਰੀ ਚੁਕਾਈ ਤਾਂ ਪਿਛੋਂ ਉਸ ਦੇ ਹੱਥਾਂ ਨੂੰ ਹੱਥ ਲਾ ਦਿੱਤਾ ਜਿਸ ਉਤੇ ਉਸ ਨੇ ਖਿਝ ਕੇ ਗੁਰਦੇਵ ਸਿੰਘ ਨੂੰ ਕੁਝ ਬੁਰਾ ਭਲਾ ਵੀ ਭਾਸਰਿਆ ਜਿਸ ਨੂੰ ਗੁਰਦੇਵ ਸਿੰਘ ਨੇ ਮੁਸਕਰਾ ਕੇ ਸਵੀਕਾਰ ਕਰ ਲਿਆ, ਪਰ ਪਹਿਰਾਵੇ ਬਾਰੇ ਬਸੰਤ ਕੌਰ ਦੀ ਚੌਂਫ਼ ਵਿਚ ਕੋਈ ਫਰਕ ਨਾ ਆਇਆ ਤੇ ਨਾ ਹੀ ਗੁਰਦੇਵ ਸਿੰਘ ਨੇ ਉਸ ਦਾ ਪਿੱਛਾ ਕਰਨ ਦੇ ਜੋਸ਼ ਵਿਚ; ਸਗੋਂ ਪੰਜ ਚਾਰ ਦਿਨ ਬਾਅਦ, ਜਦੋਂ ਉਸ ਨੂੰ ਵੀ ਪਿੰਡ ਵਿਚੋਂ ਸਰੋਤ ਹੋ ਗਈ ਕਿ ਮੰਗਲ ਸਿੰਘ ਛੁੱਟੀ ਆ ਰਿਹਾ ਹੈ, ਉਸੇ ਨੇ ਸਮੇਂ ਨੂੰ ਆਪਣੇ ਵਿਰੁੱਧ ਜਾਂਦਾ ਅਨੁਭਵ ਕਰ ਕੇ ਕੁਝ ਅਗਲੇ ਕਦਮ ਪੁੱਟਣ ਦੀ ਧਾਰ ਲਈ।



ਹੁਣ ਜੇ ਕਦੀ ਬਸੰਤ ਕੌਰ ਜ਼ਰਾ ਦੇਰ ਕਰ ਕੇ ਵੀ ਪੱਠਿਆਂ ਵਾਲੇ ਖੇਤ ਵਿਚ ਪਹੁੰਚਦੀ ਤਾਂ ਉਹ ਉਥੋਂ ਮੁੜਦਾ ਨਾ ਅਤੇ ਜਿਤਨਾ ਚਿਰ ਉਹ ਪੱਠੇ ਨਾ ਵੱਢ ਲੈਂਦੀ, ਖੇਤ ਦੇ ਨੇੜੇ-ਨੇੜੇ ਘੁੰਮਦਾ ਰਹਿੰਦਾ। ਫਿਰ ਉਹ ਪੱਠੇ ਚੁਕਾਉਣ ਲਗਿਆ ਬਸੰਤ ਕੌਰ ਨੂੰ ਕੋਈ ਨਾ ਕੋਈ ਗੱਲ ਵੀ ਕਹਿਣ ਲੱਗ ਗਿਆ, ਉਸ ਦੀ ਸੁੰਦਰਤਾ ਬਾਰੇ ਅਤੇ ਆਪਣੀ ਬਿਹਬਲਤਾ ਬਾਰੇ। ਬਸੰਤ ਕੌਰ ਇਨ੍ਹਾਂ ਗੱਲਾਂ ਦਾ ਕੋਈ ਜਵਾਬ ਨਾ ਦਿੰਦੀ।

ਕਈ ਵਾਰੀ ਉਹ ਭਰੀ ਚੁਕਾਉਣ ਤੋਂ ਪਹਿਲਾਂ ਬਸੰਤ ਕੌਰ ਨੂੰ ਕੋਈ ਗੱਲ ਆਖਦਾ ਤਾਂ ਉਹ ਜਵਾਬ ਵਿਚ ਛੜਾ ਕਹਿ ਛੱਡਦੀ, "ਚੰਗਾ, ਪਰ੍ਹਾਂ ਹੋ। ਮੈਂ ਪੱਠੇ ਆਪੇ ਚੱਕ ਲਊਂ।" ਤੇ ਨਿਰੁੱਤਰ ਹੋ ਕੇ ਗੁਰਦੇਵ ਸਿੰਘ ਉਸ ਨੂੰ ਭਰੀ ਚੁਕਾ ਦੇਣ ਹੀ ਗਨੀਮਤ ਸਮਝਦਾ।

ਫਿਰ ਇਕ ਦਿਨ ਭਰੀ ਚੁਕਾਉਣ ਵੇਲੇ ਗੁਰਦੇਵ ਸਿੰਘ ਨੇ ਬਸੰਤ ਕੌਰ ਦੇ ਦੋਵੇਂ ਹੱਥ ਫੜ ਲਏ ਅਤੇ ਉਸ ਦੇ ਚਿਹਰੇ ਵਿਚ ਅੱਖਾਂ ਗੱਡ ਦਿਤੀਆਂ।

"ਛੱਡ ਦੇ, ਗੁਰਦੇਵ ਸਿਆਂਹ ਮੇਰੇ ਹੱਥ", ਬਸੰਤ ਕੌਰ ਬੜੀ ਸਹਿਣਸ਼ੀਲਤਾ ਨਾਲ ਬੋਲੀ, "ਭਲਕੇ ਮੇਰੇ ਸਰਦਾਰ ਨੇ ਛੁੱਟੀ ਆ ਜਾਣੈਂ।"

ਗੁਰਦੇਵ ਸਿੰਘ ਪਾਸੋਂ ਬਸੰਤ ਕੌਰ ਦੇ ਹੱਥ ਇਕਦਮ ਛੁੱਟ ਗਏ ਅਤੇ ਉਸ ਨੇ ਪੁੱਛਿਆ, "ਕਿੰਨੇ ਚਿਰ ਦੀ ਛੁੱਟੀ ਆਉਣੈ ਮੰਗਲ ਸਿਹੁੰ ਨੇ?"

"ਮਹੀਨੇ ਦੀ", ਬਸੰਤ ਕੌਰ ਨੇ ਜਵਾਬ ਦਿੱਤਾ।

ਗੁਰਦੇਵ ਸਿੰਘ ਨੇ ਚੁੱਪ ਕਰ ਕੇ ਭਰੀ ਚੁਕਾ ਦਿੱਤੀ ਅਤੇ ਬਸੰਤ ਕੌਰ ਘਰ ਨੂੰ ਤੁਰ ਪਈ। ਉਸ ਦੇ ਮਨ ਵਿਚ ਅੱਜ ਫਿਰ ਕਿਸੇ ਵਿਸ਼ੇਸ਼ ਜਿੱਤ ਦਾ ਅਨੁਭਵ ਸੀ। ਇਹ ਜਿੱਤ ਉਸ ਦੀ ਆਪਣੇ ਆਪ ਉਤੇ ਸੀ ਕਿ ਗੁਰਦੇਵ ਸਿੰਘ ਉਤੇ, ਇਸ ਦਾ ਸ਼ਾਇਦ ਉਸ ਨੂੰ ਆਪ ਨੂੰ ਨਿਰਣੈਮਈ ਪਤਾ ਨਹੀਂ ਸੀ।

---

ਦੂਜੇ ਦਿਨ ਸਵੇਰ ਨੂੰ ਮੰਗਲ ਸਿੰਘ ਪਿੰਡ ਆ ਗਿਆ ਅਤੇ ਅੱਜ ਤੋਂ ਬਸੰਤ ਕੌਰ ਦੀ ਪੱਠੇ ਲਿਆਉਣ ਦੀ ਰੌਲ ਖਤਮ ਹੋ ਗਈ।

ਦਿਨ ਢਲੇ ਜਦੋਂ ਗੁਰਦੇਵ ਸਿੰਘ ਅੱਗੇ ਵਾਂਗ ਪੱਠਿਆਂ ਵਾਲੇ ਖੇਤ ਵਿਚ ਆਇਆ, ਤਾਂ ਉਸ ਨੂੰ ਬਸੰਤ ਕੌਰ ਦੀ ਥਾਂ ਮੰਗਲ ਸਿੰਘ ਪੱਠੇ ਵੱਢਦਾ ਦਿਸਿਆ। ਪਹਿਲਾਂ ਤਾਂ ਉਸ ਦਾ ਮਨ ਉਥੋਂ ਹੀ ਮੁੜ ਜਾਣ ਨੂੰ ਕੀਤਾ, ਪਰ ਉਸ ਨੇ ਕੋਲ ਜਾ ਕੇ ਮੰਗਲ ਸਿੰਘ ਨੂੰ ਬੁਲਾਉਣਾ ਹੀ ਵਧੇਰੇ ਮੁਨਾਸਿਬ ਸਮਝਿਆ।

"ਕਦੋਂ ਆਇਐਂ ਮੰਗਲ ਸਿਆਂ?" ਉਸ ਨੇ ਪੱਠੇ ਵੱਢ ਰਹੇ ਮੰਗਲ ਸਿੰਘ ਦੇ ਪਾਸ ਦੀ ਲੰਘਦੇ ਖਲੋ ਕੇ ਆਖਿਆ।

"ਅੱਜ ਈ ਆਇਐਂ ਸਰਦਾਰ ਗੁਰਦੇਵ ਸਿਆਂ। ਤੁਸੀਂ ਕਿਵੇਂ ਏਧਰ?" ਮੰਗਲ ਸਿੰਘ ਨੇ ਜਵਾਬ ਵਿਚ ਪੁਛਿਆ।

"ਮੈਂ ਵੀ ਫਿਰਦਾ-ਫਿਰਦਾ ਏਧਰ ਆ ਗਿਆ ਅੱਜ", ਗੁਰਦੇਵ ਸਿੰਘ ਕਹਿਣ ਲਗਿਆ। "ਅਗੇ ਕੌਣ ਪੱਠੇ ਲਿਜਾਂਦਾ ਹੁੰਦਾ ਸੀ?"

"ਬਸੰਤ ਕੌਰ ਈ ਲੈ ਜਾਂਦੀ ਸੀ", ਮੰਗਲ ਸਿੰਘ ਨੇ ਜ਼ਰਾ ਨਿਮਰ ਹੋ ਕੇ ਆਖਿਆ।

"ਹਾਂ, ਦੇਖੀ ਤਾਂ ਸੀ ਮੈਂ ਇਕ ਦੋ ਵਾਰੀ। ਕੋਈ ਚੂੜ੍ਹਾ-ਚੱਪੜਾ ਲਾ ਜਾਣਾ ਸੀ", ਗੁਰਦੇਵ ਸਿੰਘ ਨੇ ਸ਼੍ਰੇਣੀ ਭਾਵ ਵਾਲੀ ਹਮਦਰਦੀ ਦਿਖਾ ਕੇ ਆਖਿਆ।

"ਏਨੀ ਪਹੁੰਚ ਹੋਵੇ ਤਾਂ ਫੌਜ ਵਿਚ ਧੱਕੇ ਖਾਣ ਜਾਈਏ ਸਰਦਾਰ ਗੁਰਦੇਵ ਸਿਆਂ! ਕੋਈ ਨੀ, ਬਸੰਤ ਕੁਰ ਦਾ ਕੁਝ ਨਹੀਂ ਘਸ ਗਿਐ ਪੱਠੇ ਲਿਜਾਣ ਨਾਲ!"

ਗੁਰਦੇਵ ਸਿੰਘ ਹੱਸ ਪਿਆ। "ਘਸਣਾ ਕੀ ਸੀ ਤੇਰੇ ਪਿਛੋਂ!" ਉਸ ਨੇ ਮਖੌਲ ਵਿਚ ਆਖਿਆ।

ਮੰਗਲ ਸਿੰਘ ਨੇ ਵੀ ਉਤਰ ਵਿਚ ਹੱਸ ਦਿੱਤਾ। ਗੁਰਦੇਵ ਸਿੰਘ ਉਸ ਨੂੰ ਪੱਠੇ ਵੱਢਦਾ ਛੱਡ ਕੇ ਅੱਗੇ ਲੰਘ ਗਿਆ।

"ਵੇ ਮੁੰਡਿਆ, ਹਾਲੇ ਹੋਰ ਕਿੰਨਾ ਕੁ ਚਿਰ ਫੌਜ ਵਿਚ ਰਹੇਂਗਾ?" ਮਹਾਂ ਕੌਰ ਨੇ ਇਕ ਦਿਨ ਮੰਗਲ ਸਿੰਘ ਨੂੰ ਪੁਛਿਆ।

"ਹਾਲੇ ਤਾਂ ਨਹੀਂ ਮਾਂ, ਮੇਰੀ ਪਿਨਸ਼ਨ ਲਗ ਜਾਣੀਂ ਛਿਆਂ ਹੀ ਮਹੀਨਿਆਂ ਪਿਛੋਂ!" ਮੰਗਲ ਸਿੰਘ ਨੇ ਜਵਾਬ ਦਿੱਤਾ।

"ਪਿਲਸਣ ਤਾਂ ਪੁੱਤ, ਵੱਡੇ ਹੋਏ ਦੀ ਜਾ ਕੇ ਹੋਊ। ਪਿਛੋਂ ਘਰ ਦਾ ਕੀ ਬਣੂੰ? ਮੈਂ ਤਾਂ ਨਦੀ ਕਿਨਾਰੇ ਰੁੱਖੜਾ ਹਾਂ। ਜਾਂ ਤੂੰ ਬਸੰਤ ਕੁਰ ਨੂੰ ਨਾਲ ਈ ਲੈ ਜਾ।"

"ਜਿੰਨਾ ਚਿਰ ਤੂੰ ਬੈਠੀ ਐਂ, ਓਨਾ ਚਿਰ ਮਾਂ ਮੈਨੂੰ ਕੀ ਫ਼ਿਕਰ ਐ ਘਰ ਦਾ ਜਾਂ ਬਸੰਤ ਕੁਰ ਦਾ?"

"ਫਿਕਰ ਤਾਂ ਤੈਨੂੰ ਕੋਈ ਨਹੀਂ। ਬਸੰਤ ਕੌਰ ਵੀ, ਮੂੰਹ 'ਤੇ ਸਲਾਹੁਣਾ ਚੰਗਾ ਨਹੀਂ ਹੁੰਦਾ, ਤੇਰੀ ਭਾਈ ਕੁਠਾਲੀ 'ਚੋਂ ਕਢਿਆ ਹੋਇਆ ਸੋਨਾ ਏਂ, ਪਰ ਪੁੱਤ ਸਮੋਂ ਬੜੀ ਬੁਰੀ ਐ।"

"ਪਈ ਹੋਵੇ ਬੁਰੀ ਸਮੋਂ", ਮੰਗਲ ਸਿੰਘ ਨੇ ਜਾਣੋਂ ਸਮੇਂ ਨੂੰ ਆਪਣੀ ਮਾਂ ਅਤੇ ਬਸੰਤ ਕੌਰ ਦੀ ਤਕੜਾਈ ਦੇ ਸਹਾਰੇ ਵੰਗਾਰ ਦਿੱਤੀ।

"ਵੇ ਪੁੱਤ, ਊਂ ਤਾਂ ਘਰ ਵੀ ਕੋਈ ਘਾਟਾ ਨੀ ਸੀ। ਡੂਢ ਸੌ ਰੁਪਈਆ ਤੂੰ ਹੁਣ ਲਿਆ ਕੇ ਸ਼ਾਹੂਕਾਰ ਦਾ ਮੋੜ ਦਿੱਤਾ ਏ। ਚਾਰ ਕੁ ਸੌ ਸਾਰਾ ਰਹਿ ਗਿਆ। ਅਸੀਂ ਮਹਿੰ ਬੇਚ ਦੇਈਏ ਤਾਂ ਉਹ ਵੀ ਉਤਰ ਜਾਂਦੈ।"

"ਫੇਰ ਮੈਂ ਕਰੂੰ ਕੀ?"

"ਤੂੰ ਖੇਤੀ ਕਰ, ਹੋਰ ਕੀ ਕਰਨੈਂ।"

"ਪੰਜ ਸੌ ਦੇ ਬਲਦ ਨਹੀਂ ਫੇਰ ਲੈਣੇ ਪੈਣਗੇ?"

ਮਹਾਂ ਕੌਰ ਇਸ ਲੋੜ ਨੂੰ ਭੁਲਾਈ ਬੈਠੀ ਸੀ।

"ਮਹਿੰ ਤਾਂ ਅਸੀਂ ਹੁਣ ਬੇਚ ਈ ਦੇਣੀ ਐ", ਬਸੰਤ ਕੌਰ ਨੇ ਗੱਲਬਾਤ ਵਿਚ ਸ਼ਾਮਲ ਹੋ ਕੇ ਆਖਿਆ। "ਛਿਆਂ ਮਹੀਨਿਆਂ ਨੂੰ ਮੇਰੀ ਝੋਟੀ ਨੇ ਸੂ ਪੈਣਾ ਏਂ।" ਇਹ ਝੋਟੀ ਉਹ ਸੀ ਜੋ ਬਸੰਤ ਕੌਰ ਦੇ ਪਿਉ ਨੇ ਕੱਟੀ ਹੋਣ ਸਮੇਂ ਤੋਂ ਬਸੰਤ ਕੌਰ ਦੀ ਬਣਾ ਦਿੱਤੀ ਸੀ ਅਤੇ ਹੁਣ ਤੱਕ ਉਸ ਦੇ ਪੇਕੇ ਘਰ ਹੀ ਪਲ ਰਹੀ ਸੀ।

"ਪਰ ਬਲਦ ਹੁਣ ਕਿਥੋਂ ਆਉਣਗੇ?" ਮੰਗਲ ਸਿੰਘ ਨੇ ਆਪਣਾ ਸਵਾਲ ਦੁਹਰਾਇਆ।

"ਬਲਦ?" ਬਸੰਤ ਕੌਰ ਕੁਝ ਸੋਚਣ ਲੱਗ ਪਈ। ਫਿਰ ਉਹ ਬੋਲੀ, "ਆਹ ਜਿਹੜਾ ਮੇਰੇ ਕੋਲ ਕੁਛ ਟੂਮ-ਛੱਲਾ ਏ, ਇਹ ਬੇਚ ਦਿੰਨੇ ਆਂ। ਫੇਰ ਬਣਾ ਲਵਾਂਗੇ ਜੇ ਰੱਬ ਫਸਲ ਚੰਗੀ ਲਾਊ ਤਾਂ।"

"ਨਾ ਧੀਏ, ਤੈਨੂੰ ਨੀ ਅਸੀਂ ਸੁੱਖੀਂ ਸਾਂਦੀਂ ਬੁੱਚੀ ਕਰਨਾ", ਮਹਾਂ ਕੌਰ ਦ੍ਰਿੜ੍ਹਤਾ ਨਾਲ ਬੋਲੀ, "ਫਸਲ ਲੱਗੂ ਤਾਂ ਬਲਦਾਂ ਵਾਲਾ ਪੰਜ ਸੌ ਵੀ ਉਤਰ ਈ ਜਾਊ।"

"ਦੇਖ ਮਾਂ", ਮੰਗਲ ਸਿੰਘ ਫਿਰ ਬੋਲਿਆ, "ਖੇਤੀ ਦਾ ਕੋਈ ਭਰੋਸਾ ਨਹੀਂ। ਜੇ ਫਸਲ ਦੋ ਸਾਲ ਲੱਗ ਪਈ ਤਾਂ ਭਵਾਂ ਕਰਜ਼ਾ ਉਤਰ ਜਾਵੇ। ਜੇ ਨਾ ਲਗੀ ਤਾਂ ਸਵਾਂ ਹੋਰ ਚੜ੍ਹ ਜਾਊ। ਫੇਰ ਆਪਾਂ ਕਿਧਰੇ ਜੋਗੇ ਨੀ ਰਹਿਣਾ। ਹੁਣ ਮੈਂ ਪਚਵੰਜਾ ਰੁਪਈਏ ਚੜ੍ਹੇ ਮਹੀਨੇ ਲੈ ਲੈਨਾਂ। ਮੀਂਹ ਜਾਵੇ, ਨ੍ਹੇਰੀ ਜਾਵੇ, ਮਹੀਨੇ ਦੀ ਪੰਜ ਤਰੀਕ ਨੂੰ ਪਚਵੰਜਾ ਮਿਲ ਜਾਂਦੇ ਐ। ਰਸਦ ਪਾਣੀ ਸਰਕਾਰੀ ਐ। ਮੈਂ ਮਹੀਨੇ ਦੇ ਪੈਂਤੀ ਚਾਲੀ ਸਹਿਜੇ ਈ ਬਚਾ ਲੈਨਾਂ। ਤੁਸੀਂ ਮੇਰਾ ਪਿੱਛਾ ਪੂਰੋ, ਦਿਲ ਨਾ ਤੋੜੋ।"

ਇਸ ਉਤੇ ਦੋਵੇਂ ਜਣੀਆਂ ਚੁੱਪ ਕਰ ਗਈਆਂ। ਦੋਹਾਂ ਦੇ ਜ਼ੋਰ ਦੇਣ ਉਤੇ ਮੰਗਲ ਸਿੰਘ ਨੇ ਮੱਝ ਸਾਢੇ ਤਿੰਨ ਸੌ ਨੂੰ ਵੇਚ ਕੇ ਕਰਜ਼ੇ ਤੋਂ ਮੁਕਤੀ ਪ੍ਰਾਪਤ ਕਰ ਲਈ।

*

ਘਰ ਵਿਚ ਵੀਹ ਕੁ ਸੇਰ ਘਿਉ ਜੁੜਿਆ ਪਿਆ ਸੀ। ਮੰਗਲ ਸਿੰਘ ਦੇ ਛਾਉਣੀ ਨੂੰ ਮੁੜਨ ਤੋਂ ਇਕ ਦਿਨ ਪਹਿਲਾਂ ਬਸੰਤ ਕੌਰ ਇਸ ਘਿਉ ਨੂੰ ਤੱਤਾ ਕਰਨ ਲੱਗੀ ਤਾਂ ਮੰਗਲ ਸਿੰਘ ਨੇ ਇਸ ਦਾ ਕਾਰਨ ਪੁੱਛਿਆ। "ਕਿਉਂ ਤੈਂ ਇਹ ਲੈ ਕੇ ਜਾਣਾ?" ਬਸੰਤ ਕੌਰ ਨੇ ਪ੍ਰਸ਼ਨ ਵਿਚ ਉਤਰ ਦਿੱਤਾ।

"ਲੈ, ਮੈਂ ਕੀ ਕਰਨਾ ਏਂ ਘਿਉ? ਉਥੇ ਮਿਲ

*(ਬਾਕੀ ਸਫਾ 33 'ਤੇ)*

# ਬਜਟ ਦਾ ਭੇਤ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਭਾਰਤ ਦੇ ਵਿਤ ਮੰਤਰੀ ਅਰੁਣ ਜੇਤਲੀ ਵਲੋਂ ਇਸ ਸਾਲ ਪੇਸ਼ ਕੀਤੇ ਬਜਟ ਨੂੰ ਪੂੰਜੀਪਤੀਆਂ ਨੇ ਬਹੁਤ ਸਲਾਹਿਆ ਹੈ। ਦੂਜੇ ਪਾਸੇ ਇਸ ਦੇ ਆਲੋਚਕਾਂ ਨੇ ਇਸ ਨੂੰ ਨਵੀਂ ਸਰਕਾਰ ਦੀਆਂ ਨਵ-ਉਦਾਰਵਾਦੀ ਨੀਤੀਆਂ ਜ਼ੋਰਦਾਰ ਢੰਗ ਨਾਲ ਅੱਗੇ ਲਿਜਾਣ ਦਾ ਵਸੀਲਾ ਗਰਦਾਨਿਆ ਹੈ। ਇਸ ਨੂੰ ਦੇਸੀ ਤੇ ਵਦੇਸ਼ੀ 'ਕਾਰਪੋਰੇਟ ਪੱਖੀ' ਦੱਸਿਆ ਗਿਆ ਹੈ ਕਿਉਂਕਿ ਇਸ ਰਾਹੀਂ ਸਿਧੇ ਟੈਕਸ ਘਟਾਉਣ, ਦੌਲਤ ਟੈਕਸ ਹਟਾਉਣ, ਐਫ ਡੀ ਆਈ (ਸਿਧੇ ਵਿਦੇਸ਼ੀ ਨਿਵੇਸ਼) ਨੂੰ ਸਹੂਲਤਾਂ ਆਦਿ ਦੇਣ ਦੀ ਵਿਵਸਥਾ ਸੁਝਾਈ ਗਈ ਹੈ। ਬੀ ਜੇ ਪੀ ਨੂੰ ਚੋਣਾਂ ਲੜਨ ਲਈ ਸਰਮਾਏਦਾਰ ਘਰਾਣਿਆਂ ਤੋਂ ਬੇਬਹਾ ਫੰਡ ਮਿਲੇ ਸਨ, ਇਸ ਲਈ ਬਜਟ ਵਿਚ ਪੂੰਜੀਪਤੀਆਂ ਲਈ ਸੁਝਾਈਆਂ ਗਈਆਂ ਸਹੂਲਤਾਂ ਨੂੰ 'ਧੰਨਵਾਪਸੀ' ਕਿਹਾ ਗਿਆ ਹੈ। ਬਜਟ ਆਮਦਨ-ਖਰਚ ਨੂੰ ਥਾਂ ਸਿਰ ਰੱਖਣ ਦਾ ਉਪਰਾਲਾ ਹੈ। ਆਮ ਤੌਰ ਤੇ ਕਿਸੇ ਵੀ ਬਜਟ ਵਿਚ ਬਹੁਤ ਰੋਲ-ਘਚੋਲਾ ਹੁੰਦਾ ਹੈ। ਇਹ ਉਪਰੋਂ-ਉਪਰੋਂ ਮਿੱਠਾ ਲਗਦਾ ਹੈ ਪਰ ਵਿਚੋਂ ਲੋਕਾਂ ਦੀਆਂ ਜੇਬਾਂ ਕੱਟਦਾ ਹੈ। ਬਜਟ ਬਾਰੇ ਕਿਸੇ ਨੇ ਕਿਹਾ ਹੈ ਕਿ ਧੰਨ ਦੀ ਪ੍ਰਾਪਤੀ ਸਾਨੂੰ ਜੋ ਮਜ਼ਾ ਦਿੰਦੀ ਹੈ, ਬਜਟ ਇਸ ਮਜ਼ੇ ਨੂੰ ਕਿਰਕਿਰਾ ਕਰ ਦਿੰਦਾ ਹੈ। ਡਿਕਨਜ਼ ਦੇ ਨਾਵਲ 'ਡੇਵਿਡ ਕੌਪਰਫੀਲਡ' ਦੇ ਇਕ ਪਾਤਰ ਦੇ ਬਜਟ ਬਾਰੇ ਬੋਲ ਹਨ, "ਸਾਲਾਨਾ ਆਮਦਨ ਵੀਹ ਪੌਂਡ, ਸਾਲਾਨਾ ਖਰਚਾ, 19 ਪੌਂਡ 6 ਸੈਂਟ, ਨਤੀਜਾ: ਖੁਸ਼ੀਆਂ ਹੀ ਖੁਸ਼ੀਆਂ। ਸਾਲਾਨਾ ਆਮਦਨ ਵੀਹ ਪੌਂਡ, ਸਾਲਾਨਾ ਖਰਚਾ 20 ਪੌਂਡ 6 ਸੈਂਟ, ਨਤੀਜਾ: ਦੁੱਖ ਹੀ ਦੁੱਖ।" ਬਜਟ ਆਉਣ ਵਾਲੇ ਸਾਲ ਦੌਰਾਨ ਦੇਸ਼ ਦੀ ਆਮਦਨ-ਖਰਚ ਦਾ ਦਸਤਾਵੇਜ਼ ਹੁੰਦਾ ਹੈ। ਅੱਜ ਬਜਟ ਸਿਰਫ ਸਰਕਾਰ ਦਾ ਹੀ ਨਹੀਂ ਬਲਕਿ ਕੰਪਨੀਆਂ, ਕਾਰੋਬਾਰਾਂ ਇਥੋਂ ਤੱਕ ਕਿ ਘਰਾਂ ਪਰਿਵਾਰਾਂ ਤੇ ਵਿਅਕਤੀਆਂ ਦੇ ਨਿੱਜੀ ਵੀ ਹੁੰਦੇ ਹਨ।

ਇਸ ਵਾਰ ਭਾਰਤੀ ਬਜਟ ਦੀ ਇਨੀ ਚਰਚਾ ਹੋਈ ਹੈ ਕਿ ਮੇਰਾ ਇਸੇ ਤਿਗੜਮ ਉਤੇ ਕਲਮ ਚਲਾਉਣ ਨੂੰ ਜੀਅ ਕਰ ਆਇਆ ਹੈ। ਉਂਜ ਵੀ ਬਜਟ ਪੰਜਾਬੀ ਸਮੇਤ ਦੁਨੀਆਂ ਭਰ ਦੀਆਂ ਹੋਰ ਭਾਸ਼ਾਵਾਂ ਵਿਚ ਖੂਬ ਰਚਮਿਚ ਚੁੱਕਾ ਹੈ। ਭਾਰਤ ਦਾ ਸਭ ਤੋਂ ਪਹਿਲਾ ਬਜਟ ਈਸਟ ਇੰਡੀਆ ਕੰਪਨੀ ਵਲੋਂ 18 ਫਰਵਰੀ 1869 ਨੂੰ ਪੇਸ਼ ਕੀਤਾ ਗਿਆ ਸੀ। ਵਾਇਸਰਾਏ ਨੂੰ ਬਜਟ ਪੇਸ਼ ਕਰਨ ਵਾਲਾ ਸੀ ਇੰਡੀਆ ਕੌਂਸਲ ਦਾ ਵਿਤ ਮੰਤਰੀ ਜੇਮਜ਼ ਵਿਲਸਨ। ਕਾਰਲ ਮਾਰਕਸ ਨੇ ਭਾਵੇਂ ਕਿਸੇ ਹੋਰ ਪ੍ਰਸੰਗ ਵਿਚ, ਇਸ ਸ਼ਖਸ ਨੂੰ 'ਆਹਲਾ ਦਰਜੇ ਦਾ ਆਰਥਕ ਅਫਸਰ' ਕਿਹਾ ਸੀ, ਉਂਜ ਵਿਲਸਨ ਦਰਮਿਆਨੇ ਜਿਹੇ ਪਿਛੋਕੜ ਤੋਂ ਉਠ ਕੇ ਆਪੇ ਪੜ੍ਹਿਆ ਅਤੇ ਵਿਦਵਤਾ ਦੀਆਂ ਪੌੜੀਆਂ 'ਤੇ ਚੜ੍ਹਦਿਆਂ ਸ਼ਿਖਰ ਤੇ ਪਹੁੰਚਿਆ। ਭਾਰਤੀ ਬਜਟ ਕਈ ਗੱਲਾਂ ਵਿਚ ਬਰਤਾਨਵੀ ਬਜਟ ਦੇ ਨਕਸ਼ੇ-ਕਦਮ 'ਤੇ ਚਲਦਾ ਰਿਹਾ ਤੇ ਚਲ ਰਿਹਾ ਹੈ। ਕਈ ਸਾਲ ਇਹ ਸ਼ਾਮ ਦੇ ਸਾਢੇ ਪੰਜ ਵਜੇ ਪੇਸ਼ ਹੁੰਦਾ ਰਿਹਾ। ਇਸ ਸਮੇਂ ਯੂ ਕੇ ਵਿਚ ਦੁਪਹਿਰ ਦਾ ਸਮਾਂ ਹੁੰਦਾ ਹੈ। ਬਰਤਾਨੀਆ ਵਿਚ ਪਹਿਲਾਂ ਉਥੋਂ ਦਾ ਤੇ ਫਿਰ ਭਾਰਤ ਦਾ ਬਜਟ ਪੇਸ਼ ਹੁੰਦਾ ਸੀ। ਬਜਟ ਪੇਸ਼ ਕਰਨ ਲੱਗਿਆਂ ਬੇਹੱਦ ਭੇਦ ਰੱਖਣਾ ਹੁੰਦਾ ਹੈ। ਇਸ ਵਿਚ ਵਿਦੇਸ਼ਾਂ ਨਾਲ ਆਰਥਕ ਸਬੰਧਾਂ ਬਾਰੇ ਤੇ ਹੋਰ ਬਹੁਤ ਸਾਰੀਆਂ ਨਾਜ਼ਕ ਗੱਲਾਂ ਹੁੰਦੀਆਂ ਹਨ, ਜਿਨ੍ਹਾਂ ਦਾ ਬਜਟ ਪੇਸ਼ ਹੋਣ ਤੋਂ ਪਹਿਲਾਂ ਪਤਾ ਲੱਗਣਾ ਆਰਥਕ ਗੜਬੜੀ ਪੈਦਾ ਕਰ ਸਕਦਾ ਹੈ। 1947 ਦੇ ਬਜਟ ਦੌਰਾਨ ਬਰਤਾਨਵੀ ਖਜਾਨੇ ਦੇ ਚਾਂਸਲਰ ਡਾਲਟਨ ਨੇ ਇਕ ਪੱਤਰਕਾਰ ਨੂੰ ਬਜਟ ਦੀਆਂ ਕੁੱਝ ਅੰਦਰੂਨੀ ਗੱਲਾਂ ਪਹਿਲਾਂ ਹੀ ਦਸ ਦਿੱਤੀਆਂ। ਪੱਤਰਕਾਰ ਨੂੰ ਹੋਰ ਕੀ ਚਹੀਦਾ ਹੈ, ਉਸ ਨੇ ਉਸੇ ਵੇਲੇ ਬਜਟ ਤਕਰੀਰ ਤੋਂ ਪਹਿਲਾਂ ਹੀ ਸਾਰੇ ਭੇਤ ਨਸ਼ਰ ਕਰ ਦਿੱਤੇ। ਚਾਂਸਲਰ ਡਾਲਟਨ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ। ਭਾਰਤ ਦੇ ਪਹਿਲੇ ਵਿਤ ਮੰਤਰੀ ਸ਼ਾਨਮੁਖਮ ਚੈਟੀ ਨੇ ਸਬਕ ਸਿੱਖ ਲਿਆ ਤੇ ਆਪਣੇ ਬਜਟ ਨੂੰ ਬੇਹੱਦ ਗੁਪਤ ਰੱਖਿਆ।

ਉਸ ਸਮੇਂ ਤੋਂ ਭਾਰਤੀ ਬਜਟ ਬਣਾਉਣ ਦੀ ਪ੍ਰਕਿਰਿਆ ਨੂੰ ਬੇਹੱਦ ਗੁਪਤ ਅਤੇ ਨਿਗਰਾਨੀ ਭਰੇ ਮਾਹੌਲ ਵਿਚ ਰੱਖਿਆ ਜਾਂਦਾ ਹੈ। ਸਾਰੇ ਸਬੰਧਤ ਮੰਤਰਾਲਿਆਂ ਅਤੇ ਆਰਥਕ ਇਕਾਈਆਂ ਤੋਂ ਮੰਗਾਂ ਹਾਸਿਲ ਕਰਕੇ ਬਜਟ ਬਣਾਉਣ ਦੀ ਪ੍ਰਕਿਰਿਆ ਸਾਲ ਕੁ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ। ਬਜਟ ਛਾਪਣ ਦੀ ਤਿਆਰੀ ਬਜਟ ਪੇਸ਼ ਕਰਨ ਤੋਂ ਦਸ ਦਿਨ ਪਹਿਲਾਂ ਨੌਰਥ ਬਲਾਕ ਦੇ ਵਿਤ ਮੰਤਰਾਲੇ ਦੀ ਬੇਸਮੈਂਟ ਵਿਚ ਹੁੰਦੀ ਹੈ। ਇਹ "ਸ਼ੁਭ" ਪ੍ਰਕਿਰਿਆ "ਹਲਵਾ ਰਸਮ" ਨਾਲ ਸ਼ੁਰੂ ਹੁੰਦੀ ਹੈ ਅਰਥਾਤ ਉਸ ਦਿਨ ਕੜਾਹੇ ਵਿਚ ਕੜਾਹ ਬਣਾ ਕੇ ਬਜਟ ਦੀ ਤਿਆਰੀ ਵਿਚ ਜੁਟੇ ਸਾਰੇ ਅਮਲੇ ਨੂੰ ਛਾਂਦਾ ਵਰਤਾਇਆ ਜਾਂਦਾ ਹੈ। ਇਸ ਵਿਚ ਵਿਤ ਮੰਤਰੀ ਸਮੇਤ ਸਾਰੇ ਵੱਡੇ ਅਫਸਰ



*ਬਜਟ ਪ੍ਰਕਿਰਿਆ ਅਰੰਭ ਹੋਣ ਤੋਂ ਪਹਿਲਾਂ ਹਲਵੇ ਦੀ ਦੇਗ ਤਿਆਰ ਕਰਦੇ ਹੋਏ ਭਾਰਤੀ ਵਿੱਤ ਮੰਤਰੀ ਅਰੁਣ ਜੇਤਲੀ*

ਸ਼ਾਮਿਲ ਹੁੰਦੇ ਹਨ। ਇਸ ਦਿਨ ਤੋਂ ਬਾਅਦ ਕੁਝ ਵੱਡੇ ਅਫਸਰਾਂ ਤੋਂ ਬਿਨਾ ਬਾਕੀ ਦਾ ਕੋਈ ਸੌ ਕੁ ਕਰਮਚਾਰੀਆਂ ਦਾ ਅਮਲਾ ਇਕ ਤਰ੍ਹਾਂ ਨਾਲ ਬੇਸਮੈਂਟ ਵਿਚ ਤਾੜਿਆ ਹੀ ਜਾਂਦਾ ਹੈ। ਬਜਟ ਪੇਸ਼ ਕਰਨ ਦੇ ਦਿਨ ਤੱਕ ਉਹ ਇਥੋਂ ਬਾਹਰ ਨਹੀਂ ਜਾ ਸਕਦੇ। ਅੰਦਰੂਨੀ ਕੈਨਟੀਨ ਵਿਚੋਂ ਹੀ ਖਾਣਾ ਖਾਂਦੇ ਹਨ, ਇਥੇ ਹੀ ਸੌਂਦੇ ਹਨ, ਉਨ੍ਹਾਂ ਕੋਲ ਇੰਟਰਨੈਟ ਜਾਂ ਫੋਨ ਦੀ ਸਹੂਲਤ ਵੀ ਨਹੀਂ ਹੁੰਦੀ ਇਸ ਲਈ ਉਹ ਬਾਹਰੀ ਜਗਤ ਨਾਲ ਕੋਈ ਰਾਬਤਾ ਨਹੀਂ ਰੱਖ ਸਕਦੇ। ਉਂਜ ਵੀ ਫੋਨ ਨੂੰ ਜਾਮ ਕਰਨ ਦੇ ਜਬਰਦਸਤ ਜੰਤਰ ਲਾਏ ਹੋਏ ਹੁੰਦੇ ਹਨ। ਆਲੇ ਦੁਆਲੇ ਪੁਲਿਸ, ਖੁਫੀਆ ਬਿਊਰੋ ਤੇ ਹੋਰ ਸੁਰੱਖਿਆ ਸਟਾਫ ਦਾ ਕਰੜਾ ਪਹਿਰਾ ਹੁੰਦਾ ਹੈ। ਕੋਈ ਬੀਮਾਰ ਹੋ ਜਾਵੇ ਤਾਂ ਸਖਤ ਸੁਰੱਖਿਆ ਅਧੀਨ ਹਸਪਤਾਲ ਲਿਜਾਇਆ ਜਾਂਦਾ ਹੈ। ਵਿਤ ਮੰਤਰੀ ਤੇ ਹੋਰ ਇਕ ਦੋ ਅਫਸਰ ਇਸ "ਸਖਤੀ" ਵਾਲੀ ਥਾਂ ਤੇ ਇਕੋ ਦਰਵਾਜ਼ੇ ਰਾਹੀਂ ਲੰਘ ਨਿਕਲ ਸਕਦੇ ਹਨ।

ਆਉ ਜ਼ਰਾ ਅਜਿਹੇ ਭੇਤ ਭਰੇ ਮਾਹੌਲ ਵਿਚ ਤਿਆਰ ਕੀਤੇ ਜਾਣ ਵਾਲੇ ਪੁਲੰਦੇ ਦੇ ਪਰਦੇ ਫੋਲੀਏ। ਮੁਖ ਤੌਰ ਤੇ ਬਜਟ ਦਾ ਕੰਮ ਆਮਦਨ ਤੇ ਖਰਚ ਦਾ ਸੰਤੁਲਨ ਕਾਇਮ ਕਰਨਾ ਹੈ ਪਰ ਬਜਟ ਸ਼ਬਦ 'ਤੇ ਪਿਛਲਝਾਤ ਮਾਰੀਏ ਤਾਂ ਪਤਾ ਚੱਲੇਗਾ ਕਿ ਅਸਲ ਵਿਚ ਬਜਟ ਦਾ ਅਜਿਹੇ ਮਹਾਂ ਉਦੇਸ਼ ਨਾਲ ਕੋਈ ਲੈਣਾ ਦੇਣਾ ਨਹੀਂ। ਅੰਗਰੇਜ਼ੀ ਵਿਚ ਬਜਟ ਸ਼ਬਦ ਫਰਾਂਸੀਸੀ bougette ਦਾ ਬਦਲਿਆ ਰੂਪ ਹੈ ਜੋ ਅੱਗੋਂ bouge ਸ਼ਬਦ ਦਾ ਛੋਟਾ ਰੂਪ ਹੈ ਜਿਸ ਦਾ ਅਰਥ ਚਮੜੇ ਦਾ ਬੈਗ (ਥੈਲਾ), ਬੁਗਚੀ, ਬਟੂਆ, ਗੁਥਲੀ, ਪੋਟਲੀ ਆਦਿ ਹੁੰਦਾ ਹੈ। ਇਹ ਫਰਾਂਸੀਸੀ ਸ਼ਬਦ ਅੱਗੋਂ ਲਾਤੀਨੀ bulga ਤੋਂ ਵਿਉਤਪਤ ਹੋਇਆ। ਦਿਲਚਸਪ ਗੱਲ ਹੈ ਕਿ ਲਾਤੀਨੀ ਦਾ ਇਹ ਸ਼ਬਦ ਗੌਲਿਸ਼ ਭਾਸ਼ਾ ਤੋਂ ਦਾਖਿਲ ਹੋਇਆ। ਪੁਰਾਣੀ ਆਇਰਸ਼ ਆਦਿ ਬਰਤਾਨਵੀ ਭਾਸ਼ਾਵਾਂ ਵਿਚ ਧੁਨੀ ਤੇ ਅਰਥ ਪੱਖੋਂ ਇਸ ਨਾਲ ਮਿਲਦੇ ਜੁਲਦੇ ਸ਼ਬਦ ਮਿਲਦੇ ਹਨ।

ਅੰਗਰੇਜ਼ੀ ਦੇ ਬਜਟ ਸ਼ਬਦ ਦਾ ਚਮੜੇ ਦੇ ਥੈਲੇ ਤੋਂ ਬਦਲ ਕੇ ਅਜੋਕਾ ਆਮਦਨ-ਖਰਚ ਵਾਲਾ ਅਰਥ 18ਵੀਂ ਸਦੀ ਵਿਚ ਪ੍ਰਚਲਿਤ ਹੋਇਆ। ਉਦੋਂ ਖਜ਼ਾਨੇ ਦਾ ਚਾਂਸਲਰ ਹਾਊਸ ਆਫ ਕੌਮਨਜ਼ ਅੱਗੇ ਹਰ ਸਾਲ ਆਉਣ ਵਾਲੇ ਸਾਲਾਂ ਲਈ ਖਰਚੇ ਦਾ ਵੇਰਵਾ ਪੇਸ਼ ਕਰਿਆ ਕਰਦਾ ਸੀ। ਇਸ ਮਕਸਦ ਲਈ ਉਸ ਵਲੋਂ ਤਿਆਰ ਕੀਤੇ ਗਏ ਸਾਰੇ ਖੁਲਾਸੇ ਇਕ ਚਮੜੇ ਦੇ ਥੈਲੇ ਯਾਨਿ ਬਜਟ ਵਿਚ ਰੱਖੇ ਹੁੰਦੇ ਸਨ। ਫਿਰ ਉਹ ਆਪਣੀਆਂ ਤਜਵੀਜ਼ਾਂ ਦੱਸਣ ਲਈ "ਬਜਟ ਨੂੰ ਖੋਲ੍ਹਦਾ" ਸੀ। "Open the budget" ਉਕਤੀ ਪਹਿਲੀ ਵਾਰ ਬਜਟ ਪੇਸ਼ ਕਰਨ ਵਾਲੇ ਚਾਂਸਲਰ ਰਾਬਰਟ ਵਾਲਪੋਲ ਸਬੰਧੀ ਉਸ ਦੇ ਅਲੋਚਕਾਂ ਵਲੋਂ ਵਰਤੀ ਗਈ ਸੀ। ਅਸਲ ਵਿਚ ਇਸ ਉਕਤੀ ਰਾਹੀਂ ਚਾਂਸਲਰ ਦਾ ਇਕ ਨੀਮ-ਹਕੀਮ ਨਾਲ ਮੁਕਾਬਲਾ ਕੀਤਾ ਗਿਆ ਸੀ ਜੋ ਆਪਣੇ ਨੁਸਖੇ ਤੇ ਉੜ੍ਹ-ਪੋੜ੍ਹ ਨਾਲ ਭਰੇ "ਬਜਟ" ਖੋਲ੍ਹ ਕੇ ਭੋਲੇ-ਭਾਲੇ ਲੋਕਾਂ ਨੂੰ ਫਸਾਉਂਦਾ ਹੈ, ਜਿਵੇਂ ਸਾਡੀਆ ਸੜਕਾਂ 'ਤੇ ਮਜਮੇਬਾਜ਼ ਕਰਦੇ ਹਨ। ਪਰ ਬਾਅਦ ਵਿਚ ਵਿਅੰਗਮਈ ਸੁਰ ਵਿਚ ਵਰਤੀ ਗਈ ਇਹ ਉਕਤੀ ਸਚਮੁਚ ਹੀ ਚਾਂਸਲਰਾਂ ਵਲੋਂ ਹਾਊਸ ਆਫ ਕਾਮਨਜ਼ ਵਿਚ ਭਵਿਖ ਦੇ ਆਮਦਨ-ਖਰਚ ਦੇ ਵੇਰਵੇ ਦੇਣ ਲੱਗਿਆਂ ਵਰਤੀ ਜਾਣ ਲੱਗੀ ਤੇ ਬਜਟ ਸ਼ਬਦ ਦਾ ਅਰਥ ਥੈਲੇ ਤੋਂ ਬਦਲ ਕੇ ਅਜੋਕਾ ਭਾਵ ਅਖਤਿਆਰ ਕਰ ਗਿਆ। ਫਿਰ ਤਾਂ "Open the budget" ਉਕਤੀ ਦੀ ਵੀ ਇਕ ਮੁਹਾਵਰੇ ਵਜੋਂ ਵਰਤੋਂ ਹੋਣ ਲੱਗ ਪਈ ਜਿਸ ਦਾ ਮਤਲਬ ਬਣਿਆ ਆਪਣਾ ਦਿਲ ਖੋਲ੍ਹਣਾ, ਭਾਵੇਂ ਝੂਠਾ-ਮੂਠਾ ਹੀ। ਤੁਲਨਾ ਕਰੋ ਗੁਰੂ ਨਾਨਕ ਸਾਹਿਬ ਦੀ ਮਸ਼ਹੂਰ ਤੁਕ,"ਕਿਸ ਪਹਿ ਖੋਲਉ ਗੰਠੜੀ ਦੂਖੀ ਭਰਿ ਆਇਆ।"

ਇਸ ਤੋਂ ਪਹਿਲਾਂ ਬਜਟ ਸ਼ਬਦ ਬਜਟ-ਭਰ ਵਸਤ ਲਈ ਵੀ ਪ੍ਰਚਲਿਤ ਸੀ ਜਿਵੇਂ ਸਾਡੇ ਸਬਜ਼ੀ ਦਾ ਥੈਲਾ ਦਾ ਮਤਲਬ ਥੈਲਾ ਭਰ ਸਬਜ਼ੀ ਹੁੰਦਾ ਹੈ। ਬਜਟ ਵਿਚ ਕਿਉਂਕਿ ਕਾਗਜ਼ਾਂ ਦਾ ਪੁਲੰਦਾ ਹੁੰਦਾ ਸੀ ਇਸ ਲਈ ਇਹ ਸ਼ਬਦ ਅਖਬਾਰ ਲਈ ਵੀ ਵਰਤਿਆ ਜਾਣ ਲੱਗਾ। ਕੁਝ ਇਕ ਅਖਬਾਰਾਂ ਦੇ ਨਾਂ ਪਿਛੇ ਵੀ ਇਹ ਸ਼ਬਦ ਲੱਗ ਗਿਆ ਜਿਵੇਂ "ਪਾਲ ਮਾਲ ਬਜਟ।"

ਲਾਤੀਨੀ bulga ਦਾ ਅਰਥ ਚਮੜੇ ਦੇ ਥੈਲੇ ਦੇ ਨਾਲ-ਨਾਲ ਬੱਚੇਦਾਨੀ ਵੀ ਹੈ। ਇਸ ਤੋਂ ਬਣੇ ਅੰਗਰੇਜ਼ੀ ਸ਼ਬਦ bulge ਦਾ ਅਰਥ ਉਭਾਰ, ਉਠਾਅ, ਗੋਗੜ, ਫੁਲਾਅ ਆਦਿ ਹੈ। ਸ਼ਬਦ ਦੇ ਅਜਿਹੇ ਅਰਥ ਚਮੜੇ ਦੇ ਥੈਲੇ ਦੇ ਫੁੱਲੇ ਤੇ ਮੁਚਕੜੇ ਹੋਏ ਹੋਣ ਨਾਲ ਮੇਲ ਖਾਂਦੇ ਹਨ। ਢਿਡ, ਗੋਗੜ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ ਬੈਲੀ belly ਵੀ ਦੂਰੋਂ ਨੇੜਿਓਂ ਇਸੇ ਸ਼ਬਦ ਨਾਲ ਰਿਸ਼ਤਾ ਰੱਖਦਾ ਹੈ। ਇਸ ਦੇ ਹੋਰ ਭਾਸ਼ਾਵਾਂ ਵਿਚ ਰਲਦੇ-ਮਿਲਦੇ ਸ਼ਬਦਾਂ ਦੇ ਅਰਥ ਬਟੂਆ, ਪੋਟਲੀ, ਥੈਲਾ, ਡੱਡੀ ਆਦਿ ਹਨ। ਗ਼ੌਰਤਲਬ ਹੈ ਕਿ ਇਹ ਸਾਰੇ ਸ਼ਬਦ ਹਿੰਦ-ਯੂਰਪੀ ਖਾਸੇ ਵਾਲੇ ਹਨ। ਇਨ੍ਹਾਂ ਦਾ ਭਾਰੋਪੀ ਮੂਲ bhelgh-ਹੈ ਜਿਸ ਦਾ ਅਰਥ ਸੁੱਜਣਾ, ਫੁੱਲਣਾ ਹੈ। ਅੰਗਰੇਜ਼ੀ ਸ਼ਬਦ bellows (ਧੌਂਕਣੀ) ਵੀ ਇਨ੍ਹਾਂ ਸ਼ਬਦਾਂ ਦਾ ਹੀ ਭਾਈਬੰਦ ਹੈ। ਮੈਂ ਪੰਜਾਬੀ ਜਾਂ ਹੋਰ ਭਾਰਤੀ ਭਾਸ਼ਾਵਾਂ ਵਿਚ ਇਸ ਦਾ ਕੋਈ ਰਿਸ਼ਤੇਦਾਰ ਸ਼ਬਦ ਲਭ ਨਹੀਂ ਸਕਿਆ।

ਸਾਡੀ ਭਾਸ਼ਾ ਵਿਚ ਬੁਗਚਾ ਜਾਂ ਬੁਗਚੀ ਸ਼ਬਦ ਪ੍ਰਚਲਿਤ ਹਨ ਜਿਨ੍ਹਾਂ ਦਾ ਅਰਥ ਗਠੜੀ, ਥੈਲਾ ਜਾਂ ਗੁਥਲੀ ਹੁੰਦਾ ਹੈ। ਇਹ ਸ਼ਬਦ ਧੁਨੀ ਤੇ ਅਰਥ ਪੱਖੋਂ ਬਜਟ ਦੇ ਕਾਫੀ ਨੇੜੇ ਹਨ। ਪਰ ਇਹ ਫਾਰਸੀ ਵਲੋਂ ਆਇਆ ਹੈ ਤੇ ਫਾਰਸੀ ਵਿਚ ਅੱਗੋਂ ਤੁਰਕ ਭਾਸ਼ਾ ਵਿਚੋਂ। ਚਾ/ਚੀ ਪਿਛੇਤਰ ਤੁਰਕ ਭਾਸ਼ਾ ਦੀ ਪਛਾਣ ਹਨ। ਬੋਗ਼ ਦਾ ਅਰਥ ਉਛਾੜ ਜਾਂ ਚਮੜੇ ਦੀ ਥੈਲੀ ਹੁੰਦਾ ਹੈ। ਪਰ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਤੁਰਕ ਭਾਸ਼ਾ ਵਿਚ ਇਹ ਸ਼ਬਦ ਲਾਤੀਨੀ, ਫਰਾਂਸੀਸੀ ਜਾਂ ਅੰਗਰੇਜ਼ੀ ਵਿਚੋਂ ਆਇਆ ਹੋਵੇ। ਇਸੇ ਤੋਂ ਬਣਿਆ ਇਕ ਸ਼ਬਦ ਬੁਗਚੂ ਹੁੰਦਾ ਹੈ ਜੋ ਬਗਲ ਰਾਹੀਂ ਵਜਾਉਣ ਵਾਲਾ ਇਕ ਚਮੜੇ ਦਾ ਸਾਜ਼ ਹੁੰਦਾ ਹੈ। ਬੁਗਦੂ ਸਾਜ਼ ਹੋਰ ਹੈ।

# ਨਗਰ ਕੀਰਤਨ

ਅਮਰੀਕਾ ਦੇ ਤਕਰੀਬਨ ਹਰ ਸ਼ਹਿਰ ਵਿਚ ਕਈ-ਕਈ ਨਗਰ ਕੀਰਤਨ ਸਜਾਏ ਜਾਂਦੇ ਹਨ। ਪੰਜਾਬ ਵਿਚ ਵੀ ਤਕਰੀਬਨ ਹਰ ਪਿੰਡ ਵਿਚ ਨਗਰ ਕੀਰਤਨ ਸਜਾਉਣ ਦਾ ਰਿਵਾਜ਼ ਬਣ ਰਿਹਾ ਹੈ। ਸਵਾਲ ਹੈ ਕਿ ਨਗਰ ਕੀਰਤਨ ਸਜਾਉਣਾ ਜਾਇਜ਼ ਹੈ? ਇਹ ਸਵਾਲ ਸਭ ਸਿੱਖਾਂ ਲਈ ਹੈ। ਆਸ ਹੈ ਕਿ ਮੇਰੇ ਵੀਰ, ਭੈਣਾਂ, ਬਜ਼ੁਰਗ, ਸਭ ਇਸ ਬਾਰੇ ਸਾਰੇ ਪੱਖਾਂ ਤੋਂ ਸੋਚ-ਵਿਚਾਰ ਕਰਨਗੇ।

ਸਾਰੇ ਜਾਣਦੇ ਹਨ ਕਿ ਸਿੱਖ ਧਰਮ ਵਿਚ ਅੱਜ ਬਹੁਤ ਕੁਰੀਤੀਆਂ ਆ ਗਈਆਂ ਹਨ। ਪਖੰਡ ਭਾਰੂ ਜਾਪ ਰਿਹਾ ਹੈ। ਇਸ ਮਾਮਲੇ 'ਤੇ ਤਾਂ ਹਿੰਦੂਆਂ ਨੂੰ ਵੀ ਪਿਛੇ ਛੱਡ ਦਿੱਤਾ ਗਿਆ ਹੈ। ਜਿਨ੍ਹਾਂ ਭਰਮਾਂ, ਪਖੰਡਾਂ, ਕੁਰੀਤੀਆਂ ਵਿਚੋਂ ਗੁਰੂ ਨਾਨਕ

ਬੌਬ ਖਹਿਰਾ ਮਿਸ਼ੀਗਨ
ਫੋਨ: 734-925-0177

ਅਤੇ ਦੂਜੇ ਸਾਰੇ ਸਿੱਖ ਗੁਰੂਆਂ ਨੇ ਲੋਕਾਈ ਨੂੰ ਕੱਢਿਆ ਸੀ, ਅਸੀਂ ਉਸ ਤੋਂ ਵੀ ਜ਼ਿਆਦਾ, ਉਨ੍ਹਾਂ ਵਿਚ ਜਕੜੇ ਗਏ ਹਾਂ। ਕੁਝ ਲੋਕ ਹਰ ਗੱਲ ਪਿੱਛੇ ਆਰ.ਐਸ.ਐਸ. ਦਾ ਹੱਥ ਹੋਣ ਦੀਆਂ ਗੱਲਾਂ ਕਰ ਰਹੇ ਹਨ। ਕੁਝ ਗੱਲਾਂ ਬਾਰੇ ਮੈਂ ਚਾਹੁੰਦਾ ਹਾਂ ਕਿ ਤੁਹਾਡੇ ਸਭ ਨਾਲ ਮਸ਼ਵਰਾ ਕੀਤਾ ਜਾਵੇ। ਸੋਚਣਾ, ਕਿ ਇਹ ਠੀਕ ਹਨ, ਜਾਂ ਨਿਰਾ ਭਰਮ ਜਾਂ ਪਖੰਡ ਹਨ? ਜੇ ਇਹ ਭਰਮ ਤੇ ਪਖੰਡ ਹਨ, ਤਾਂ ਫਿਰ ਇਨ੍ਹਾਂ ਦਾ ਹੱਲ ਕੀ ਹੈ?

ਪਹਿਲਾਂ ਗੱਲ ਕਰਦੇ ਹਾਂ ਅਮਰੀਕਾ ਤੇ ਕੈਨੇਡਾ ਵਰਗੇ ਦੇਸਾਂ ਦੀ, ਜਿਥੇ ਹਰ ਕੋਈ ਸੁਫਨਾ ਲੈ ਕੇ ਆਉਂਦਾ ਹੈ ਕਿ ਚੰਗੇ ਦੇਸ ਜਾ ਰਿਹਾ ਹਾਂ, ਚੰਗੀ ਜ਼ਿੰਦਗੀ ਜਿਉਣ ਲਈ। ਹੁਣ ਸਵਾਲ ਹੈ ਕਿ ਉਹ ਸਭ ਚੰਗੀ ਅਤੇ ਖੁਸ਼ਹਾਲ ਜ਼ਿੰਦਗੀ ਅਸੀਂ ਜੀ ਰਹੇ ਹਨ? ਦੂਜੀ ਗੱਲ, ਇਥੇ ਹਰ ਸ਼ਹਿਰ ਵਿਚ ਜ਼ਿਦੋ-ਜ਼ਿਦੀ ਗੁਰਦੁਆਰੇ ਬਣਾ ਦਿੱਤੇ ਗਏ ਹਨ, ਅਜੇ ਹੋਰ ਵੀ ਬਣ ਰਹੇ ਹਨ। ਹਰ ਗੁਰਦੁਆਰੇ 'ਚ ਦੋ ਤੋਂ ਵੱਧ ਗਰੁਪ ਹਨ। ਕਿਉਂ? ਬਹੁਤ ਸਾਰੇ ਗੁਰਦੁਆਰੇ ਤਾਂ ਇਸ ਤਰ੍ਹਾਂ ਦੇ ਵੀ ਹਨ ਜਿਨ੍ਹਾਂ ਦੇ ਖਰਚੇ ਵੀ ਪੂਰੇ ਨਹੀਂ ਹੋ ਰਹੇ ਅਤੇ ਪ੍ਰਬੰਧਕ ਵਾਰ-ਵਾਰ ਸੰਗਤ ਨੂੰ ਮਾਇਆ ਦੀ ਸੇਵਾ ਦੀ ਬੇਨਤੀ ਕਰਦੇ ਹਨ। ਇਸ ਨਾਲ ਸੰਗਤ 'ਤੇ ਵਾਧੂ ਬੋਝ ਪੈਂਦਾ ਹੈ। ਕਈ ਗੁਰਦੁਆਰਿਆਂ 'ਤੇ ਵਿਤੋਂ ਵਧ ਪੈਸਾ ਲਾ ਦਿੱਤਾ ਗਿਆ, ਫਿਰ ਪ੍ਰਬੰਧਕਾਂ ਨੂੰ ਕਿਸੇ ਸੰਤ ਨੂੰ ਬੁਲਾ ਕੇ ਪੈਸਾ ਇਕੱਠਾ ਕਰਨਾ ਪੈਂਦਾ ਹੈ। ਇਹੀ ਨਹੀਂ, ਸੰਤ ਵੀ ਬੋਰੀਆਂ ਭਰ ਕੇ ਪੈਸੇ ਲੈ ਜਾਂਦੇ ਹਨ। ਹਕੀਕਤ ਇਹ ਹੈ ਕਿ ਇਨ੍ਹਾਂ ਸੰਤਾਂ ਦਾ ਸਿੱਖੀ ਨਾਲ ਕੋਈ ਸਰੋਕਾਰ ਹੀ ਨਹੀਂ ਹੁੰਦਾ।

ਹਰ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਲੱਗਾ ਹੋਇਆ ਹੈ। ਜਦੋਂ ਵੀ ਚੋਲਾ ਚੜ੍ਹਾਇਆ ਜਾਂਦਾ ਹੈ, ਤਾਂ ਪਾਈਪ ਨੂੰ ਦੁੱਧ ਜਾਂ ਕੱਚੀ ਲੱਸੀ ਨਾਲ ਧੋਤਾ ਜਾਂਦਾ ਹੈ, ਸੰਗਤ ਮੁੱਠੀ-ਚਾਪੀ ਕਰਦੀ ਹੈ। ਜੇ ਹਿੰਦੂ ਲੋਕ ਪੱਥਰ ਦੀਆਂ ਮੂਰਤੀਆਂ ਨੂੰ ਦੁੱਧ ਪਿਲਾਉਣ ਦਾ ਪਖੰਡ ਕਰਦੇ ਹਨ ਤੇ ਪੱਥਰ ਦੇ ਬਣਾਏ ਸ਼ਿਵਲਿੰਗ ਨੂੰ ਦੁੱਧ ਨਾਲ ਨਹਾਉਂਦੇ ਹਨ ਤਾਂ ਸਿੱਖ ਲੋਹੇ ਦੇ ਪਾਈਪ ਨੂੰ ਦੁੱਧ ਜਾਂ ਕੱਚੀ ਲੱਸੀ ਨਾਲ ਨਹਾ ਕੇ ਕੀ ਦਰਸਾਉਣਾ ਚਾਹੁੰਦੇ ਹਨ ਭਲਾ? ਸਦੀਆਂ ਬਾਅਦ ਉਹੀ ਪਖੰਡ ਪੈਰ ਪਸਾਰੀ ਬੈਠਾ ਹੈ ਅਤੇ ਹੁਣ ਰੌਲਾ ਇਹ ਪਾਉਣਾ ਪੈ ਰਿਹਾ ਹੈ ਕਿ ਸਿੱਖ ਹਿੰਦੂ ਨਹੀਂ ਹਨ, ਸਿੱਖ ਵੱਖਰੀ ਕੌਮ ਹੈ!

ਹੁਣ ਤੱਥ ਵਾਲੀ ਗੱਲ। ਪਹਿਲਾਂ ਹਿੰਦੂਆਂ ਦੀ ਰੀਸ ਨਾਲ ਹੀ ਸਿੱਖਾਂ ਨੇ ਜਲੂਸ ਕੱਢਣਾ ਸ਼ੁਰੂ ਕੀਤਾ ਸੀ। ਫਿਰ ਜਲੂਸ ਦਾ ਨਾਮ ਬਦਲ ਕੇ ਨਗਰ ਕੀਰਤਨ ਕਰ ਦਿੱਤਾ ਗਿਆ; ਮਤਲਬ, ਕੁਝ ਸਮਾਂ ਪਹਿਲਾਂ ਤੱਕ ਨਗਰ ਕੀਰਤਨ ਕੱਢਿਆ ਜਾਂਦਾ ਸੀ, ਹੁਣ ਧਾਰਮਿਕ ਸ਼ਰਧਾ ਤਹਿਤ ਨਗਰ ਕੀਰਤਨ ਸਜਾਉਣ ਕਿਹਾ ਜਾ ਰਿਹਾ ਹੈ। ਕਈ ਸਾਲ ਪਹਿਲਾਂ ਮੈਂ ਟੋਰਾਂਟੋ (ਕੈਨੇਡਾ) ਗਿਆ ਹੋਇਆ ਸਾਂ। ਉਥੇ ਜੋ ਦੋ ਵੱਡੇ ਗੁਰਦੁਆਰੇ ਹਨ, ਉਨ੍ਹਾਂ ਦੋਹਾਂ ਦੇ ਪ੍ਰਬੰਧਕਾਂ ਨੇ ਜ਼ਿਦ ਨਾਲ ਹੀ ਨਾਮੀ ਸੰਤ ਬੁਲਾਏ ਸਨ ਇੰਡੀਆ ਤੋਂ, ਤਾਂ ਕਿ ਵੱਧ ਤੋਂ ਵੱਧ ਲੋਕਾਂ ਨੂੰ 'ਆਪਣੇ' ਨਗਰ ਕੀਰਤਨ ਵਿਚ ਲਿਆਂਦਾ ਜਾ ਸਕੇ। ਜਦੋਂ ਪਤਾ ਲੱਗਾ ਕਿ ਉਹ ਸੰਤ ਕਿੰਨਾ ਪੈਸਾ ਲੈ ਰਿਹਾ ਹੈ, ਤਾਂ ਸੁਣਨ ਵਾਲਿਆਂ ਦੇ ਕੰਨਾਂ ਦੇ ਪਰਦੇ ਪਾਟਣ ਤੱਕ ਪੁੱਜ ਗਏ। ਕਿਉਂ ਉਹ ਸੰਤ ਇੰਨਾ ਪੈਸਾ ਲੈਂਦੇ ਹਨ ਅਤੇ ਕਿਉਂ ਗੁਰਦੁਆਰਿਆਂ ਦੇ ਪ੍ਰਬੰਧਕ ਇੰਨਾ ਪੈਸਾ ਦਿੰਦੇ ਹਨ?

ਇਕ ਗੱਲ ਹੋਰ ਸਾਂਝੀ ਕਰਨੀ ਹੈ। ਪਿਛਲੇ ਸਾਲ ਮੈਂ ਪੰਜਾਬ ਗਿਆ, ਉਦੋਂ ਹਿੰਦੂਆਂ ਦਾ ਕੋਈ ਤਿਉਹਾਰ ਸੀ। ਅਸੀਂ ਜਦੋਂ ਲੁਧਿਆਣੇ ਤੋਂ ਬਾਹਰ ਨਿਕਲੇ ਅੰਮ੍ਰਿਤਸਰ ਜਾਣ ਲਈ, ਤਾਂ ਸਤਲੁਜ ਪੁਲ 'ਤੇ ਬਹੁਤ ਭੀੜ ਸੀ, ਟਰੈਫਿਕ ਜਾਮ। ਉਂਜ, ਸਾਰੀ ਭੀੜ ਦੂਜੇ ਪਾਸੇ ਸੀ ਤੇ ਸਾਨੂੰ ਰੁਕਣਾ ਨਹੀਂ ਪਿਆ, ਪਰ ਜਦੋਂ ਦੂਜੇ ਪਾਸੇ ਵੇਖਿਆ ਤਾਂ ਬੜੀ ਦੂਰ ਤੱਕ ਜਾਮ ਲੱਗਿਆ ਹੋਇਆ ਸੀ। ਜਦੋਂ ਸਾਡੀ ਗੱਡੀ ਨੇ ਜਲੰਧਰ ਤੋਂ ਅੱਗੇ ਕਰਤਾਰਪੁਰ ਪਾਸ ਕੀਤਾ ਤਾਂ ਅੱਗੇ ਟਰੈਫਿਕ ਜਾਮ ਹੋ ਗਿਆ। ਦੂਜੇ ਪਾਸਿਉਂ ਆਉਣ ਵਾਲੇ ਦੱਸ ਰਹੇ ਸਨ ਕਿ ਬਿਆਸ ਦਰਿਆ ਦੇ ਪੁਲ ਤੱਕ ਜਾਮ ਹੈ, ਨਾਲ ਹੀ ਉਹ ਪਰਵਾਸੀ ਮਜ਼ਦੂਰਾਂ ਨੂੰ ਗਾਲ੍ਹਾਂ ਕੱਢ ਰਹੇ ਸਨ ਜਿਹੜੇ ਦਰਿਆ ਵਿਚ ਮੂਰਤੀਆਂ ਸੁੱਟ ਕੇ ਪੰਜਾਬ ਵਿਚ ਗੰਦ ਪਾ ਰਹੇ ਸਨ। ਅਸੀਂ ਉਥੋਂ ਗੱਡੀ ਵਾਪਸ ਮੋੜੀ ਅਤੇ ਕਰਤਾਰਪੁਰ ਤੋਂ ਕਪੂਰਥਲਾ ਹੋ ਕੇ ਤਰਨਤਾਰਨ ਪਹੁੰਚੇ। ਪਰਵਾਸੀ ਮਜ਼ਦੂਰਾਂ ਨੂੰ ਕੱਢੀਆਂ ਗਾਲ੍ਹਾਂ ਸੁਣ ਕੇ ਸੋਚ ਰਿਹਾ ਸਾਂ ਕਿ ਜਦੋਂ ਸਿੱਖ ਜ਼ਿਦੋ-ਜ਼ਿਦੀ ਨਗਰ ਕੀਰਤਨ ਕੱਢਦੇ ਹਨ, ਤਾਂ ਉਥੇ ਵੀ ਤਾਂ ਲੋਕ ਪ੍ਰੇਸ਼ਾਨ ਹੁੰਦੇ ਹੋਣਗੇ, ਤੇ ਫਿਰ ਉਹ ਲੋਕ ਸਿੱਖਾਂ ਬਾਰੇ ਕੀ ਸੋਚਦੇ ਹੋਣਗੇ? ਕੀ ਇਸ ਤਰ੍ਹਾਂ ਲੋਕਾਂ ਦੇ ਮਨਾਂ ਵਿਚ ਸਬੰਧਤ ਧਰਮ ਦੇ ਲੋਕਾਂ ਪ੍ਰਤੀ ਨਫ਼ਰਤ ਤਾਂ ਨਹੀਂ ਪੈਦਾ ਹੋ ਰਹੀ? ਕਿਤੇ ਆਪਣੇ ਬੱਚਿਆਂ ਲਈ ਅਸੀਂ ਕੰਡੇ ਤਾਂ ਨਹੀਂ ਬੀਜ ਰਹੇ?



ਦੋ ਹਫਤੇ ਪਹਿਲਾਂ ਦੀ ਖਬਰ ਹੈ ਕਿ ਵਾਸ਼ਿੰਗਟਨ ਵਿਚ ਮੰਦਰ ਦੀ ਕੰਧ 'ਤੇ ਲਿਖਿਆ ਹੋਇਆ ਸੀ- ਗੈਟ ਆਊਟ। ਮਸਜਿਦ ਦੇ ਬਾਹਰ ਵੀ ਅਜਿਹਾ ਹੀ ਕੁਝ ਲਿਖਿਆ ਹੋਇਆ ਸੀ। ਇਕ ਗੁਰਦੁਆਰੇ ਦੀ ਬਿਲਡਿੰਗ 'ਤੇ ਆਂਡੇ ਮਾਰੇ ਗਏ। ਵਿਸਕਾਨਸਿਨ ਵਿਚ ਗੁਰਦੁਆਰੇ ਵਿਚ ਗੋਲੀ ਚਲਾ ਕੇ 6 ਸ਼ਰਧਾਲੂ ਮਾਰ ਦਿੱਤੇ ਗਏ ਸਨ। ਇਸ ਲਈ ਇਸ ਬਾਰੇ ਤਾਂ ਸੋਚਣਾ ਹੀ ਪਵੇਗਾ। ਸਿੱਖਾਂ ਨੂੰ ਅਮਰੀਕਾ ਵਿਚ ਆਇਆਂ 100 ਸਾਲ ਤੋਂ ਵੀ

(ਬਾਕੀ ਅਗਲੇ ਸਫੇ 'ਤੇ)

# ਹੈਵ ਏ ਨਾਈਸ ਡੇ

**ਕਾਨਾ ਸਿੰਘ ਦੀ ਹਰ ਲਿਖਤ ਧਿਆਨ ਖਿੱਚਦੀ ਹੈ। ਲਿਖਤ ਦਾ ਬਿਰਤਾਂਤ ਅਤੇ ਸ਼ਬਦਾਂ ਦੀ ਜੜਤ ਇਸ ਨੂੰ ਸਾਧਾਰਨ ਨਹੀਂ ਰਹਿਣ ਦਿੰਦੇ; ਨਾਲ ਹੀ ਲਿਖਤ ਵਿਚ ਪਰੋਇਆ ਕਹਾਣੀ-ਰਸ ਪਾਠਕ ਨੂੰ ਉਂਗਲ ਫੜ ਕੇ ਨਾਲ ਤੋਰੀ ਰੱਖਦਾ ਹੈ। ਇਸੇ ਤਰ੍ਹਾਂ ਦਾ ਖਾਸ ਰੰਗ 'ਹੈਵ ਏ ਨਾਈਸ ਡੇ' ਨਾਂ ਦੇ ਇਸ ਲੇਖ ਦਾ ਵੀ ਹੈ। ਲੇਖਕਾ ਨੇ ਬਹੁਤ ਸਾਧਾਰਨ ਗੱਲਾਂ-ਬਾਤਾਂ ਨੂੰ ਇਸ ਤਰ੍ਹਾਂ ਬੰਨ੍ਹਿਆ ਹੈ ਕਿ ਇਹ ਖਾਸ ਤਾਂ ਬਣ ਹੀ ਗਈਆਂ ਹਨ, ਇਨ੍ਹਾਂ ਵਿਚ ਸੁਹਜ, ਸਹਿਜ, ਸਲੀਕਾ ਅਤੇ ਸੁਨੇਹਾ ਵੀ ਝਾਤੀਆਂ ਮਾਰਦਾ ਹੈ। -ਸੰਪਾਦਕ**



ਚਿੱਤ ਚੇਤਾ

ਕਾਨਾ ਸਿੰਘ
ਫੋਨ: 91-95019-44944

ਸਵੇਰ ਦੇ ਸਾਢੇ ਛੇ ਵਜੇ। ਮੁੰਬਈ ਦੀਆਂ ਸੜਕਾਂ ਇਸ ਵੇਲੇ ਜਾਗੋ-ਮੀਟੀ ਵਿਚ ਹੀ ਹੁੰਦੀਆਂ ਹਨ। ਆਂਤੜੀਆਂ ਦੇ ਗੁੰਝੇ ਰੋਗ ਨਾਲ ਪੀੜਤ, ਮੈਂ ਨਿਰਨੇ ਪੇਟ ਹੀ ਜਾਣਾ ਸੀ, ਪੱਛਮੀ ਬਾਂਦਰਾ ਸਥਿਤ ਸ਼ਾਂਤੀ ਨਰਸਿੰਗ ਹੋਮ ਨੂੰ ਕੋਲਨੋਸਕੋਪੀ ਅਤੇ ਹੋਰ ਜ਼ਰੂਰੀ ਡਾਕਟਰੀ ਮੁਆਇਨਿਆਂ ਲਈ।

ਘਰੋਂ ਨਿਕਲ ਕੇ ਵਾਕੋਲਾ ਬ੍ਰਿੱਜ ਦੀ ਮੁਖ ਸੜਕ ਉਤੇ ਪੁਜ ਕੇ ਮੈਂ ਆਟੋ ਰਿਕਸ਼ਾ ਨੂੰ ਹੱਥ ਦੇ ਇਸ਼ਾਰੇ ਨਾਲ ਰੋਕਿਆ।

"ਗੁੱਡ ਮਾਰਨਿੰਗ ਮੈਮ", ਆਖਦਿਆਂ ਬੜੇ ਸਤਿਕਾਰ ਨਾਲ ਸਿਰ ਝੁਕਾ ਕੇ ਮੁਸਕਰਾਂਦਿਆਂ ਅਤੇ ਖੁੱਲ੍ਹੀਆਂ ਬਾਹਾਂ ਦੇ ਸੱਦੇ ਨਾਲ ਰਿਕਸ਼ਾ ਚਾਲਕ ਨੇ ਮੈਨੂੰ ਆਟੋ ਵਿਚ ਬੈਠਣ ਦਾ ਸੱਦਾ ਦਿੱਤਾ। ਉਹਦਾ ਇਹ ਨਿਵੇਕਲਾ ਅੰਦਾਜ਼ ਮੈਨੂੰ ਚੰਗਾ ਲੱਗਾ। ਇਸ ਢੰਗ ਨਾਲ ਗਾਹਕ ਸਵਾਰੀ ਨੂੰ 'ਜੀ ਆਇਆਂ ਆਖਣਾ' ਮੇਰੇ ਲਈ ਨਵੀਂ ਗੱਲ ਸੀ। ਸਵੇਰੇ ਜਦੋਂ ਹਸਪਤਾਲ ਵਿਚ ਹੋਣ ਵਾਲੇ ਟੈਸਟਾਂ ਦੀ ਗੰਭੀਰਤਾ ਦਾ ਖਦਸ਼ਾ ਮਨ ਉਤੇ ਹਾਵੀ ਹੋਵੇ, ਰੂਹ ਖਿੜ ਜਿਹੀ ਗਈ। ਆਟੋ ਦੀ ਰਫ਼ਤਾਰ ਨਾਲ ਉਡੂੰ-ਉਡੂੰ ਕਰਦੀ ਮੈਂ ਜਾ ਉਤਰੀ ਹਸਪਤਾਲ ਦੇ ਸਾਹਵੇਂ, ਬਾਂਦਰਾ।

"ਬਾਇ ਮੈਮ, ਹੈਵ ਏ ਨਾਈਸ ਡੇ", ਆਖ ਕੇ ਆਟੋ ਤੋਂ ਉਤਰਦੀ ਅਤੇ ਪੈਸੇ ਫੜਾਉਂਦੀ ਨੂੰ ਉਸ ਚਾਲਕ ਨੇ ਫਿਰ ਹੈਰਾਨ ਕਰ ਦਿੱਤਾ।

ਦਿਨ ਚੰਗਾ ਨਿਕਲੇਗਾ...। ਟੈਸਟਾਂ ਦੇ ਨਤੀਜੇ ਸਹੀ ਨਿਕਲਣਗੇ...। ਡਾਕਟਰਾਂ ਦੇ ਸ਼ੰਕੇ ਨਿਰਮੂਲ ਹੋਣਗੇ...।

ਉਸ ਭਲੇ ਪੁਰਸ਼ ਦੇ ਨਿੱਘੇ ਅੰਦਾਜ਼ ਨੇ ਮੈਨੂੰ ਆਸ ਬੰਨ੍ਹਾ ਦਿੱਤੀ। ਉਸ ਸਾਰੇ ਦਿਨ, ਤੇ ਮਗਰੋਂ ਵੀ ਉਸ ਬੰਦੇ ਨੇ ਮੇਰੀ ਸੋਚ ਮੱਲੀ ਰੱਖੀ।

ਬੰਦੇ ਦਾ ਘਰ-ਪਰਿਵਾਰ ਹੀ ਉਸ ਦੇ ਸਦਾਚਾਰ ਦੀ ਨੀਂਹ ਹੁੰਦਾ ਹੈ। ਇਹ ਆਦਮੀ ਜ਼ਰੂਰ ਘਰੋਂ ਖੁਸ਼ ਹੋਣਾ ਹੈ।...ਇਹਦੀ ਪਰਵਰਿਸ਼ ਕਿਸੇ ਸੁਘੜ ਮਾਂ ਨੇ ਕੀਤੀ ਹੋਵੇਗੀ...ਇਹਦੀ ਪਤਨੀ ਨੇਕ ਹੋਵੇਗੀ...ਇਹਦਾ ਬਚਪਨ ਜ਼ਰੂਰ ਖੁਸ਼-ਰਹਿਣਾ ਰਿਹਾ ਹੋਵੇਗਾ...ਇਹ ਆਪਣੇ ਕਿੱਤੇ ਤੋਂ ਸੰਤੁਸ਼ਟ ਜਾਪਦਾ ਹੈ...ਕੰਮ ਨੂੰ ਭਗਤੀ ਕਰ ਕੇ ਜਾਣਦਾ ਪ੍ਰਤੀਤ ਹੁੰਦਾ ਹੈ...ਜ਼ਰੂਰ ਪੜ੍ਹਿਆ-ਲਿਖਿਆ ਵੀ ਹੈ। ਕਿਤਨਾ ਨਫ਼ੀਸ! ਇਹ ਸੁਹੱਪਣ ਤੇ ਸੁਹਜ ਦੀ ਪ੍ਰਸ਼ੰਸਾ ਹੀ ਨਹੀਂ ਕਰਦਾ, ਉਹਨੂੰ ਸਿਰਜਦਾ ਤੇ ਵਿਸਥਾਰਦਾ ਵੀ ਜਾਪਦਾ ਹੈ...।

'ਜਿਉਂਦਾ ਰਹਿ, ਰੱਬ ਤੇਰਾ ਭਲਾ ਕਰੇ'। ਮਨ ਹੀ ਮਨ ਆਟੋ ਚਾਲਕ ਨੂੰ ਨਮਸਕਾਰਦੀ, ਤੇ ਕਿਆਫ਼ੇ ਲਗਾਉਂਦੀ ਨੇ ਨਰਸਿੰਗ ਹੋਮ ਵਿਚ ਪ੍ਰਵੇਸ਼ ਕੀਤਾ। ਉਹ ਦਿਨ ਤਾਂ ਮੇਰਾ ਖਿੜਿਆ ਰਿਹਾ ਹੀ, ਅੱਗਿਉਂ ਵੀ ਜਦ ਕਦੇ ਮੈਂ ਕਿਸੇ ਆਟੋ ਰਿਕਸ਼ਾ ਅਤੇ ਫਿਰ ਮੁਹਾਲੀ ਟਿਕ ਜਾਣ 'ਤੇ ਸਾਈਕਲ ਰਿਕਸ਼ਾ 'ਤੇ ਵੀ ਜੇ ਸਵਾਰ ਹੋਣ ਲੱਗਦੀ ਤਾਂ ਉਸ ਭਲੇ ਪੁਰਸ਼ ਦਾ ਚੇਤਾ ਆ ਜਾਂਦਾ ਅਤੇ ਆਪ-ਮੁਹਾਰੇ ਹੀ ਮੁਸਕਰਾਉਂਦੀ ਦੇ ਹੋਠ ਫਰਕ ਉਠਦੇ- 'ਹੈਵ ਏ ਨਾਈਸ ਡੇ।'

ਸਾਈਕਲ ਰਿਕਸ਼ਾ ਮੇਰਾ ਮਨਭਾਉਂਦਾ ਵਾਹਨ-ਸਾਧਨ ਹੈ। ਇਹਦੀ ਸਹਿਜ ਰਫ਼ਤਾਰ ਮੇਰੀ ਸਿਰਜਣ-ਪ੍ਰਕਿਰਿਆ ਨੂੰ ਤਾਲ ਦਿੰਦੀ ਹੈ। ਘੂਠੀ ਜਾਂਦੀ ਕਾਰ ਜਾਂ ਟੈਕਸੀ ਵਿਚ ਬੈਠੀ ਮੈਂ ਡਾਢੀ ਹੁਸਤਦੀ ਹਾਂ। ਆਟੋ ਰਿਕਸ਼ਾ ਵਿਚ ਬੈਠਿਆਂ ਵੀ ਮੇਰੀ ਸੋਚ ਨੂੰ ਬੜੇ ਝਟਕੇ ਲੱਗਦੇ ਹਨ। ਚੰਡੀਗੜ੍ਹ ਅਤੇ ਮੁਹਾਲੀ ਦੇ ਆਟੋ ਡਰਾਈਵਰਾਂ ਵਿਚ ਸਹਿਜ ਦੀ ਘਾਟ ਹੈ। ਹੋ ਸਕਦਾ ਹੈ, ਇਥੋਂ ਦੀਆਂ ਖੁੱਲ੍ਹੀਆਂ ਸੜਕਾਂ ਅਤੇ ਇਕ-ਦੂਜੇ ਨੂੰ ਪਛਾਤਨ ਦਾ ਪੰਜਾਬੀ ਸੁਭਾਅ ਵੀ ਇਸ ਦਾ ਕਾਰਨ ਹੋਵੇ!

ਚੰਡੀਗੜ੍ਹ, ਮੁਹਾਲੀ ਦੇ ਆਟੋ ਰਿਕਸ਼ਾ ਵਿਚ ਸਵਾਰ ਹੁੰਦਿਆਂ ਹੀ ਉਹ ਤੀਹ-ਪੈਂਤੀ ਸਾਲ ਪਹਿਲਾਂ ਮਿਲਿਆ ਮੁੰਬਈਆ ਆਟੋ ਚਾਲਕ ਮੇਰੇ ਕੰਨਾਂ ਵਿਚ ਆ ਫੂਕ ਮਾਰਦਾ ਹੈ, 'ਹੈਵ ਏ ਨਾਈਸ ਡੇ' ਤੇ ਮੈਂ ਆਪ-ਮੁਹਾਰੀ ਮੁਸਕਾਂਦੀ ਸਹਿਜ ਹੋ ਜਾਂਦੀ ਹਾਂ। ਕੋਈ ਕਦੋਂ, ਕਿਵੇਂ ਤੇ ਕਿੱਥੇ-ਕਿੱਥੇ ਆ ਮਿਲ, ਅੰਗ-ਸੰਗ ਹੋ ਜਾਂਦਾ ਹੈ!

ਕਦੇ-ਕਦੇ ਉਸ ਭਲੀ ਰੂਹ ਦੇ ਦੀਦਾਰ ਮੈਨੂੰ ਕਿਸੇ ਸਾਈਕਲ ਰਿਕਸ਼ਾਵਾਨ ਦੇ ਚਿਹਰੇ ਤੋਂ ਵੀ ਹੋ ਜਾਂਦੇ ਹਨ। ਤਫ਼ਰੀਹ ਦੇ ਰੌਂ ਵਿਚ, ਸਰਦ-ਰੁੱਤ ਦੀਆਂ ਦੁਪਹਿਰਾਂ ਮਾਣਨ ਲਈ ਕਈ ਵੇਰਾਂ ਮੈਂ ਸਾਰੇ ਦਿਨ ਦੇ ਠੇਕੇ ਉਤੇ ਵੀ ਰਿਕਸ਼ਾ ਕਰ ਲੈਂਦੀ ਹਾਂ। ਮੁਹਾਲੀ ਤੋਂ ਸੁਖਨਾ ਲੇਕ। ਜਿੱਥੇ ਜੀ ਆਇਆ, ਰੋਕ ਲਿਆ। ਜਿਸ ਨੂੰ ਜੀ ਕੀਤਾ, ਮਿਲ ਲਿਆ। ਸਤਾਰਾਂ ਸੈਕਟਰ ਵਿਚ ਵਿੰਡੋ ਸ਼ਾਪਿੰਗ ਕਰ ਲਈ, ਕੋਈ ਫਿਲਮ ਵੇਖ ਲਈ ਅਤੇ ਰੋਜ਼ ਗਾਰਡਨ ਜਾਂ ਲਈਅਰ ਵੈਲੀ ਦੇ ਬਾਹਰ ਰਿਕਸ਼ਾ ਰੋਕ ਕੇ ਰੱਜ ਕੇ ਸੈਰ ਵੀ ਕਰ ਲਈ।

ਲੰਮੇ ਸਫ਼ਰ ਵਿਚ ਰਿਕਸ਼ਾਵਾਨ ਨਾਲ ਗੱਲਾਂ ਮਾਰਨੀਆਂ ਵੀ ਮੇਰਾ ਸ਼ੁਗਲ ਹੈ। ਹਰ ਇਕ ਦਾ ਵੱਖਰਾ ਅੰਦਾਜ਼, ਵੱਖਰਾ ਤਜਰਬਾ ਅਤੇ ਵੱਖਰੇ ਹੀ ਹਾਲਾਤ।...'ਹੈਵ ਏ ਨਾਈਸ ਡੇ' ਦਾ ਸੰਚਾਰ ਹੁੰਦਾ ਹੀ ਰਹਿੰਦਾ ਹੈ।

*

ਐਤਵਾਰ ਦਾ ਦਿਨ। ਮੁਹਾਲੀ ਤੋਂ ਚੰਡੀਗੜ੍ਹ ਜਾਣ ਲਈ ਮੈਂ ਆਟੋ ਫੜਿਆ। ਚੰਡੀਗੜ੍ਹ ਦੀ ਸੜਕ ਉਤੇ ਪੈਂਦਿਆਂ ਹੀ ਇਕ ਕੁੜੀ ਨੇ ਹੱਥ ਦਿੱਤਾ। ਆਟੋ ਰੁਕਿਆ। ਉਹ ਸਵਾਰ ਹੋ ਗਈ।



ਕਾਨਾ ਸਿੰਘ: ਸੁਹਜ, ਸਹਿਜ, ਸਲੀਕਾ ਤੇ ਸੁਹੱਪਣ।

**ਕੁੜੀ ਪਤਲੀ ਸੀ, ਸੁਡੌਲ ਅਤੇ ਗੁੰਦਵੀਂ। ਖੱਬੀ ਗੱਲ੍ਹ 'ਤੇ ਟੋਆ। ਹਰੀਆਂ ਅੱਖਾਂ। ਹੋਠਾਂ ਦੀ ਲਕੀਰਕਾਰੀ ਅਤੇ ਭਰਵੱਟਿਆਂ ਦੀ ਤਰਾਸ਼ੀ ਹੋਈ ਕਮਾਨਦਾਰੀ ਤੋਂ ਲੱਗਦਾ ਸੀ ਕਿ ਕੁੜੀ ਮੇਕ-ਅੱਪ ਕਰਨ ਦੀ ਚੰਗੀ ਸੂਝ ਰੱਖਦੀ ਹੈ। ਸਾਰੇ ਨਕਸ਼ ਤਿੱਖੇ, ਘੜੇ-ਘੜਾਏ। ਸੱਜੀ ਗੱਲ੍ਹ ਉਤੇ ਉੱਲਰ-ਉੱਲਰ ਪੈਂਦੀ ਉਸ ਦੀ ਜ਼ੁਲਫ਼ ਤੋਂ ਜਾਪਦਾ ਸੀ ਕਿ ਉਹ ਕੁੜੀ ਸੁਚੇਤ ਤੌਰ 'ਤੇ ਲਾਪਰਵਾਹੀ ਸਿਰਜਣ ਦੇ ਕਮਾਲ ਵਿਚ ਵੀ ਮਾਹਰ ਹੈ। 'ਸੁਹਣੀ ਵੀ ਹੈ ਪਰ ਕੁਆਰੀ ਨਹੀਂ ਜਾਪਦੀ। ਇਹ ਚੰਚਲ ਨਹੀਂ, ਸਹਿਜ ਹੈ। ਹੋ ਸਕਦੈ, ਇਸ ਦਾ ਕੋਈ ਬਾਲ-ਬੱਚਾ ਵੀ ਹੋਵੇ', ਮੇਰਾ ਅੰਦਾਜ਼ਾ ਸੀ। ਕੁੜੀ ਪੁੱਜ ਕੇ ਸੁਹਣੀ, ਮੱਧ ਸ਼੍ਰੇਣਿਕ ਤੇ ਕੰਮ-ਕਾਜੀ ਜਾਪੀ। ਆਟੋ ਦੀ ਰਫ਼ਤਾਰ ਦੇ ਮੁਤਾਬਕ ਹੀ ਮੇਰੇ ਅਨੁਮਾਨ ਦੌੜਦੇ ਗਏ। "ਮੈਮ, ਤੁਹਾਡੀ ਸਾੜ੍ਹੀ ਬਹੁਤ ਸੁਹਣੀ ਹੈ ਤੇ ਤੁਸਾਂ ਬੱਧੀ ਵੀ ਬੜੇ ਸੋਹਣੇ ਢੰਗ ਨਾਲ ਹੈ। ਬੜੇ ਚੰਗੇ ਲੱਗ ਰਹੇ ਹੋ", ਕੁੜੀ ਨੇ ਪਹਿਲ ਕਰ ਕੇ ਮੈਨੂੰ ਚੌਂਕਾਅ ਦਿੱਤਾ।**

ਕੁੜੀ ਪਤਲੀ ਸੀ, ਸੁਡੌਲ ਅਤੇ ਗੁੰਦਵੀਂ। ਖੱਬੀ ਗੱਲ੍ਹ 'ਤੇ ਟੋਆ, ਪ੍ਰੀਤੀ ਜ਼ਿੰਟਾ ਵਾਲਾ। ਉਸ ਦੀਆਂ ਹਰੀਆਂ ਅੱਖਾਂ ਐਸ਼ਵਰਿਆ ਰਾਇ ਦਾ ਚੇਤਾ ਕਰਾਉਂਦੀਆਂ।

ਹੋਠਾਂ ਦੀ ਲਕੀਰਕਾਰੀ ਅਤੇ ਭਰਵੱਟਿਆਂ ਦੀ ਤਰਾਸ਼ੀ ਹੋਈ ਕਮਾਨਦਾਰੀ ਤੋਂ ਲੱਗਦਾ ਸੀ ਕਿ ਉਹ ਕੁੜੀ ਮੇਕ-ਅੱਪ ਕਰਨ ਦੀ ਚੰਗੀ ਸੂਝ ਰੱਖਦੀ ਹੈ। ਉਸ ਦੇ ਸਾਰੇ ਹੀ ਨਕਸ਼ ਤਿੱਖੇ ਸਨ, ਘੜੇ-ਘੜਾਏ। ਸੱਜੀ ਗੱਲ੍ਹ ਉਤੇ ਉਲਰ-ਉਲਰ ਪੈਂਦੀ ਉਸ ਦੀ ਜ਼ੁਲਫ਼ ਤੋਂ ਜਾਪਦਾ ਸੀ ਕਿ ਉਹ ਕੁੜੀ ਸੁਚੇਤ ਤੌਰ 'ਤੇ ਲਾਪਰਵਾਹੀ ਸਿਰਜਣ ਦੇ ਕਮਾਲ ਵਿਚ ਵੀ ਮਾਹਰ ਹੈ।

'ਸੁਹਣੀ ਵੀ ਹੈ ਪਰ ਕੁਆਰੀ ਨਹੀਂ ਜਾਪਦੀ। ਇਹ ਚੰਚਲ ਨਹੀਂ, ਸਹਿਜ ਹੈ। ਹੋ ਸਕਦੈ, ਇਸ ਦਾ ਕੋਈ ਬਾਲ-ਬੱਚਾ ਵੀ ਹੋਵੇ', ਮੇਰਾ ਅੰਦਾਜ਼ਾ ਸੀ। ਕੁੜੀ ਪੁੱਜ ਕੇ ਸੁਹਣੀ, ਮੱਧ ਸ਼੍ਰੇਣਿਕ ਤੇ ਕੰਮ-ਕਾਜੀ ਜਾਪੀ। ਆਟੋ ਦੀ ਰਫ਼ਤਾਰ ਦੇ ਮੁਤਾਬਕ ਹੀ ਮੇਰੇ ਅਨੁਮਾਨ ਦੌੜਦੇ ਗਏ।

"ਮੈਮ, ਤੁਹਾਡੀ ਸਾੜ੍ਹੀ ਬਹੁਤ ਸੁਹਣੀ ਹੈ ਤੇ ਤੁਸਾਂ ਬੱਧੀ ਵੀ ਬੜੇ ਸੋਹਣੇ ਢੰਗ ਨਾਲ ਹੈ। ਬੜੇ ਚੰਗੇ ਲੱਗ ਰਹੇ ਹੋ", ਕੁੜੀ ਨੇ ਪਹਿਲ ਕਰ ਕੇ ਮੈਨੂੰ ਚੌਂਕਾ ਦਿੱਤਾ।

"ਮੈਂ ਤਾਂ ਤੁਹਾਡੇ ਬਾਰੇ ਸੋਚ ਰਹੀ ਸਾਂ। ਨਿਰੇ ਮਾਡਲ ਹੋ ਤੁਸੀਂ। ਕੀ ਕਰਦੇ ਹੋ?" ਮੈਂ ਪੁੱਛਿਆ।

"ਮੈਂ ਬਿਊਟੀ ਪਾਰਲਰ ਵਿਚ ਨੌਕਰੀ ਕਰਦੀ ਹਾਂ।"

"ਸ਼ਾਦੀ?"

"ਹਾਂ, ਮੇਰੇ ਦੋ ਬੱਚੇ ਵੀ ਨੇ।"

"ਬੜਾ ਸੰਭਾਲ ਕੇ ਰੱਖਿਆ ਹੋਇਆ ਹੈ ਤੁਸਾਂ ਆਪਣਾ ਸਰੀਰ। ਮਾਡਲਿੰਗ ਦਾ ਵੀ ਸ਼ੌਕ ਰੱਖਦੇ ਹੋ?"

"ਨਹੀਂ, ਮੈਂ ਮਾਂ ਹਾਂ ਤੇ ਮਾਂ ਰਹਿ ਕੇ ਹੀ ਖੁਸ਼ ਹਾਂ।"

"ਤੇ ਮਾਂ ਸਦਾ ਸੁਹਣੀ ਹੁੰਦੀ ਹੈ।"

ਆਟੋ ਚੁਤਾਲੀ ਸੈਕਟਰ ਪਾਰ ਕਰ ਗਿਆ। ਕੁੜੀ ਨੇ ਡਰਾਈਵਰ ਨੂੰ ਰੁਕਣ ਦਾ ਆਦੇਸ਼ ਦਿੱਤਾ। "ਬਾਇ ਮੈਮ, ਤੁਹਾਨੂੰ ਮਿਲ ਕੇ ਖੁਸ਼ੀ ਹੋਈ।"

"ਰੱਬ ਰਾਖਾ, ਹੈਵ ਏ ਨਾਈਸ ਡੇ।" ਆਖਦਿਆਂ ਮੇਰੀ ਰੂਹ ਸਰਸ਼ਾਰ ਹੋਈ।

ਪੈਂਤੀ ਸੈਕਟਰ ਦੇ ਗੋਲ ਚੱਕਰ 'ਤੇ ਇਕ ਹੋਰ ਕੁੜੀ ਨੇ ਹੱਥ ਦਿੱਤਾ। ਆਟੋ ਰੁਕਿਆ। ਕੁੜੀ ਸਵਾਰ ਹੋ ਗਈ। ਇਹ ਕੁੜੀ ਮਲੂਕ ਨਹੀਂ ਸੀ। ਤਗੜੀ ਅਤੇ ਤੰਦਰੁਸਤ ਸੀ। ਹੋਵੇਗੀ ਕੋਈ ਤੀਹ-ਪੈਂਤੀ ਵਰ੍ਹਿਆਂ ਦੀ, ਮੈਂ ਸੋਚਿਆ। ਕੁੜੀ ਜੀਨ-ਟੌਪ ਵਿਚ ਸੀ ਤੇ ਉਸ ਦੇ ਮੋਢੇ 'ਤੇ ਭਾਰੀ ਬੈਗ ਵੀ ਸੀ। ਇਹ ਕਿਸੇ ਵੀ ਹੀਰੋਇਨ ਵਰਗੀ ਨਹੀਂ ਸੀ ਲੱਗ ਰਹੀ। ਫਿਰ ਵੀ ਸੋਹਣੀ ਸੀ। ਬਸ ਆਪਣੇ ਆਪ ਵਰਗੀ।

ਬਾਈ ਸੈਕਟਰ ਦੇ ਗੋਲ ਚੱਕਰ ਉਤੇ ਆਟੋ ਕੁਝ ਜ਼ਿਆਦਾ ਦੇਰ ਰੁਕਿਆ ਰਿਹਾ। ਮੈਂ ਆਪਣੀ ਘੜੀ ਵੱਲ ਵੇਖਿਆ। ਸਾਹਿਤ ਸਭਾ ਦੀ ਮੀਟਿੰਗ ਆਰੰਭ ਹੋ ਚੁੱਕੀ ਹੋਵੇਗੀ। ਮੈਂ ਪੌਣਾ ਘੰਟਾ ਲੇਟ ਸਾਂ, ਚਿੰਤਾਤੁਰ ਹੋਈ।

"ਮੈਮ, ਤੁਸੀਂ ਜੁਆਨੀ ਵਿਚ ਕਿੰਨੇ ਸੋਹਣੇ ਹੁੰਦੇ ਹੋਵੋਗੇ। ਬੜੇ ਮੁੰਡੇ ਸੈਂਟੀ ਹੁੰਦੇ ਹੋਣਗੇ।" ਇਸ ਕੁੜੀ ਦੇ ਸ਼ਬਦਾਂ ਨੇ ਤਾਂ ਮੈਨੂੰ ਹੱਕਾ-ਬੱਕਾ ਹੀ ਕਰ ਦਿੱਤਾ।

"ਨਹੀਂ, ਮੈਂ ਜੁਆਨੀ ਵਿਚ ਖਾਸ ਸੋਹਣੀ ਨਹੀਂ ਸਾਂ। ਬਸ ਆਮ ਜਿਹੀ। ਅਹਿਸਾਸੇ-ਕਮਤਰੀ ਦੀ ਸ਼ਿਕਾਰ।" ਅੱਜ ਦੀ ਪੀੜ੍ਹੀ 'ਚ ਕਿੰਨੀ ਜੁਰਅੱਤ ਹੈ। ਸਪਸ਼ਟ ਅਤੇ ਸਵੈ-ਭਰੋਸੇ ਨਾਲ ਲਬਰੇਜ਼।

"ਮੈਮ, ਜੁਆਨੀ ਵਿਚ ਤਾਂ ਹਰ ਕੋਈ ਸੋਹਣਾ ਲੱਗਦਾ ਹੈ ਤੇ ਤੁਸੀਂ ਤਾਂ ਮਾਸ਼ਾ ਅੱਲਾ...?" ਕੁੜੀ ਨੇ ਇਕ ਨਹਿਲਾ ਹੋਰ ਸੁੱਟ ਕੇ ਮੈਨੂੰ ਹੈਰਾਨ ਕਰ ਦਿੱਤਾ।

"ਜੇ ਮੈਂ ਤੁਹਾਨੂੰ ਸੋਹਣੀ ਲੱਗੀ ਹਾਂ ਤਾਂ ਉਸ ਦਾ ਕਾਰਨ ਤੁਹਾਡੇ ਅੰਦਰ ਦਾ ਸੁਹੱਪਣ ਹੀ ਹੋ ਸਕਦਾ ਹੈ ਤੇ ਜਾਂ ਫਿਰ ਉਮਰ ਨਾਲ ਕਮਾਇਆ ਅਤੇ ਹੰਢਾਇਆ ਹੋਇਆ ਮੇਰਾ ਤਜਰਬਾ।"

"ਕੀ ਕਰਦੇ ਹੋ ਤੁਸੀਂ?" ਮੈਂ ਪੁੱਛਣੋਂ ਨਾ ਰਹਿ ਸਕੀ।

"ਮੈਂ ਫਿਜ਼ਿਓਥੈਰੇਪਿਸਟ ਹਾਂ।"

"ਸੋ ਇਹ ਰਾਜ਼ ਹੈ ਤੁਹਾਡੀ ਪਾਰਖੂ ਅੱਖ ਦਾ। ਤੁਸੀਂ ਸਿਹਤ ਦਾ ਸੰਚਾਰ ਕਰਦੇ ਹੋ। ਬਿਨਾਂ ਸਿਹਤ ਦੇ ਕਾਹਦੀ ਖੂਬਸੂਰਤੀ।"

"ਤੇ ਤੁਸੀਂ ਕੀ ਕਰਦੇ ਹੋ?" ਉਸ ਪੁੱਛਿਆ।

"ਲਗਭਗ ਤੁਹਾਡੇ ਕਿੱਤੇ ਵਰਗਾ ਹੀ ਹੈ ਮੇਰਾ ਕੰਮ-ਕਾਜ ਵੀ। ਮੈਂ ਹੋਮਿਓਪੈਥੀ ਦੇ ਨਾਲ-ਨਾਲ ਅਰਸੇ ਤੋਂ ਯੋਗ ਕੇਂਦਰ ਵੀ ਚਲ ਰਹੀ ਹਾਂ।"

"ਸਰੀਰਕ, ਮਾਨਸਿਕ ਅਤੇ ਰੂਹਾਨੀ ਸਿਹਤ ਦਾ ਸੰਚਾਰ! ਵਾਹ! ਮੈਮ, ਗੁਸਤਾਖੀ ਮੁਆਫ਼, ਮੈਂ ਤੁਹਾਡੀ ਉਮਰ ਜਾਣ ਸਕਦੀ ਹਾਂ?"

"ਇਹੀ ਕੋਈ ਬਹੱਤਰ ਸਾਲ।" ਅਸੀਂ ਦੋਵੇਂ ਖੁੱਲ੍ਹ ਕੇ ਹੱਸ ਪਈਆਂ। ਆਟੋ ਰੁਕਿਆ। ਕੁੜੀ ਉਤਰੀ। "ਹੈਵ ਏ ਨਾਈਸ ਡੇ", ਆਖ ਮੈਂ ਉਸ ਤੋਂ ਵੀ ਵਿਦਾ ਲਈ।

ਪੈਂਤੀ ਸਾਲ ਪਹਿਲਾਂ ਦਾ ਸ਼ਾਂਤੀ ਨਰਸਿੰਗ ਹੋਮ ਦਾ ਉਹ ਗੇੜਾ ਮੇਰਾ ਆਖ਼ਰੀ ਹਸਪਤਾਲੀ ਚੱਕਰ ਸੀ।... ਆਂਤੜੀਆਂ ਦੇ ਕੈਂਸਰ ਦੇ ਉਦੋਂ ਲੱਛਣ ਹੀ ਪ੍ਰਗਟ ਹੋਏ ਸਨ, ਬਿਮਾਰੀ ਨਹੀਂ। ਹਰ ਸਵੇਰੇ ਬਿਸਤਰ ਛੱਡਦਿਆਂ ਮੈਂ ਖੁਦ ਨੂੰ 'ਹੈਵ ਏ ਨਾਈਸ ਡੇ' ਆਖਦੀ ਬਾਗ਼ ਦੀ ਸੈਰ ਲਈ ਤੁਰ ਪੈਂਦੀ ਹਾਂ। ਉਸ ਆਟੋ ਚਾਲਕ ਦਾ ਸੁਨੇਹਾ ਹਰ ਮਿਲਦੇ-ਮਿਲਾਂਦੇ ਨੂੰ ਦੇਈ ਜਾਂਦੀ ਹਾਂ।

ਰਾਹ ਬਣਦੇ, ਮਿਲਦੇ ਅਤੇ ਨਿਖੜਦੇ ਰਹਿੰਦੇ ਹਨ। ਸਾਥੀ ਮਿਲਦੇ, ਸੰਗ ਤੁਰਦੇ ਅਤੇ ਵਿਛੜਦੇ ਰਹਿੰਦੇ ਹਨ। ਹੁੰਦਾ ਰਹਿੰਦਾ ਹੈ ਸੰਚਾਰ ਭਿੰਨ-ਭਿੰਨ ਤਕਨੀਆਂ 'ਚ, ਮੁਸਕਣੀਆਂ ਵਿਚ ਤੇ ਸ਼ਬਦਾਂ ਵਿਚ: 'ਹੈਵ ਏ ਨਾਈਸ ਡੇ, ਹੈਵ ਏ ਨਾਈਸ ਡੇ' ਦਾ।

ਉਹ ਕੌਣ ਸੀ? ਕਿੱਥੇ ਹੈ, ਕਿਵੇਂ ਹੈ?

ਉਹ ਜੋ ਵੀ ਸੀ, ਜਿੱਥੇ ਹੈ, ਜਿਵੇਂ ਹੈ; ਮਿਲਦਾ ਹੀ ਰਹਿੰਦਾ ਹੈ ਹਰ ਰਾਹ 'ਤੇ, ਹਰ ਮੋੜ 'ਤੇ, ਹਰ ਮੁੱਖ 'ਤੇ 'ਹੈਵ ਏ ਨਾਈਸ ਡੇ' ਆਖਦਾ-ਸੁਣਦਾ।

# ਨਗਰ ਕੀਰਤਨ

ਜ਼ਿਆਦਾ ਸਮਾਂ ਹੋ ਗਿਆ ਹੈ, ਪਰ ਅੱਜ ਤੱਕ ਲੋਕਲ ਲੋਕਾਂ ਨੂੰ ਇਹ ਨਹੀਂ ਦੱਸਿਆ ਜਾ ਸਕਿਆ ਕਿ ਸਿੱਖ ਕੌਣ ਹਨ? ਭਾਵੇਂ ਸਭ ਕਹਿੰਦੇ ਇਹੀ ਹਨ ਕਿ ਹਜ਼ਾਰਾਂ ਵਿਚ ਖੜ੍ਹਾ ਸਿੰਘ ਵੀ ਪਛਾਣਿਆ ਜਾਂਦਾ ਹੈ। ਅਸਲ ਗੱਲ ਇਹ ਹੈ ਕਿ ਉਸ ਨੂੰ ਸਿਰਫ਼ ਕੋਈ ਸਿੱਖ ਹੀ ਪਛਾਣ ਸਕਦਾ ਹੈ, ਦੂਜੇ ਧਰਮਾਂ ਵਾਲੇ ਨਹੀਂ। ਦੂਜੇ ਧਰਮਾਂ ਵਾਲੇ ਉਦੋਂ ਹੀ ਪਛਾਣਨਗੇ ਜਦੋਂ ਕੋਈ ਸਾਂਝ ਹੋਵੇਗੀ।

ਜ਼ਰਾ ਸੋਚੋ, ਕਿੰਨੇ ਕਬੱਡੀ ਮੇਲੇ ਲਗਦੇ ਹਨ ਅਤੇ ਇਨ੍ਹਾਂ ਉਤੇ ਕਿੰਨੇ ਡਾਲਰ ਖਰਚੇ ਜਾਂਦੇ ਹਨ, ਪਰ ਇਨ੍ਹਾਂ ਮੇਲਿਆਂ ਵਿਚ ਦੂਜੇ ਧਰਮਾਂ ਦੇ ਕਿੰਨੇ ਕੁ ਲੋਕਾਂ ਨੂੰ ਬੁਲਾਇਆ ਜਾਂਦਾ ਹੈ? ਜਦੋਂ ਅਜਿਹੇ ਮੌਕਿਆਂ 'ਤੇ ਕੋਈ ਸਾਂਝ ਹੀ ਨਹੀਂ ਬਣਨੀ, ਤਾਂ ਪਛਾਣ ਕਿਸ ਤਰ੍ਹਾਂ ਬਣੇਗੀ? ਇਹ ਕਬੱਡੀ ਮੇਲੇ ਵੀ ਕਈ ਵਾਰ ਜ਼ਿਦ ਜ਼ਿਦ ਤਹਿਤ ਲਗਦੇ ਹਨ। ਇਥੋਂ ਤੱਕ ਕਿ ਕਈ ਵਾਰ ਤਾਂ ਤਰੀਕ ਵੀ ਇਕ ਹੀ ਰੱਖ ਦਿੱਤੀ ਜਾਂਦੀ ਹੈ। ਕੀ ਇਹ ਚੰਗੀ ਗੱਲ ਹੈ?

ਹੁਣ ਗੱਲ ਪੰਜਾਬ ਦੀ...ਉਥੇ ਵੀ ਇਕ-ਇਕ ਪਿੰਡ ਵਿਚ ਕਈ-ਕਈ ਗੁਰਦੁਆਰੇ ਹਨ। ਸ਼ਹਿਰਾਂ ਦੇ ਹਰ ਮੁਹੱਲੇ ਵਿਚ ਵੱਖਰੇ-ਵੱਖਰੇ ਗੁਰਦੁਆਰੇ ਹਨ। ਭੀੜ-ਭੜੱਕਾ ਬਹੁਤ ਜ਼ਿਆਦਾ ਹੁੰਦਾ ਹੈ ਤੇ ਨਗਰ ਕੀਰਤਨ ਕੱਢੇ ਜਾਂਦੇ ਹਨ। ਅੱਗੇ-ਅੱਗੇ ਨੌਜਵਾਨ ਮੁੰਡੇ ਹੁੰਦੇ ਹਨ ਜੋ ਨੰਗੀਆਂ ਕਿਰਪਾਨਾਂ ਲੈ ਕੇ ਤੁਰਦੇ ਹਨ। ਵੱਡੇ-ਵੱਡੇ ਪਟਾਕੇ ਕਿਰਪਾਨ ਵਿਚ ਫਸਾ ਕੇ ਚਲਾਏ ਜਾਂਦੇ ਹਨ। ਜੇ ਕੋਈ ਗਰੀਬ ਰਿਕਸ਼ੇ ਜਾਂ ਰੇਹੜੀ ਵਾਲਾ ਅੱਗੇ ਆ ਜਾਵੇ ਤਾਂ ਉਸ ਦੇ ਟਾਇਰਾਂ ਦੀ ਹਵਾ ਕੱਢ ਦਿੱਤੀ ਜਾਂਦੀ ਹੈ। ਕਈ ਵਾਰ ਤਾਂ ਕੁੱਟਦੇ ਵੀ ਹਨ। ਅਗਲੇ ਦਿਨ ਅਖ਼ਬਾਰਾਂ ਵਿਚ ਲਿਖਿਆ ਹੁੰਦਾ ਹੈ-ਬੜੀ ਸ਼ਰਧਾ ਨਾਲ ਨਗਰ ਕੀਰਤਨ ਕੱਢਿਆ। ਕੀ ਗੁਰੂਆਂ ਦੀਆਂ ਇਹੀ ਸਿੱਖਿਆਵਾਂ ਹਨ? ਕੀ ਗੁਰੂ ਗ੍ਰੰਥ ਸਾਹਿਬ ਵਿਚ ਇਹੋ ਜਿਹਾ ਕਿਤੇ ਕੁਝ ਹੈ? ਹੋ ਸਕਦਾ ਹੈ ਕਿ ਇਹ ਗੱਲਾਂ ਕਿਸੇ ਨੂੰ ਚੰਗੀਆਂ ਨਾ ਲੱਗਣ, ਪਰ ਇਹ ਸਵਾਲ ਹਨ ਜਿਨ੍ਹਾਂ ਬਾਰੇ ਸਿੱਖਾਂ ਨੂੰ ਸੋਚਣਾ ਜ਼ਰੂਰ ਚਾਹੀਦਾ ਹੈ।

ਸੋਚਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਗੁਰਦੁਆਰੇ 'ਤੇ ਜੋ ਸੋਨਾ ਚੜ੍ਹਾਇਆ ਜਾ ਰਿਹਾ ਹੈ, ਇਸ ਦੀ ਜ਼ਰੂਰਤ ਹੈ? ਕਿਉਂ? ਗੁਰਦੁਆਰੇ ਵਾਲੇ ਵੱਡੇ-ਵੱਡੇ ਬੋਰਡ ਲਾਉਂਦੇ ਹਨ ਤੇ ਅਖ਼ਬਾਰਾਂ ਵਿਚ ਇਸ਼ਤਿਹਾਰ ਦਿੰਦੇ ਹਨ ਕਿ ਫਲਾਣੇ ਗੁਰਦੁਆਰੇ ਦੇ ਗੁੰਬਦ 'ਤੇ ਸੋਨੇ ਦੀ ਸੇਵਾ ਚੱਲ ਰਹੀ ਹੈ। ਜਿਵੇਂ ਹਿੰਦੂ, ਮੰਦਰਾਂ ਵਿਚ ਸੋਨਾ ਚੜ੍ਹਾਉਂਦੇ ਹਨ, ਉਸੇ ਤਰ੍ਹਾਂ ਸਿੱਖ ਵੀ ਗੁਰਦੁਆਰਿਆਂ ਵਿਚ ਸੋਨਾ ਚੜ੍ਹਾਈ ਜਾਂਦੇ ਹਨ। ਕਿਉਂ? ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਤੁਹਾਡੇ ਕੋਲ ਹਨ। ਜੇ ਤੁਸੀਂ ਚਾਹੁੰਦੇ ਹੋ ਕਿ ਸਿੱਖ ਕੌਣ ਹਨ, ਇਸ ਬਾਰੇ ਅਮਰੀਕਨ ਲੋਕਾਂ ਨੂੰ ਪਤਾ ਲੱਗੇ, ਕੋਈ ਵੀ ਕਿਸੇ ਸਿੱਖ ਬੱਚੇ ਨੂੰ ਸਕੂਲ ਵਿਚ ਅਤਿਵਾਦੀ ਨਾ ਕਹੇ, ਤਾਂ ਸਭ ਨੂੰ ਬੇਨਤੀ ਹੈ ਕਿ ਜਾਗੋ ਅਤੇ ਇਸ ਬਾਰੇ ਸੋਚੋ। ਸੋਚੋ ਕਿ ਅਸੀਂ ਆਉਣ ਵਾਲੇ ਬੱਚਿਆਂ ਨੂੰ ਚੰਗੀ, ਸੁਰੱਖਿਅਤ ਅਤੇ ਇੱਜ਼ਤ ਵਾਲੀ ਜ਼ਿੰਦਗੀ ਕਿਵੇਂ ਦੇ ਸਕੀਏ। ਸਿੱਖਾਂ ਨੇ ਜਿੰਨੀ ਮਿਹਨਤ ਇਥੇ ਆ ਕੇ ਕੀਤੀ ਹੈ, ਉਸ ਦਾ ਮੁੱਲ ਤਾਂ ਹੀ ਪੈਣਾ ਹੈ, ਜੇ ਬੱਚਿਆਂ ਦੇ ਭਵਿੱਖ ਲਈ ਰਾਹ ਖੁੱਲ੍ਹਣਗੇ। ਆਓ, ਇਸ ਬਾਰੇ ਵਿਚਾਰਾਂ ਕਰੀਏ ਅਤੇ ਅਜਿਹੇ ਕੰਮ ਕਰੀਏ ਜਿਸ ਨਾਲ ਇਥੋਂ ਦੇ ਲੋਕਾਂ ਨੂੰ ਆਪਣੇ ਬਾਰੇ ਵੱਧ ਤੋਂ ਵੱਧ ਜਾਣੂ ਕਰਵਾ ਸਕੀਏ, ਜ਼ਿਦਾਂ ਬੰਦ ਕਰਵਾ ਸਕੀਏ, ਪਖੰਡਾਂ ਵਿਚੋਂ ਬਾਹਰ ਨਿਕਲ ਸਕੀਏ ਅਤੇ ਸਿੱਖ ਗੁਰੂਆਂ ਦੀਆਂ ਦਿੱਤੀਆਂ ਚੰਗੀਆਂ ਸਿੱਖਿਆਵਾਂ 'ਤੇ ਚੱਲ ਸਕੀਏ।

# ਮੀਂਹ ਜਾਵੇ, ਅਨ੍ਹੇਰੀ ਜਾਵੇ

(ਸਫਾ 31 ਦੀ ਬਾਕੀ)

ਜਾਂਦੈ ਸਾਨੂੰ ਘਿਉ ਵੀ ਸਰਕਾਰੀ", ਮੰਗਲ ਸਿੰਘ ਨੇ ਆਖਿਆ।

"ਸੁਆਹ ਹੁੰਦਾ ਹੋਊ ਉਹ ਘਿਉ", ਬਸੰਤ ਕੌਰ ਆਪਣੇ ਜੁੜੇ ਹੋਏ ਖਰੇ ਘਿਉ ਦੇ ਅਭਿਮਾਨ ਵਿਚ ਬੋਲੀ। ਖਬਰਾਂ ਕੀ ਕੁਝ ਪਾਉਂਦੇ ਹੋਣਗੇ ਉਸ ਘਿਉ ਵਿਚ।"

"ਵੇ ਉਹ ਘਿਉ ਤਾਂ ਬਨਾਸਪਤੀ ਹੁੰਦਾ ਹੋਊ ਪੁੱਤ", ਮਹਾਂ ਕੌਰ ਨੇ ਵੀ ਆਖਿਆ।

"ਮੈਂ ਕੋਈ ਮਾੜਾ ਤਾਂ ਨਹੀਂ ਹੋ ਕੇ ਆਇਆ ਉਹ ਘਿਉ ਖਾਂਦਾ, ਬਸੰਤ ਕੁਰੇ", ਮੰਗਲ ਸਿੰਘ ਨੇ ਹਲਕੇ ਜਿਹੇ ਵਿਅੰਗ ਨਾਲ ਆਖਿਆ। ਨਾਲੇ ਹੁਣ ਥੋਡੇ ਕੋਲ ਦੁੱਧ ਨੀ ਹੋਣਾ, ਮਾਂ ਤੁਸੀਂ ਇਸ ਘਿਉ ਨਾਲ ਛੇ ਮਹੀਨੇ ਰੋਟੀ ਚੋਪੜੋਗੇ, ਜਦ ਤਾਈਂ ਬਸੰਤ ਕੌਰ ਦੀ ਝੋਟੀ ਨਹੀਂ ਸੂੰਦੀ।"

ਦੋਹਾਂ ਦੇ ਨਾਂਹ-ਨਾਂਹ ਕਰਦਿਆਂ ਮੰਗਲ ਸਿੰਘ ਨੇ ਉਸ ਘਿਉ ਨੂੰ ਅੱਗ ਤੋਂ ਲਾਹ ਦਿੱਤਾ।

"ਸਾਨੂੰ ਇਹ ਤੱਤਾ ਤਾਂ ਕਰ ਲੈਣ ਦੇ", ਬਸੰਤ ਕੌਰ ਕਹਿਣ ਲੱਗੀ।

"ਮੇਰੇ ਗਏ ਤੋਂ ਕਰ ਲਿਓ ਤੱਤਾ", ਮੰਗਲ ਸਿੰਘ ਨੇ ਸਲਾਹ ਬਦਲਣ ਦੀ ਗੁੰਜਾਇਸ਼ ਨਾਲ ਛਡਦਿਆਂ ਆਖਿਆ।

ਤਾਂ ਵੀ ਮੰਗਲ ਸਿੰਘ ਲਈ ਦੋ ਕੁ ਸੇਰ ਘਿਉ ਦੀ ਪੰਜੀਰੀ ਰਲਾ ਦਿੱਤੀ ਗਈ।

"ਮੈਨੂੰ ਵੀ ਹੁਣ ਛੇਤੀ ਬੁਲਾ ਲਈਂ ਛਾਉਣੀ", ਬਸੰਤ ਕੌਰ ਨੇ ਰਾਤ ਦੀ ਇਕੱਲ ਵਿਚ ਮੰਗਲ ਸਿੰਘ ਪਾਸ ਬੇਨਤੀ ਕੀਤੀ।

"ਮਾਂ ਦੀ ਸੰਭਾਲ ਕੌਣ ਕਰੂ?" ਮੰਗਲ ਸਿੰਘ ਨੇ ਪੁੱਛਿਆ।

ਬਸੰਤ ਕੌਰ ਪਾਸ ਇਸ ਦਾ ਕੋਈ ਉਤਰ ਨਹੀਂ ਸੀ। "ਮੇਰਾ ਨੀ ਇਥੇ ਜੀ ਲਗਦਾ", ਆਖ ਕੇ ਉਹ ਹਉਕੇ ਭਰਦੀ ਮੰਗਲ ਸਿੰਘ ਨੂੰ ਚੰਬੜ ਗਈ ਜਿਵੇਂ ਮੀਂਹ ਝੱਖੜ ਦਾ ਮਾਰਿਆ ਪੰਛੀ ਆਪਣੇ ਆਲ੍ਹਣੇ ਵਿਚ ਆ ਡਿਗਦਾ ਹੈ।

# 'ਦਮ ਲਗਾ ਕੇ ਹਈਸ਼ਾ' ਦਾ ਨਿਵੇਕਲਾ ਰੰਗ




ਫਿਲਮ 'ਦਮ ਲਗਾ ਕੇ ਹਈਸ਼ਾ' ਨੇ ਫਿਲਮ ਜਗਤ ਵਿਚ ਨਵਾਂ ਝੰਡਾ ਲਹਿਰਾਇਆ ਹੈ। ਇਕ ਤਾਂ ਇਸ ਫਿਲਮ ਨੇ ਇਹ ਮਿਥ ਤੋੜ ਦਿੱਤੀ ਹੈ ਕਿ ਵੱਡੇ ਬਜਟ ਵਾਲੀਆਂ ਫਿਲਮਾਂ ਹੀ ਕਮਾਈ ਕਰ ਸਕਦੀਆਂ ਹਨ। ਦੂਜੇ, ਫਿਲਮ ਬਣਨ ਤੋਂ ਬਾਅਦ ਪ੍ਰਚਾਰ ਮੁਹਿੰਮਾਂ ਨਾਲ ਜਿਹੜੀਆਂ ਧੂੜਾਂ ਪੁੱਟੀਆਂ ਜਾਂਦੀਆਂ ਹਨ, ਉਸ ਬਾਰੇ ਵੀ ਇਸ ਫਿਲਮ ਨੇ ਚੰਗਾ ਸਬਕ ਦਿੱਤਾ ਹੈ। ਛੋਟੇ ਬਜਟ ਵਾਲੀ ਇਸ ਫਿਲਮ ਦੀ ਚਾਣਚੱਕ ਸਫਲਤਾ ਨੇ ਸਾਬਤ ਕੀਤਾ ਹੈ ਕਿ ਜੇ ਫਿਲਮ ਵਿਚ ਜਾਨ ਹੋਵੇ ਤਾਂ ਇਹ ਕਮਾਈ ਵੀ ਕਰੇਗੀ ਅਤੇ ਪ੍ਰਸ਼ੰਸਾ ਵੀ ਖੱਟੇਗੀ। ਪਹਿਲਾਂ-ਪਹਿਲ ਬਾਕਸ ਆਫਿਸ ਉਤੇ ਇਹ ਫਿਲਮ ਭਾਵੇਂ ਕੋਈ ਖਾਸ ਕ੍ਰਿਸ਼ਮਾ ਨਹੀਂ ਸੀ ਦਿਖਾ ਸਕੀ ਪਰ ਦੋ ਦਿਨਾਂ ਬਾਅਦ ਜਦੋਂ ਦਰਸ਼ਕਾਂ ਨੇ ਫਿਲਮ ਦੀ ਪ੍ਰਸ਼ੰਸਾ ਅਰੰਭ ਕੀਤੀ ਤਾਂ ਫਿਲਮ ਆਪਣਾ ਭਾਰ ਸਾਂਭ ਗਈ। ਅਸਲ ਵਿਚ ਇਸ ਫਿਲਮ ਦੀ ਕਹਾਣੀ ਅੱਜ ਕੱਲ੍ਹ ਬਣ ਰਹੀਆਂ ਫਿਲਮਾਂ ਤੋਂ ਬਿਲਕੁੱਲ ਹਟਵੀਂ ਹੈ ਅਤੇ ਦਰਸ਼ਕਾਂ ਨੂੰ ਫਿਲਮ ਦਾ ਇਹੀ ਨਿਵੇਕਲਾਪਣ ਭਾਅ ਗਿਆ ਅਤੇ ਉਨ੍ਹਾਂ ਨੇ ਇਹ ਫਿਲਮ ਦੇਖਣ ਲਈ ਕਤਾਰਾਂ ਬੰਨ੍ਹ ਲਈਆਂ। ਸਿੱਟੇ ਵਜੋਂ ਬਾਕਸ ਆਫਿਸ ਉਤੇ ਜਿਹੜੀ ਫਿਲਮ ਪਹਿਲੇ ਦੋ ਦਿਨ ਡੋਲਣ-ਡੋਲਣ ਕਰ ਰਹੀ ਸੀ, ਅਚਾਨਕ ਕਮਾਈ ਕਰਨ ਦੇ ਰਾਹ ਪੈ ਗਈ। ਇਸ ਤੋਂ ਬਆਦ ਤਾਂ ਫਿਲਮ ਦੀ ਪ੍ਰਸ਼ੰਸਾ ਕਰਨ ਵਾਲਿਆਂ ਦਾ ਹੜ੍ਹ ਹੀ ਆ ਗਿਆ। ਇਸ ਫਿਲਮ ਵਿਚ ਅਦਾਕਾਰ ਆਯੂਸ਼ਮਾਨ ਖੁਰਾਣਾ ਅਤੇ ਨਵੀਂ-ਨਵੇਲੀ ਅਦਾਕਾਰਾ ਭੂਮੀ ਪੜਨੇਕਰ ਦੀਆਂ ਮੁੱਖ ਭੂਮਿਕਾਵਾਂ ਹਨ। ਆਯੂਸ਼ਮਾਨ ਖੁਰਾਣਾ ਜਿਹੜਾ ਵਧੀਆ ਗਾ ਵੀ ਲੈਂਦਾ ਹੈ, ਅਜਿਹੀਆਂ ਸਾਰਥਕ ਫਿਲਮਾਂ ਲਈ ਬੜਾ ਮਸ਼ਹੂਰ ਹੈ। ਚੰਡੀਗੜ੍ਹ ਤੋਂ ਉਠਿਆ ਇਹ ਮੁੰਡਾ ਅਜੇ 2012 ਵਿਚ ਹੀ ਫਿਲਮੀ ਦੁਨੀਆਂ ਵਿਚ ਆਇਆ ਸੀ ਅਤੇ ਇਸ ਨੇ ਆਪਣੀ ਪਹਿਲੀ ਹੀ ਫਿਲਮ 'ਵਿੱਕੀ ਡੋਨਰ' ਨਾਲ ਫਿਲਮ ਜਗਤ ਵਿਚ ਧੁੰਮਾਂ ਪਾ ਦਿੱਤੀਆਂ ਸਨ। ਇਸ ਪਹਿਲੀ ਫਿਲਮ ਦੀ ਕਹਾਣੀ ਅਤੇ ਨਿਵਕੇਲੇਪਣ ਨੇ ਵੀ ਉਦੋਂ ਸਭ ਨੂੰ ਦੰਗ ਕੀਤਾ ਸੀ। ਇਸ ਫਿਲਮ ਵਿਚ ਉਹਦੇ ਨਾਲ ਯਾਮੀ ਗੌਤਮ ਅਤੇ ਅਨੂ ਕਪੂਰ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਸਨ। ਫਿਲਮ ਵਿਚ ਖੁਰਾਣੇ ਵਲੋਂ ਗਾਇਆ ਗੀਤ 'ਪਾਣੀ ਦਾ ਰੰਗ' ਬੇਹੱਦ ਮਕਬੂਲ ਹੋਇਆ ਅਤੇ ਉਹਨੇ ਬਤੌਰ ਗਾਇਕ ਵੀ ਆਪਣੀ ਪੈਂਠ ਬਣਾਈ। ਉਸ ਦੀ ਦੂਜੀ ਫਿਲਮ 'ਨੌਟੰਕੀ ਸਾਲਾ' (2013) ਵੀ ਵੱਖਰੀ ਤਰ੍ਹਾਂ ਦੀ ਕਾਮੇਡੀ ਫਿਲਮ ਸੀ। ਇਸ ਵਿਚ ਸ਼ਾਮਲ ਖੁਰਾਣਾ ਦੇ ਦੋ ਗੀਤ 'ਸਾਡੀ ਗਲੀ ਆ ਜਾ' ਅਤੇ 'ਤੂ ਹੀ ਤੂ' ਨੇ ਵੀ ਸਰੋਤਿਆਂ ਦਾ ਧਿਆਨ ਖਿੱਚਿਆ। ਇਸ ਤੋਂ ਬਾਅਦ ਉਹਦੀਆਂ ਦੋ ਫਿਲਮਾਂ 'ਬੇਵਕੂਫੀਆਂ' (2014) ਅਤੇ 'ਹਵਾਈਜ਼ਾਦਾ' (2015) ਵਪਾਰਕ ਪੱਖੋਂ ਤਾਂ ਭਾਵੇਂ ਢਿੱਲੀਆਂ ਰਹੀਆਂ, ਪਰ ਉਸ ਦੀ ਅਦਾਕਾਰੀ ਦੀ ਤਾਰੀਫ ਹੋਈ। ਉਂਜ, ਇਨ੍ਹਾਂ ਫਿਲਮਾਂ ਦੀ ਬਾਕਸ ਆਫਿਸ ਉਤੇ ਜਿਹੜੀ ਰੜਕ ਰਹਿ ਗਈ ਸੀ, ਉਹ ਹੁਣ 'ਦਮ ਲਗਾ ਕੇ ਹਈਸ਼ਾ' ਨੇ ਪੂਰੀ ਕਰ ਦਿੱਤੀ ਹੈ। 'ਦਮ ਲਗਾ ਕੇ ਹਈਸ਼ਾ' ਦੀ ਕਹਾਣੀ ਪਰਿਵਾਰਕ ਹੈ। ਫਿਲਮ-ਆਲੋਚਕਾਂ ਮੁਤਾਬਕ ਅਜਿਹੀ ਫਿਲਮ ਚਿਰਾਂ ਬਾਅਦ ਆਈ ਹੈ ਅਤੇ ਇਸ ਫਿਲਮ ਨਾਲ ਫਿਲਮੀ ਦੁਨੀਆਂ ਵਿਚ ਨਵੇਂ ਰੁਝਾਨ ਦਾ ਅਰੰਭ ਹੋਵੇਗਾ। ਆਯੂਸ਼ਮਾਨ ਖੁਰਾਣਾ ਦਾ ਵਾਅਦਾ ਹੈ ਕਿ ਉਹ ਅਗਾਂਹ ਤੋਂ ਵੀ ਸਾਰਥਕ ਫਿਲਮਾਂ ਹੀ ਕਰੇਗਾ।



*ਭੂਮੀ ਪੜਨੇਕਰ ਜਿਸ ਨੇ ਪਲੇਠੀ ਫਿਲਮ ਵਿਚ ਹੀ ਅਦਾਕਾਰੀ ਨਾਲ ਸਭ ਨੂੰ ਦੰਗ ਕਰ ਦਿੱਤਾ।*



*ਫਿਲਮ 'ਦਮ ਲਗਾ ਕੇ ਹਈਸ਼ਾ' ਦੇ ਇਕ ਸੀਨ ਵਿਚ ਅਦਾਕਾਰਾ ਭੂਮੀ ਪੜਨੇਕਰ।*

## ਹਈਸ਼ਾ...

*ਛੋਟੇ ਬਜਟ ਵਾਲੀ ਫਿਲਮ 'ਦਮ ਲਗਾ ਕੇ ਹਈਸ਼ਾ' ਦੀ ਚਾਣਚੱਕ ਸਫਲਤਾ ਨੇ ਫਿਲਮੀ ਦੁਨੀਆਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ ਅਤੇ ਸਾਬਤ ਕੀਤਾ ਹੈ ਕਿ ਜੇ ਫਿਲਮ ਵਿਚ ਜਾਨ ਹੋਵੇ ਤਾਂ ਇਹ ਕਮਾਈ ਵੀ ਕਰੇਗੀ ਅਤੇ ਪ੍ਰਸ਼ੰਸਾ ਵੀ ਖੱਟੇਗੀ। ਪਹਿਲਾਂ-ਪਹਿਲ ਬਾਕਸ ਆਫਿਸ ਉਤੇ ਇਹ ਫਿਲਮ ਕੋਈ ਖਾਸ ਕ੍ਰਿਸ਼ਮਾ ਨਹੀਂ ਦਿਖਾ ਸਕੀ, ਪਰ ਦੋ ਦਿਨਾਂ ਬਾਅਦ ਜਦੋਂ ਦਰਸ਼ਕਾਂ ਨੇ ਫਿਲਮ ਦੀ ਪ੍ਰਸ਼ੰਸਾ ਆਰੰਭ ਕੀਤੀ ਤਾਂ ਫਿਲਮ ਆਪਣਾ ਭਾਰ ਸਾਂਭ ਗਈ। ਇਸ ਫਿਲਮ ਵਿਚ ਅਦਾਕਾਰ ਆਯੂਸ਼ਮਾਨ ਖੁਰਾਣਾ ਅਤੇ ਨਵੀਂ-ਨਵੇਲੀ ਅਦਾਕਾਰਾ ਭੂਮੀ ਪੜਨੇਕਰ ਦੀਆਂ ਮੁੱਖ ਭੂਮਿਕਾਵਾਂ ਹਨ। ਫਿਲਮ ਦੀ ਕਹਾਣੀ ਪਰਿਵਾਰਕ ਹੈ ਅਤੇ ਫਿਲਮ-ਆਲੋਚਕਾਂ ਮੁਤਾਬਕ ਅਜਿਹੀ ਫਿਲਮ ਚਿਰਾਂ ਬਾਅਦ ਆਈ ਹੈ ਅਤੇ ਇਸ ਫਿਲਮ ਨਾਲ ਫਿਲਮੀ ਦੁਨੀਆਂ ਵਿਚ ਨਵੇਂ ਰੁਝਾਨ ਦਾ ਅਰੰਭ ਹੋਵੇਗਾ।*



*ਫਿਲਮ 'ਦਮ ਲਗਾ ਕੇ ਹਈਸ਼ਾ' ਦੇ ਇਕ ਸੀਨ ਵਿਚ ਅਦਾਕਾਰ ਆਯੂਸ਼ਮਾਨ ਖੁਰਾਣਾ ਭੂਮੀ ਪੜਨੇਕਰ।*



*ਆਪਣੀ ਸਹੇਲੀ ਅਦਾਕਾਰਾ ਤੇ ਮਾਡਲ ਪ੍ਰੀਤੀ ਦੇਸਾਈ ਨਾਲ ਇਕ ਸਮਾਗਮ ਵਿਚ ਪੁੱਜ ਰਿਹਾ ਅਦਾਕਾਰ ਅਭੈ ਦਿਓਲ।*

# ਅਭੈ ਦਿਓਲ: ਅੱਖੀਆਂ ਉਡੀਕਦੀਆਂ...

ਅੱਜ ਕੱਲ੍ਹ ਅਭੈ ਦਿਓਲ ਅਮਰੀਕਾ ਵਿਚ ਛੁੱਟੀਆਂ ਮਨਾ ਰਿਹਾ ਹੈ। ਉਹ ਦੱਸਦਾ ਹੈ ਕਿ ਛੇਤੀ ਹੀ ਉਹ ਭਾਰਤ ਜਾ ਰਿਹਾ ਹੈ ਜਿੱਥੇ ਦੋ ਅਹਿਮ ਪ੍ਰਾਜੈਕਟ ਉਹਦੀ ਉਡੀਕ ਵਿਚ ਹਨ। ਇਨ੍ਹਾਂ ਵਿਚੋਂ ਇਕ ਪ੍ਰਾਜੈਕਟ ਤਾਂ ਕਮਰਸ਼ੀਅਲ ਫਿਲਮ ਦਾ ਹੈ ਅਤੇ ਦੂਜਾ ਇਕ ਛੋਟੀ, ਪਰ ਆਮ ਨਾਲੋਂ ਹਟ ਕੇ ਬਣਾਈ ਜਾ ਰਹੀ ਫਿਲਮ ਦਾ ਪ੍ਰਾਜੈਕਟ ਹੈ।

ਯਾਦ ਰਹੇ, ਅਭੈ ਦਿਓਲ ਨੇ ਬਤੌਰ ਨਿਰਮਾਤਾ ਫਿਲਮ 'ਵੰਨ ਬਾਈ ਵੰਨ' ਬਣਾਈ ਸੀ ਪਰ ਇਸ ਦਾ ਉਹਨੂੰ ਬੇਹੱਦ ਨੁਕਸਾਨ ਹੋਇਆ। ਉਂਜ ਅਭੈ ਇਸ ਬਾਰੇ ਹਾਂ-ਪੱਖੀ ਪਹੁੰਚ ਰੱਖਦਾ ਹੈ ਅਤੇ ਕਹਿੰਦਾ ਹੈ ਕਿ ਇਸ ਫਿਲਮ ਦੇ ਨਿਰਮਾਣ ਨਾਲ ਉਹਨੇ ਸਿਖਿਆ ਬਹੁਤ ਕੁਝ ਹੈ। ਉਹ ਇਹ ਮੰਨਣ ਲਈ ਤਿਆਰ ਨਹੀਂ ਕਿ ਫਿਲਮ ਨਿਰਮਾਣ ਸਮੇਂ ਤੋਂ ਪਹਿਲਾਂ ਕੀਤਾ ਤਜਰਬਾ ਸੀ। ਉਸ ਦਾ ਕਹਿਣਾ ਹੈ ਕਿ ਸਫਲਤਾ-ਅਸਫਲਤਾ ਜ਼ਿੰਦਗੀ ਦਾ ਹਿੱਸਾ ਹਨ। ਉਹ ਬਹੁਤ ਸਾਰੇ ਪ੍ਰਾਜੈਕਟਾਂ ਵਿਚ ਸਫਲ ਵੀ ਹੋਇਆ ਹੈ, ਪਰ ਅਸਫਲਤਾ ਲਈ ਵੀ ਹਰ ਵਕਤ ਤਿਆਰ ਰਹਿੰਦਾ ਹੈ।

ਅਭੈ ਇਹ ਗੱਲ ਪੂਰੇ ਦਿਲ ਨਾਲ ਸਵੀਕਾਰ ਕਰਦਾ ਹੈ ਕਿ ਉਹਨੇ ਮੀਡੀਆ ਨੂੰ ਖੁਸ਼ ਕਰਨ ਲਈ ਕਦੀ ਉਚੇਚ ਨਹੀਂ ਕੀਤਾ। ਉਹ ਕਹਿੰਦਾ ਹੈ, "ਮੀਡੀਆ ਨੂੰ ਮੇਰਾ ਕੰਮ ਦੇਖਣਾ ਚਾਹੀਦਾ ਹੈ ਅਤੇ ਉਸ ਮੁਤਾਬਕ ਕੋਈ ਟਿੱਪਣੀ ਕਰਨੀ ਚਾਹੀਦੀ। ਇਹ ਤਾਂ ਕੋਈ ਗੱਲ ਨਹੀਂ ਬਣਦੀ ਕਿ ਮੈਂ ਆਪਣੀ ਕਿਸੇ ਫਿਲਮ ਜਾਂ ਪ੍ਰਾਜੈਕਟ ਦੇ ਪ੍ਰਚਾਰ ਲਈ ਅਗਾਂਹ ਮੀਡੀਆ ਨੂੰ ਪਤਿਆਉਂਦਾ ਫਿਰਾਂ।" ਇਸ ਦੇ ਨਾਲ ਹੀ ਉਹ ਇਹ ਵੀ ਸਵੀਕਾਰ ਕਰਦਾ ਹੈ ਕਿ ਅੱਜ ਕੱਲ੍ਹ ਦਾ ਯੁੱਗ ਸਿਰਫ ਪ੍ਰਚਾਰ ਦਾ ਯੁੱਗ ਬਣ ਕੇ ਰਹਿ ਗਿਆ ਹੈ। ਫਿਲਮਾਂ ਵਾਲਿਆਂ ਦਾ ਇੰਨਾ ਜ਼ੋਰ ਫਿਲਮ ਬਣਾਉਣ 'ਤੇ ਨਹੀਂ ਲੱਗਦਾ ਜਿੰਨਾ ਪ੍ਰਚਾਰ 'ਤੇ ਲਾਉਣਾ ਪੈ ਰਿਹਾ ਹੈ। ਆਪਣੀਆਂ ਫਿਲਮਾਂ ਵਿਚੋਂ ਆਪਣੀ ਪਸੰਸੀਦਾ ਫਿਲਮਾਂ ਬਾਰੇ ਪੁੱਛਣ 'ਤੇ ਉਹ ਆਪਣੀਆਂ ਤਿੰਨ ਫਿਲਮਾਂ ਦੇ ਨਾਂ ਬੜਾ ਹੁੱਬ ਕੇ ਲੈਂਦਾ ਹੈ: ਦੇਵ ਡੀ, ਸ਼ੰਘਾਈ ਅਤੇ ਮਨੋਰਮਾ ਸਿਕਸ ਫੀਟ ਅੰਡਰ। ਉਸ ਅਨੁਸਾਰ ਇਨ੍ਹਾਂ ਫਿਲਮਾਂ ਦੇ ਕਿਰਦਾਰ ਬੜੇ ਜ਼ੋਰਦਾਰ ਸਨ ਅਤੇ ਇਹ ਫਿਲਮਾਂ ਇਨ੍ਹਾਂ ਕਿਰਦਾਰਾਂ 'ਤੇ ਸਿਰ 'ਤੇ ਹੀ ਟਿਕੀਆਂ ਹੋਈਆਂ ਸਨ।

ਫਿਲਮ ਡਾਇਰੈਕਟ ਕਰਨ ਬਾਰੇ ਉਹ ਅਜੇ ਕੋਈ ਹੁੰਗਾਰਾ ਨਹੀਂ ਭਰਦਾ। ਉਹ ਅਜੇ ਸਾਰਾ ਧਿਆਨ ਅਦਾਕਾਰੀ ਅਤੇ ਫਿਲਮ ਨਿਰਮਾਣ ਵੱਲ ਹੀ ਲਾਉਣਾ ਚਾਹੁੰਦਾ ਹੈ। ਫਿਲਹਾਲ ਡਾਇਰੈਕਟਰ ਬਣਨ ਦੀ ਕੋਈ ਯੋਜਨਾ ਹੀ ਨਹੀਂ ਹੈ। ਪ੍ਰੀਤੀ ਦੇਸਾਈ ਜੋ ਕਾਫੀ ਸਮੇਂ ਤੋਂ ਉਹਦੀ ਸਹੇਲੀ ਵਜੋਂ ਵਿਚਰ ਰਹੀ ਹੈ, ਬਾਬਤ ਪੁੱਛਣ 'ਤੇ ਅਭੈ ਦਿਓਲ ਦਾ ਚਿਹਰਾ ਕੰਨਾਂ ਤੱਕ ਲਾਲ ਹੋ ਜਾਂਦਾ ਹੈ। ਉਹ ਹੱਸਦਾ-ਹੱਸਦਾ ਹੌਲੀ ਜਿਹੀ ਫੁਸਫੁਸਾਉਂਦਾ ਹੈ, "ਪ੍ਰੀਤੀ ਬਾਰੇ ਸਵਾਲ ਤੋਂ ਬਗੈਰ ਮੇਰੀ ਇੰਟਰਵਿਊ ਪੂਰੀ ਹੀ ਨਹੀਂ ਹੁੰਦੀ ਸ਼ਾਇਦ! ਓ ਭਾਈ ਮੇਰਿਓ!...ਪ੍ਰੀਤੀ ਨਾਲ ਮੇਰਾ ਰਿਸ਼ਤਾ ਦਿਲਬਰੀ ਵਾਲਾ ਹੈ, ਬੜਾ ਗਹਿਰਾਈ ਵਾਲਾ...। ਇਸ ਦੀ ਕੋਈ ਪਰਿਭਾਸ਼ਾ ਨਹੀਂ ਬੰਨ੍ਹੀ ਜਾ ਸਕਦੀ। ਅਸੀਂ ਦੋਵੇਂ ਇਕ-ਦੂਜੇ ਤੋਂ ਸਿੱਖਦੇ ਹਾਂ। ਬੱਸ, ਜ਼ਿੰਦਗੀ ਇਸੇ ਤਰ੍ਹਾਂ ਚੱਲ ਰਹੀ ਹੈ ਅਤੇ ਸੋਹਣੀ ਚੱਲ ਰਹੀ ਹੈ। ਦੁੱਖ-ਸੁੱਖ ਵਿਚ ਅਸੀਂ ਇਕ-ਦੂਜੇ ਦੇ ਨਾਲ ਖੜ੍ਹਦੇ ਹਾਂ।"

**-ਜਗਜੀਤ ਸਿੰਘ ਸੇਖੋਂ**




GLOBAL HAWK INSURANCE CO. RRG
GLOBAL HAWK
PROPERTY & CASUALTY
INSURANCE COMPANY
Trucking Is Your Passion,
Insurance is Ours!
If You Are a Young Driver Holding a Class-A License And
Having Difficulty Purchasing Truck Insurance or Currently
Insured with California Assigned Risk Plan Finding it Hard to
Comply With Their Paper Work & Inspection
No Problem! We Have A Special Program
For Young Drivers Like You!
Call For The Best Insurance Options:
✓ Seasonal Haulers
✓ Local & 48 States
✓ Sand & Gravel
✓ Container Trucks
✓ Tow Trucks
✓ Owner Operators
✓ Trucking Co.(s)
✓ Dump Trucks
✓ Auto Haulers
Mono-line & Package policies & MUCH MORE!
ਕੋਈ ਗੱਲ ਨਹੀਂ__ਜੇਕਰ ਤੁਸੀਂ ਨਵੇਂ ਡਰਾਈਵਰ ਹੋ
ਕੋਈ ਗੱਲ ਨਹੀਂ__ ਜੇਕਰ ਤੁਹਾਡੇ ਕੋਲ ਕਲਾਸ A ਡਰਾਈਵਿੰਗ ਲਾਈਸੈਂਸ ਵੀ ਨਵਾਂ ਹੈ।
ਕੋਈ ਗੱਲ ਨਹੀਂ__ ਜੇਕਰ ਤੁਹਾਨੂੰ ਇੰਨਸ਼ੋਰੈਂਸ ਲੈਣ ਚ ਮੁਸ਼ਕਿਲਾਂ ਆ ਰਹੀਆਂ ਹਨ।
ਕੋਈ ਗੱਲ ਨਹੀਂ__ ਜੇਕਰ ਤੁਸੀਂ ਹਾਈ ਰਿਸਕ ਅਤੇ ਅਸਾਂਈਡ ਰਿਸਕ ਉਪਰ ਹੋ
ਅਸੀਂ ਤੁਹਾਨੂੰ ਫਿਕਸ ਅਤੇ ਅਸਾਨ ਕਿਸ਼ਤਾਂ ਵਿੱਚ ਇੰਸ਼ੋਰੈਂਸ ਦੇਵਾਂਗੇ
ਤੁਹਾਡੀਆਂ ਉਮੰਗਾਂ ਤੇ ਖਰਾ ਉਤਰਨ ਲਈ ਅਸੀਂ ਤੁਹਾਨੂੰ ਭਰੋਸੇਯੋਗ ਇੰਨਸ਼ੋਰੈਨਸ ਦੀ ਗਰੰਟੀ ਦਿੰਦੇ ਹਾਂ
ਟਰੱਕਿੰਗ ਦੀ ਹਰ ਤਰਾਂ ਦੀ ਇਨਸ਼ੋਰੈਂਸ ਲਈ ਸਾਨੂੰ ਅੱਜ ਹੀ ਕਾਲ ਕਰੋ ਜੀ
Sarbjit Ext.508
Tiffany Ext.167
Kelly Ext.115
(925)493-7500
www.ghins.com
Download our app "GHINS"
Google play
App Store

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist


**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**





2506 Dry Creek Way
Stockton, CA 95206
4 Bedrooms, 2.5 Bathrooms
2 Car Garage
Area:1485 Sq. Ft.
Lot: 5,000 Sq. Ft.
Asking: $219,000




32535 Karen Ct.
Union City, CA 94587
Fully updated
4 Bedrooms, 2 Full Bath
2 Car Garage, 1463 sq ft
Award winning school
Asking: $710,000

Coming Soon

1643 Orleans Dr.,
San Jose, CA 95122
Updated 3 bedrooms
2 full bath, Separate
family room, 2 car garage
1283 sq ft living area
Asking: $559000



824 Gilchrist Dr. #4
San Jose, CA 95133
2 bedrooms, 1 bath
Parking: 231 sq ft
Area: 903 sq ft
Lot: 1483 sq ft
Asking: $325,000



240 Lloyd Ave.
Fremont, CA 94536
Fully Updated
4 Bedrooms, 2.5 Bathrooms
2 Car Garage
Area: 1880 sq ft
Asking: $849,000

**JUST SOLD**

1. 32535 Karen Ct., Union City, CA 94587
2. 2506 Dry Creek Way, Stockton, CA 95206
3. 32469 Monterey Dr., Union City 94587
4. 129 Orchard Park Pl., Hayward, CA 94544
5. 31305 Meadowbrook Ave., Hayward, CA 94544
6. 6560 Rochelle Ave., Newark, CA 94560
7. 6092 Sunstone Dr., San Jose, CA 95123
8. 1087 N. Park Victoria, Milpitas, CA 95035
9. 839 Padova Dr., Gilroy, CA 95020

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



**Jaswinder Gill** M.Sc (PAU)
CA BRE# 00966763
Broker/Owner/Notary

Grand Master Award Winner
2012, 2013 & 2014

Commercial Unit
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
DHMS, Loan Broker
@ 510-207-9067
CA BRE Lic.#01180969
NMLS# 352095